# ਦਰਪਣ ਸਿੱਖ ਰਹਿਤ ਮਰਯਾਦਾ





ਗੁਰਬਖ਼ਸ਼ ਸਿੰਘ ਗੁਲਸ਼ਨ

Sri Satguru Jagjit Singh Ji eLibrary NamdhariElibrary@gmail.com



27 ਅਕਤੂਬਰ, 1951 ਨੂੰ ਫ਼ਿਰੋਜ਼ਪੁਰ ਵਿਚ ਜਨਮੇ ਗੁਰਬਖ਼ਸ਼ ਸਿੰਘ ਗੁਲਸ਼ਨ ਪਰਿਵਾਰਕ ਹਾਲਾਤ ਵੱਸ ਸਕੂਲ ਪੜ੍ਹਾਈ ਦੌਰਾਨ ਹੀ ਸਥਾਨਕ ਗੁਰਦੁਆਰਾ ਸਾਹਿਬ ਵਿਚ ਗ੍ਰੰਥੀ ਦੀ ਸੇਵਾ 'ਤੇ ਨਿਯੁਕਤ ਹੋ ਗਏ। ਦਸੰਬਰ, 1971 ਵਿਚ ਆਪ ਲੁਧਿਆਣੇ ਆ ਗਏ, ਜਿਥੋਂ 1981 ਵਿਚ ਆਪ ਨੂੰ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ 'ਅਜਨੋਹਾ' ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਗੁਰਮਤਿ ਪ੍ਰਚਾਰ ਹਿਤ ਯੂ.ਕੇ. ਭੇਜ ਦਿੱਤਾ, ਜਿਥੇ ਲਗਾਤਾਰ ਵਿਦੇਸ਼ਾਂ ਵਿਚ ਵਿਚਰ ਕੇ ਸੇਵਾ ਨਿਭਾਅ ਰਹੇ ਹਨ।

ਜਿਥੇ ਆਪ ਨੇ ਪੰਜਾਬੀ, ਅੰਗਰੇਜ਼ੀ ਤੇ ਫ਼ਾਰਸੀ ਭਾਸ਼ਾਵਾਂ ਅਤੇ ਗਾਇਨ ਵਿਚ ਯੂਨੀਵਰਸਿਟੀ ਪੱਧਰ ਤਕ ਵਿੱਦਿਆ ਪ੍ਰਾਪਤ ਕੀਤੀ ਹੈ, ਉਥੇ ਸਮੇਂ ਦੇ ਪ੍ਰਸਿੱਧ ਵਿਦਵਾਨਾਂ ਪਾਸੋਂ ਗੁਰਬਾਣੀ ਤੇ ਇਤਿਹਾਸ ਦੀ ਕਥਾ ਕਰਨ ਵਿਚ ਵੀ ਨਿਪੁੰਨਤਾ ਹਾਸਲ ਕੀਤੀ ਹੈ।

1980 ਵਿਚ ਮੇਰਠ ਗੁਰਦੁਆਰਾ ਸਾਹਿਬ ਦੀ ਮਰਯਾਦਾ ਬਹਾਲ ਕਰਨ ਲਈ ਸ੍ਰੀ ਅੰਮ੍ਰਿਤਸਰ ਤੋਂ ਲੱਗੇ ਪੰਥਕ ਮੋਰਚੇ ਦੌਰਾਨ ਗ੍ਰੰਥੀ ਸਿੰਘਾਂ ਦੇ ਜਥੇ ਸਹਿਤ ਤਿਹਾੜ ਜੇਲ੍ਹ ਵਿਚ ਕੈਦ ਕੱਟੀ।

ਗੁਰਮਤਿ ਗ੍ਰੰਥੀ ਸਭਾ ਲੁਧਿਆਣਾ ਅਤੇ ਇੰਟਰਨੈਸ਼ਨਲ ਸਿੱਖ ਪ੍ਰੀਚਰਜ਼ ਸੁਸਾਇਟੀ ਯੂ.ਕੇ. ਦੇ ਜਿਥੇ ਆਪ ਮੁਖ ਸੇਵਾਦਾਰ ਰਹੇ ਹਨ, ਉਥੇ 1995 ਤੋਂ ਲਗਾਤਾਰ ਵਿਸ਼ਵ ਸਿੱਖ ਪ੍ਰਚਾਰਕ ਸੰਸਥਾ ਅੰਮ੍ਰਿਤਸਰ ਦੇ ਯੂਰਪ ਦੇ ਪ੍ਰਤੀਨਿਧ ਪ੍ਰਚਾਰਕ ਦੀ ਸੇਵਾ ਵੀ ਨਿਭਾ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਪੰਥ ਤੇ ਪੰਥਕ-ਪਰਿਵਾਰ ਦੇ ਹਰੇਕ ਗੁਰਸਿੱਖ ਮੈਂਬਰ ਵਾਸਤੇ 'ਗੁਰੂ-ਪੰਥ' ਵੱਲੋਂ ਜੋ ਅਸੂਲ ਨਿਸਚਿਤ-ਨਿਰਧਾਰਤ ਕੀਤੇ ਗਏ ਹਨ, ਉਹ *ਸਿੱਖ ਰਹਿਤ ਮਰਯਾਦਾ* ਵਿਚ ਅੰਕਿਤ ਹਨ। *ਸਿੱਖ ਰਹਿਤ ਮਰਯਾਦਾ* ਇਕ ਸਿਧਾਂਤਕ, ਕਾਨੂੰਨੀ, ਇਤਿਹਾਸਕ-ਧਾਰਮਿਕ ਦਸਤਾਵੇਜ਼ ਹੈ, ਜਿਸ ਦੀ ਭਾਸ਼ਾ ਸ਼ੈਲੀ ਬੜੀ ਸੰਕੋਚਵੀਂ, ਗੁੰਦਵੀਂ ਤੇ ਸੰਜਮੀ ਹੈ। ਸਿੱਖ ਧਰਮ, ਦਰਸ਼ਨ, ਇਤਿਹਾਸ ਦੇ ਮੂਲ ਗ੍ਰੰਥਾਂ ਦਾ ਸਾਲਾਂ ਬੱਧੀ ਮੰਥਨ ਕਰ ਕੇ ਇਹ ਅਤੀ ਸੰਖੇਪ ਦਸਤਾਵੇਜ਼ ਸਾਡੀ ਸਹੂਲਤ ਵਾਸਤੇ ਸੰਪੂਰਨ ਕੀਤਾ ਗਿਆ, ਜਿਸ ਨੂੰ 'ਗੁਰੂ-ਪੰਥ' ਦੀ ਪ੍ਰਵਾਨਗੀ ਹਾਸਲ ਹੈ।

ਲੇਖਕ ਨੇ ਇਸ ਪੁਸਤਕ ਵਿਚ ਇਸ ਅਹਿਮ ਦਸਤਾਵੇਜ਼ ਦੀ ਵਿਆਖਿਆ ਬੜੇ ਸੁਚੱਜੇ ਤੇ ਨਿਵੇਕਲੇ ਢੰਗ ਨਾਲ ਕੀਤੀ ਹੈ। ਲੇਖਕ ਖ਼ੁਦ ਵੀ ਸਿੱਖ ਰਹਿਤ ਮਰਯਾਦਾ ਦਾ ਕੇਵਲ ਪ੍ਰਚਾਰਕ ਹੀ ਨਹੀਂ, ਸਗੋਂ ਰੋਮ ਰੋਮ ਤੋਂ ਇਸ ਪ੍ਰਤੀ ਸਮਰਪਿਤ ਹੈ। ਇਹ ਇਕ ਅਜਿਹਾ ਯਤਨ ਹੈ, ਜਿਸ ਰਾਹੀਂ ਹਰ ਗੁਰਸਿੱਖ ਇਸ ਨਿਰਮਲ ਆਰਸੀ ਰਾਹੀ ਆਪਣਾ-ਆਪਾ ਦੇਖ ਸਕੇਗਾ ਕਿ ਉਹ ਸਿੱਖ ਰਹਿਤ ਮਰਯਾਦਾ ਨੂੰ ਅਪਣਾਉਂਦਾ ਹੋਇਆ 'ਗੁਰੂ-ਪੰਥ' ਪ੍ਰਤੀ ਕਿਤਨਾ ਸੰਜੀਦਾ ਤੇ ਸਮਰਪਿਤ ਹੈ?

Sri Satguru Jagjit Singh Ji eLibrary NamdhariElibrary@gmail.com

ੴ ਵਾਹਿਗੁਰੂ ਜੀ ਕੀ ਫ਼ਤਹ॥

ਦਰਪਣ

# ਸਿੱਖ ਰਹਿਤ ਮਰਯਾਦਾ

ਗੁਰਬਖ਼ਸ਼ ਸਿੰਘ ਗੁਲਸ਼ਨ

ਖ਼ਾਲਸਾ ਪ੍ਰਚਾਰਕ ਜਥਾ (ਯੂ.ਕੇ.)

Sri Satguru Jagjit Singh Ji eLibrary NamdhariElibrary@gmail.com

# DARPAN
# SIKH REHAT MARYADA

[A Commentary on *Sikh Rehat Maryada*]

*by*

GURBAX SINGH GULSHAN
AKALI BUNGA, 84 CRANBORNE ROAD,
BARKING, ESSEX IG11 7XE (UK)
Tele : (+44) 020 8594 4862
Fax : (+44) 020 8591 8355
Mob : (+44) 07956 302 743
E-mail : gsgulshan@swani.com

ਪਹਿਲੀ ਵਾਰ ਫ਼ਰਵਰੀ 2005

ਮੁੱਲ : 250-00 ਰੁਪਏ
10-00 ਪਾਊਂਡ
20-00 ਅਮਰੀਕਨ ਡਾਲਰ

*ਮਿਲਣ ਦਾ ਪਤਾ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਪ੍ਰਕਾਸ਼ਕ :*

**ਖ਼ਾਲਸਾ ਪ੍ਰਚਾਰਕ ਜਥਾ (ਯੂ.ਕੇ.)**

AKALI BUNGA, 84 CRANBORNE ROAD,
BARKING, ESSEX IG11 7XE (UK)

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਗੁਰਪੁਰਵਾਸੀ ਸਤਿਕਾਰਯੋਗ ਮਾਤਾ ਪਿਤਾ

**ਸੁਦਾਰਨੀ ਸੁਰਜੀਤ ਕੌਰ ਜੀ ਗਿਆਨੀ ਸੂਦੂਲ ਸਿੰਘ ਜੀ**

ਨੂੰ

ਜਿਨ੍ਹਾਂ ਨੇ ਬਚਪਨ ਤੋਂ ਹੀ ਗੁਰੂ-ਪੰਥ ਦੀ ਸੇਵਾ
ਕਰਨ ਦੀ ਗੁੜ੍ਹਤੀ ਦਿੱਤੀ

Sri Satguru Jagjit Singh Ji eLibrary NamdhariElibrary@gmail.com

# ਤਤਕਰਾ


ਧੰਨਵਾਦ — ਲੇਖਕ 9

ਸ਼ਲਾਘਾਯੋਗ ਕਾਰਜ — ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਜੀ 11

ਸ਼ੁਭ ਅਸੀਸ — ਸਿੰਘ ਸਾਹਿਬ ਗਿ: ਗੁਰਬਚਨ ਸਿੰਘ ਜੀ 12

ਸੰਦੇਸ਼ — ਬੀਬੀ ਜਗੀਰ ਕੌਰ ਜੀ 14

ਸੰਦੇਸ਼ — ਸਿੰਘ ਸਾਹਿਬ ਗਿ: ਤਰਲੋਚਨ ਸਿੰਘ ਜੀ 15

ਮੁਖਬੰਧ — ਪ੍ਰੋ: ਦਰਸ਼ਨ ਸਿੰਘ ਜੀ 'ਖ਼ਾਲਸਾ' 16

ਦੋ ਸ਼ਬਦ — ਸ: ਰੂਪ ਸਿੰਘ ਜੀ 18

ਸਾਡੀ ਰੀਝ — ਲੇਖਕ 21

ਸਫਲ ਘਾਲਣਾ — ਗਿ: ਜਸਵੰਤ ਸਿੰਘ ਜੀ 'ਪ੍ਰਵਾਨਾ' 23


## ਭਾਗ ਪਹਿਲਾ


ਸਿੱਖ ਰਹਿਤ ਮਰਯਾਦਾ ਦਾ ਇਤਿਹਾਸ 25

ਸਿੱਖ ਰਹਿਤ ਮਰਯਾਦਾ ਦੇ ਸੋਮੇ 46


## ਭਾਗ ਦੂਜਾ


ਸਿੱਖ ਰਹਿਤ ਮਰਯਾਦਾ ਦੀ ਵਿਆਖਿਆ 54

ਸਿੱਖ ਰਹਿਤ ਮਰਯਾਦਾ 57

- ਸਿੱਖ ਦੀ ਤਾਰੀਫ਼ 57
- ਸ਼ਖ਼ਸੀ ਰਹਿਣੀ 61
  - ੧. ਨਾਮ ਬਾਣੀ ਦਾ ਅਭਿਆਸ 61
  - ੨. ਗੁਰਮਤਿ ਦੀ ਰਹਿਣੀ 112
  - ੩. ਸੇਵਾ 188


Sri Satguru Jagjit Singh Ji eLibrary NamdhariElibrary@gmail.com

• ਪੰਥਕ ਰਹਿਣੀ 192
੧. ਗੁਰੂ-ਪੰਥ 192
੨. ਅੰਮ੍ਰਿਤ ਸੰਸਕਾਰ 197
੩. ਤਨਖ਼ਾਹ ਲਾਉਣ ਦੀ ਵਿਧੀ 229
੪. ਗੁਰਮਤਾ ਕਰਨ ਦੀ ਵਿਧੀ 232
੫. ਸਥਾਨਕ ਫ਼ੈਸਲਿਆਂ ਦੀ ਅਪੀਲ 234

*ਚੋਣਵੀਂ ਸਹਾਇਕ ਪੁਸਤਕ ਸੂਚੀ* 235
*ਇੰਡੈਕਸ* 237

www.archive.org/details/namdhari

Sri Satguru Jagjit Singh Ji eLibrary NamdhariElibrary@gmail.com

# ਧੰਨਵਾਦ

ਇਹ ਯਤਨ ਸ਼ਾਇਦ ਅਜੋਕਾ ਰੂਪ ਨਾ ਲੈ ਸਕਦਾ, ਜੇ ਮਹਾਨ ਵਿਦਵਾਨ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਲਗਾਤਾਰ ਉਤਸ਼ਾਹ ਪ੍ਰਾਪਤ ਨਾ ਹੁੰਦਾ। ਉਨ੍ਹਾਂ ਵੱਲੋਂ ਮਿਲੇ ਸਹਿਯੋਗ ਲਈ ਰਿਣੀ ਹਾਂ।

ਸਤਿਕਾਰਯੋਗ ਬੀਬੀ ਜਗੀਰ ਕੌਰ ਜੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਹੁਤ ਬਹੁਤ ਧੰਨਵਾਦ ਹੈ, ਜਿਨ੍ਹਾਂ ਨੇ ਆਪਣੇ ਬੇਅੰਤ ਰੁਝੇਵਿਆਂ ਵਿੱਚੋਂ ਕੀਮਤੀ ਸਮਾਂ ਕੱਢ ਕੇ ਖਰੜੇ ਨੂੰ ਵਿਚਾਰਿਆ ਅਤੇ ਕੁਝ ਸ਼ਬਦ ਲਿਖ ਕੇ ਦਾਸ ਨੂੰ ਨਿਵਾਜਿਆ।

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ, ਹੈੱਡ-ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ ਦਾ ਅਤੀ ਧੰਨਵਾਦੀ ਹਾਂ, ਜਿਨ੍ਹਾਂ ਨੇ ਅਸੀਸਾਂ ਲਿਖ ਕੇ ਦਾਸ ਨੂੰ ਧੰਨਵਾਦੀ ਬਣਾਇਆ।

ਪੰਥ ਦੀ ਮਾਇਆਨਾਜ਼ ਹਸਤੀ ਸਿੰਘ ਸਾਹਿਬ ਪ੍ਰੋਫ਼ੈਸਰ ਦਰਸ਼ਨ ਸਿੰਘ ਜੀ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਰਿਣੀ ਹਾਂ, ਜਿਨ੍ਹਾਂ ਮੁਖਬੰਧ ਵਜੋਂ ਆਪਣੇ ਕੀਮਤੀ ਵਿਚਾਰ ਪ੍ਰਗਟ ਕੀਤੇ ਹਨ।

ਮਹਾਨ ਵਿਦਵਾਨ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਬਹੁਤ ਧੰਨਵਾਦ ਹੈ, ਜਿਨ੍ਹਾਂ ਨੇ ਦਾਸ ਦੇ ਇਸ ਨਿਮਾਣੇ ਯਤਨ ਸੰਬੰਧੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਸੰਗਤਾਂ ਦੇ ਨਾਂ ਸੰਦੇਸ਼ ਬਖ਼ਸ਼ਿਆ।

ਮਹਾਨ ਵਿਦਵਾਨ ਡਾ. ਖੜਕ ਸਿੰਘ ਜੀ ਅਤੇ ਡਾ. ਗੁਰਬਖ਼ਸ਼ ਸਿੰਘ ਜੀ ਯੂ.ਐਸ.ਏ. ਵੱਲੋਂ ਪੁਸਤਕ ਦੇ ਖਰੜੇ ਨੂੰ ਵਾਰ ਵਾਰ ਪੜ੍ਹ ਕੇ ਦਿੱਤੀਆਂ ਕੀਮਤੀ ਰਾਵਾਂ ਨੇ ਮੇਰੀ ਬੜੀ ਸਹਾਇਤਾ ਕੀਤੀ ਹੈ, ਗੁਰੂ ਪਾਤਿਸ਼ਾਹ ਇਨ੍ਹਾਂ ਸਤਿਕਾਰਤ ਬਜ਼ੁਰਗਾਂ ਨੂੰ ਗੁਰੂ-ਪੰਥ ਦੀ ਸੇਵਾ ਕਰਨ ਦਾ ਹੋਰ ਬਲ ਬਖ਼ਸ਼ਣ।

ਮਾਨਯੋਗ ਸ: ਵਰਿਆਮ ਸਿੰਘ ਜੀ, ਸਕੱਤਰ ਧਰਮ ਪ੍ਰਚਾਰ ਕਮੇਟੀ ਦਾ ਸਦਾ ਧੰਨਵਾਦੀ ਹੋਵਾਂਗਾ, ਜਿਨ੍ਹਾਂ ਮੁੱਢਲੀ ਪ੍ਰੇਰਨਾ ਅਤੇ ਉਤਸ਼ਾਹ ਦੇ ਕੇ ਇਸ ਕਾਰਜ ਲਈ ਦਾਸ ਨੂੰ ਤਿਆਰ ਕੀਤਾ।

ਪੁਸਤਕ ਦਾ ਖਰੜਾ ਪੜ੍ਹ ਕੇ ਆਪਣੀਆਂ ਕੀਮਤੀ ਰਾਵਾਂ ਤੋਂ ਜਾਣੂੰ ਕਰਵਾਉਣ ਲਈ ਮੈਂ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ, ਸਾਬਕਾ ਜਥੇਦਾਰ ਸ੍ਰੀ ਦਮਦਮਾ ਸਾਹਿਬ; ਗਿਆਨੀ ਗੁਰਦੀਪ ਸਿੰਘ ਜੀ, ਕੈਨੇਡਾ; ਗਿਆਨੀ ਜਗਤਾਰ ਸਿੰਘ ਜੀ


Sri Satguru Jagjit Singh Ji eLibrary NamdhariElibrary@gmail.com

ਜਾਚਕ, ਅਮਰੀਕਾ; ਸ: ਗੁਰਮੀਤ ਸਿੰਘ ਜੀ, ਆਸਟ੍ਰੇਲੀਆ ਅਤੇ ਸ: ਗੁਰਿੰਦਰ ਸਿੰਘ ਜੀ ਸਾਚਾ, ਲੰਡਨ; ਸ: ਗੁਰਮੁਖ ਸਿੰਘ ਜੀ, ਹੰਸਲੋਅ; ਵੀਰ ਸੁਰਿੰਦਰ ਸਿੰਘ ਜੀ, ਗਲਾਸਗੋ ਅਤੇ ਸ: ਚਰਨਜੀਤ ਸਿੰਘ ਜੀ, ਮਾਨਚੈਸਟਰ ਆਦਿ ਯੂ.ਕੇ. ਨਿਵਾਸੀ ਵਿਦਵਾਨ ਮਿੱਤਰਾਂ ਦਾ ਅਤੀ ਧੰਨਵਾਦੀ ਹਾਂ।

ਧੰਨਵਾਦ ਹੈ 'ਪੰਜਾਬ ਟਾਈਮਜ਼ ਇੰਟਰਨੈਸ਼ਨਲ' (ਸਪਤਾਹਿਕ), ਯੂ.ਕੇ. ਅਤੇ 'ਸੰਤ ਸਿਪਾਹੀ' (ਮਾਸਕ), ਭਾਰਤ ਦੇ ਪਾਠਕਾਂ ਦਾ, ਜਿਹੜੇ ਸਿੱਖ ਰਹਿਤ ਮਰਯਾਦਾ ਦੀ ਲੜੀ ਵਾਰ ਛਪਦੀ ਵਿਆਖਿਆ ਪੜ੍ਹ ਕੇ ਆਪਣੇ ਵਿਚਾਰਾਂ ਤੋਂ ਜਾਣੂੰ ਕਰਾਉਂਦੇ ਰਹੇ।

ਧੰਨਵਾਦ ਹੈ ਯੂ.ਕੇ. ਸਥਿਤ ਪੰਜਾਬ ਰੇਡੀਓ, ਆਕਾਸ਼ ਰੇਡੀਓ, ਸੁਖ ਸਾਗਰ ਰੇਡੀਓ ਅਤੇ ਬੀ.ਬੀ.ਸੀ. ਰੇਡੀਓ ਏਸ਼ੀਅਨ ਨੈੱਟਵਰਕ ਦੇ ਹਜ਼ਾਰਾਂ ਸ੍ਰੋਤਿਆਂ ਦਾ, ਜਿਹੜੇ ਗਾਹੇ-ਬ-ਗਾਹੇ ਸਿੱਖ ਰਹਿਤ ਮਰਯਾਦਾ ਦੇ ਅਨੇਕ ਵਿਸ਼ਿਆਂ 'ਤੇ ਦਾਸ ਨਾਲ ਵਿਚਾਰ ਸਾਂਝੇ ਕਰਦੇ ਰਹੇ।

ਅਮਰੀਕਾ, ਕੈਨੇਡਾ, ਕੁਵੈਤ, ਨਾਰਵੇ, ਹਾਲੈਂਡ, ਫ਼ਰਾਂਸ, ਜਰਮਨੀ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂ.ਕੇ. ਵਿਸ਼ੇਸ਼ ਕਰਕੇ ਲੰਡਨ (ਬਾਰਕਿੰਗ, ਵੂਲਿਚ, ਨਿਊ ਸਾਊਥਗੇਟ), ਕਾਵੈਂਟਰੀ, ਮਾਨਚੈਸਟਰ ਅਤੇ ਗਲਾਸਗੋ ਦੀਆਂ ਸੰਗਤਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਹੌਸਲਾ ਵੀ ਵਧਾਇਆ ਅਤੇ ਸਿੱਖ ਰਹਿਤ ਮਰਯਾਦਾ ਬਾਬਤ ਪੂਰਨ ਸਹਿਯੋਗ ਦੇਣ ਦਾ ਭਰੋਸਾ ਵੀ ਦਿਵਾਇਆ।

ਇਸ ਸਾਰੇ ਪ੍ਰੋਜੈਕਟ ਦੇ ਸੂਤਰਧਾਰ, ਮਹਾਨ ਵਿਦਵਾਨ ਅਤੇ ਗੁਰਮਤਿ ਸਿਧਾਂਤਾਂ ਨੂੰ ਬਰੀਕੀ ਨਾਲ ਘੋਖਣ ਵਾਲੇ ਵੀਰ, ਸ: ਰੂਪ ਸਿੰਘ ਜੀ, ਜੋ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਮੀਤ ਸਕੱਤਰ ਵੀ ਹਨ, ਦਾ ਜਿੰਨਾ ਵੀ ਧੰਨਵਾਦ ਕੀਤਾ ਜਾਵੇ, ਥੋੜ੍ਹਾ ਹੈ। ਇਨ੍ਹਾਂ ਨੇ ਜਿਸ ਪੜਚੋਲੀਆ ਦ੍ਰਿਸ਼ਟੀ ਨਾਲ ਖਰੜੇ ਨੂੰ ਘੋਖ ਵੀਚਾਰ ਕੇ ਜੋ ਰਾਵਾਂ ਦਿੱਤੀਆਂ ਅਤੇ ਫਿਰ ਪਿਆਰ ਸਹਿਤ 'ਦੋ ਸ਼ਬਦ' ਲਿਖਣ ਦੀ ਖੇਚਲ ਵੀ ਕੀਤੀ, ਉਸ ਦਾ ਮੈਂ ਸਦਾ ਧੰਨਵਾਦੀ ਰਹਾਂਗਾ।

ਸਿੰਘ ਬ੍ਰਦਰਜ਼ ਵਾਲੇ ਮਿਲਾਪੜੇ ਅਤੇ ਸਹਿਯੋਗੀ ਵੀਰ ਸ: ਗੁਰਸਾਗਰ ਸਿੰਘ ਜੀ ਅਤੇ ਉਨ੍ਹਾਂ ਦੀ ਸਾਰੀ ਟੀਮ ਦਾ ਮੈਂ ਕਿੰਨਾ ਕੁ ਧੰਨਵਾਦ ਕਰ ਸਕਦਾ ਹਾਂ, ਜਿਨ੍ਹਾਂ ਨੇ ਮੇਰੇ ਭਾਵਾਂ ਨੂੰ ਅੱਖਰਾਂ ਦਾ ਰੂਪ ਦੇ ਕੇ ਅਤੇ ਸੋਹਣੇ ਟਾਈਟਲ ਨਾਲ ਸ਼ਿੰਗਾਰ ਕੇ ਦੁਨੀਆ ਭਰ ਦੇ ਗੁਰਸਿੱਖਾਂ ਦੀਆਂ ਅਸੀਸਾਂ ਦੇ ਯੋਗ ਬਣਾਇਆ।

ਅੰਤ ਵਿਚ ਮੈਂ ਆਪਣੀ ਧਰਮ ਪਤਨੀ ਸ੍ਰਦਾਰਨੀ ਮਨਜੀਤ ਕੌਰ ਵੱਲੋਂ ਲਗਾਤਾਰ ਮਿਲ ਰਹੇ ਸਾਥ ਸਹਿਯੋਗ, ਸੰਭਾਲ ਤੇ ਪ੍ਰੇਰਨਾ ਦਾ ਅਹਿਸਾਸ ਕਰਦਾ ਧੰਨਵਾਦ ਕਰਦਾ ਹਾਂ। ਕਰਤਾਰ ਦਾ ਸ਼ੁਕਰ ਹੈ, ਜੋ ਉਸ ਨੇ ਅਜਿਹਾ ਜੀਵਨ ਸਾਥੀ ਦਿੱਤਾ, ਜਿਸ ਨੇ "ਘਰ ਕੀ ਗੀਹਨਿ ਚੰਗੀ" ਦੇ ਬਚਨਾਂ ਨੂੰ ਸਾਰਥਕ ਕਰ ਵਿਖਾਇਆ।

**ਗੁਰਬਖ਼ਸ਼ ਸਿੰਘ ਗੁਲਸ਼ਨ**

24 ਫ਼ਰਵਰੀ, 2005 ਯੂ.ਕੇ.

ੴ ਵਾਹਿਗੁਰੂ ਜੀ ਕੀ ਫ਼ਤਹ॥

ਗਿਆਨੀ ਜੋਗਿੰਦਰ ਸਿੰਘ
ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ

ਨੰਬਰ ਅ.ਤ. 05-3460

ਮਿਤੀ 17/02/05

# ਸ਼ਲਾਘਾਯੋਗ ਕਾਰਜ

ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਅੰਤਰ-ਰਾਸ਼ਟਰੀ ਜਾਣੇ-ਪਹਿਚਾਣੇ ਕਥਾਕਾਰ ਹਨ। ਗਿਆਨੀ ਜੀ ਨੇ *ਦਰਪਣ ਸਿੱਖ ਰਹਿਤ ਮਰਯਾਦਾ* ਪੁਸਤਕ ਲਿਖ ਕੇ ਸ਼ਲਾਘਾ ਯੋਗ ਕਾਰਜ ਕੀਤਾ ਹੈ। ਪੁਸਤਕ ਵਿਚ ਸਿੱਖ ਰਹਿਤ ਮਰਯਾਦਾ ਦਾ ਇਤਿਹਾਸ ਅਤੇ ਵਿਆਖਿਆ ਬਾਖ਼ੂਬੀ ਦਰਜ ਕੀਤੀ ਗਈ ਹੈ। ਸਿੱਖ ਰਹਿਤ ਮਰਯਾਦਾ ਦੀ ਤਿਆਰੀ ਕਿਵੇਂ ਹੋਈ ਅਤੇ ਇਹ ਕਿਸ ਕਿਸ ਪੜਾਅ 'ਚੋਂ ਗੁਜ਼ਰ ਕੇ ਅਜੋਕੇ ਰੂਪ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਕੀਤੀ ਗਈ, ਇਸ ਦਾ ਸਵਿਸਥਾਰ ਜ਼ਿਕਰ ਕੀਤਾ ਗਿਆ ਹੈ। ਇਸ ਪੁਸਤਕ ਵਿਚ ਦਰਜ ਸਿਧਾਂਤਕ ਵਿਆਖਿਆ ਗ੍ਰੰਥੀ ਸਿੰਘਾਂ, ਕਥਾਵਾਚਕਾਂ ਅਥਵਾ ਸਿੱਖ ਪ੍ਰਚਾਰਕਾਂ, ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਅਤੇ ਸਾਧਾਰਨ ਸਿੱਖਾਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗੀ।

ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਲਸ਼ਨ ਜੀ ਨੂੰ ਪੰਥ ਦੀ ਸੇਵਾ ਕਰਨ ਲਈ ਹੋਰ ਵਿਵੇਕ ਬੁੱਧੀ-ਬਲ ਅਤੇ ਦੀਰਘ ਆਯੂ ਪ੍ਰਦਾਨ ਕਰਨ।

ਜੋਗਿੰਦਰ ਸਿੰਘ

(ਜੋਗਿੰਦਰ ਸਿੰਘ)
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਗਿਆਨੀ ਗੁਰਬਚਨ ਸਿੰਘ
ਹੈੱਡ-ਗ੍ਰੰਥੀ

ਸ੍ਰੀ ਹਰਿਮੰਦਰ ਸਾਹਿਬ
ਸ੍ਰੀ ਅੰਮ੍ਰਿਤਸਰ

ਨੰਬਰ........

ਮਿਤੀ 17/02/05

# ਸ਼ੁਭ ਅਸੀਸ

ਅਜੋਕੇ ਸਮੇਂ ਵਿਚ ਬਹੁ-ਗਿਣਤੀ ਸਿੱਖ ਸਮਾਜ ਵਹਿਮਾਂ ਭਰਮਾਂ ਦੇ ਜਾਲ ਵਿਚ ਫਸਿਆ ਹੋਇਆ ਹੈ। ਗੁਰਮਤਿ ਦੀ ਸਹੀ ਸੇਧ ਮਿਲਣ ਨਾਲ ਹੀ ਪੰਥਕ ਭਾਵਨਾ ਪ੍ਰਜਵਲਤ ਹੋ ਸਕਦੀ ਹੈ, ਪਰ ਜਿਥੋਂ ਗੁਰਮਤਿ ਦੀ ਸੇਧ ਮਿਲਣੀ ਸੀ, ਉਹਨਾਂ ਹੀ ਧਾਰਮਿਕ ਅਸਥਾਨਾਂ ਵਿਖੇ ਮਨਮਤਿ ਨੂੰ ਬੜਾਵਾ ਦੇਣ ਵਾਲੀਆਂ ਮਨਮਰਜ਼ੀ ਦੀਆਂ ਮਰਯਾਦਾਵਾਂ ਚਲਾਈਆਂ ਜਾ ਰਹੀਆਂ ਹਨ।

ਕੁਝ ਦਹਾਕੇ ਪਹਿਲਾਂ ਕੁਝ ਪੰਥ ਦਰਦੀਆਂ ਨੇ ਸਮੂਹ ਪੰਥਕ ਜਥੇਬੰਦੀਆਂ, ਸਭਾਵਾਂ, ਸੁਸਾਇਟੀਆਂ ਨਾਲ ਮਿਲ ਕੇ ਸਿੱਖ ਰਹਿਤ ਮਰਯਾਦਾ ਤਿਆਰ ਕੀਤੀ ਸੀ, ਜਿਸ ਨੂੰ 1936 ਵਿਚ ਸਮੁੱਚੇ ਪੰਥ ਵੱਲੋਂ ਪ੍ਰਵਾਨ ਕੀਤਾ ਗਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ, ਜਥੇਦਾਰ ਮੋਹਣ ਸਿੰਘ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਗਟ ਕੀਤਾ ਗਿਆ ਸੀ। ਸਿੱਖ ਰਹਿਤ ਮਰਯਾਦਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਚਾਰ ਹਿਤ ਵੱਡੇ ਪੱਧਰ 'ਤੇ ਛਪਾਈ ਕਰ ਕੇ ਮੁਫ਼ਤ ਵੰਡਿਆ ਜਾ ਰਿਹਾ ਹੈ ਅਤੇ ਆਪਣੇ ਪ੍ਰਬੰਧ ਹੇਠਲੇ ਸਭਨਾਂ ਸਥਾਨਾਂ 'ਤੇ ਇਸ ਉਪਰ ਅਮਲ ਕੀਤਾ ਜਾ ਰਿਹਾ ਹੈ, ਪਰ ਫਿਰ ਵੀ ਸਮੁੱਚੇ ਰੂਪ ਵਿਚ ਸਿੱਖ ਸੰਗਤਾਂ ਇਸ ਤੋਂ ਪੂਰਾ ਲਾਭ ਉਠਾਉਣ ਵਿਚ ਅਸਫਲ ਰਹੀਆਂ ਹਨ। ਇਸ ਨੂੰ ਮੱਦੇ-ਨਜ਼ਰ ਰੱਖ ਕੇ ਅਤਿ ਸਤਿਕਾਰ ਯੋਗ ਕਰਨੀ-ਕਥਨੀ ਦੇ ਪੂਰੇ, ਪ੍ਰਸਿੱਧ ਵਿਦਵਾਨ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਯੂ.ਕੇ. ਵਾਲਿਆਂ ਨੇ ਉਪਰਾਲਾ ਕਰਕੇ *ਦਰਪਣ ਸਿੱਖ ਰਹਿਤ ਮਰਯਾਦਾ* ਪੁਸਤਕ ਲਿਖੀ ਹੈ। ਇਸ ਵਿਚ ਸਿੱਖ ਰਹਿਤ ਮਰਯਾਦਾ ਦੀ ਇਤਿਹਾਸਕ ਅਤੇ ਸਿਧਾਂਤਕ ਵਿਆਖਿਆ ਕੀਤੀ ਗਈ ਹੈ, ਜਿਸ ਤੋਂ ਪ੍ਰਚਾਰਕ ਵਰਗ, ਪ੍ਰਬੰਧਕ ਵੀਰ ਤਾਂ ਲਾਹਾ ਲੈਣਗੇ ਹੀ, ਆਮ ਵਿਅਕਤੀ ਵੀ ਲਾਭ ਲੈ ਕੇ ਆਪਣਾ ਜੀਵਨ ਗੁਰਮਤਿ ਅਨੁਸਾਰ ਨਿਰਬਾਹ ਕਰਦੇ ਹੋਏ ਪੰਥਕ ਧੁਰੇ ਨਾਲ ਜੁੜੇ ਰਹਿ ਸਕਦੇ ਹਨ। ਇਨ੍ਹਾਂ ਨੇ ਇਹ ਇਕ ਮਹਾਨ ਸ਼ਲਾਘਾਯੋਗ ਕਾਰਜ ਕੀਤਾ ਹੈ। ਹਰ ਪ੍ਰਾਣੀ ਮਾਤਰ ਨੂੰ ਇਸ ਤੋਂ ਲਾਭ ਉਠਾ ਕੇ ਗੁਰਮਤਿ ਦੇ ਦਾਇਰੇ ਵਿਚ ਰਹਿ ਕੇ ਜੀਵਨ ਜੀਉਣਾ ਚਾਹੀਦਾ ਹੈ।

Sri Satguru Jagjit Singh Ji eLibrary NamdhariElibrary@gmail.com

ਮੇਰੀ ਅਰਦਾਸ ਹੈ ਕਿ ਗੁਲਸ਼ਨ ਜੀ ਨੂੰ ਗੁਰੂ ਰਾਮਦਾਸ ਜੀ ਬਲ-ਬੁੱਧ, ਸਿਹਤ ਬਖ਼ਸ਼ਸ਼ ਕਰ ਕੇ ਸੇਵਾ ਲੈਂਦੇ ਰਹਿਣ ਅਤੇ ਆਪ ਜੀ ਗੁਰਮਤਿ ਪ੍ਰਚਾਰ ਰਾਹੀਂ ਦੇਸ਼- ਵਿਦੇਸ਼ ਵਿਚ ਸੇਵਾ ਕਰਦੇ ਰਹਿਣ।

(ਗਿਆਨੀ ਗੁਰਬਚਨ ਸਿੰਘ)
ਹੈੱਡ-ਗ੍ਰੰਥੀ,
ਸ੍ਰੀ ਦਰਬਾਰ ਸਾਹਿਬ,
ਸ੍ਰੀ ਅੰਮ੍ਰਿਤਸਰ

17 ਫ਼ਰਵਰੀ, 2005

www.archive.org/details/namdhari

Sri Satguru Jagjit Singh Ji eLibrary NamdhariElibrary@gmail.com

ੴ ਵਾਹਿਗੁਰੂ ਜੀ ਕੀ ਫ਼ਤਹ॥

ਦਫ਼ਤਰ : 0183-2553950
ਫ਼ੈਕਸ : 0183-2553919

**ਬੀਬੀ ਜਗੀਰ ਕੌਰ**
ਪ੍ਰਧਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ

ਨੰਬਰ............

ਮਿਤੀ 24/02/05

# ਸੰਦੇਸ਼

ਵਰਤਮਾਨ ਯੁੱਗ ਦੇ ਰੂ-ਬ-ਰੂ ਗੁਰੂ ਕੇ ਸਿੱਖਾਂ 'ਚ 'ਸਿੱਖ ਰਹਿਤ ਮਰਯਾਦਾ' 'ਚ ਆ ਰਹੀ ਢਿੱਲ-ਮੱਠ ਇਕ ਡੂੰਘੀ ਚਿੰਤਾ ਵਾਲਾ ਪਹਿਲੂ ਹੈ। ਸੁਹਿਰਦ ਤੇ ਸੰਵੇਦਨਸ਼ੀਲ ਗੁਰਸਿੱਖ ਲੇਖਕਾਂ ਵੱਲੋਂ ਇਸ ਉਪਰ ਡੂੰਘੇਰਾ ਚਿੰਤਨ ਕਰਨਾ ਹੀ ਇਸ ਸਮੱਸਿਆ ਦਾ ਸਮਾਧਾਨ ਦੇਣ ਦੀ ਉਮੀਦ ਜਗਾ ਸਕਦਾ ਹੈ।

'ਸਿੱਖ ਰਹਿਤ ਮਰਯਾਦਾ' ਸਜੱਗ ਤੇ ਗੁਰੂ-ਬਖ਼ਸ਼ਿਸ਼ ਵਾਲੇ ਗੁਰਸਿੱਖਾਂ ਵੱਲੋਂ ਡੂੰਘੀਆਂ ਵਿਚਾਰਾਂ ਉਪਰੰਤ ਪਰਮ ਪਾਵਨ ਗੁਰਬਾਣੀ ਦੇ ਨਿਰਮਲ ਉਪਦੇਸ਼ ਤੇ ਦਿਸ਼ਾ-ਨਿਰਦੇਸ਼ਾਂ 'ਚ ਤਿਆਰ ਕੀਤਾ ਐਸਾ ਮਹੱਤਵਪੂਰਨ ਦਸਤਾਵੇਜ਼ ਹੈ, ਜਿਸ ਨੂੰ ਹਰੇਕ ਗੁਰਸਿੱਖ ਪਰਿਵਾਰ ਨੂੰ ਹਰਦਮ ਘਰ ਰੱਖਣਾ ਤੇ ਸਮੇਂ-ਸਮੇਂ ਪੜ੍ਹਨਾ-ਵਾਚਣਾ ਜ਼ਰੂਰੀ ਹੈ। ਗੁਰੂ ਨਾਨਕ ਨਾਮ-ਲੇਵਾ ਸਿੱਖਾਂ ਅੰਦਰ 'ਸਿੱਖ ਰਹਿਤ ਮਰਯਾਦਾ' ਰੂਪੀ ਦਸਤਾਵੇਜ਼ੀ ਵਿਰਾਸਤ ਸੰਬੰਧੀ ਉਚੇਰੀ ਸਜੱਗਤਾ ਜਗਾਉਣ ਦੇ ਉਦੇਸ਼ ਨਾਲ ਸਿੱਖੀ ਪ੍ਰਚਾਰ ਨੂੰ ਸਮਰਪਿਤ ਵੀਰ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਹੁਰਾਂ ਦਾ *ਦਰਪਣ ਸਿੱਖ ਰਹਿਤ ਮਰਯਾਦਾ* ਨੂੰ ਲਿਖ ਕੇ ਪ੍ਰਕਾਸ਼ਤ ਕਰਵਾਉਣ ਦਾ ਉਦਮ ਜ਼ਰੂਰ ਹੀ ਕਾਰਗਰ ਹੋਵੇਗਾ। ਇਸ ਉਦਮ ਦੀ ਭਰਵੀਂ ਪ੍ਰਸੰਸਾ ਕਰਨੀ ਬਣਦੀ ਹੈ। ਅਕਾਲ ਪੁਰਖ ਵਾਹਿਗੁਰੂ ਕਿਰਪਾ ਕਰਨ! ਇਹ ਉਦਮ ਗੁਰੂ ਨਾਮ-ਲੇਵਾ ਸਿੱਖਾਂ 'ਚ ਸਿੱਖ ਰਹਿਤ ਮਰਯਾਦਾ ਪ੍ਰਤੀ ਭਰਪੂਰ ਪਿਆਰ ਤੇ ਸਮਰਪਣ-ਭਾਵਨਾ ਜਗਾਉਣ 'ਚ ਸਹਾਈ ਹੋਵੇ!

*ਗੁਰੂ-ਪੰਥ ਦੀ ਦਾਸ,*
**ਜਗੀਰ ਕੌਰ**

24 ਫ਼ਰਵਰੀ, 2005

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ

ਪਿੰਡ ਤੇ ਡਾਕ. ਬੇਗੋਵਾਲ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਫ਼ੋਨ : 01822-248051, 01822-248151
E-mail : sgpc@vsnl.com Website : www.sgpc.net

☬ ੧ਓ ਵਾਹਿਗੁਰੂ ਜੀ ਕੀ ਫ਼ਤਹ॥ ☬

**ਗਿ: ਤਰਲੋਚਨ ਸਿੰਘ**
ਜਥੇਦਾਰ

ਫ਼ੋਨ: 01887-232100
ਫ਼ੈਕਸ: 01887-232523
ਮੋਬਾਇਲ: 98159-61407

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
ਸ੍ਰੀ ਅਨੰਦਪੁਰ ਸਾਹਿਬ (ਰੋਪੜ)
TAKHAT SRI KESHGARH SAHIB
SRI ANANDPUR SAHIB (ROPAR)

ਨੰਬਰ........ ਮਿਤੀ 24/02/05

# ਸੰਦੇਸ਼

ਗਿਆਨੀ ਗੁਰਬਖ਼ਸ਼ ਸਿੰਘ ਜੀ ਗੁਲਸ਼ਨ, ਜੋ ਕਿ ਦੇਸ਼-ਵਿਦੇਸ਼ ਵਿਚ ਵਿਚਰ ਕੇ ਧਰਮ ਪ੍ਰਚਾਰ ਦੀ ਸੇਵਾ ਕਰਦੇ ਹਨ ਅਤੇ ਗੁਰਬਾਣੀ ਦੇ ਸਫਲ ਵਿਆਖਿਆਕਾਰ ਹਨ। ਇਨ੍ਹਾਂ ਨੇ 'ਸਿੱਖ ਰਹਿਤ ਮਰਯਾਦਾ' ਦੀ ਵਿਆਖਿਆ ਬੜੇ ਸੁਚੱਜੇ ਢੰਗ ਨਾਲ ਕਰਕੇ ਸਿੱਖ ਪੰਥ ਦੀ ਮਹਾਨ ਸੇਵਾ ਕੀਤੀ ਹੈ। ਆਸ ਕਰਦਾ ਹਾਂ ਕਿ ਸਿੱਖ ਸੰਗਤਾਂ ਇਸ ਨੂੰ ਪਸੰਦ ਕਰਨਗੀਆਂ ਅਤੇ ਲਾਭ ਉਠਾਉਣਗੀਆਂ।

*ਗੁਰੂ-ਪੰਥ ਦਾ ਦਾਸ,*

ਤਰਲੋਚਨ ਸਿੰਘ

**(ਗਿ: ਤਰਲੋਚਨ ਸਿੰਘ)**
ਜਥੇਦਾਰ,
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ (ਰੋਪੜ)

24 ਫ਼ਰਵਰੀ, 2005

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਮੁਖਬੰਧ

ਮਰਯਾਦਾ ਦਾ ਅਰਥ ਹੈ ਇਕ ਐਸੀ ਜੀਵਨ ਜੁਗਤ, ਜੀਵਨ ਦੇ ਰਹਿਣ ਸਹਿਣ ਦੀ ਉਹ ਤਰਤੀਬ ਜਿਸ ਵਿਚ ਜੀਵਨ ਬੇਫ਼ਿਕਰ ਅਤੇ ਸੁਰੱਖਿਅਤ ਤੁਰਿਆ ਜਾਵੇ, ਸਿੱਖ ਨੂੰ ਕਿਉਂਕਿ ਇਹ ਜੀਵਨ ਜੁਗਤ ਗੁਰੂ ਬਖ਼ਸ਼ਦਾ ਹੈ ਅਤੇ ਸਿੱਖ ਇਸ ਅਨੁਸਾਰ ਹੀ ਜੀਵਨ ਗੁਜ਼ਾਰਦਾ ਹੈ, ਇਸ ਲਈ ਸਿੱਖੀ ਵਿਚ ਇਸ ਜੁਗਤ ਨੂੰ ਗੁਰਮਤਿ ਰਹਿਤ ਮਰਯਾਦਾ ਜਾਂ ਸਿੱਖ ਰਹਿਤ ਮਰਯਾਦਾ ਭੀ ਆਖਦੇ ਹਨ।

ਆਦਿ ਜੁਗਾਦਿ ਸੱਚ ਤਾਂ ਇਹ ਹੈ ਕਿ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰਮਤਿ ਰਹਿਤ ਮਰਯਾਦਾ, ਭਾਵ ਸਿੱਖ ਰਹਿਤ ਮਰਯਾਦਾ ਹੈ, ਜੋ ਜੀਵਨ ਦੇ ਹਰ ਬਿਖੜੇ ਮੋੜ 'ਤੇ ਸਿੱਖ ਨੂੰ ਰਾਹਿ ਰਾਸ ਪਾਉਣ ਦਾ ਜ਼ਾਮਨ ਹੈ।

**ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥**

ਇਸੇ ਲਈ ਸਮੁੱਚੇ ਪੰਥ ਨੂੰ ਜੀਵਨ ਜੁਗਤ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਰ ਦਿੱਤਾ ਗਿਆ। ਇਸੇ ਲਈ ਸਮੁੱਚਾ ਪੰਥ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੌਸ਼ਨੀ ਵਿਚ ਮਰਯਾਦਾ ਦੇ ਫ਼ੈਸਲੇ ਕਰਦਾ ਹੈ ਅਤੇ ਉਹ ਹੀ ਸਮੁੱਚੇ ਪੰਥ 'ਤੇ ਲਾਗੂ ਹੁੰਦੇ ਹਨ। ਕਿਸੇ ਇਕ ਵਿਅਕਤੀ, ਇਕ ਸੰਸਥਾ ਜਾਂ ਇਕ ਸੰਪਰਦਾ ਦੀ ਮਰਯਾਦਾ ਜਾਂ ਫ਼ੈਸਲਾ ਸਮੁੱਚੇ ਪੰਥ 'ਤੇ ਲਾਗੂ ਨਹੀਂ ਹੁੰਦਾ। ਇਹੋ ਕਾਰਨ ਹੈ ਕਿ 1935 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਸਾਹਿਬਾਨ ਦੇ ਹੁੰਦਿਆਂ ਹੋਇਆਂ ਭੀ ਮਰਯਾਦਾ ਦਾ ਫ਼ੈਸਲਾ ਪੰਥਕ ਤੌਰ 'ਤੇ ਸਮੁੱਚੇ ਵਿਚਾਰ-ਵਟਾਂਦਰੇ ਨਾਲ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਦੀ ਰਾਇ ਲੈ ਕੇ ਕੀਤਾ ਗਿਆ, ਬੇਸ਼ਕ ਇਸ ਲਈ ਕਰੀਬ 14 ਸਾਲ ਲੱਗ ਗਏ।

ਇਹ ਬਦਕਿਸਮਤੀ ਹੈ ਕਿ ਅੱਜ ਸਿੱਖੀ ਦੀ ਧਾਰਮਿਕ ਜ਼ੁੰਮੇਵਾਰ ਰੁਚੀ ਦਾ ਸੰਪੂਰਨ ਸਿਆਸੀ-ਕਰਨ ਹੋ ਚੁੱਕਾ ਹੈ। ਇਸ ਲਈ ਇਸ ਜੀਵਨ ਜੁਗਤ ਰੂਪ ਸਿੱਖ ਰਹਿਤ ਮਰਯਾਦਾ ਨੂੰ ਘਰ ਘਰ ਪਹੁੰਚਾਉਣ ਅਤੇ ਇਸ ਦੇ ਜ਼ਰੂਰੀ ਤੱਥਾਂ ਨੂੰ ਸਮਝਾਉਣ ਪ੍ਰਤੀ ਜ਼ੁੰਮੇਵਾਰੀ ਮੁਖੀ ਸਿੱਖ ਸੰਸਥਾਵਾਂ ਨੇ ਨਾ ਨਿਭਾਈ। ਨਤੀਜਾ ਇਹ ਹੋਇਆ ਕਿ ਸਿੱਖੀ ਦੇ ਵਿਹੜੇ ਵਿਚ ਅਨੇਕਾਂ ਆਪੋ ਧਾਪੀ ਮਰਯਾਦਾਵਾਂ ਨੇ ਪੈਰ ਆ ਪਸਾਰੇ ਹਨ, ਸਿੱਖ ਰਹਿਤ ਮਰਯਾਦਾ ਪੱਖੋਂ ਖੇਰੂੰ ਖੇਰੂੰ ਹੋ ਰਿਹਾ ਹੈ।

ਐਸੇ ਸਮੇਂ ਪੰਥ ਦੀ ਪ੍ਰਚਾਰਕ ਸ਼੍ਰੇਣੀ ਦੇ ਮੁਖ ਮੈਂਬਰ ਹੋਣ ਦੇ ਨਾਤੇ ਆਪਣੀ ਮੁੱਢਲੀ ਜ਼ੁੰਮੇਵਾਰੀ ਪਛਾਣਦਿਆਂ ਭਾਈ ਸਾਹਿਬ ਗੁਰਬਖ਼ਸ਼ ਸਿੰਘ ਗੁਲਸ਼ਨ ਜੀ ਨੇ



Sri Satguru Jagjit Singh Ji eLibrary NamdhariElibrary@gmail.com

ਕੁਝ ਵਰ੍ਹਿਆਂ ਤੋਂ ਲਗਾਤਾਰ ਇਹ ਬੀੜਾ ਚੁੱਕਿਆ ਅਤੇ ਦੇਸ਼-ਵਿਦੇਸ਼ ਵਿਚ ਵਿਚਰ ਕੇ ਥਾਂ-ਪਰ-ਥਾਂ ਸਿੱਖ ਰਹਿਤ ਮਰਯਾਦਾ ਦਾ ਪ੍ਰਚਾਰ ਅਤੇ ਇਸ ਅਨੁਸਾਰ ਜੀਵਨ ਦੀ ਪ੍ਰੇਰਨਾ ਦੇ ਰਹੇ ਹਨ ਅਤੇ ਹੁਣ ਉਸ ਤੋਂ ਭੀ ਜ਼ਰੂਰੀ ਵੱਡਾ ਕਾਜ ਸਰੰਜਾਮ ਕੀਤਾ ਕਿ ਇਸ ਪੰਥਕ ਮਰਯਾਦਾ ਪ੍ਰਤੀ ਕਿਸੇ ਨੂੰ ਕੋਈ ਭਰਮ-ਭੁਲੇਖਾ ਨਾ ਪਾ ਸਕੇ। ਇਸ ਲਈ ਪ੍ਰਚਾਰ ਪ੍ਰਸਾਰ ਦੇ ਨਾਲ ਵਿਸਥਾਰ ਲਈ ਇਹ ਹਥਲੀ ਪੁਸਤਕ ਲਿਖਣ ਦੀ ਘਾਲਣਾ ਸਿੱਖ ਸੰਗਤਾਂ ਦੀ ਭੇਟ ਕਰ ਰਹੇ ਹਨ, ਜਿਸ ਨੂੰ ਪੜ੍ਹ ਕੇ ਸਿੱਖ ਰਹਿਤ ਮਰਯਾਦਾ ਦੀ ਇਕ ਲੜੀ ਵਿਚ ਏਕਤਾ ਦੀ ਪੰਥਕ ਸ਼ਕਤੀ ਬਣੇਗੀ। ਮੈਂ ਭਾਈ ਸਾਹਿਬ ਗੁਰਬਖ਼ਸ਼ ਸਿੰਘ ਗੁਲਸ਼ਨ ਜੀ ਨੂੰ ਇਸ ਪੁਸਤਕ ਦੀ ਸੰਪੂਰਣਤਾ ਦੀ ਵਧਾਈ ਦੇਂਦਾ ਹਾਂ।

ਗੁਰੂ-ਪੰਥ ਦਾ ਦਾਸ,

(ਦਰਸ਼ਨ ਸਿੰਘ ਖ਼ਾਲਸਾ)
ਸਾਬਕਾ ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ

24 ਫ਼ਰਵਰੀ, 2005

Sri Satguru Jagjit Singh Ji eLibrary NamdhariElibrary@gmail.com

# ਦੋ ਸ਼ਬਦ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਾ ਹੋਇਆ ਹਰ ਮਨੁੱਖ ਕਿਸੇ ਨਾ ਕਿਸੇ ਰੂਪ ਵਿਚ ਧਾਰਮਿਕ ਨਿਯਮਾਂ ਦੀ ਪਾਲਣਾ ਕਰਦਾ ਹੈ। ਧਾਰਮਿਕ ਨਿਯਮਾਂ ਦੇ ਸੰਗ੍ਰਹਿ ਨੂੰ ਮਰਯਾਦਾ ਕਿਹਾ ਜਾ ਸਕਦਾ ਹੈ। ਹਰ ਧਰਮ ਦੇ ਪੈਰੋਕਾਰਾਂ ਲਈ ਜੀਵਨ ਜੀਉਣ ਵਾਸਤੇ ਅਲੱਗ ਅਲੱਗ ਨਿਯਮ ਨਿਰਧਾਰਤ ਹਨ। ਅਸੀਂ ਇਹ ਕਹਿ ਸਕਦੇ ਹਾਂ ਕਿ ਧਾਰਮਿਕ ਮਰਯਾਦਾ ਅਜਿਹਾ ਸੂਤਰ ਹੈ, ਜੋ ਧਾਰਮਿਕ ਏਕਤਾ, ਇਕਸੁਰਤਾ, ਇਕਸਾਰਤਾ ਵਾਸਤੇ ਬੇਹੱਦ ਜ਼ਰੂਰੀ ਹੈ। ਸਿੱਖ ਰਹਿਤ ਮਰਯਾਦਾ ਵਿਚ ਹਰ ਸਿੱਖ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ ਸਫਲ ਉਹ ਹੈ, ਜੋ ਥੋੜੇ ਯਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਸਿੱਖ ਇਸ ਲਈ ਸ਼ਖ਼ਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪੰਥਕ ਫ਼ਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ 'ਪੰਥ' ਹੈ ਅਰ ਸਿੱਖ ਨੇ 'ਪੰਥ' ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ। ਜਥੇਬੰਦੀ ਦੀ ਏਕਤਾ-ਇਕਸੁਰਤਾ ਦਾ ਪਤਾ ਉਸ ਵੱਲੋਂ ਅਪਣਾਏ ਜਾਣ ਵਾਲੇ ਅਸੂਲਾਂ ਤੋਂ ਲੱਗਦਾ ਹੈ। ਧਰਮ ਆਧਾਰਿਤ ਨਿਸਚਿਤ ਅਸੂਲਾਂ ਨੂੰ ਜੀਵਨ 'ਚ ਅਪਣਾਉਣਾ ਹੀ ਜ਼ਿੰਦਗੀ ਹੈ, ਨਹੀਂ ਤਾਂ ਮਨੁੱਖ ਦਰਿੰਦਗੀ 'ਤੇ ਉਤਰ ਆਉਂਦਾ ਹੈ। ਹਰ ਸਭਿਅਕ ਮਨੁੱਖ ਧਰਮ-ਸਮਾਜ ਵੱਲੋਂ ਨਿਸਚਿਤ ਨਿਯਮਾਂ ਨੂੰ ਅਪਣਾਉਂਦਾ ਹੈ। *ਸਿੱਖ ਰਹਿਤ ਮਰਯਾਦਾ* ਵਿਚ ਸਿੱਖ ਦੀ ਸ਼ਖ਼ਸੀ ਤੇ ਪੰਥਕ ਰਹਿਣੀ ਗੁਰੂ-ਪੰਥ ਵੱਲੋਂ ਨਿਰਧਾਰਤ ਕੀਤੀ ਗਈ ਹੈ।

ਹਰ ਗੁਰਸਿੱਖ ਗੁਰਬਾਣੀ 'ਗੁਰੂ ਗ੍ਰੰਥ ਸਾਹਿਬ' ਪ੍ਰਤੀ ਸੁਚੇਤ, ਸ਼ਰਧਾ-ਸਤਿਕਾਰ ਰੱਖਦਾ ਹੋਇਆ ਸਮਰਪਿਤ ਹੈ। ਇਹ ਸਮਰਪਣ ਭਾਵਨਾ ਤਨ-ਮਨ ਤੋਂ ਹੋਣੀ ਵੀ ਚਾਹੀਦੀ ਹੈ, ਪਰ ਅਫ਼ਸੋਸ ਕੁਝ ਗੁਰਸਿੱਖ ਅਖਵਾਉਣ ਵਾਲੇ ਗੁਰੂ-ਪੰਥ ਦੇ ਸਿਧਾਂਤ-ਪਰੰਪਰਾ-ਇਤਿਹਾਸ ਤੇ ਮਰਯਾਦਾ ਤੋਂ ਅਵੇਸਲੇ ਹਨ। ਇਸ ਅਵੇਸਲੇਪਣ ਕਾਰਨ ਹੀ ਅਸੀਂ ਵਿਅਕਤੀਵਾਦ ਦੇ ਗ਼ੁਲਾਮ ਹੋ ਰਹੇ ਹਾਂ। ਇਸ ਅਵੇਸਲੇਪਣ ਤੋਂ ਬਚਣ ਵਾਸਤੇ ਹੀ ਸਾਡੇ ਪੁਰਖਿਆਂ ਨੇ ਗੁਰੂ-ਗ੍ਰੰਥ ਤੇ ਗੁਰੂ-ਪੰਥ ਦੇ ਸਿਧਾਂਤ ਨੂੰ ਸਮਰਪਿਤ ਹੁੰਦਿਆਂ, ਸਾਲਾਂ ਬੱਧੀ ਘਾਲਣਾ ਘਾਲ ਕੇ 'ਸਿੱਖ ਰਹਿਤ ਮਰਯਾਦਾ' ਨਿਸਚਿਤ ਕੀਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ 'ਸਿੱਖ ਰਹਿਤ ਮਰਯਾਦਾ' ਦਾ ਹਰ ਪੱਖ ਪਾਵਨ ਪਵਿੱਤਰ ਗੁਰਬਾਣੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ, ਸਿੱਖ


Sri Satguru Jagjit Singh Ji eLibrary NamdhariElibrary@gmail.com

ਰਹਿਤਨਾਮਿਆਂ, ਧਾਰਮਿਕ ਗ੍ਰੰਥਾਂ ਵਿਚ ਪਹਿਲਾਂ ਹੀ ਪ੍ਰਾਪਤ ਸੀ। ਵੱਖ ਵੱਖ ਕਿਸਮ ਦੇ ਰਹਿਤਨਾਮੇ ਮਿਲਦੇ ਹਨ, ਪਰ ਹਰ ਗੁਰਸਿੱਖ ਪਾਸ ਇਤਨਾ ਸਮਾਂ ਤੇ ਸਮਰੱਥਾ ਨਹੀਂ ਕਿ ਉਹ ਹਰ ਰਹਿਤਨਾਮੇ ਨੂੰ ਪੜ੍ਹ, ਵਿਚਾਰ ਤੇ ਅਮਲ ਵਿਚ ਲਿਆ ਸਕੇ। ਕੁਝ ਇਕ ਰਹਿਤਨਾਮਿਆਂ ਵਿਚ ਜਾਣੇ-ਅਣਜਾਣੇ ਕਿਧਰੇ ਕਿਧਰੇ ਗੁਰਮਤਿ ਸਿਧਾਂਤ ਦੇ ਵਿਰੁੱਧ ਵੀ ਵਿਚਾਰ ਮਿਲਦੇ ਹਨ। ਮਿਲਗੋਭੇ ਵਿੱਚੋਂ ਪੁਣ-ਛਾਣ ਕਰਨੀ ਹਰ ਇਕ ਦੇ ਵੱਸ ਦੀ ਗੱਲ ਨਹੀਂ। *ਸਿੱਖ ਰਹਿਤ ਮਰਯਾਦਾ* ਕੇਵਲ 24 ਪੰਨਿਆਂ ਦਾ ਇਕ ਸਿਧਾਂਤਕ, ਕਾਨੂੰਨੀ, ਇਤਿਹਾਸਕ-ਧਾਰਮਿਕ ਦਸਤਾਵੇਜ਼ ਹੈ, ਜਿਸ ਦੀ ਭਾਸ਼ਾ ਸ਼ੈਲੀ ਬੜੀ ਸੰਕੋਚਵੀਂ, ਗੁੰਦਵੀਂ ਤੇ ਸੰਜਮੀ ਹੈ। ਅੱਠ ਪੰਨੇ ਆਮ ਜਾਣਕਾਰੀ ਦੇ ਹਨ ਕਿ ਇਹ ਦਸਤਾਵੇਜ਼ ਹੋਂਦ ਵਿਚ ਕਿਵੇਂ ਆਇਆ ?

ਗੁਰਮਤਿ ਸਾਹਿਤ ਨਾਲ ਸੰਬੰਧਿਤ ਸ਼ਾਇਦ ਇਹ ਸਭ ਤੋਂ ਸੰਖੇਪ ਦਸਤਾਵੇਜ਼ ਹੈ, ਜਿਸ ਵਿਚ ਸਿੱਖ ਧਰਮ, ਦਰਸ਼ਨ, ਇਤਿਹਾਸ, ਪਰੰਪਰਾਵਾਂ ਨੂੰ ਬਾਖ਼ੂਬੀ ਦਰਜ ਕੀਤਾ ਗਿਆ ਹੈ। ਸਿੱਖ ਧਰਮ, ਦਰਸ਼ਨ, ਇਤਿਹਾਸ ਦੇ ਮੂਲ ਗ੍ਰੰਥਾਂ ਦਾ ਸਾਲਾਂ ਬੱਧੀ ਮੰਥਨ ਕਰ ਕੇ ਇਹ ਅਤੀ ਸੰਖੇਪ ਦਸਤਾਵੇਜ਼ ਸਾਡੀ ਸਹੂਲਤ ਵਾਸਤੇ ਸੰਪੂਰਨ ਕੀਤਾ ਗਿਆ, ਜਿਸ ਨੂੰ 'ਗੁਰੂ-ਪੰਥ' ਦੀ ਪ੍ਰਵਾਨਗੀ ਹਾਸਲ ਹੈ। ਵਿਅਕਤੀਗਤ, ਪਰਿਵਾਰਕ, ਡੇਰੇ, ਟਕਸਾਲ, ਸੰਪਰਦਾ ਆਦਿ ਦੇ ਨਿੱਜੀ ਅਸੂਲ ਹੋ ਸਕਦੇ ਹਨ। ਪੰਥ ਤੇ ਪੰਥਕ-ਪਰਿਵਾਰ ਦੇ ਹਰੇਕ ਗੁਰਸਿੱਖ ਮੈਂਬਰ ਵਾਸਤੇ 'ਗੁਰੂ-ਪੰਥ' ਵੱਲੋਂ ਜੋ ਅਸੂਲ ਨਿਸਚਿਤ-ਨਿਰਧਾਰਤ ਕੀਤੇ ਗਏ ਹਨ, ਉਹ *ਸਿੱਖ ਰਹਿਤ ਮਰਯਾਦਾ* ਵਿਚ ਅੰਕਿਤ ਹਨ। ਇਹੀ ਕਾਰਨ ਹੈ ਕਿ *ਸਿੱਖ ਰਹਿਤ ਮਰਯਾਦਾ* ਵਿਚ ਤਬਦੀਲੀ ਕਰਨ ਦਾ ਅਧਿਕਾਰ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਨਹੀਂ; ਕੇਵਲ 'ਗੁਰੂ-ਪੰਥ' ਵੱਲੋਂ ਗੁਰਬਾਣੀ, ਗੁਰਮਤਿ ਸਿਧਾਂਤਾਂ ਦੀ ਰੌਸ਼ਨੀ 'ਚ ਸਮੇਂ ਤੇ ਲੋੜ ਅਨੁਸਾਰ ਵਾਧ-ਘਾਟ ਕੀਤੀ ਜਾ ਸਕਦੀ ਹੈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੀ ਸਭ ਤੋਂ ਵੱਡੀ ਪ੍ਰਾਪਤੀ ਪ੍ਰਤੀਨਿਧ ਸਿੱਖ ਸੰਸਥਾ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੋਂਦ ਵਿਚ ਆਉਣਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਭ ਤੋਂ ਵੱਡੀ ਪ੍ਰਾਪਤੀ 'ਗੁਰੂ-ਪੰਥ' ਵੱਲੋਂ 'ਸਿੱਖ ਰਹਿਤ ਮਰਯਾਦਾ' ਨੂੰ ਨਿਰਧਾਰਤ ਕਰਨਾ ਤੇ ਪ੍ਰਚਾਰਨਾ-ਪ੍ਰਸਾਰਨਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਕਾਰਜ ਬਾਖ਼ੂਬੀ ਨਿਭਾਇਆ ਜਾ ਰਿਹਾ ਹੈ। 'ਸਿੱਖ ਰਹਿਤ ਮਰਯਾਦਾ' ਦੇ ਪ੍ਰਚਾਰ-ਪ੍ਰਸਾਰ ਲਈ ਹੀ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ ਇਸ ਨੂੰ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਬਹੁਤ ਵੱਡੀ ਪੱਧਰ 'ਤੇ ਪ੍ਰਕਾਸ਼ਤ ਕਰਕੇ ਭੇਟਾ-ਰਹਿਤ ਵੰਡਿਆ ਜਾ ਰਿਹਾ ਹੈ, ਫਿਰ ਵੀ ਕੁਝ ਇਕ ਸਿੱਖ ਵਿਦਵਾਨ-ਬੁਲਾਰੇ ਇਸ ਦੇ ਸੂਖਮ ਭੇਦਾਂ ਤੋਂ ਵਾਕਫ਼ ਨਹੀਂ। 24 ਪੰਨਿਆਂ ਵਿਚ ਸਿੱਖ ਜੀਵਨ-ਜਾਚ ਦੇ ਹਰ ਪੱਖ ਬਾਰੇ ਜਾਣਕਾਰੀ ਦਿੱਤੀ ਗਈ ਹੈ, ਪਰ ਇਹ ਜਾਣਕਾਰੀ ਬਹੁਤ ਹੀ ਸੂਤਰਬੱਧ, ਸੰਜਮੀ ਸ਼ੈਲੀ ਵਿਚ ਹੋਣ ਕਰਕੇ ਵਿਆਖਿਆ ਦੀ ਮੰਗ ਕਰਦੀ ਸੀ। ਇਹ ਕਾਰਜ ਉਹ ਹੀ ਕਰ ਸਕਦਾ ਸੀ, ਜਿਸ ਨੂੰ *ਸਿੱਖ ਰਹਿਤ ਮਰਯਾਦਾ* ਦੇ ਅੱਖਰ-ਅੱਖਰ ਦੀ ਸੂਝ-ਸਮਝ ਹੋਵੇ ਤੇ ਤਨ ਮਨ ਤੋਂ ਇਸ ਨੂੰ ਸਵੀਕਾਰਦਾ ਹੋਇਆ ਇਸ ਪ੍ਰਤੀ ਸਮਰਪਿਤ ਹੋਵੇ।

Sri Satguru Jagjit Singh Ji eLibrary NamdhariElibrary@gmail.com

ਗਿਆਨੀ ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਗੁਰਬਾਣੀ, ਸਿੱਖ ਰਹਿਤ ਮਰਯਾਦਾ ਤੇ ਸਿੱਖ ਇਤਿਹਾਸ ਨੂੰ ਸਮਰਪਿਤ, ਪ੍ਰੌਢ ਵਿਆਖਿਆਕਾਰ ਹਨ। ਬਹੁਤ ਲੰਮੇ ਸਮੇਂ ਤੋਂ ਉਹ ਦੇਸ਼-ਵਿਦੇਸ਼ ਵਿਚ ਵਿਚਰਦੇ ਹੋਏ 'ਗੁਰੂ-ਗ੍ਰੰਥ—ਗੁਰੂ-ਪੰਥ' ਦੀ ਰੌਸ਼ਨੀ 'ਚ ਸਿੱਖ ਕੌਮ ਦੀ ਬਹੁ-ਪਰਉਪਕਾਰੀ ਪ੍ਰਚਾਰ ਸੇਵਾ ਕਰ ਰਹੇ ਹਨ। 'ਸਿੱਖ ਰਹਿਤ ਮਰਯਾਦਾ' ਦੇ ਉਹ ਕੇਵਲ ਪ੍ਰਚਾਰਕ ਹੀ ਨਹੀਂ, ਸਗੋਂ ਰੋਮ ਰੋਮ ਤੋਂ ਇਸ ਪ੍ਰਤੀ ਸਮਰਪਿਤ ਵੀ ਹਨ। ਗੁਰੂ ਪਾਤਿਸ਼ਾਹ ਨੇ ਕਿਰਪਾ ਕਰ ਕੇ *ਸਿੱਖ ਰਹਿਤ ਮਰਯਾਦਾ* ਦੀ ਵਿਆਖਿਆ ਦਾ ਬਿਖਮ ਕਾਰਜ ਉਨ੍ਹਾਂ ਪਾਸੋਂ ਕਰਵਾਇਆ। *ਦਰਪਣ ਸਿੱਖ ਰਹਿਤ ਮਰਯਾਦਾ* ਇਕ ਅਜਿਹਾ ਯਤਨ ਹੈ, ਜਿਸ ਰਾਹੀਂ ਗੁਰਸਿੱਖ ਇਸ ਨਿਰਮਲ ਆਰਸੀ ਰਾਹੀ ਆਪਣਾ-ਆਪਾ ਦੇਖ ਸਕੇਗਾ ਕਿ ਉਹ 'ਸਿੱਖ ਰਹਿਤ ਮਰਯਾਦਾ' ਨੂੰ ਅਪਣਾਉਂਦਾ ਹੋਇਆ 'ਗੁਰੂ-ਪੰਥ' ਪ੍ਰਤੀ ਕਿਤਨਾ ਸੰਜੀਦਾ ਤੇ ਸਮਰਪਿਤ ਹੈ ?

ਇਹ ਕਾਰਜ ਹੋਣ ਨਾਲ ਆਮ ਸਿੱਖ ਨੂੰ 'ਗੁਰੂ-ਪੰਥ' ਦੇ ਸਿਧਾਂਤ-ਇਤਿਹਾਸ ਤੇ ਕਾਰਜ ਖੇਤਰ ਦੀ ਜਾਣਕਾਰੀ ਪ੍ਰਾਪਤ ਹੋਵੇਗੀ। ਪੰਥ ਪ੍ਰਵਾਣਿਤ *ਸਿੱਖ ਰਹਿਤ ਮਰਯਾਦਾ* ਦੀ ਜਾਣਕਾਰੀ ਹੋਣ ਨਾਲ ਗੁਰਸਿੱਖ ਵਿਅਕਤੀ ਵਿਸ਼ੇਸ਼ ਦੀ ਗ਼ੁਲਾਮੀ ਤੋਂ ਸੁਤੰਤਰਤਾ ਪ੍ਰਾਪਤ ਕਰ, ਪੰਥਕ ਪਰਿਵਾਰ ਦੇ ਮੈਂਬਰ ਬਣ ਮਾਣ-ਸਤਿਕਾਰ ਮਹਿਸੂਸ ਕਰਨਗੇ।

*ਸਿੱਖ ਰਹਿਤ ਮਰਯਾਦਾ* 'ਤੇ ਪਹਿਲਾਂ ਕੁਝ ਇਕ ਕੰਮ ਹੋਏ ਹਨ, ਪਰ ਇਹ ਕਾਰਜ ਨਿਵੇਕਲਾ ਹੈ। ਮੈਨੂੰ ਪੂਰਨ ਭਰੋਸਾ ਹੈ ਕਿ 'ਗੁਰੂ ਪੰਥ' ਨੂੰ ਸਮਰਪਿਤ ਗੁਰਸਿੱਖਾਂ ਵਾਸਤੇ ਇਹ ਕਾਰਜ ਬਹੁਤ ਲਾਹੇਵੰਦ, ਸਾਰਥਕ ਤੇ ਲਾਭਕਾਰੀ ਹੋਵੇਗਾ।

**ਰੂਪ ਸਿੰਘ**

21 ਫ਼ਰਵਰੀ, 2005 ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

# ਸਾਡੀ ਰੀਝ

ਸ੍ਰੀ ਅਕਾਲ ਪੁਰਖ ਦਾ ਧਿਆਨ ਧਰ ਕੇ ਮੈਂ ਗੁਰੂ ਪਾਤਸ਼ਾਹ ਜੀ ਅਤੇ ਖ਼ਾਲਸਾ ਪੰਥ ਦਾ ਕੋਟਨਿ ਕੋਟਿ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਅਪਾਰ ਕ੍ਰਿਪਾ ਸਦਕਾ 'ਸਿੱਖ ਰਹਿਤ ਮਰਯਾਦਾ' ਦੀ ਵਿਆਖਿਆ ਦਾ ਕਾਰਜ ਸੰਪੂਰਨ ਹੋਇਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਕਾਰਨਾਂ ਕਰਕੇ ਅੱਜ ਪੰਥਕ ਅਖਵਾਉਣ ਵਾਲੇ ਬਹੁਤੇ ਸੱਜਣ 'ਸਿੱਖ ਰਹਿਤ ਮਰਯਾਦਾ' ਦੇ ਅਰਥਾਂ ਤੋਂ ਵੀ ਓਪਰੇ ਹੋ ਗਏ ਜਾਪਦੇ ਹਨ, ਪਰ ਇਹ ਅਰਥ ਜਾਣੇ ਬਗ਼ੈਰ ਗੁਰੂ ਕਿਆਂ ਦਾ ਗੁਜ਼ਾਰਾ ਨਹੀਂ ਹੋ ਸਕਦਾ। ਅਜੋਕੀ ਨਜ਼ਰ ਆਉਂਦੀ ਅਵਸਥਾ ਆਪਸ ਵਿਚ ਖਖੜੀਆਂ ਕਰੇਲੇ ਹੋਇਆਂ ਅਤੇ ਆਪਣੇ ਆਪਣੇ ਪੰਥ ਬਣਾ ਕੇ ਚੱਲਿਆਂ ਨਾ ਤਾਂ ਸਾਡੇ ਸੁਪਨੇ ਸਾਕਾਰ ਹੋ ਸਕਦੇ ਹਨ ਅਤੇ ਨਾ ਹੀ ਗੁਰੂ ਸਾਹਿਬਾਨ ਦੇ, ਜਿਨ੍ਹਾਂ ਨੇ ਸਰਬੱਤ ਦੇ ਭਲੇ ਲਈ ਸ੍ਰੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸਿਧਾਂਤ ਦੀ ਕਾਇਮੀ ਖ਼ਾਤਰ ਸਭ ਕੁਝ ਕੁਰਬਾਨ ਕਰ ਦਿੱਤਾ। ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਥ ਬਨਣ ਵਾਸਤੇ ਸਰਬੱਤ ਖ਼ਾਲਸਾ ਜੀ ਨੂੰ ਕੇਵਲ 'ਇਕ' ਮਰਯਾਦਾ (ਨਿਯਮਾਵਲੀ) ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੈ। ਇਸ ਜ਼ਰੂਰਤ ਨੂੰ ਮਹਿਸੂਸ ਕਰਦਿਆਂ 'ਏਕਤਾ ਯਤਨਾਂ' ਦੇ ਇਕ ਹਿੱਸੇ ਵਜੋਂ ਖ਼ਾਲਸਾ ਪੰਥ ਦੀ ਪ੍ਰਵਾਣਿਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਅਕਤੂਬਰ 1936 ਨੂੰ ਐਲਾਨੀ 'ਸਿੱਖ ਰਹਿਤ ਮਰਯਾਦਾ' ਦੀ ਇਤਿਹਾਸਕ ਅਤੇ ਸਿਧਾਂਤਕ ਵਿਆਖਿਆ ਕਰਨ ਦਾ ਉਪਰਾਲਾ ਕੀਤਾ ਹੈ ਤਾਂ ਜੁ ਪੰਥਕ ਅਖਵਾਉਣ ਵਾਲੇ (ਦਲਾਂ, ਜਥਿਆਂ ਅਤੇ ਸੰਪ੍ਰਦਾਵਾਂ ਦੀਆਂ ਵਲਗਣਾਂ ਵਿਚ ਖੜੋਤੇ ਹੋਏ) ਸੱਜਣਾਂ ਦੇ ਇਸ ਪੰਥਕ 'ਦਰਪਣ' ਵਿਚ ਝਾਤ ਪਾਉਣ ਉਪਰੰਤ ਸੰਵਾਰੇ ਹੋਏ ਚਿਹਰੇ ਪੰਥਕ-ਜਲਾਲ ਨਾਲ ਜਗਮਗਾ ਉਠਣ ਅਤੇ ਫਿਰ ਅਨਮਤੀ, ਪੰਥ-ਦੋਖੀਆਂ ਵੱਲੋਂ ਗੁਰੂ ਕੇ ਸਾਜੇ-ਨਿਵਾਜੇ ਪੰਥ ਉਪਰ ਗੁਪਤ ਅਤੇ ਪ੍ਰਗਟ ਰੂਪ ਵਿਚ ਕੀਤੇ ਜਾ ਰਹੇ ਹਮਲਿਆਂ ਦਾ ਅਸੀਂ ਮੂੰਹ-ਤੋੜ ਉੱਤਰ ਦੇ ਸਕੀਏ।

ਗੁਰੂ ਪੰਥ ਦੀ ਰਹਿਤ ਮਰਯਾਦਾ ਦੀ ਇਸ ਪ੍ਰਕਾਰ ਵਿਆਖਿਆ ਕਰਨੀ, ਸ਼ਾਇਦ ਪਹਿਲਾ ਯਤਨ ਹੈ, ਜਿਸ ਕਰਕੇ ਇਸ ਵਿਚ ਅਨੇਕਾਂ ਤਰੁੱਟੀਆਂ ਰਹਿ ਗਈਆਂ ਹੋਣਗੀਆਂ, ਜਿਨ੍ਹਾਂ ਬਾਬਤ ਆਈਆਂ ਤਜਵੀਜ਼ਾਂ ਨੂੰ ਸਤਿਕਾਰ ਸਹਿਤ ਵੀਚਾਰ ਕੇ ਧੰਨਵਾਦ ਸਹਿਤ ਅਗਲੀ ਐਡੀਸ਼ਨ ਵਿਚ ਸੋਧ ਕਰ ਦਿੱਤੀ ਜਾਵੇਗੀ।

ਇਥੇ ਇਹ ਸਪੱਸ਼ਟ ਕਰ ਦੇਣਾ ਅਸੀਂ ਜ਼ਰੂਰੀ ਸਮਝਦੇ ਹਾਂ ਕਿ ਇਹ ਯਤਨ ਸਮੂਹ ਪੰਥਕ ਧਿਰਾਂ ਨੂੰ ਨੇੜੇ ਲਿਆਉਣ ਲਈ ਕੀਤਾ ਗਿਆ ਹੈ, ਨਾ ਹੀ ਸਾਡੇ ਲਈ ਕੋਈ ਓਪਰਾ ਹੈ ਅਤੇ ਨਾ ਹੀ ਕਿਸੇ ਨੂੰ ਮਾੜਾ ਠਹਿਰਾਉਣ ਦਾ ਸਾਡਾ ਕੋਈ ਇਰਾਦਾ ਹੈ, ਸਾਰੇ ਹੀ ਗੁਰੂ ਪੰਥ ਦਾ ਅੰਗ ਹਨ ਅਤੇ ਅਸੀਂ ਗੁਰੂ ਪੰਥ ਦੇ ਦਾਸ।

**ਗੁਰਬਖ਼ਸ਼ ਸਿੰਘ ਗੁਲਸ਼ਨ**
ਯੂ.ਕੇ.

Sri Satguru Jagjit Singh Ji eLibrary NamdhariElibrary@gmail.com

# ਸਫਲ ਘਾਲਣਾ

ਧਰਮ ਜੀਵਨ ਜਿਊਣ ਦੀ ਕਲਾ ਹੈ, ਜੁਗਤੀ ਹੈ। ਜੀਵਨ ਜੁਗਤ ਤੋਂ ਬਿਨਾਂ ਮਨੁੱਖ ਜੀਵਨ ਦੇ ਜਿੰਨੇ ਕੁ ਦਿਨ ਜਿਊਂਦਾ ਹੈ, ਉਨ੍ਹਾਂ ਵਿਚ ਸੁਖ ਦੀ ਕਲਪਨਾ ਹੁੰਦੀ ਹੈ, ਪਰ ਸੁਖ ਨਹੀਂ ਹੁੰਦਾ। ਕਰਮ ਕਰਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਫਿਰ ਗ਼ਲਤ ਹੋ ਗਿਆ ਹੈ, ਉਸ ਕਰਮ ਤੋਂ ਪਛਤਾਵਾ ਹੁੰਦਾ ਹੈ। ਕੀ ਐਸਾ ਜੀਵਨ, ਮਨੁੱਖਾ ਜੀਵਨ ਅਖਵਾਉਣ ਦਾ ਹੱਕਦਾਰ ਹੈ, ਜਿਸ ਵਿਚ ਕੇਵਲ ਦੁਖ ਹੀ ਹੋਵੇ, ਪਛਤਾਵਾ ਹੀ ਹੋਵੇ।

ਕਰਮ ਠੀਕ ਹੋਵੇ, ਇਸ ਲਈ ਚੇਤੰਨਤਾ ਚਾਹੀਦੀ ਹੈ ਅਤੇ ਜੁਗਤ ਚਾਹੀਦੀ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੀ ਰਾਹੀਂ ਸਿੱਖ ਜਗਤ ਨੂੰ ਚੇਤੰਨਤਾ ਦਿੱਤੀ ਹੈ, ਟੋਹਣੀ ਨਹੀਂ, ਸਗੋਂ ਨੇਤਰ ਹੀ ਦੇ ਦਿੱਤੇ ਹਨ। ਨੇਤਰਾਂ ਵਾਲਾ ਪਹਾੜਾਂ ਵਿੱਚੋਂ, ਜੰਗਲਾਂ ਵਿੱਚੋਂ ਤੇ ਸਮੁੰਦਰਾਂ ਵਿੱਚੋਂ ਵੀ ਰਸਤਾ ਬਣਾ ਲੈਂਦਾ ਹੈ।

ਨੌਂ ਗੁਰੂ ਵਿਅਕਤੀਆਂ ਨੇ, ਗੁਰੂ ਨਾਨਕ ਦੇਵ ਜੀ ਨੇ ਜੋ ਕਾਰਜ ਆਰੰਭਿਆ ਸੀ, ਉਸੇ ਨੂੰ ਹੀ ਪੂਰਾ ਕੀਤਾ ਹੈ। ਉਹ ਕਾਰਜ ਸੀ ਕਿ ਮਨੁੱਖ ਦਾ ਜੀਵਨ ਗੁਰਮਤਿ ਰਹਿਤ ਵਿਚ ਆ ਜਾਵੇ। ਗੁਰੂ ਦੀ ਘਾਲ ਦਾ ਫਲ ਰਹਿਤ ਮਰਯਾਦਾ ਹੈ, ਜੋ ਉਨ੍ਹਾਂ ਨੇ ਰੱਬੀ ਤੋਹਫ਼ਾ ਸਮਝ ਕੇ ਸਿੱਖ ਦੀ ਝੋਲੀ ਵਿਚ ਪਾਇਆ ਹੈ। ਸਮੇਂ ਸਮੇਂ ਅਨੁਸਾਰ ਰਹਿਤ ਮਰਯਾਦਾ ਵਿਚ ਪਰਪੱਕ ਹੋਣ ਲਈ ਗੁਰਸਿੱਖਾਂ ਵੱਲੋਂ ਹੀਲੇ-ਵਸੀਲੇ ਵਰਤੇ ਗਏ। ਧੰਨਵਾਦ ਹੈ, ਉਨ੍ਹਾਂ ਵੀਰਾਂ ਦਾ ਜਿਨ੍ਹਾਂ 'ਸਿੱਖ ਰਹਿਤ ਮਰਯਾਦਾ' ਦ੍ਰਿੜ੍ਹ ਕਰਵਾਉਣ ਵਾਸਤੇ ਸਿੱਖਾਂ ਨੂੰ ਵਾਰ ਵਾਰ ਸੁਚੇਤ ਕੀਤਾ।

ਅੱਜ ਫਿਰ ਸਤਿਗੁਰੂ ਪਾਤਸ਼ਾਹ ਦੇ ਸਾਜੇ-ਸੰਵਾਰੇ ਗਿ: ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਯੂ.ਕੇ., ਜਿਨ੍ਹਾਂ ਨੂੰ ਗੁਰਮਤਿ ਗਿਆਨ ਤੇ ਰਹਿਤ ਮਰਯਾਦਾ ਦਾ ਪਿਆਰ ਮਾਤਾ-ਪਿਤਾ ਵੱਲੋਂ ਵਿਰਸੇ ਵਿਚ ਮਿਲਿਆ ਹੈ। ਇਨ੍ਹਾਂ ਨੇ ਗੁਰਮਤਿ ਨੂੰ ਸਮਝਿਆ ਹੈ, ਤਨਦੇਹੀ ਨਾਲ ਮਨ ਆਤਮਾ ਕਰਕੇ ਰੋਮ ਰੋਮ ਵਿਚ ਗੁਰਮਤਿ ਨੂੰ ਵਸਾਇਆ ਹੈ ਤੇ ਬੜੀ ਦ੍ਰਿੜ੍ਹਤਾ ਨਾਲ ਸੰਸਾਰੀ ਹਾਣ ਲਾਭ ਤੋਂ ਉਪਰ ਉਠ, ਗੁਰਮਤਿ ਰਹਿਤ ਮਰਯਾਦਾ ਨੂੰ ਪ੍ਰਚਾਰਿਆ ਹੈ। ਜਿਥੇ ਕਥਾ ਰਾਹੀਂ ਸੰਗਤਾਂ ਨੂੰ ਗੁਰਮਤਿ ਦ੍ਰਿੜ੍ਹ ਕਰਵਾਉਂਦੇ ਹਨ, ਉਥੇ ਸਤਿਗੁਰੂ ਨੇ ਬਰਕਤ ਭਰੀ ਕਲਮ ਵੀ ਬਖ਼ਸ਼ੀ ਅਤੇ ਉਹ ਰਹਿਤ ਮਰਯਾਦਾ, ਜੋ ਅਕਾਲ ਤਖ਼ਤ ਵੱਲੋਂ ਪ੍ਰਵਾਣਿਤ ਹੈ, ਉਸ ਦੀ ਵਿਆਖਿਆ ਲਿਖਣ ਲਈ ਕਲਮ ਚੁੱਕੀ। ਮੈਂ ਇਨ੍ਹਾਂ ਦੀ ਲਿਖਤ ਪੜ੍ਹੀ ਹੈ, ਵਿਦਵਾਨ ਲੇਖਕ ਨੇ ਸਮੇਂ ਦੀ ਲੋੜ ਨੂੰ ਪਛਾਣਿਆ ਤੇ ਸ਼ਬਦ-ਗੁਰੂ ਨੂੰ ਪ੍ਰਚਾਰਨ ਲਈ ਰਹਿਤ ਮਰਯਾਦਾ ਦੀ ਵਿਆਖਿਆ

ਨੂੰ ਮੁੱਢਲੀ ਲੋੜ ਸਮਝਿਆ। ਜੋ ਇਸ ਰਹਿਤ ਨੂੰ ਜੀਵੇਗਾ, ਉਹੀ ਗੁਰ-ਸ਼ਬਦ ਨਾਲ ਜੁੜੇਗਾ, ਨਹੀਂ ਤਾਂ ਸਿੱਖ ਵਿਅਕਤੀਆਂ ਦੀ ਝੋਲ ਜਾ ਪਵੇਗਾ। ਇਹ ਕੰਮ ਅਤੀ ਕਠਿਨ ਤੇ ਖ਼ਤਰਿਆਂ ਨਾਲ ਭਰਿਆ ਹੈ, ਪਰ ਵਿਦਵਾਨ ਲੇਖਕ ਨੇ ਸਤਿਗੁਰੂ ਦੇ ਭਰੋਸੇ ਖ਼ੁਸ਼ੀ ਨਾਲ ਉਹ ਖ਼ਤਰੇ ਮੁੱਲ ਲਏ ਹਨ।

ਕੋਈ ਹਵਾਲਾ ਦੇਣ ਲਗਿਆਂ ਉਸ ਮੂਲ ਗ੍ਰੰਥ ਨੂੰ ਬਿਨਾਂ ਵੇਖਿਆਂ ਸੁਣੀ ਸੁਣਾਈ ਗੱਲ ਨਹੀਂ ਕੀਤੀ। ਇਸ ਕੰਮ ਲਈ ਕਿੰਨਾ ਵਿਸ਼ਾਲ ਅਧਿਐਨ ਕੀਤਾ ਹੈ, ਵਿਦਵਾਨ ਹੀ ਇਸ ਗੱਲ ਨੂੰ ਸਮਝ ਸਕਦਾ ਹੈ। ਹੁਣ ਲੋੜ ਹੈ ਸਮੁੱਚਾ ਪੰਥ ਇਸ ਵਿਦਵਾਨ ਦੇ ਕੀਤੇ ਕੰਮ ਦੀ ਕਦਰ ਕਰੇ, ਹੌਸਲਾ ਅਫ਼ਜ਼ਾਈ ਕਰੇ ਤੇ ਗੁਲਸ਼ਨ ਜੀ ਦੀ ਸਭ ਤੋਂ ਵੱਡੀ ਹੌਸਲਾ ਅਫ਼ਜ਼ਾਈ ਇਹੀ ਹੋਵੇਗੀ ਕਿ ਹਰ ਸਿੱਖ ਇਸ ਰਹਿਤ ਮਰਯਾਦਾ ਅਨੁਸਾਰ ਜੀਵੇ। ਮੇਰੇ ਵੱਲੋਂ ਹਾਰਦਿਕ ਕਾਮਨਾ ਹੈ ਕਿ 'ਖ਼ੁਦਾ ਕਰੇ ਜ਼ੋਰੇ ਕਲਮ ਔਰ ਜ਼ਿਆਦਾ'।

*ਸ਼ੁਭ ਚਿੰਤਕ,*
**ਗਿ: ਜਸਵੰਤ ਸਿੰਘ 'ਪ੍ਰਵਾਨਾ'**
ਸਾਬਕਾ ਗ੍ਰੰਥੀ,
ਸ੍ਰੀ ਦਰਬਾਰ ਸਾਹਿਬ,
ਸ੍ਰੀ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

# ਸਿੱਖ ਰਹਿਤ ਮਰਯਾਦਾ ਦਾ ਇਤਿਹਾਸ

## ਰਹਿਤ ਮਰਯਾਦਾ

ਸਿੱਖ ਧਰਮ ਵਿਚ ਆਦਰਸ਼ਕ ਜੀਵਨ ਜਿਊਣ ਵਾਸਤੇ ਜੋ ਨਿਯਮ ਨਿਯਤ ਕੀਤੇ ਗਏ, ਸਿੱਖ ਬੋਲੀ ਵਿਚ ਉਸ ਧਾਰਮਿਕ ਨਿਯਮਾਵਲੀ ਨੂੰ 'ਰਹਿਤ' ਦਾ ਨਾਮ ਦਿੱਤਾ ਗਿਆ ਹੈ। ਉਹ ਜੀਵਨ-ਮਰਯਾਦਾ, ਚਾਲ-ਢਾਲ ਜਾਂ ਚੱਜ-ਆਚਾਰ 'ਰਹਿਤ' ਹੈ, ਜਿਸ ਅਨੁਸਾਰ ਸੰਸਾਰ ਵਿਚ ਵਿਚਰਦਾ ਸਿੱਖ ਨਿੱਜੀ ਅਤੇ ਪੰਥਕ ਜੀਵਨ ਜਿਊਂਦਾ ਹੋਇਆ ਨਿਰੰਕਾਰ ਨਾਲ ਅਭੇਦ ਹੋ ਸਕਦਾ ਹੈ।

ਗੁਰੂ-ਪੰਥ ਨੇ 'ਸਿੱਖ ਰਹਿਤ ਮਰਯਾਦਾ' ਅਥਵਾ ਸਿੱਖ ਵਿਧਾਨ (The Code of Sikh Conduct and Conventions) ਵਿਚ ਗੁਰਬਾਣੀ, ਇਤਿਹਾਸ ਅਤੇ ਪ੍ਰੰਪਰਾਵਾਂ ਅਨੁਸਾਰ ਸਾਦੇ ਢੰਗ ਨਾਲ ਉਨ੍ਹਾਂ ਉੱਚੇ-ਸੁੱਚੇ ਨਿਯਮਾਂ ਦਾ ਸੰਗ੍ਰਹਿ ਕੀਤਾ ਹੈ, ਜਿਸ ਅਨੁਸਾਰ ਅਜੋਕੇ ਸਮੇਂ ਵਿਚ 'ਨਾਨਕ ਨਿਰਮਲ ਪੰਥ' ਦਾ ਨਰੋਆ ਅੰਗ ਬਣ ਕੇ ਗੁਰੂ ਪੰਥ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਸਦਕਾ ਸਮੁੱਚੇ ਪੰਥ ਦੇ ਨੁਮਾਇੰਦੇ ਲੰਮਾ ਸਮਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜੁੜ ਕੇ ਇਸ ਵਿਧਾਨ ਦੇ ਖਰੜੇ ਅਤੇ ਸੁਝਾਵਾਂ 'ਤੇ ਵੀਚਾਰਾਂ ਕਰਦੇ ਰਹੇ। ਅੰਤ, ਲੰਬੀ ਘਾਲਣਾ ਤੋਂ ਬਾਅਦ 12 ਅਕਤੂਬਰ, 1936 ਈਸਵੀ ਨੂੰ ਇਸ ਦੀ ਪ੍ਰਵਾਨਗੀ ਹੋਈ, ਜਿਸ ਉਪਰੰਤ ਇਹ ਪਵਿੱਤਰ ਅਤੇ ਇਤਿਹਾਸਕ ਦਸਤਾਵੇਜ਼ ਸਿੱਖ ਧਰਮ ਵਿਚ ਪੰਥ ਪ੍ਰਵਾਣਿਤ 'ਸਿੱਖ ਰਹਿਤ ਮਰਯਾਦਾ' ਦੇ ਨਾਮ ਨਾਲ ਪ੍ਰਚਲਿਤ ਹੋਈ, ਜੋ ਅੱਜ ਅਸਾਡੇ ਕੌਮੀ ਜੀਵਨ ਦੀ ਰੀੜ੍ਹ ਦੀ ਹੱਡੀ ਹੈ।

## ਇਸ ਦਾ ਮਹੱਤਵ

ਸਫ਼ਰ ਤਹਿ ਕਰਨ ਵਾਸਤੇ ਸਾਫ਼-ਸੁਥਰੀ, ਖੁੱਲ੍ਹੀ-ਡੁੱਲ੍ਹੀ ਤੇ ਮਜ਼ਬੂਤ ਸੜਕ ਦਾ ਹੋਣਾ ਜਿਤਨਾ ਜ਼ਰੂਰੀ ਹੈ, ਉਤਨਾ ਹੀ ਜ਼ਰੂਰੀ ਹੈ, ਉਸ ਸੜਕ 'ਤੇ ਚੱਲਣ ਦੇ ਨਿਯਮਾਂ ਦਾ ਹੋਣਾ। ਇਹ ਨਿਯਮ ਹੀ ਹਨ, ਜੋ ਮੁਸਾਫ਼ਰ ਨੂੰ ਆਪਣੀ ਮੰਜ਼ਲ 'ਤੇ ਜਲਦੀ ਅਤੇ ਸਹੀ ਸਲਾਮਤ ਪਹੁੰਚਣ ਵਿਚ ਸਹਾਈ ਹੁੰਦੇ ਹਨ। ਖੱਬੇ ਜਾਂ ਸੱਜੇ ਚੱਲਣ, ਪੈਦਲ ਜਾਂ ਸਵਾਰੀ ਲੈ ਕੇ ਚੱਲਣ, ਰੁਕਣ ਅਤੇ ਰਸਤਾ ਦੇਣ ਅਥਵਾ ਕਿਸੇ ਸੜਕ ਦੇ ਬੰਦ ਹੋਣ ਕਰਕੇ ਉਧਰ ਜਾਣ ਦੀ ਮਨਾਹੀ ਜਾਂ ਦੂਜੇ ਪਾਸੇ ਜਾਣ ਦੀ ਆਗਿਆ ਆਦਿ, ਅਨੇਕਾਂ ਨਿਯਮ ਹਨ, ਜਿਨ੍ਹਾਂ ਦੀ ਪਾਲਨਾ ਕਰਨੀ ਜ਼ਰੂਰੀ ਹੁੰਦੀ ਹੈ। ਨਹੀਂ ਤਾਂ ਸੜਕ


Sri Satguru Jagjit Singh Ji eLibrary NamdhariElibrary@gmail.com

ਦੇ ਹੁੰਦਿਆਂ-ਸੁੰਦਿਆਂ ਵੀ ਮੰਜ਼ਲ 'ਤੇ ਪਹੁੰਚ ਸਕਣਾ ਸੰਭਵ ਨਹੀਂ ਹੁੰਦਾ। ਇਸੇ ਤਰ੍ਹਾਂ 'ਗੁਰਮਤਿ ਗਾਡੀ ਰਾਹ' 'ਤੇ ਚੱਲਣ ਲਈ ਗੁਰੂ ਨਾਨਕ-ਨਾਮ-ਲੇਵਾ ਗੁਰਸਿੱਖਾਂ ਲਈ ਵੀ ਨਿਯਮਾਂ ਦੀ ਜ਼ਰੂਰਤ ਸੀ, ਜਿਨ੍ਹਾਂ ਅਨੁਸਾਰ ਚੱਲ ਕੇ ਉਹ ਸਹਿਜੇ ਹੀ ਸੰਸਾਰ ਤੋਂ ਨਿਰੰਕਾਰ ਤਕ ਦਾ ਸਫ਼ਰ ਤਹਿ ਕਰ ਸਕਦੇ ਸਨ। ਗੁਰੂ ਸਾਹਿਬਾਨ ਨੇ ਗੁਰਬਾਣੀ ਅਤੇ ਹੁਕਮਨਾਮਿਆਂ ਰਾਹੀਂ ਇਨ੍ਹਾਂ ਬਾਰੇ ਜੋ ਸੇਧ ਦਿੱਤੀ, ਉਸ ਦੀ ਵਿਆਖਿਆ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਸਹਿਤ ਅਨੇਕ ਸਮਕਾਲੀ ਗੁਰੂ ਪਿਆਰਿਆਂ ਅਤੇ ਹੋਰ ਇਤਿਹਾਸਕਾਰਾਂ ਨੇ ਕੀਤੀ। ਇਸ ਨਿਰਮਲ ਪੰਥ ਦੀ ਨਿਰਮਲ ਤੇ ਨਿਰਾਲੀ ਮਰਯਾਦਾ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਆਪ ਬੱਧੀ, ਜਿਸ ਦੇ ਆਧਾਰ 'ਤੇ ਦਸ ਜਾਮਿਆਂ ਰਾਹੀਂ ਉਨ੍ਹਾਂ ਨੇ ਸਿੱਖ ਕੌਮ ਦੀ ਉਸਾਰੀ ਕੀਤੀ। ਇਸੇ ਲਈ ਇਸ ਦੇ ਨਿਸ਼ਾਨੇ ਆਪਣੇ ਅਤੇ ਉਨ੍ਹਾਂ ਦੀ ਪ੍ਰਾਪਤੀ ਦਾ ਢੰਗ ਵੀ ਆਪਣਾ ਹੀ ਹੈ।

## ਇਸ ਵਿਚ ਰੋਲ ਘਚੋਲਾ

ਸਿੱਖ ਧਰਮ ਹਿੰਦੁਸਤਾਨ ਦੀ ਧਰਤੀ 'ਤੇ ਪੈਦਾ ਹੋਇਆ, ਜੋ ਇਥੋਂ ਦੇ ਸਭਿਆਚਾਰ, ਬੋਲੀ, ਰਿਵਾਜਾਂ ਅਤੇ ਚੌਗਿਰਦੇ ਆਦਿ ਦੀ ਗੱਲ ਕਰਦਾ ਹੈ, ਜਿਹੜਾ ਇਥੇ ਨਵੇਂ ਸਥਾਪਤ ਹੋ ਰਹੇ ਰਾਜ ਧਰਮ ਭਾਵ ਇਸਲਾਮ ਅਤੇ ਸਦੀਆਂ ਤੋਂ ਕਰਮ ਕਾਂਡ ਦੇ ਧਾਰਨੀ ਬਿਪਰਵਾਦੀਆਂ ਨੂੰ ਪ੍ਰਵਾਨ ਨਹੀਂ ਸੀ। ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤਕ ਤਾਂ ਭਾਵੇਂ ਇਨ੍ਹਾਂ ਦਾ ਕੋਈ ਵੀ ਯਤਨ ਸਫਲ ਨਾ ਹੋਇਆ, ਪਰ 1708 ਈਸਵੀ ਉਪਰੰਤ ਬਿਪਰਵਾਦੀ ਲੋਕ 'ਸਿੱਖ ਰਹਿਤ' ਵਿਚ ਘੁਸਪੈਠ ਕਰਨ ਵਿਚ ਕਿਸੇ ਨਾ ਕਿਸੇ ਤਰ੍ਹਾਂ ਕਾਮਯਾਬ ਹੋ ਹੀ ਗਏ। ਇਹ ਸੱਚ ਹੈ ਕਿ ਸਮੇਂ ਦੀਆਂ ਹਕੂਮਤੀ ਟੱਕਰਾਂ ਤੇ ਜ਼ੁਲਮ ਭਾਵੇਂ ਇਸ ਦੂਲੇ ਪੰਥ ਨੂੰ ਮੁਕਾ ਨਾ ਸਕੇ ਅਤੇ ਇਮਤਿਹਾਨਾਂ ਦੀ ਕੁਠਾਲੀ ਵਿੱਚੋਂ ਇਹ ਕੁੰਦਨ ਬਣ ਕੇ ਨਿਕਲਿਆ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਆਪਣੀ ਹੋਣੀ ਦਾ ਮਾਲਕ ਖ਼ਾਲਸਾ ਪੰਥ ਬਿਪਰਵਾਦ ਦੀ ਢਾਅ ਤੋਂ ਪੂਰਾ ਬਚ ਨਾ ਸਕਿਆ। ਕਾਰਨ ਕਿੰਨੇ ਵੀ ਹੋਣ ਪਰ ਇਹ ਸਪੱਸ਼ਟ ਹੈ ਕਿ 1715 ਈਸਵੀ ਤੋਂ 1920 ਈਸਵੀ ਤਕ ਲਗਭਗ 200 ਸਾਲ ਦੇ ਸਮੇਂ ਵਿਚ ਨਿਰਮਲ ਪੰਥ ਦੀ ਨਿਰਾਲੀ ਭਾਹ ਘਟ ਚੁੱਕੀ ਸੀ ਅਤੇ ਇਸ ਦੀ ਚਾਲ ਆਮ ਤੌਰ 'ਤੇ ਖ਼ਾਲਸਾਈ ਨਾ ਰਹਿ ਗਈ, ਭਾਵੇਂ ਇਸ ਅਰਸੇ ਦੌਰਾਨ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਵਿਸ਼ੇਸ਼ ਕਰਕੇ ਸਿੰਘ ਸਭਾ ਲਹਿਰ ਅਤੇ ਖ਼ਾਲਸਾ ਦੀਵਾਨਾਂ ਰਾਹੀਂ ਬਹੁਤ ਸੁਧਾਰਕ ਯਤਨ ਵੀ ਹੋਏ। ਨਤੀਜੇ ਵਜੋਂ ਇਹ ਆਪਣੀ ਮੰਜ਼ਲ ਤੋਂ ਭਟਕ ਗਿਆ। ਇਸ ਦੇ ਨਿੱਜੀ ਜੀਵਨ ਅਤੇ ਗੁਰਦੁਆਰਿਆਂ ਵਿਚ ਬਿਪਰਵਾਦ ਦਾ ਬੋਲਬਾਲਾ ਹੁੰਦਾ ਗਿਆ। ਇਨ੍ਹਾਂ ਧਰਮ ਅਸਥਾਨਾਂ ਦੇ ਕਰਤਾ-ਧਰਤਾ ਉਹ ਲੋਕ ਹੋ ਗਏ, ਜੋ ਖ਼ਾਲਸਾ ਪੰਥ ਦਾ ਅੰਗ ਹੀ ਨਹੀਂ ਸਨ ਬਣੇ ਹੋਏ। ਨਾ ਸਿੰਘ ਨਾਮ ਦੇ ਧਾਰਨੀ ਅਤੇ ਨਾ ਹੀ ਕੋਈ ਰਹਿਤ-ਬਹਿਤ। ਸਗੋਂ ਉਨ੍ਹਾਂ ਨੂੰ ਹਿੰਦੂ ਜਿਹੇ ਬਣ ਕੇ ਅਤੇ ਅਖਵਾ ਕੇ ਜ਼ਿਆਦਾ ਧਰਵਾਸ ਮਿਲਦਾ ਸੀ ਅਤੇ ਸਮੇਂ ਦੀਆਂ ਸਰਕਾਰਾਂ ਅਥਵਾ ਬਹੁ-ਗਿਣਤੀ ਦੀ ਖ਼ੁਸ਼ੀ


Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਹੁੰਦੀ ਸੀ। ਫਿਰ ਕੀ ਹੋਣਾ ਸੀ ? ਜਦੋਂ ਗੁਰੂ ਨਾਨਕ ਸਾਹਿਬ ਦੇ ਵੀਚਾਰਧਾਰਕ ਚਸ਼ਮੇ ਦੇ ਨਿਰਮਲ ਜਲ ਦੇ ਰਾਖੇ ਹੀ ਓਪਰੇ ਬਣ ਗਏ ਤਾਂ ਇਸ ਜਲ ਦੇ ਆਸਰੇ ਜਿਊਣ ਵਾਲੇ ਗੁਰਸਿੱਖ ਭਲਾ ਇਸ ਪ੍ਰਭਾਵ ਤੋਂ ਕਿਵੇਂ ਤੇ ਕਦ ਤਕ ਬਚੇ ਰਹਿ ਸਕਦੇ ਸਨ ? "ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥" (ਗੁ: ਗ੍ਰੰ: ਸਾ:, ਪੰਨਾ 730) ਫ਼ੁਰਮਾਨ ਨੂੰ ਧਿਆਨ ਵਿਚ ਰੱਖ ਕੇ ਜੋ ਗੁਰਸਿੱਖ ਆਪਣਾ ਹਿਰਦਾ ਰੂਪ ਭਾਂਡਾ ਧੋਣ ਵਾਸਤੇ ਗੁਰਦੁਆਰੇ ਆਉਂਦੇ, ਉਨ੍ਹਾਂ ਦੀ ਝੋਲੀ ਵਿਚ ਨਿਰਾਸਤਾ ਹੀ ਪੈਂਦੀ, ਯਥਾ :

**ਮਾਇਆ ਡਰ ਡਰਪਤ ਹਾਰਿ ਗੁਰਦੁਆਰੈ ਜਾਵੈ,**
**ਤਹਾਂ ਜਉ ਮਾਇਆ ਬਿਆਪੈ ਕਹਾਂ ਠਹਿਰਾਈਐ ॥੫੪੪॥**

*(ਕਬਿੱਤ ਭਾਈ ਗੁਰਦਾਸ ਜੀ)*

ਪੰਥਕ ਬਿਰਤੀਆਂ ਸੋਚਣ 'ਤੇ ਮਜਬੂਰ ਹੋ ਗਈਆਂ ਕਿ ਕੀ ਪਰਮਾਤਮ ਕੀ ਮੌਜ ਵਿਚ ਉਪਜਿਆ ਖ਼ਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਆਪਣੀ ਵਿਹਾਰਕ ਅਤੇ ਪਰਮਾਰਥਕ ਸੇਧ ਲੈ ਸਕਦਾ ਹੈ ? ਅਤੇ ਇਸ ਤਰ੍ਹਾਂ ਚੱਲਦਾ ਹੋਇਆ ਗੁਰੂ ਕੇ ਚਿਤਵੇ ਨਿਸ਼ਾਨਿਆਂ ਨੂੰ ਪ੍ਰਾਪਤ ਕਰ ਸਕਦਾ ਹੈ, ਜਿਨ੍ਹਾਂ ਲਈ ਅਨੇਕਾਂ ਲੜਾਈਆਂ ਅਤੇ ਸ਼ਹਾਦਤਾਂ ਹੋਈਆਂ ?

## ਰਹੁ-ਰੀਤ ਸਬ ਕਮੇਟੀ

ਨਨਕਾਣਾ ਸਾਹਿਬ ਦੇ ਸਾਕੇ ਨਾਲ ਅਰੰਭ ਹੋਈ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਨੇਕਾਂ ਕੁਰਬਾਨੀਆਂ ਦੇਣ ਅਤੇ ਭਾਰੀ ਸੰਘਰਸ਼ ਤੋਂ ਬਾਅਦ ਸਿੱਖ ਗੁਰਦੁਆਰਾ ਐਕਟ ਬਣ ਜਾਣ ਦੇ ਰੂਪ ਵਿਚ ਸਫਲ ਹੋਈ। ਇਸ ਨਾਲ ਉਸ ਸਮੇਂ ਦੇ ਪੰਜਾਬ ਤੇ ਆਸ-ਪਾਸ ਦੇ ਲਗਭਗ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਦੇ ਚੁਣੇ ਨੁਮਾਇੰਦਿਆਂ ਹੱਥ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਰੂਪ ਵਿਚ ਆ ਗਿਆ। ਇਹ ਗੱਲ 1925-26 ਈਸਵੀ ਦੀ ਹੈ। ਹੁਣ ਅਗਲਾ ਮਹੱਤਵਪੂਰਨ ਯਤਨ ਸੀ : ਬੀਤੇ 200 ਸਾਲਾਂ ਦੌਰਾਨ ਜਾਣੇ ਜਾਂ ਅਣਜਾਣੇ, ਆਪਣਿਆਂ ਜਾਂ ਪਰਾਇਆਂ ਵੱਲੋਂ ਸਿੱਖ ਜੀਵਨ ਜਾਚ ਵਿਚ ਪਾਏ ਰੋਲ-ਘਚੋਲੇ ਨੂੰ ਕੱਢਣ ਦੀ ਪੰਥਕ ਖ਼ਾਹਿਸ਼ ਦੀ ਪੂਰਤੀ ਕਰਨਾ। ਇਹ ਕਾਰਜ ਪਹਿਲੇ ਨਾਲੋਂ ਔਖਾ ਸੀ। ਜਿਥੇ ਪਹਿਲੇ ਵਿਚ ਕੌਮੀ ਜੋਸ਼ ਉਭਾਰ ਕੇ ਗੁਰਦੁਆਰੇ ਆਜ਼ਾਦ ਕਰਵਾਉਣਾ ਸੀ, ਉਥੇ ਦੂਜੇ ਵਿਚ ਕੌਮੀ ਹੋਸ਼ ਨੂੰ ਚੇਤੰਨ ਕਰ ਕੇ ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਨਿਰਮਲ ਵੀਚਾਰਧਾਰਾ ਨੂੰ ਸੇਧ ਵਿਚ ਰੱਖ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਫਿਰ ਯਤਨਸ਼ੀਲ ਹੋਣਾ ਸੀ। ਅਜਿਹਾ ਕਰਨ ਦੇ ਰਾਹ ਵਿਚ ਆਪਣਿਆਂ ਦੀਆਂ ਪੱਕ ਚੁੱਕੀਆਂ ਬਿਪਰਵਾਦੀ ਬਿਰਤੀਆਂ ਅਤੇ ਕੁਝ ਬਿਗਾਨਿਆਂ ਦੀ ਉਨ੍ਹਾਂ ਨੂੰ ਸ਼ਹਿ ਮੁੱਖ ਅਟਕਾਅ ਸਨ।

ਗੁਰੂ ਪਾਤਸ਼ਾਹ ਨੇ ਢੋਅ ਢੁਕਾਇਆ। 15 ਮਾਰਚ, 1927 ਈਸਵੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ, ਜਿਸ ਦੀ ਪ੍ਰਧਾਨਗੀ ਮਾਸਟਰ ਤਾਰਾ ਸਿੰਘ ਜੀ, ਮੀਤ ਪ੍ਰਧਾਨ, ਸ਼੍ਰੋਮਣੀ

ਕਮੇਟੀ ਨੇ, ਪ੍ਰਧਾਨ ਬਾਬਾ ਖੜਕ ਸਿੰਘ ਜੀ ਦੇ ਜੇਲ੍ਹ ਵਿਚ ਹੋਣ ਕਰਕੇ ਕੀਤੀ। ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਵਿੱਚੋਂ ਭਾਈ ਤੇਜਾ ਸਿੰਘ ਜੀ, ਜੋ ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ, ਦੀ ਤਜਵੀਜ਼ 'ਤੇ ਸਰਬ-ਸੰਮਤੀ ਨਾਲ ਗੁਰਮਤਾ ਹੋਇਆ ਕਿ ਹੇਠ ਲਿਖੇ ਵਿਦਵਾਨਾਂ ਦੀ ਇਕ ਸਬ-ਕਮੇਟੀ ਬਣਾਈ ਜਾਵੇ, ਜੋ ਗੁਰਬਾਣੀ, ਇਤਿਹਾਸ, ਪ੍ਰੰਪਰਾਵਾਂ 'ਤੇ ਆਧਾਰਿਤ ਅਤੇ ਸਿੱਖ ਮੁਖੀਆਂ ਦੀ ਰਾਇ ਨਾਲ ਗੁਰਮਤਿ ਦੀ ਰਹੁ-ਰੀਤ ਦਾ ਖਰੜਾ ਤਿਆਰ ਕਰ ਕੇ ਸ਼੍ਰੋਮਣੀ ਕਮੇਟੀ ਦੇ ਪੇਸ਼ ਕਰੇ। ਸਬ-ਕਮੇਟੀ ਦੇ ਮੈਂਬਰ ਇਹ ਸਨ :

1. ਪ੍ਰੋਫ਼ੈਸਰ ਤੇਜਾ ਸਿੰਘ ਜੀ, ਖ਼ਾਲਸਾ ਕਾਲਜ, ਕਨਵੀਨਰ
2. ਪ੍ਰੋ: ਜੋਧ ਸਿੰਘ ਜੀ, ਖ਼ਾਲਸਾ ਕਾਲਜ
3. ਗਿ: ਠਾਕੁਰ ਸਿੰਘ ਜੀ, ਅੰਮ੍ਰਿਤਸਰ
4. ਗਿ: ਸ਼ੇਰ ਸਿੰਘ ਜੀ
5. ਗਿ: ਸੁੰਦਰ ਸਿੰਘ ਜੀ ਭਿੰਡਰਾਂ, ਜ਼ਿਲ੍ਹਾ ਫ਼ਿਰੋਜ਼ਪੁਰ
6. ਭਾਈ ਬੁਧ ਸਿੰਘ ਜੀ, ਅੰਮ੍ਰਿਤਸਰ
7. ਅਕਾਲੀ ਕੌਰ ਸਿੰਘ ਜੀ
8. ਸੰਤ ਸੰਗਤ ਸਿੰਘ ਕਮਾਲੀਆ
9. ਭਾਈ ਕਾਨ੍ਹ ਸਿੰਘ ਜੀ ਨਾਭਾ
10. ਸੰਤ ਗੁਲਾਬ ਸਿੰਘ ਜੀ ਘੋਲੀਆਂ, ਮੋਗਾ
11. ਭਾਈ ਲਾਭ ਸਿੰਘ ਜੀ, ਗ੍ਰੰਥੀ ਸ੍ਰੀ ਦਰਬਾਰ ਸਾਹਿਬ
12. ਭਾਈ ਹਜ਼ੂਰਾ ਸਿੰਘ ਜੀ, ਹਜ਼ੂਰ ਸਾਹਿਬ
13. ਪੰਡਤ ਬਸੰਤ ਸਿੰਘ ਜੀ
14. ਭਾਈ ਵੀਰ ਸਿੰਘ ਜੀ, ਅੰਮ੍ਰਿਤਸਰ
15. ਬਾਬੂ ਤੇਜਾ ਸਿੰਘ ਜੀ, ਪੰਚਖੰਡ ਭਸੌੜ
16. ਗਿ: ਹੀਰਾ ਸਿੰਘ ਜੀ ਦਰਦ
17. ਭਾਈ ਲਾਲ ਸਿੰਘ ਜੀ ਐਡੀਟਰ, *ਕਕਾਰ ਬਹਾਦਰ*
18. ਪ੍ਰਿੰਸੀਪਲ ਬਾਵਾ ਹਰਿਕ੍ਰਿਸ਼ਨ ਸਿੰਘ ਜੀ
19. ਭਾਈ ਤ੍ਰਿਲੋਚਨ ਸਿੰਘ ਜੀ, ਸੁਰਸਿੰਘ
20. ਗਿ: ਹਮੀਰ ਸਿੰਘ ਜੀ, ਅੰਮ੍ਰਿਤਸਰ
21. ਪੰਡਤ ਕਰਤਾਰ ਸਿੰਘ ਜੀ ਦਾਖਾ

22-23-24. ਤਿੰਨੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ

25. ਪ੍ਰੋ: ਗੰਗਾ ਸਿੰਘ ਜੀ ਫ਼ਿਲਾਸਫ਼ਰ
26. ਭਾਈ ਮਈਆ ਸਿੰਘ ਜੀ
27. ਸੰਤ ਮਾਨ ਸਿੰਘ ਜੀ ਨਿਰਮਲੇ ਹਰਿਦੁਆਰ
28. ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਤੇਜਾ ਸਿੰਘ ਜੀ

*(ਪੰਜਾਹ ਸਾਲਾ ਇਤਿਹਾਸ, ਪੰਨੇ 41-42)*


Sri Satguru Jagjit Singh Ji eLibrary NamdhariElibrary@gmail.com

27 ਫ਼ਰਵਰੀ, 1931 ਨੂੰ ਬਾਬੂ ਮੱਲ ਸਿੰਘ ਵੱਲੋਂ ਮਤਾ ਪੇਸ਼ ਹੋ ਕੇ ਪ੍ਰਵਾਨ ਹੋਇਆ, ਜਿਸ ਅਨੁਸਾਰ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਨੂੰ ਵੀ ਰਹੁ-ਰੀਤ ਸਬ-ਕਮੇਟੀ ਦਾ ਮੈਂਬਰ ਲਿਆ ਗਿਆ, ਇਸ ਤਰ੍ਹਾਂ ਇਸ ਦੇ ਮੈਂਬਰਾਂ ਦੀ ਗਿਣਤੀ 29 ਹੋ ਗਈ। *(ਪੰਜਾਹ ਸਾਲਾ ਇਤਿਹਾਸ, ਪੰਨਾ 82)*

## ਰਹਿਤ ਮਰਯਾਦਾ ਦੇ ਖਰੜੇ ਦੀ ਪ੍ਰਕਾਸ਼ਨਾ

ਉਪਰੋਕਤ ਵਰਣਨ ਹੋਈ ਰਹੁ-ਰੀਤ ਸਬ-ਕਮੇਟੀ ਨੇ ਆਪਸੀ ਸੋਚ ਵੀਚਾਰ ਨਾਲ 'ਸਿੱਖ ਰਹਿਤ ਮਰਯਾਦਾ' ਦਾ ਪਹਿਲਾ ਖਰੜਾ ਤਿਆਰ ਕੀਤਾ, ਜਿਸ ਨੂੰ ਪੰਥ ਹਿਤੈਸ਼ੀਆਂ ਦੀਆਂ ਰਾਵਾਂ ਲੈਣ ਹਿੱਤ, ਸ਼੍ਰੋਮਣੀ ਕਮੇਟੀ ਦੇ ਗੁਰਦੁਆਰਾ ਗਜ਼ਟ ਦੀ ਜਿਲਦ 3 (ਨੰਬਰ 3) ਦੇ ਅਪਰੈਲ 1931 ਈਸਵੀ ਅੰਕ ਵਿਚ ਛਾਪ ਕੇ ਵੰਡਿਆ ਗਿਆ ਤਾਂ ਜੁ ਰਾਵਾਂ ਆਉਣ ਉਪਰੰਤ ਤਖ਼ਤ ਸਾਹਿਬ 'ਤੇ ਅਗਲੀ ਵੀਚਾਰ ਲਈ ਇਕੱਤਰਤਾ ਬੁਲਾਈ ਜਾ ਸਕੇ। ਇਸ ਖਰੜੇ ਦੇ ਛਪਣ 'ਤੇ ਪੰਥ ਹਿਤੈਸ਼ੀਆਂ ਨੇ ਕਿਸ ਉਤਸ਼ਾਹ ਤੇ ਬਾਰੀਕੀ ਨਾਲ ਆਪਣੀਆਂ ਰਾਵਾਂ ਭੇਜੀਆਂ, ਇਸ ਦਾ ਇਕ ਨਮੂਨਾ ਸਾਡੇ ਸਾਹਮਣੇ ਹੈ, ਜੋ ਠੇਕੇਦਾਰ ਸ: ਹਜ਼ਾਰਾ ਸਿੰਘ ਜੀ ਭਵਾਨੀਗੜ੍ਹ ਨੇ ਜੂਨ 1931 ਈਸਵੀ ਨੂੰ ਛਪਵਾ ਕੇ ਰਹੁ-ਰੀਤ ਸਬ-ਕਮੇਟੀ ਨੂੰ ਭੇਜਿਆ।

## ਰਹੁ-ਰੀਤ ਸਬ-ਕਮੇਟੀ ਦੀਆਂ ਇਕੱਤਰਤਾਵਾਂ

ਆਈਆਂ ਰਾਵਾਂ 'ਤੇ ਵੀਚਾਰ ਕਰਨ ਹਿੱਤ ਰਹੁ-ਰੀਤ ਸਬ-ਕਮੇਟੀ ਦੇ ਸਮਾਗਮ 4-5 ਅਕਤੂਬਰ, 1931, 3 ਜਨਵਰੀ, 1932 ਅਤੇ 31 ਜਨਵਰੀ, 1932 ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਏ, ਜਿਨ੍ਹਾਂ ਵਿਚ ਹੇਠ ਲਿਖੇ ਮੈਂਬਰਾਂ ਨੇ ਹਿੱਸਾ ਲਿਆ :

1. ਅਕਾਲੀ ਕੌਰ ਸਿੰਘ ਜੀ
2. ਗਿ: ਸ਼ੇਰ ਸਿੰਘ ਜੀ
3. ਸੰਤ ਮਾਨ ਸਿੰਘ ਜੀ ਨਿਰਮਲੇ
4. ਪ੍ਰੋ: ਗੰਗਾ ਸਿੰਘ ਜੀ ਫ਼ਿਲਾਸਫ਼ਰ
5. ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ
6. ਗਿ: ਹੀਰਾ ਸਿੰਘ ਜੀ ਦਰਦ
7. ਭਾਈ ਲਾਭ ਸਿੰਘ ਜੀ, ਗ੍ਰੰਥੀ ਸ੍ਰੀ ਦਰਬਾਰ ਸਾਹਿਬ
8. ਗਿ: ਠਾਕੁਰ ਸਿੰਘ ਜੀ, ਅੰਮ੍ਰਿਤਸਰ
9. ਗਿ: ਹਮੀਰ ਸਿੰਘ ਜੀ, ਅੰਮ੍ਰਿਤਸਰ
10. ਬਾਵਾ ਹਰਿਕ੍ਰਿਸ਼ਨ ਸਿੰਘ ਜੀ
11. ਜਥੇਦਾਰ ਤੇਜਾ ਸਿੰਘ ਜੀ, ਸ੍ਰੀ ਅਕਾਲ ਤਖ਼ਤ ਸਾਹਿਬ
12. ਭਾਈ ਤ੍ਰਿਲੋਚਨ ਸਿੰਘ ਜੀ, ਸੁਰਸਿੰਘ
13. ਪ੍ਰੋ: ਤੇਜਾ ਸਿੰਘ ਜੀ।

ਇਨ੍ਹਾਂ ਤੋਂ ਇਲਾਵਾ ਹੇਠ ਲਿਖੇ ਸੱਜਣ ਵੀ ਕਦੀ ਕਦੀ ਹਿੱਸਾ ਲੈਂਦੇ ਰਹੇ:

1. ਸ: ਧਰਮਾਨੰਤ ਸਿੰਘ ਜੀ, ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ
2. ਸ: ਭਾਗ ਸਿੰਘ ਜੀ ਵਕੀਲ
3. ਸ: ਵਸਾਵਾ ਸਿੰਘ ਜੀ, ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
4. ਮਾਸਟਰ ਤਾਰਾ ਸਿੰਘ ਜੀ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ।

*(ਸਿੱਖ ਰਹਿਤ ਮਰਯਾਦਾ, ਪੰਨਾ 3)*

## ਸਬ-ਕਮੇਟੀ ਵਿਚ ਵਾਧਾ ਘਾਟਾ ਅਤੇ ਖਰੜੇ 'ਤੇ ਹੋਰ ਵੀਚਾਰ

1 ਮਾਰਚ, 1932 ਈਸਵੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਵਿਚ ਰਹੁ-ਰੀਤ ਸਬ-ਕਮੇਟੀ ਵੱਲੋਂ ਰਹਿਤ ਮਰਯਾਦਾ ਦਾ ਖਰੜਾ ਅਤੇ ਸਬ-ਕਮੇਟੀ ਦੇ ਮੈਂਬਰਾਂ ਦੀ ਸੂਚੀ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਖਰੜੇ ਬਾਬਤ ਪੰਥ ਮੁਖੀਆਂ ਵੱਲੋਂ ਆਈਆਂ ਰਾਵਾਂ 'ਤੇ ਸਬ-ਕਮੇਟੀ ਹੋਰ ਵੀਚਾਰ ਕਰੇ ਅਤੇ ਮੈਂਬਰਾਂ ਦੀ ਸੂਚੀ ਵਿੱਚੋਂ ਹੇਠ ਲਿਖੇ ਨਾਮ ਕੱਟ ਦਿੱਤੇ ਜਾਣ:

1. ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ
2. ਬਾਬੂ ਤੇਜਾ ਸਿੰਘ ਜੀ, ਪੰਚਖੰਡ ਭਸੌੜ
3. ਭਾਈ ਮਈਆ ਸਿੰਘ ਜੀ, ਲਾਹੌਰ
4. ਭਾਈ ਲਾਲ ਸਿੰਘ ਜੀ ਐਡੀਟਰ, *ਕਕਾਰ ਬਹਾਦਰ*

(ਉਪਰੋਕਤ ਵਿੱਚੋਂ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ 1930 ਈਸਵੀ ਵਿਚ ਅਕਾਲ ਚਲਾਣਾ ਕਰ ਗਏ ਸਨ ਅਤੇ ਬਾਬੂ ਤੇਜਾ ਸਿੰਘ ਜੀ ਨੂੰ ਕੁਝ ਪੰਥ ਵਿਰੋਧੀ ਕਾਰਵਾਈਆਂ ਕਰਕੇ 31 ਮਾਰਚ, 1927 ਨੂੰ ਪੰਥ ਵਿੱਚੋਂ ਛੇਕਿਆ ਅਤੇ ਭਾਈ ਲਾਲ ਸਿੰਘ ਜੀ ਐਡੀਟਰ, *ਕਕਾਰ ਬਹਾਦਰ* ਦਾ ਅਰਦਾਸਾ ਤਖ਼ਤ 'ਤੇ ਬੰਦ ਹੋ ਚੁੱਕਿਆ ਸੀ।)

ਅਤੇ ਹੇਠ ਲਿਖੇ ਨਾਮ ਵਧਾਏ ਗਏ:

1. ਹੈੱਡ-ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਜੀ
2. ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ
3. ਪ੍ਰਧਾਨ ਸਾਹਿਬ, ਸ਼੍ਰੋਮਣੀ ਅਕਾਲੀ ਦਲ
4. ਸ: ਵਸਾਵਾ ਸਿੰਘ ਜੀ, ਗੁਰਦਾਸਪੁਰੀ
5. ਗਿ: ਕਰਤਾਰ ਸਿੰਘ ਜੀ, ਖ਼ਾਲਸਾ ਹਾਈ ਸਕੂਲ, ਸੁਧਾਰ (ਲੁਧਿਆਣਾ)
6. ਬਾਵਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ
7. ਗਿਆਨੀ ਨਾਹਰ ਸਿੰਘ ਜੀ ਐਡੀਟਰ, *ਅਸਲੀ ਕੌਮੀ ਦਰਦ*
8. ਸ: ਇੰਦਰ ਸਿੰਘ ਜੀ, ਨਨਕਾਣਾ ਸਾਹਿਬ

*(ਪੰਜਾਹ ਸਾਲਾ ਇਤਿਹਾਸ, ਪੰਨਾ 90)*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਨਾਲ 9 ਮਈ, 1932


Sri Satguru Jagjit Singh Ji eLibrary NamdhariElibrary@gmail.com

ਨੂੰ ਖਰੜੇ 'ਤੇ ਅੱਗੇ ਹੋਰ ਵੀਚਾਰ ਕੀਤਾ ਗਿਆ। ਇਸ ਇਕੱਤਰਤਾ ਵਿਚ ਹੇਠ ਲਿਖੇ ਸੱਜਣ ਹਾਜ਼ਰ ਸਨ:

1. ਜਥੇਦਾਰ ਤੇਜਾ ਸਿੰਘ ਜੀ
2. ਸੰਤ ਤੇਜਾ ਸਿੰਘ ਜੀ, ਗ੍ਰੰਥੀ ਸ੍ਰੀ ਦਰਬਾਰ ਸਾਹਿਬ
3. ਗਿਆਨੀ ਗੁਰਮੁਖ ਸਿੰਘ ਜੀ ਮੁਸਾਫ਼ਰ
4. ਗਿ: ਨਾਹਰ ਸਿੰਘ ਜੀ
5. ਸ: ਵਸਾਵਾ ਸਿੰਘ ਜੀ
6. ਭਾਈ ਕਰਤਾਰ ਸਿੰਘ ਜੀ ਝੱਬਰ
7. ਸ: ਵਰਿਆਮ ਸਿੰਘ ਜੀ ਗਰਮੂਲਾ
8. ਭਾਈ ਪ੍ਰਤਾਪ ਸਿੰਘ ਜੀ ਪੁਸਤਕਾਂ ਵਾਲੇ
9. ਸ: ਲਾਲ ਸਿੰਘ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
10. ਜਥੇਦਾਰ ਮੋਹਨ ਸਿੰਘ ਜੀ, ਸ੍ਰੀ ਅਕਾਲ ਤਖ਼ਤ ਸਾਹਿਬ।

ਅਜੇ ਵੀ ਖਰੜੇ ਨੂੰ ਅੰਤਮ ਰੂਪ ਨਾ ਦਿੱਤਾ ਜਾ ਸਕਿਆ। ਇਸ ਉੱਤੇ ਹੋਰ ਵੀਚਾਰ ਕਰਨ ਲਈ 26 ਸਤੰਬਰ, 1932 ਨੂੰ ਇਕ ਹੋਰ ਸਮਾਗਮ ਕੀਤਾ ਗਿਆ, ਜਿਸ ਵਿਚ ਹੇਠ ਲਿਖੇ ਮੈਂਬਰ ਹਾਜ਼ਰ ਸਨ:

1. ਗਿਆਨੀ ਸ਼ੇਰ ਸਿੰਘ ਜੀ
2. ਗਿ: ਠਾਕੁਰ ਸਿੰਘ ਜੀ
3. ਗਿ: ਹਮੀਰ ਸਿੰਘ ਜੀ
4. ਭਾਈ ਸਾਹਿਬ ਲਾਭ ਸਿੰਘ ਜੀ, ਗ੍ਰੰਥੀ ਸ੍ਰੀ ਦਰਬਾਰ ਸਾਹਿਬ
5. ਗਿ: ਗੁਰਮੁਖ ਸਿੰਘ ਜੀ ਮੁਸਾਫ਼ਰ
6. ਭਾਈ ਜੋਗਿੰਦਰ ਸਿੰਘ ਜੀ (ਮੀਤ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ)
7. ਜਥੇਦਾਰ ਤੇਜਾ ਸਿੰਘ ਜੀ
8. ਗਿ: ਨਾਹਰ ਸਿੰਘ ਜੀ
9. ਪ੍ਰੋ: ਤੇਜਾ ਸਿੰਘ ਜੀ ਕਨਵੀਨਰ

ਇਨ੍ਹਾਂ ਤੋਂ ਇਲਾਵਾ ਸੰਤ ਤੇਜਾ ਸਿੰਘ ਜੀ ਐਮ.ਏ. (ਮਸਤੂਆਣੇ ਵਾਲੇ) ਵੀ ਵੀਚਾਰ-ਵਟਾਂਦਰੇ ਵਿਚ ਹਿੱਸਾ ਲੈਂਦੇ ਰਹੇ। *(ਸਿੱਖ ਰਹਿਤ ਮਰਯਾਦਾ, ਪੰਨਾ 4)*

ਕਮੇਟੀ ਨੇ ਖਰੜੇ ਉੱਤੇ ਗੰਭੀਰਤਾ ਨਾਲ ਵੀਚਾਰ ਕੀਤਾ ਅਤੇ ਉਸ ਨੂੰ ਯਥਾਯੋਗ ਸੋਧਿਆ। ਫਿਰ 9 ਅਕਤੂਬਰ, 1932 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਲਈ ਪੇਸ਼ ਕੀਤਾ। *(ਸਿੱਖ ਰਹਿਤ ਮਰਯਾਦਾ, ਪੰਨਾ 4)*

ਬਾਅਦ ਵਿਚ 29 ਅਕਤੂਬਰ, 1933 ਦੇ ਜਨਰਲ ਸਮਾਗਮ ਵਿਚ 'ਸਿੱਖ ਰਹਿਤ ਮਰਯਾਦਾ' ਦੇ ਖਰੜੇ ਸੰਬੰਧੀ ਵੀਚਾਰ ਕਰਨ ਲਈ ਰਹੁ-ਰੀਤ ਕਮੇਟੀ ਦੇ ਸਾਰੇ ਮੈਂਬਰਾਂ ਸਮੇਤ ਸਿੱਖ ਆਲ ਪਾਰਟੀਜ਼ ਕਾਨਫ਼ਰੰਸ ਬੁਲਾਉਣ ਦੀ ਤਜਵੀਜ਼ ਪ੍ਰਵਾਨ ਹੋਈ। *(ਪੰਜਾਹ ਸਾਲਾ ਇਤਿਹਾਸ, ਪੰਨਾ 108)*


Sri Satguru Jagjit Singh Ji eLibrary NamdhariElibrary@gmail.com

## ਵਿਸ਼ੇਸ਼ ਇਕੱਤਰਤਾ ਵਿਚ ਰਹੁ-ਰੀਤ 'ਤੇ ਵੀਚਾਰ

30 ਦਸੰਬਰ, 1933 ਈਸਵੀ ਸ਼ਨੀਵਾਰ ਦੁਪਹਿਰ ਇਕ ਵਜੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭਾਰੀ ਪੰਥਕ ਇਕੱਠ ਹੋਇਆ, ਜਿਸ ਦੀ ਪ੍ਰਧਾਨਗੀ ਸ: ਪ੍ਰਤਾਪ ਸਿੰਘ ਜੀ ਸ਼ੰਕਰ, ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਕੀਤੀ। ਇਸ ਵਿਚ ਜਿਨ੍ਹਾਂ 91 ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਹਿੱਸਾ ਲਿਆ, ਉਨ੍ਹਾਂ ਦੇ ਨਾਵਾਂ ਦੀ ਲਿਸਟ ਸ਼੍ਰੋਮਣੀ ਕਮੇਟੀ ਦੇ *ਪੰਜਾਹ ਸਾਲਾ ਇਤਿਹਾਸ* ਐਡੀਸ਼ਨ ਵਿਚ ਪੰਨੇ 96-100 'ਤੇ ਵੇਖੀ ਜਾ ਸਕਦੀ ਹੈ। ਇਨ੍ਹਾਂ ਤੋਂ ਇਲਾਵਾ 79 ਹੋਰ ਪ੍ਰਤਿਸ਼ਟਤ ਸੱਜਣ ਹੋਰ ਪੰਥਕ ਜਥਿਆਂ, ਸਭਾਵਾਂ ਵੱਲੋਂ ਹਾਜ਼ਰ ਹੋਏ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

**(ੳ) ਖ਼ਾਲਸਾ ਦੀਵਾਨ, ਬਾਰ**

92. ਸ: ਇੰਦਰ ਸਿੰਘ ਜੀ
93. ਸ: ਰਣਜੀਤ ਸਿੰਘ ਜੀ
94. ਸ: ਸਰਦੂਲ ਸਿੰਘ ਜੀ

**(ਅ) ਗੜਗੱਜ ਅਕਾਲੀ ਦੀਵਾਨ**

95. ਭਾਈ ਤੇਜਾ ਸਿੰਘ ਜੀ (ਭੁੱਚਰ)
96. ਭਾਈ ਲਛਮਣ ਸਿੰਘ ਜੀ
97. ਭਾਈ ਲਾਭ ਸਿੰਘ ਜੀ
98. ਭਾਈ ਮਿਹਰ ਸਿੰਘ ਜੀ

**(ੲ) ਸੈਂਟਰਲ ਮਾਝਾ ਖ਼ਾਲਸਾ ਦੀਵਾਨ**

99. ਸ: ਤ੍ਰਿਲੋਚਨ ਸਿੰਘ ਜੀ
100. ਸ: ਕ੍ਰਿਪਾਲ ਸਿੰਘ ਜੀ

**(ਸ) ਗੁਰੂ ਨਾਨਕ ਖ਼ਾਲਸਾ ਕਾਲਜ, ਗੁੱਜਰਾਂਵਾਲਾ**

101. ਸ: ਨਾਰਾਇਣ ਸਿੰਘ ਜੀ

**(ਹ) ਖ਼ਾਲਸਾ ਕਾਲਜ, ਅੰਮ੍ਰਿਤਸਰ**

102. ਸ: ਗੰਡਾ ਸਿੰਘ ਜੀ ਕੇਵਲ
103. ਪ੍ਰੋਫ਼ੈਸਰ ਤੇਜਾ ਸਿੰਘ ਜੀ

**(ਕ) ਉਦਾਸੀਨ ਮਹਾ ਮੰਡਲ**

104. ਸੁਆਮੀ ਰਾਜ ਕੁਮਾਰ ਤੀਰਥ, ਐਡੀਟਰ *ਸੰਤ ਸਮਾਚਾਰ*, ਅੰਮ੍ਰਿਤਸਰ


Sri Satguru Jagjit Singh Ji eLibrary NamdhariElibrary@gmail.com

## (ਖ) ਖ਼ਾਲਸਾ ਬਰਾਦਰੀ, ਅੰਮ੍ਰਿਤਸਰ

105. ਸ: ਲੱਖਾ ਸਿੰਘ ਜੀ

## (ਗ) ਸ਼੍ਰੋਮਣੀ ਖ਼ਾਲਸਾ ਦੀਵਾਨ, ਮਾਲਵਾ

106. ਭਾਈ ਮਹਿੰਦਰ ਸਿੰਘ ਜੀ
107. ਭਾਈ ਜਗਜੀਤ ਸਿੰਘ ਜੀ
108. ਭਾਈ ਬਚਿੱਤਰ ਸਿੰਘ ਜੀ

## (ਘ) ਖ਼ਾਲਸਾ ਯੂਥ ਵਿੰਗ

109. ਸ: ਜਗਜੀਤ ਸਿੰਘ ਜੀ, ਫ਼ਿਰੋਜ਼ਪੁਰ

## (ਙ) ਸ਼੍ਰੋਮਣੀ ਰਾਧਾ ਸੁਆਮੀ ਮਤ ਵੀਚਾਰਕ ਸਭਾ

110. ਗਿਆਨੀ ਹਰਚਰਨ ਸਿੰਘ ਜੀ
111. ਗਿਆਨੀ ਭਗਤ ਸਿੰਘ ਜੀ

## (ਚ) ਹੋਰ ਪ੍ਰਤਿਸ਼ਟਤ ਸੱਜਣ

112. ਗਿ: ਸਾਹਿਬ ਸਿੰਘ ਜੀ ਧਮਤਾਨ
113. ਸ: ਉਜਾਗਰ ਸਿੰਘ ਜੀ
114. ਸ: ਜਗਤ ਸਿੰਘ ਜੀ
115. ਭਾਈ ਅਮਰੀਕ ਸਿੰਘ ਜੀ ਚੂਨੇਵਾਲਾ
116. ਸ: ਅਮਰ ਸਿੰਘ ਜੀ, ਖ਼ਾਲਸਾ ਕਾਲਜ, ਗੁੱਜਰਾਂਵਾਲਾ
117. ਪ੍ਰੋ: ਸਾਹਿਬ ਸਿੰਘ ਜੀ, ਖ਼ਾਲਸਾ ਕਾਲਜ, ਅੰਮ੍ਰਿਤਸਰ
118. ਪ੍ਰੋ: ਸ਼ੇਰ ਸਿੰਘ ਪਸਰੂਰ
119. ਗਿਆਨੀ ਠਾਕੁਰ ਸਿੰਘ ਜੀ ਅੰਮ੍ਰਿਤਸਰ

## (ਛ) ਰਹੁ-ਰੀਤ ਕਮੇਟੀ ਦੇ ਮੈਂਬਰ

120. ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ
121. ਭਾਈ ਲਾਭ ਸਿੰਘ ਜੀ, ਗ੍ਰੰਥੀ ਸ੍ਰੀ ਦਰਬਾਰ ਸਾਹਿਬ
122. ਬਾਵਾ ਹਰਿਕਿਸ਼ਨ ਸਿੰਘ ਜੀ, ਪ੍ਰਿੰਸੀਪਲ
123. ਪ੍ਰੋ: ਜੋਧ ਸਿੰਘ ਜੀ, ਐਮ.ਏ.
124. ਸ: ਵਿਸਾਖਾ ਸਿੰਘ ਜੀ ਗੁਰਦਾਸਪੁਰੀ
125. ਗਿਆਨੀ ਨਾਹਰ ਸਿੰਘ ਜੀ ਐਡੀਟਰ
126. ਸੰਤ ਤੇਜਾ ਸਿੰਘ ਜੀ, ਹੈੱਡ ਗ੍ਰੰਥੀ ਨਨਕਾਣਾ ਸਾਹਿਬ

127. ਸ: ਧਰਮਾਨੰਤ ਸਿੰਘ ਜੀ, ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ
128. ਮਾਸਟਰ ਮਹਿਤਾਬ ਸਿੰਘ ਜੀ

## (ਜ) ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ

129. ਜਥੇਦਾਰ ਊਧਮ ਸਿੰਘ ਜੀ ਨਾਗੋਕੇ
130. ਸ: ਸਾਧੂ ਸਿੰਘ ਜੀ, ਚੱਕ ਨੰ: 30 ਲਾਇਲਪੁਰ
131. ਗਿਆਨੀ ਕਰਤਾਰ ਸਿੰਘ ਜੀ, ਲਾਇਲਪੁਰ
132. ਗਿਆਨੀ ਗੁਰਮੁਖ ਸਿੰਘ ਜੀ ਮੁਸਾਫ਼ਰ
133. ਸ: ਮੋਤਾ ਸਿੰਘ ਜੀ
134. ਸ: ਸੋਹਣ ਸਿੰਘ ਜੀ ਜਲਾਲਉਸਮਾ
135. ਸ: ਭਗਵਾਨ ਸਿੰਘ ਜੀ, ਦੁਸਾਂਝ ਕਲਾਂ
136. ਸ: ਸਰਦੂਲ ਸਿੰਘ ਜੀ
137. ਸ: ਜਾਤਾ ਸਿੰਘ ਜੀ, ਅੰਬਾਲਾ
138. ਸ: ਸੁੰਦਰ ਸਿੰਘ ਜੀ ਮੁਰੀਦਕੇ, ਗੁਰਦਾਸਪੁਰ
139. ਸ: ਗੁਲਬਦਨ ਸਿੰਘ ਜੀ, ਲੁਧਿਆਣਾ
140. ਸ: ਲਛਮਣ ਸਿੰਘ ਜੀ, ਕਪੂਰਥਲਾ
141. ਸ: ਗਰਜਾ ਸਿੰਘ ਜੀ, ਫ਼ਰੀਦਕੋਟ
142. ਸ: ਭਗਤ ਸਿੰਘ ਜੀ ਜਾਮ ਕੇ
143. ਸ: ਦਰਸ਼ਨ ਸਿੰਘ ਫੇਰੂਮਾਨ
144. ਸ: ਪ੍ਰੀਤਮ ਸਿੰਘ ਜੀ ਸਰਗੋਧਾ

## (ਝ) ਅਖ਼ਬਾਰਾਂ ਦੇ ਐਡੀਟਰ

145. ਸ: ਅਮਰ ਸਿੰਘ ਜੀ, *ਸ਼ੇਰਿ ਪੰਜਾਬ*, ਲਾਹੌਰ
146. ਭਾਈ ਸੇਵਾ ਸਿੰਘ ਜੀ, *ਖ਼ਾਲਸਾ ਸਮਾਚਾਰ*, ਅੰਮ੍ਰਿਤਸਰ
147. ਸ: ਰਜਿੰਦਰ ਸਿੰਘ ਜੀ, *ਖ਼ਾਲਸਾ ਐਡਵੋਕੇਟ*
148. ਵੈਦ ਨੌਰੰਗ ਸਿੰਘ ਜੀ ਤਾਂਘੀ, *ਸਵਤੰਤ੍ਰ*
149. ਭਾਈ ਹਰੀ ਸਿੰਘ ਜੀ, *ਡਾਕਟਰ*
150. ਸ: ਗੁਰਬਖ਼ਸ਼ ਸਿੰਘ ਜੀ, *ਪੰਜਾਬੀ ਮੰਚ*
151. ਸ: ਬੀਰ ਸਿੰਘ ਜੀ, *ਪੰਜਾਬੀ ਭੈਣ*
152. ਸ: ਰਾਮ ਸਿੰਘ ਜੀ ਧਾਰੋਵਾਲੀਆ, *ਰਾਮਗੜ੍ਹੀਆ ਪੱਤ੍ਰਿਕਾ*

## (ਞ) ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ

153. ਗਿਆਨੀ ਪ੍ਰਤਾਪ ਸਿੰਘ ਜੀ
154. ਗਿਆਨੀ ਸ਼ੰਕਰ ਸਿੰਘ ਜੀ


Sri Satguru Jagjit Singh Ji eLibrary NamdhariElibrary@gmail.com

155. ਭਾਈ ਤੀਰਥ ਸਿੰਘ ਜੀ
156. ਭਾਈ ਨਿਰੰਜਨ ਸਿੰਘ ਜੀ
157. ਭਾਈ ਵੱਸਣ ਸਿੰਘ ਜੀ
158. ਭਾਈ ਨਿਹਾਲ ਸਿੰਘ ਜੀ
159. ਭਾਈ ਗੁਰਦਾਸ ਸਿੰਘ ਜੀ

(ਟ) **ਅਕਾਲੀ ਜਥੇ**

160. ਭਾਈ ਕਰਤਾਰ ਸਿੰਘ ਜੀ ਗਿਆਨੀ
161. ਜਥੇਦਾਰ ਜੀਤ ਸਿੰਘ ਜੀ, ਹਿਸਾਰ

(ਠ) **ਸਿੰਘ ਸਭਾਵਾਂ**

162. ਭਾਈ ਕਰਤਾਰ ਸਿੰਘ ਜੀ, ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ
163. ਸਕੱਤਰ, ਸਿੰਘ ਸਭਾ, ਬੁਤਾਲਾ
164. ਸਕੱਤਰ, ਸਿੰਘ ਸਭਾ, ਫ਼ਿਰੋਜ਼ਪੁਰ
165. ਭਾਈ ਖ਼ੁਸ਼ਹਾਲ ਸਿੰਘ ਜੀ, ਸਿੰਘ ਸਭਾ, ਵਜ਼ੀਰਾਬਾਦ
166. ਭਾਈ ਮੋਹਨ ਸਿੰਘ ਜੀ, ਸਕੱਤਰ, ਸਿੰਘ ਸਭਾ, ਸਿਆਲਕੋਟ
167. ਭਾਈ ਰਾਜ ਸਿੰਘ ਜੀ, ਨਾਨਕਸਰ
168. ਭਾਈ ਹਰਿਭਜਨ ਸਿੰਘ ਜੀ, ਸਿੰਘ ਸਭਾ, ਆਗਰਾ
169. ਭਾਈ ਭਗਵਾਨ ਸਿੰਘ ਜੀ, ਸਿੰਘ ਸਭਾ, ਬਿਲਗਾ (ਜਲੰਧਰ)
170. ਭਾਈ ਸ਼ਰਧਾ ਸਿੰਘ ਜੀ, ਸਿੰਘ ਸਭਾ, ਰਾਵਲਪਿੰਡੀ

*(ਪੰਜਾਹ ਸਾਲਾ ਇਤਿਹਾਸ, ਪੰਨੇ 111-114)*

ਇਸ ਰੂਪ ਵਿਚ ਪੰਥ ਦੇ ਮੁਖੀਆਂ ਅਥਵਾ ਸਰਬੱਤ ਖ਼ਾਲਸੇ ਦਾ ਆਪਣੀ ਮਰਯਾਦਾ ਦੀ ਇਕਸਾਰਤਾ ਲਈ ਹੋਇਆ ਇਹ ਮਹਾਨ ਇਕੱਠ ਸੀ। ਇਕੱਤਰਤਾ ਦੀ ਆਰੰਭਕ ਅਰਦਾਸ ਸੰਤ ਤੇਜਾ ਸਿੰਘ ਜੀ, ਗ੍ਰੰਥੀ ਸ੍ਰੀ ਨਨਕਾਣਾ ਸਾਹਿਬ ਨੇ ਕੀਤੀ। ਕਾਰਵਾਈ ਸ਼ੁਰੂ ਹੋਣ 'ਤੇ ਰਹੁ-ਰੀਤ ਸਬ-ਕਮੇਟੀ ਦੇ ਕਨਵੀਨਰ ਪ੍ਰੋਫ਼ੈਸਰ ਤੇਜਾ ਸਿੰਘ ਜੀ ਨੇ 'ਸਿੱਖ ਰਹਿਤ ਮਰਯਾਦਾ' ਦਾ ਖਰੜਾ ਪੇਸ਼ ਕੀਤਾ। ਇਸ ਖਰੜੇ 'ਤੇ ਦੋ ਦਿਨ ਲਗਾਤਾਰ ਵੀਚਾਰ ਹੁੰਦੀ ਰਹੀ, ਪਰ ਗਰਮਾ-ਗਰਮ ਬਹਿਸ ਤੋਂ ਬਾਅਦ ਕੁਝ ਮਤਭੇਦ ਪੈਦਾ ਹੋਣ ਕਰਕੇ ਖਰੜਾ ਪਾਸ ਨਾ ਹੋ ਸਕਿਆ ਅਤੇ ਇਹ ਵੀਚਾਰ ਅਨਿਸਚਿਤ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ। *(ਪੰਜਾਹ ਸਾਲਾ ਇਤਿਹਾਸ, ਪੰਨਾ 114)*

## ਅਗਲੀ ਕਾਰਵਾਈ ਦਾ ਅਧਿਕਾਰ

ਇਸੇ ਹੀ ਸਮੇਂ ਇਸ ਇਕੱਠ ਨੇ ਸਰਬ-ਸੰਮਤੀ ਨਾਲ ਰਹਿਤ ਮਰਯਾਦਾ ਲਈ ਲੋੜੀਂਦੀ ਅਗਲੀ ਕਾਰਵਾਈ ਦਾ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ


Sri Satguru Jagjit Singh Ji eLibrary NamdhariElibrary@gmail.com

ਨੂੰ ਸੌਂਪ ਦਿੱਤਾ, ਜਿਸ ਨੇ "ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥" (ਗੁ: ਗ੍ਰੰ: ਸਾ:, ਪੰਨਾ 72) ਦੀ ਭਾਵਨਾ ਅਨੁਸਾਰ ਖਰੜੇ ਵਿਚ ਹੋਰ ਲੋੜੀਂਦੀਆਂ ਤਬਦੀਲੀਆਂ ਕਰ ਕੇ ਅਤੇ ਛਪਵਾ ਕੇ ਇਸ ਨੂੰ ਪੰਥਕ ਜਥਿਆਂ ਅਤੇ ਮੁਖੀ ਸਿੱਖਾਂ ਦੀਆਂ ਰਾਵਾਂ ਲਈ ਫਿਰ ਭੇਜਿਆ। ਪਹਿਲਾਂ ਵਾਂਗ ਇਸ ਸੋਧੇ ਹੋਏ ਖਰੜੇ ਬਾਰੇ ਵੀ ਦੇਸ਼ ਅਤੇ ਵਿਦੇਸ਼ਾਂ ਵਿਚ ਵੱਸਦੇ ਗੁਰਸਿੱਖਾਂ ਨੇ ਨਿੱਜੀ ਅਤੇ ਜਥੇਬੰਦਕ ਰੁਚੀ ਲੈ ਕੇ ਆਪਣੀਆਂ ਆਪਣੀਆਂ ਰਾਵਾਂ ਤੋਂ ਰਹੁ-ਰੀਤ ਸਬ-ਕਮੇਟੀ ਨੂੰ ਜਾਣੂੰ ਕਰਾਇਆ। ਸੱਜਣਾਂ ਅਤੇ ਸਭਾਵਾਂ ਦੇ ਨਾਮ ਇਸ ਪ੍ਰਕਾਰ ਹਨ :

1. ਭਾਈ ਸੱਜਣ ਸਿੰਘ ਜੀ ਮੁਹਾਫ਼ਿਜ਼, ਦਫ਼ਤਰ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਜੀ, ਨਾਂਦੇੜ
2. ਸ: ਹਜ਼ਾਰਾ ਸਿੰਘ ਜੀ ਠੇਕੇਦਾਰ ਭਵਾਨੀਗੜ੍ਹ (ਪਟਿਆਲਾ ਗਵਰਨਮੈਂਟ)
3. ਗਿਆਨੀ ਹੀਰਾ ਸਿੰਘ ਜੀ ਦਰਦ, ਲਾਹੌਰ
4. ਭਾਈ ਹਰਨਾਮ ਸਿੰਘ ਜੀ 'ਨਾਚੀਜ਼', ਪਿੰਡ ਨੌਸ਼ਹਿਰਾ ਸੂਨ ਸਕੇਸਰ, ਜ਼ਿਲ੍ਹਾ ਸ਼ਾਹਪੁਰ
5. ਭਾਈ ਪ੍ਰਤਾਪ ਸਿੰਘ ਜੀ ਪੁਸਤਕਾਂ ਵਾਲੇ, ਅੰਮ੍ਰਿਤਸਰ
6. ਭਾਈ ਰਾਮ ਸਿੰਘ ਜੀ, ਡੇਰਾ ਬਾਬਾ ਮਿਸ਼ਰਾ ਸਿੰਘ, ਚੌਕ ਲਛਮਣਸਰ, ਅੰਮ੍ਰਿਤਸਰ
7. ਗਿਆਨੀ ਨਾਹਰ ਸਿੰਘ ਜੀ, *ਅਸਲੀ ਕੌਮੀ ਦਰਦ*, ਅੰਮ੍ਰਿਤਸਰ (ਪਹਿਲਾ ਖਰੜਾ)
8. ਗਿਆਨੀ ਨਾਹਰ ਸਿੰਘ ਜੀ, *ਅਸਲੀ ਕੌਮੀ ਦਰਦ*, ਅੰਮ੍ਰਿਤਸਰ (ਦੂਜੀ ਵਾਰ ਦਾ ਖਰੜਾ)
9. ਸ: ਗੰਡਾ ਸਿੰਘ ਜੀ ਜਮਾਂਦਾਰ ਪੈਨਸ਼ਨਰ, ਐਗਜ਼ਾਮੀਨਰ ਨਕਲ ਫ਼ਾਰਸੀ ਦਫ਼ਤਰ ਡੀ.ਸੀ., ਜਲੰਧਰ
10. ਵੈਦ ਨੌਰੰਗ ਸਿੰਘ ਜੀ, ਸ: ਗੁਰਬਚਨ ਸਿੰਘ ਜੀ 'ਤਾਂਘੀ', ਅੰਮ੍ਰਿਤਸਰ
11. ਭਾਈ ਮੇਲਾ ਸਿੰਘ ਜੀ, ਗੁਰਦੁਆਰਾ ਚੁਰਸਤੀ ਅਟਾਰੀ, ਅੰਮ੍ਰਿਤਸਰ
12. ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਸ: ਬਹਾਦਰ, ਨਾਭਾ
13. ਇਕ ਪ੍ਰੇਮੀ ਸੱਜਣ
14. ਇਕ ਪ੍ਰੇਮੀ ਸੱਜਣ
15. ਸੰਤ ਟਹਿਲ ਸਿੰਘ ਜੀ ਮਜੀਠਾ (ਅੰਮ੍ਰਿਤਸਰ)
16. ਭਾਈ ਨਰੈਣ ਸਿੰਘ ਜੀ, ਮਸੀਤ ਪਲਕੋਟ ਗੜ੍ਹਦੀਵਾਲਾ (ਹੁਸ਼ਿਆਰਪੁਰ)
17. ਭਾਈ ਉੱਤਮ ਸਿੰਘ ਜੀ ਚਿਟਾਗਾਂਗ (ਬੰਗਾਲ), ਡਾਕਖ਼ਾਨਾ ਰੇਲਵੇ ਬਿਲਡਿੰਗ, ਚਿਟਾਗਾਂਗ
18. ਐਡੀਟਰ *ਖ਼ਾਲਸਾ* ਤੇ *ਖ਼ਾਲਸਾ ਐਡਵੋਕੇਟ*, ਅੰਮ੍ਰਿਤਸਰ
19. ਭਾਈ ਅਮਰੀਕ ਸਿੰਘ ਜੀ ਚੂਨੇ ਵਾਲੇ, ਗੁਜਰਾਂਵਾਲਾ
20. ਸੰਤ ਗੁਲਾਬ ਸਿੰਘ ਜੀ ਖ਼ਾਲਸਾ, ਅਨੰਦ ਭਵਨ, ਮੋਗਾ (ਫ਼ਿਰੋਜ਼ਪੁਰ)


Sri Satguru Jagjit Singh Ji eLibrary NamdhariElibrary@gmail.com

21. ਗਿਆਨੀ ਹੀਰਾ ਸਿੰਘ ਜੀ 'ਦਰਦ'
22. ਭਾਈ ਨੰਦ ਸਿੰਘ ਜੀ, ਇੰਜੀਨੀਅਰ ਮਾਰਫ਼ਤ ਬਾਬਾ ਬਖ਼ਤਾਵਰ ਲਾਲ ਸ਼ਰਮਾ (ਬਠਿੰਡਾ)
23. ਮਾਸਟਰ ਬਚਨ ਸਿੰਘ ਜੀ 'ਬਚਨ', ਸਿਧਵਾਂ ਕਲਾਂ (ਲੁਧਿਆਣਾ)
24. ਭਾਈ ਬਿਸ਼ਨ ਸਿੰਘ ਜੀ ਸੁਹਾਣਾ, ਗਿਆਨੀ, ਦੁਆਬਾ ਖ਼ਾਲਸਾ ਹਾਈ ਸਕੂਲ, ਜਲੰਧਰ
25. ਭਾਈ ਨਾਜ਼ਮ ਸਿੰਘ ਜੀ ਸੁਧਾਰ, ਦੀਨਾਪੁਰ (ਪਟਨਾ)
26. ਸੰਤ ਗੁਲਾਬ ਸਿੰਘ ਜੀ ਘੋਲੀਆਂ, ਮੋਗਾ
27. ਸ: ਗੰਡਾ ਸਿੰਘ ਜੀ 'ਜਾਚਕ', ਅੰਮ੍ਰਿਤਸਰ
28. ਮਾਸਟਰ ਪੂਰਨ ਸਿੰਘ ਜੀ ਅਨੰਦਪੁਰੀ, ਚੌਕ ਕਰੋੜੀ, ਅੰਮ੍ਰਿਤਸਰ
29. ਗਿਆਨੀ ਬਚਿੱਤਰ ਸਿੰਘ ਜੀ ਮਾਰਫ਼ਤ ਖ਼ਾਲਸਾ ਟ੍ਰੇਡਿੰਗ ਏਜੰਸੀ, ਕਲਕੱਤਾ
30. ਭਾਈ ਤ੍ਰਿਪਤ ਸਿੰਘ ਜੀ, ਨਾਗੋਕੀ ਸਰਲੀ (ਅੰਮ੍ਰਿਤਸਰ)
31. ਗਿਆਨੀ ਰਣ ਸਿੰਘ ਜੀ, ਗੁਰਦੁਆਰਾ ਦਮਦਮਾ ਸਾਹਿਬ, ਮੀਰਪੁਰ, ਬਰਾਸਤਾ ਜੇਹਲਮ
32. ਭਾਈ ਚਤਰ ਸਿੰਘ, ਗੁਰਦੁਆਰਾ ਸਾਰੰਬਾਨ ਸ਼ਹਿਰ, ਮਲਾਇਆ ਟਾਪੂ
33. ਭਾਈ ਠਾਕਰ ਸਿੰਘ ਜੀ 'ਸੰਸਾਰ', ਪਿੰਡ ਫ਼ਤਹਿਗੜ੍ਹ ਘਨੱਈਆ, ਡਾਕਖ਼ਾਨਾ ਖ਼ਾਸ (ਗੁਰਦਾਸਪੁਰ)
34. ਪੰਡਤ ਕਰਤਾਰ ਸਿੰਘ ਜੀ ਦਾਖਾ (ਲੁਧਿਆਣਾ)
35. ਭਾਈ ਪ੍ਰੇਮ ਸਿੰਘ ਜੀ ਗਿਆਨੀ, ਖ਼ਾਲਸਾ ਹਾਈ ਸਕੂਲ, ਕੱਲਰ (ਰਾਵਲਪਿੰਡੀ)
36. ਭਾਈ ਗੁਰਦਿੱਤ ਸਿੰਘ ਜੀ ਦਰਸ, ਚੱਕ ਨੰ: 132, ਡਾਕਖ਼ਾਨਾ ਖਾਸ (ਮੁਲਤਾਨ)
37. ਭਾਈ ਸੁੰਦਰ ਸਿੰਘ ਜੀ ਦੁਬੇਰਨ (ਰਾਵਲਪਿੰਡੀ)
38. ਗਿਆਨੀ ਭਗਤ ਸਿੰਘ ਜੀ, ਖ਼ਾਲਸਾ ਹਾਈ ਸਕੂਲ, ਬਾਬਾ ਬਕਾਲਾ (ਅੰਮ੍ਰਿਤਸਰ)
39. ਭਾਈ ਸਰਨ ਸਿੰਘ ਜੀ, ਗ੍ਰੰਥੀ ਗੁਰਦੁਆਰਾ ਰਤਨ ਤਲਾ, ਸ੍ਰੀ ਗੁਰੂ ਸਿੰਘ ਸਭਾ, ਕਰਾਚੀ
40. ਭਾਈ ਛਹਿਬਰ ਸਿੰਘ ਜੀ, ਹੈੱਡ ਮਾਸਟਰ, ਖ਼ਾਲਸਾ ਉਪਦੇਸ਼ਕ ਕਾਲਜ ਯਤੀਮਖ਼ਾਨਾ, ਘਰਜਾਖ (ਗੁੱਜਰਾਂਵਾਲਾ)
41. ਭਾਈ ਮੱਲ ਸਿੰਘ ਜੀ ਖੋਸਲਾ, ਕਸ਼ਮੀਰ ਸਟੇਟ
42. ਡਾਕਟਰ ਤੇਜਾ ਸਿੰਘ ਜੀ ਗਿਆਨੀ, ਫ਼ਤਹਿ ਚੱਕ (ਤਰਨ ਤਾਰਨ)
43. ਭਾਈ ਗੁਰਮੁਖ ਸਿੰਘ ਜੀ ਗ੍ਰੰਥੀ, ਬੜੂੰਦੀ (ਲੁਧਿਆਣਾ)
44. ਭਾਈ ਮੋਹਨ ਸਿੰਘ ਜੀ ਵੈਦ, ਤਰਨ ਤਾਰਨ (ਅੰਮ੍ਰਿਤਸਰ)

45. ਭਾਈ ਜੋਧ ਸਿੰਘ ਜੀ, *ਕ੍ਰਿਪਾਨ ਬਹਾਦਰ,* ਅਲੋਵਾਲ (ਮਲਾਇਆ ਸਟੇਟ)
46. ਭਾਈ ਪ੍ਰੇਮ ਸਿੰਘ ਜੀ ਪੈਨਸ਼ਨਰ, ਮਾਂਗਟ (ਗੁਜਰਾਤ)
47. ਭਾਈ ਮਹਾਂ ਬਲਬੀਰ ਸਿੰਘ ਅਕਾਲੀ, ਪਿੰਡ ਪੱਤੋ ਸਿੰਘ ਵਾਲੀ, ਡਾਕਖ਼ਾਨਾ ਖ਼ਾਸ (ਫ਼ਿਰੋਜ਼ਪੁਰ)
48. ਭਾਈ ਮਨੋਹਰ ਸਿੰਘ ਜੀ, ਪਹਿਲਾ ਹੈੱਡ ਕਲਰਕ, ਸਥਾਨਕ ਗੁਰਦੁਆਰਾ ਕਮੇਟੀ, ਅੰਮ੍ਰਿਤਸਰ
49. ਭਾਈ ਮਹਿੰਦਰ ਸਿੰਘ ਜੀ, ਪ੍ਰਧਾਨ ਗੁਰਦੁਆਰਾ ਕਮੇਟੀ, ਸਮਾਧ ਭਾਈ, ਪਿੰਡ ਅਣੂਕੇ (ਫ਼ਿਰੋਜ਼ਪੁਰ)
50. ਭਾਈ ਗੁਰਬਚਨ ਸਿੰਘ ਜੀ (Ketrygess M.P. Nett Jormune B.Sc)

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਪੰਥਕ ਜਥਿਆਂ ਵੱਲੋਂ ਰਾਵਾਂ ਪੁੱਜੀਆਂ :

1. ਗੁਰਦੁਆਰਾ ਕਮੇਟੀ ਖਡੂਰ ਸਾਹਿਬ, ਅੰਮ੍ਰਿਤਸਰ
2. ਖ਼ਾਲਸਾ ਕਮੇਟੀ (ਸਕੂਲ), ਹੋਤੀ
3. ਸ੍ਰੀ ਗੁਰੂ ਸਿੰਘ ਸਭਾ, ਗੁਜਰਾਂਵਾਲਾ
4. ਸਿੱਖ ਇਸਤਰੀ ਵਿਦਿਅਕ ਕਮੇਟੀ, ਸ਼ਾਂਕਰ (ਜਲੰਧਰ)
5. ਸੰਗਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ
6. ਸ੍ਰੀ ਗੁਰੂ ਸਿੰਘ ਸਭਾ, ਗੁਜਰਖ਼ਾਨ
7. ਸ੍ਰੀ ਗੁਰੂ ਸਿੰਘ ਸਭਾ, ਚੱਕ ਝੁਮਰਾ ਮੰਡੀ (ਲਾਇਲਪੁਰ)
8. ਸ੍ਰੀ ਗੁਰੂ ਸਿੰਘ ਸਭਾ, ਕੁੰਤਰੀਲਾ (ਰਾਵਲਪਿੰਡੀ)
9. ਅਕਾਲੀ ਜਥਾ, ਅੰਮ੍ਰਿਤਸਰ ਸ਼ਹਿਰੀ
10. ਸਿੱਖ ਟੀਚਰਜ਼ ਐਸੋਸੀਏਸ਼ਨ, ਖ਼ਾਲਸਾ ਸਕੂਲ, ਖਾਰੀਆ (ਗੁਜਰਾਤ)
11. ਖ਼ਾਲਸਾ ਸੈਂਟਰਲ ਦੀਵਾਨ, ਸ਼੍ਰੋਮਣੀ ਪੰਥ ਮਲੌਣੀ ਜਥਾ, ਮਾਝਾ
12. ਸ੍ਰੀ ਗੁਰੂ ਸਿੰਘ ਸਭਾ, ਢੁਢਿਆਲਾ (ਜੇਹਲਮ)
13. ਸ੍ਰੀ ਗੁਰੂ ਸਿੰਘ ਸਭਾ, ਬੰਬਈ
14. ਗੁਰੂ ਨਾਨਕ ਖ਼ਾਲਸਾ ਮਿਡਲ ਸਕੂਲ, ਡੇਹਰਾ ਸਾਹਿਬ, ਜਾਮਾ ਰਾਇ
15. ਖ਼ਾਲਸਾ ਦੀਵਾਨ, ਲਾਹੌਰ ਛਾਉਣੀ
16. ਸੈਂਟਰਲ ਸਿੱਖ ਨੌਜਵਾਨ ਸਭਾ, ਬਰਮਾ ਟੌਂਜੀ (ਐਸ.ਐਸ.ਐਸ.) ਤੇ ਖ਼ਾਲਸਾ ਦੀਵਾਨ ਬਰਮਾ
17. ਸਕੱਤਰ ਅਕਾਲੀ ਜਥਾ, ਤਹਿਸੀਲ ਅੰਬਾਲਾ
18. ਸ੍ਰੀ ਗੁਰੂ ਸਿੰਘ ਸਭਾ, ਖ਼ੁਸ਼ਾਬ (ਸਰਗੋਧਾ)
19. ਪੈਸੇਫ਼ਿਕ ਕੌਸਟ ਖ਼ਾਲਸਾ ਦੀਵਾਨ, ਸਟਾਕਟਨ (ਅਮਰੀਕਾ)
20. ਗੁਰਦੁਆਰਾ ਕਮੇਟੀ, ਮੋਮਿਓ (ਬਰਮਾ)
21. ਜਥੇਦਾਰ ਬੁੱਢਾ ਦਲ ਨਿਹੰਗ ਸਿੰਘਾਂ ਚਲਦਾ ਵਹੀਰ, ਧੋਬੀ ਮੰਡੀ, ਲਾਹੌਰ

*(ਸਿੱਖ ਰਹਿਤ ਮਰਯਾਦਾ, ਪੰਨੇ 5-8)*


Sri Satguru Jagjit Singh Ji eLibrary NamdhariElibrary@gmail.com

## ਖਰੜੇ ਦੀ ਪ੍ਰਵਾਨਗੀ

30 ਦਸੰਬਰ, 1933 ਦੀ ਇਕੱਤਰਤਾ ਦੌਰਾਨ ਸਾਹਮਣੇ ਆਏ ਵੀਚਾਰਾਂ ਨੂੰ ਧਿਆਨ ਵਿਚ ਰੱਖ ਕੇ ਪਹਿਲੇ ਖਰੜੇ ਵਿਚ ਸੋਧਾਂ, ਹੋਰ ਰਾਵਾਂ ਲਈ ਇਸ ਦੀਆਂ ਕਾਪੀਆਂ ਦੀ ਵੰਡ, ਰਾਵਾਂ ਦੀ ਪ੍ਰਾਪਤੀ ਉਪਰੰਤ ਰਹੁ-ਰੀਤ ਸਬ-ਕਮੇਟੀ ਦੀਆਂ ਵੀਚਾਰਾਂ ਆਦਿ 'ਤੇ ਲਗਭਗ ਪੌਣੇ ਤਿੰਨ ਸਾਲ ਦਾ ਸਮਾਂ ਹੋਰ ਲੱਗ ਗਿਆ। ਇਸ ਸੋਧੇ ਹੋਏ ਨਵੇਂ ਖਰੜੇ ਨੂੰ ਸਰਬ ਹਿੰਦ 'ਸਿੱਖ ਮਿਸ਼ਨ ਬੋਰਡ' ਨੇ ਆਪਣੀ ਇਕੱਤਰਤਾ 1-8-36 ਦੇ ਮਤਾ ਨੰ: 1 ਰਾਹੀਂ ਇਸ ਨੂੰ ਪਾਸ ਕਰ ਦਿੱਤਾ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਇਕੱਤਰਤਾ 12-10-36 ਨੂੰ ਮਤਾ ਨੰ: 149 ਰਾਹੀਂ ਇਸ ਦੀ ਪ੍ਰਵਾਨਗੀ ਦੇ ਦਿੱਤੀ। *(ਸਿੱਖ ਰਹਿਤ ਮਰਯਾਦਾ, ਪੰਨਾ 1)*

## ਹੋਰ ਸੋਧਾਂ

12 ਅਕਤੂਬਰ, 1936 ਈਸਵੀ ਨੂੰ ਪ੍ਰਵਾਨਗੀ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ (ਸ੍ਰੀ ਨਨਕਾਣਾ ਸਾਹਿਬ, ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਦਿ) ਸਭਨਾਂ ਅਸਥਾਨਾਂ 'ਤੇ ਇਹ ਮਰਯਾਦਾ ਲਾਗੂ ਹੋ ਗਈ, ਪਰ ਕੁਝ ਸਿੱਖ ਸੰਪ੍ਰਦਾਵਾਂ ਅਤੇ ਜਥਿਆਂ ਦੀ ਅਜੇ ਵੀ ਇਸ ਨਾਲ ਆਮ ਸਹਿਮਤੀ ਨਹੀਂ ਸੀ ਜਾਪਦੀ। ਜਿਸ ਨੂੰ ਧਿਆਨ ਵਿਚ ਰੱਖ ਕੇ ਸ਼੍ਰੋਮਣੀ ਕਮੇਟੀ ਦੀ 'ਧਾਰਮਿਕ ਸਲਾਹਕਾਰ ਕਮੇਟੀ' ਨੇ ਆਪਣੀ ਬਾਰ੍ਹਵੀਂ ਇਕੱਤਰਤਾ 28 ਜੁਲਾਈ, 1944 ਵਿਚ ਰਹਿਤ ਮਰਯਾਦਾ ਵਿਚ ਕੁਝ ਵਾਧੇ ਘਾਟੇ ਕਰਨ ਸੰਬੰਧੀ ਵੀਚਾਰ ਕੀਤੀ।

7 ਜੁਲਾਈ, 1945 ਦੀ ਤੇਰ੍ਹਵੀਂ ਇਕੱਤਰਤਾ ਵਿਚ ਧਾਰਮਿਕ ਸਲਾਹਕਾਰ ਕਮੇਟੀ ਨੇ ਇਨ੍ਹਾਂ ਨੂੰ ਫਿਰ ਵਿਚਾਰਿਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਸਿੱਖ ਰਹਿਤ ਮਰਯਾਦਾ' ਵਿਚ ਵਾਧੇ ਘਾਟੇ ਕਰਨ ਦੀ ਸਿਫ਼ਾਰਸ਼ ਕੀਤੀ। ਧਾਰਮਿਕ ਸਲਾਹਕਾਰ ਕਮੇਟੀ ਦੀ ਇਸ ਇਕੱਤਰਤਾ ਵਿਚ ਹੇਠ ਲਿਖੇ ਪੰਥ ਦਰਦੀ ਵਿਦਵਾਨ ਹਾਜ਼ਰ ਸਨ :

1. ਸਿੰਘ ਸਾਹਿਬ ਮੋਹਨ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
2. ਭਾਈ ਸਾਹਿਬ ਭਾਈ ਅੱਛਰ ਸਿੰਘ ਜੀ, ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ
3. ਪ੍ਰੋਫ਼ੈਸਰ ਤੇਜਾ ਸਿੰਘ ਜੀ ਐਮ.ਏ., ਖ਼ਾਲਸਾ ਕਾਲਜ, ਅੰਮ੍ਰਿਤਸਰ
4. ਪ੍ਰੋ: ਗੰਗਾ ਸਿੰਘ ਜੀ, ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ
5. ਗਿਆਨੀ ਲਾਲ ਸਿੰਘ ਜੀ ਐਮ.ਏ., ਪ੍ਰੋ: ਮਿਸ਼ਨਰੀ ਕਾਲਜ
6. ਪ੍ਰੋ: ਸ਼ੇਰ ਸਿੰਘ ਜੀ ਐਮ.ਐਸ.ਸੀ., ਗੌਰਮਿੰਟ ਕਾਲਜ, ਲੁਧਿਆਣਾ
7. ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ (ਪ੍ਰਸਿੱਧ ਹਿਸਟੋਰੀਅਨ)
8. ਗਿਆਨੀ ਬਾਦਲ ਸਿੰਘ ਜੀ, ਇਨਚਾਰਜ ਸਿੱਖ ਮਿਸ਼ਨ ਹਾਪੜ।

*(ਸਿੱਖ ਰਹਿਤ ਮਰਯਾਦਾ, ਪੰਨਾ 1)*

## ਇਹ 'ਕੁਝ ਵਾਧੇ ਘਾਟੇ' ਇਸ ਪ੍ਰਕਾਰ ਸਨ

1. ਨਾਮ ਬਾਣੀ ਦਾ ਅਭਿਆਸ—ਹੇਠ ਸੋਦਰ ਰਹਿਰਾਸ ਦੇ ਹੈਡਿੰਗ ਹੇਠ ਲਫ਼ਜ਼ "ਦੁਸਟ ਦੋਖ ਤੇ ਲੇਹੁ ਬਚਾਈ" ਤਕ ਅਤੇ ਲਫ਼ਜ਼ 'ਅਨੰਦ ਦੀਆਂ ਪੰਜ ਪਉੜੀਆਂ' ਵਿਚਲੇ "ਸਵੈਯਾ॥ ਪਾਇ ਗਹੇ ਜਬ ਤੇ ਤੁਮਰੇ" ਅਤੇ "ਦੋਹਰਾ॥ ਸਗਲ ਦੁਆਰ ਕਉ ਛਾਡਿ ਕੈ" ਵਧਾਏ ਜਾਣ ਅਤੇ ਲਫ਼ਜ਼ "ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ" ਦੇ ਅੱਗੇ ਸ਼ਬਦ "ਮੁੰਦਾਵਣੀ" ਤੇ "ਸਲੋਕ ਮਹਲਾ ੫॥ ਤੇਰਾ ਕੀਤਾ ਜਾਤੋ ਨਾਹੀ" ਵਧਾਏ ਜਾਣ।
2. ਹੈਡਿੰਗ ਗੁਰਦੁਆਰੇ ਦੇ ਅੰਕ (ੲ) ਹੇਠ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ' ਵਿੱਚੋਂ ਲਫ਼ਜ਼ 'ਦੀ ਦੇਹ' ਕੱਟ ਦਿੱਤੇ ਜਾਣ।
3. ਹੈਡਿੰਗ ਗੁਰਦੁਆਰੇ ਦੇ ਅੰਕ (ਕ) ਵਿਚ ਲਫ਼ਜ਼ 'ਬਨਾਣੀਆਂ ਜਾਂ ਰਖਣੀਆਂ' ਅਤੇ 'ਇਹੋ ਜਿਹੇ ਕਰਮਾਂ' ਵਿਚ ਲਫ਼ਜ਼ 'ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ' ਵਧਾ ਦਿੱਤੇ ਜਾਣ।
4. ਹੈਡਿੰਗ ਗੁਰਦੁਆਰੇ ਦੇ ਅੰਕ (ਛ) ਵਿੱਚੋਂ ਲਫ਼ਜ਼ 'ਸਿਰ ਨਿਵਾ ਕੇ' ਕੱਟ ਦਿੱਤੇ ਜਾਣ।
5. ਹੈਡਿੰਗ ਗੁਰਦੁਆਰੇ ਦੇ ਅੰਕ (ਖ) ਵਿਚ ਜਿਥੇ ਜਿਥੇ ਲਫ਼ਜ਼ 'ਅਸਵਾਰਾ ਸਾਹਿਬ' ਆਉਂਦੇ ਹਨ, ਉਥੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰ ਦਿੱਤਾ ਜਾਵੇ।
6. ਹੈਡਿੰਗ ਗੁਰਦੁਆਰੇ ਦੇ ਅੰਕ (ਢ) ਵਿਚ ਅਖ਼ੀਰੀ ਲਾਈਨ ਵਿਚ 'ਲੋਹੇ ਦਾ' ਅਤੇ ਲਫ਼ਜ਼ 'ਖੰਡਾ ਹੋਵੇ' ਵਿਚਾਲੇ ਲਫ਼ਜ਼ 'ਭਾਲਾ ਜਾਂ' ਵਧਾ ਦਿੱਤੇ ਜਾਣ।
7. ਹੈਡਿੰਗ ਗੁਰਦੁਆਰੇ ਦੇ ਅਖ਼ੀਰ ਵਿਚ ਲਿਖਿਆ ਅੰਕ (ਣ) ਵਧਾ ਦਿੱਤਾ ਜਾਵੇ। (ਣ) ਗੁਰਦੁਆਰੇ ਵਿਚ ਨਗਾਰਾ ਹੋਵੇ, ਜੋ ਸਮੇਂ ਸਿਰ ਵਜਾਇਆ ਜਾਵੇ।
8. ਹੈਡਿੰਗ ਅਖੰਡ ਪਾਠ ਦੇ ਅੰਕ (ੲ) ਵਿਚ 'ਜੋਤਿ' ਤੇ ਲਫ਼ਜ਼ 'ਆਦਿ' ਵਿਚ 'ਨਲੀਏਰ' ਵਧਾ ਦਿੱਤੇ ਜਾਣ।
9. ਹੈਡਿੰਗ ਅਖੰਡ ਪਾਠ ਦੇ ਅੰਕ (ੲ) ਵਿਚ 'ਪੰਜਾਂ ਪਿਆਰਿਆਂ ਦਾ ਗੜ੍ਹਾ' ਤੋਂ ਅੱਗੇ ਲਫ਼ਜ਼ 'ਕਢਿਆ ਜਾਵੇ' ਤੋਂ ਲੈ ਕੇ 'ਸਾਰੀ ਸੰਗਤ ਵਿਚ ਵਰਤਾ ਦੇਵੇ' ਤਕ ਕੱਟ ਦਿੱਤੇ ਜਾਣ ਤੇ ਇਨ੍ਹਾਂ ਦੀ ਥਾਂ ਅੱਗੇ ਦਰਜ ਲਫ਼ਜ਼ ਕਰ ਦਿੱਤੇ ਜਾਣ 'ਕੱਢ ਕੇ ਵਰਤਾਇਆ ਜਾਵੇ, ਉਪਰੰਤ'।
10. ਹੈਡਿੰਗ ਜਨਮ ਤੇ ਨਾਮ ਸੰਸਕਾਰ ਦਾ ਅੰਕ (ੳ) ਸਾਰਾ ਕੱਟ ਦਿੱਤਾ ਜਾਵੇ ਤੇ ਅੰਕ (ਅ) ਨੂੰ (ੳ), (ੲ) ਨੂੰ (ਅ) ਤੇ (ਸ) ਨੂੰ (ੲ) ਕਰ ਦਿੱਤਾ ਜਾਵੇ ਅਤੇ ਨਵੇਂ ਅੰਕ (ੳ) ਦੇ ਸ਼ੁਰੂ ਦੇ ਲਫ਼ਜ਼ਾਂ ਤੋਂ ਪਹਿਲੋ ਲਫ਼ਜ਼ 'ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ' ਵਧਾ ਦਿੱਤੇ ਜਾਣ।
11. ਹੈਡਿੰਗ ਅਨੰਦ ਸੰਸਕਾਰ ਦਾ ਮੌਜੂਦਾ ਅੰਕ (ਟ) ਹੇਠ ਲਿਖੇ ਅਨੁਸਾਰ ਕਰ ਦਿੱਤਾ ਜਾਵੇ। (ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ।


Sri Satguru Jagjit Singh Ji eLibrary NamdhariElibrary@gmail.com

ਨੋਟ: ਇਸ ਅੰਕ 'ਤੇ ਬਹਿਸ ਦੌਰਾਨ ਸ: ਸ਼ੇਰ ਸਿੰਘ ਜੀ ਇਕੱਤਰਤਾ ਵਿੱਚੋਂ ਚਲੇ ਗਏ ਸਨ। ਪ੍ਰੋ: ਤੇਜਾ ਸਿੰਘ ਜੀ ਅਤੇ ਜਥੇਦਾਰ ਅੱਛਰ ਸਿੰਘ ਜੀ ਨੇ ਇਸ ਤਬਦੀਲੀ ਵਿਰੁੱਧ ਆਪਣੀ ਅਸੰਮਤੀ ਨੋਟ ਕਰਵਾਈ।

12. ਹੈਡਿੰਗ ਸੇਵਾ ਦਾ (ਅ) ਕੱਟ ਦਿੱਤਾ ਜਾਵੇ।
13. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (ਸ) ਦੀ ਤੀਜੀ ਲਾਈਨ ਵਿਚ ਲਫ਼ਜ਼ 'ਜੋ ਸਿੱਖੀ ਧਰਮ ਗ੍ਰਹਿਣ ਕਰਨ ਤੇ ਉਸਦੇ ਅਸੂਲਾਂ ਉਪਰ ਚੱਲਣ ਦਾ ਚਾਹਵਾਨ ਹੋਵੇ' ਦੀ ਥਾਂ 'ਜੋ ਸਿੱਖੀ ਧਰਮ ਗ੍ਰਹਿਣ ਕਰਨ ਤੇ ਉਸਦੇ ਅਸੂਲਾਂ 'ਤੇ ਚੱਲਣ ਦਾ ਪ੍ਰਣ ਕਰੇ' ਕਰ ਦਿੱਤੇ ਜਾਣ। ਇਸ ਅੰਕ ਵਿਚ ਲਫ਼ਜ਼ 'ਕ੍ਰਿਪਾਨ ਗਾਤਰੇ ਵਾਲੀ' ਵਿੱਚੋਂ ਲਫ਼ਜ਼ 'ਵਾਲੀ' ਕੱਢ ਦਿੱਤੇ ਜਾਣ।
14. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (ਵ) ਵਿਚ ਲਫ਼ਜ਼ 'ਵਾਹਿਗੁਰੂ ਦਾ ਸਰੂਪ ਦੱਸਣ ਲਈ' ਦੀ ਥਾਂ ਲਫ਼ਜ਼ 'ਵਾਹਿਗੁਰੂ ਦਾ ਨਾਮ ਦੱਸ ਕੇ' ਕਰ ਦਿੱਤੇ ਜਾਣ।
15. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (ਣ) ਦੇ ਆਖ਼ਰੀ ਫ਼ਿਕਰੇ ਵਿੱਚੋਂ ਲਫ਼ਜ਼ 'ਉਸੇ ਇਕ ਬਾਟੇ ਵਿੱਚੋਂ' ਕੱਟ ਦਿੱਤੇ ਜਾਣ।
16. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (ਠ) ਦੇ ਲਘੂ ਅੰਕ (3) ਵਿੱਚੋਂ ਲਫ਼ਜ਼ 'ਚਿਟੇ ਚੁਗਣ ਵਾਲਾ' ਕੱਟ ਦਿੱਤੇ ਜਾਣ।
17. ਹੈਡਿੰਗ ਪੰਥਕ ਰਹਿਣੀ ਦੇ ਅੰਕ (1) ਵਿਚ ਲਫ਼ਜ਼ 'ਗੁਰ ਸੰਗਤ ਤੇ' ਕੱਟ ਦਿੱਤੇ ਜਾਣ। ਇਸੇ ਤਰ੍ਹਾਂ ਹੈਡਿੰਗ 'ਗੁਰੂ ਸੰਗਤ ਤੇ ਗੁਰੂ ਪੰਥ' ਦੀ ਥਾਂ ਕੇਵਲ ਲਫ਼ਜ਼ 'ਗੁਰੂ ਪੰਥ' ਕਰ ਦਿੱਤੇ ਜਾਣ। ਇਸ ਹੈਡਿੰਗ ਦੇ ਅੰਕ (ਅ), (ੲ) ਤੇ (ਸ) ਕੱਟ ਦਿੱਤੇ ਜਾਣ।

## ਸਿਫ਼ਾਰਸ਼ ਨੂੰ ਪ੍ਰਵਾਨਗੀ

ਧਾਰਮਿਕ ਸਲਾਹਕਾਰ ਕਮੇਟੀ ਦੀ (ਉਪਰੋਕਤ) ਕੁਝ ਵਾਧਾ ਘਾਟਾ ਕਰਨ ਦੀ ਸਿਫ਼ਾਰਸ਼ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਜਨਰਲ ਇਕੱਤਰਤਾ 3 ਫ਼ਰਵਰੀ, 1945 ਨੇ ਮਤਾ ਨੰਬਰ 97 ਰਾਹੀਂ ਵੀਚਾਰ ਕੇ ਪ੍ਰਵਾਨਗੀ ਦੇ ਦਿੱਤੀ।

*(ਸਿੱਖ ਰਹਿਤ ਮਰਯਾਦਾ, ਪੰਨਾ 1)*

ਇਸ ਤੋਂ ਬਾਅਦ ਜਦੋਂ ਜਦੋਂ ਵੀ ਧਾਰਮਿਕ ਸਲਾਹਕਾਰ ਕਮੇਟੀ ਨੇ ਕਿਸੇ ਸੋਧ ਲਈ ਸਿਫ਼ਾਰਸ਼ ਕੀਤੀ, ਉਸ ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ ਨੇ ਹੀ ਵੀਚਾਰ ਕੇ ਪ੍ਰਵਾਨਗੀ ਦਿੱਤੀ।

ਇਸ ਤਰ੍ਹਾਂ ਵਿਦਵਾਨ ਦੂਰ-ਅੰਦੇਸ਼ ਪੰਥ ਦਰਦੀਆਂ ਵੱਲੋਂ ਕੌਮ ਦਾ ਧਾਰਮਿਕ ਵਿਧਾਨ ਸਰਬ-ਸੰਮਤੀ ਨਾਲ ਉਲੀਕਣ ਦਾ ਕਾਰਜ ਜੋ 14 ਮਾਰਚ, 1927 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਰੰਭਿਆ ਸੀ, 'ਸਿੱਖ ਰਹਿਤ ਮਰਯਾਦਾ' ਦੇ ਨਾਮ ਹੇਠ ਸਮੂਹ ਗੁਰਸਿੱਖਾਂ, ਜਥੇਬੰਦੀਆਂ ਅਤੇ ਸੰਪ੍ਰਦਾਵਾਂ ਦੇ ਸਹਿਯੋਗ ਨਾਲ 12 ਅਕਤੂਬਰ, 1936 ਨੂੰ ਪਾਸ ਹੋਇਆ, ਜਿਸ ਵਿਚ 3 ਫ਼ਰਵਰੀ, 1945 ਨੂੰ ਮਹੱਤਵਪੂਰਨ ਸੋਧਾਂ ਪ੍ਰਵਾਨ ਹੋਈਆਂ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੇ ਦੱਸਣ

ਅਨੁਸਾਰ ਰਹਿਤ ਮਰਯਾਦਾ ਸੰਬੰਧੀ ਲਿਖਾ-ਪੜ੍ਹੀ ਅਤੇ ਚਿੱਠੀ ਪੱਤਰਾਂ ਦੀਆਂ ਫ਼ਾਈਲਾਂ ਦਾ ਭਾਰ ਇਕ ਮਣ ਤੋਂ ਵੱਧ ਹੀ ਹੋਵੇਗਾ (ਇਸ ਦੀ ਤਸਦੀਕ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਵੀ ਕੀਤੀ), ਜੋ ਜੂਨ 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੌਰਾਨ ਸਰਕਾਰੀ ਹੰਕਾਰ ਦਾ ਸ਼ਿਕਾਰ ਹੋ ਗਿਆ।

ਜਦੋਂ ਅਸੀਂ ਕਹਿੰਦੇ ਹਾਂ ਕਿ 'ਸਿੱਖ ਰਹਿਤ ਮਰਯਾਦਾ' ਸਿੱਖ ਕੌਮ ਦਾ ਵਿਧਾਨ ਹੈ, ਜੋ ਕਈ ਸਾਲਾਂ ਦੀ ਘਾਲਣਾ ਬਾਅਦ ਤਿਆਰ ਹੋ ਕੇ ਲਾਗੂ ਹੋਇਆ ਤਾਂ ਕੁਝ ਗੁਰਸਿੱਖ ਅਸਾਡਾ ਅੱਜ ਦਾ ਵਿਗੜਿਆ ਹੋਇਆ ਪੰਥਕ ਮੁਹਾਂਦਰਾ ਵੇਖ ਕੇ ਕਿਸੇ ਭਰਮ ਦਾ ਸ਼ਿਕਾਰ ਹੋ ਜਾਂਦੇ ਹਨ। ਪਾਠਕਾਂ ਦੀ ਜਾਣਕਾਰੀ ਲਈ ਅਸੀਂ ਉਨ੍ਹਾਂ ਸਾਰੇ ਮਹਾਨ ਵਿਅਕਤੀਆਂ ਅਤੇ ਸੰਸਥਾਵਾਂ ਦੇ ਨਾਵਾਂ ਦੀਆਂ ਪ੍ਰਾਪਤ ਸੂਚੀਆਂ ਦੇ ਦਿੱਤੀਆਂ ਹਨ, ਜਿਨ੍ਹਾਂ ਨੇ ਮਰਯਾਦਾ ਦੇ ਖਰੜੇ ਨੂੰ ਲਿਖਣ ਅਤੇ ਵੀਚਾਰਨ ਦੌਰਾਨ ਹਿੱਸਾ ਲਿਆ। ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਕਥਨ :

**ਸਤਿਗੁਰ ਵੰਸੀ ਪਰਮਹੰਸ, ਗੁਰਸਿੱਖ ਹੰਸ ਵੰਸ ਨਿਬਹੰਦਾ॥**
**ਪਿਓ ਦਾਦੇ ਦੇ ਰਾਹ ਚਲੰਦਾ॥੨੯॥੨੬॥**

ਅਨੁਸਾਰ, ਇਹ ਉਹ ਸਤਿਗੁਰ ਵੰਸੀ ਪਰਮਹੰਸ ਗੁਰਸਿੱਖ ਸਨ, ਜਿਨ੍ਹਾਂ ਨੇ ਗੁਰੂ ਪਿਉ-ਦਾਦੇ ਦੇ ਰਾਹ ਆਪ ਚਲਦਿਆਂ ਹੋਰਨਾਂ ਨੂੰ ਚਲਾਉਣ ਦਾ ਸਫਲ ਯਤਨ ਕੀਤਾ।

ਕੌਮੀ ਵਿਧਾਨ ਉਲੀਕਣਾ, ਜੇਲ੍ਹਾਂ ਕੱਟਣ ਅਤੇ ਜੁਰਮਾਨੇ ਭਰਨ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਜੋਖਮ ਭਰਿਆ ਕਾਰਜ ਨਹੀਂ। ਖ਼ਾਸ ਤੌਰ 'ਤੇ ਉਹ ਵਿਧਾਨ ਜੋ ਸਮੁੱਚੇ ਤੌਰ 'ਤੇ ਕੌਮ ਦੇ ਧਾਰਮਿਕ ਰੂਪ ਨੂੰ ਪ੍ਰਗਟ ਕਰਦਾ ਹੋਵੇ ਤਾਂ ਤੇ, ਇਸ ਕਾਰਜ ਵਾਸਤੇ ਸਾਡੀ ਨਜ਼ਰ ਵਿਚ ਜਥੇਦਾਰ ਮੋਹਨ ਸਿੰਘ ਜੀ (ਨਾਗੋਕੇ) ਜੈਸੇ ਅਕਾਲ ਤਖ਼ਤ ਸਾਹਿਬ ਦੇ ਦੂਰ-ਦ੍ਰਿਸ਼ਟਾ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੁੱਧ ਪ੍ਰਧਾਨ, ਜਥੇਦਾਰ ਅੱਛਰ ਸਿੰਘ ਜੀ ਜੈਸੇ ਸ੍ਰੀ ਦਰਬਾਰ ਸਾਹਿਬ ਦੇ ਦ੍ਰਿੜ ਇਰਾਦੇ ਵਾਲੇ ਹੈੱਡ-ਗ੍ਰੰਥੀ, ਤੇਜਾ ਸਿੰਘ ਜੀ ਜੈਸੇ ਖ਼ਾਲਸਾ ਕਾਲਜ ਦੇ ਨਿਰਮਲ ਜੀਵਨ ਵਾਲੇ ਪ੍ਰੋਫ਼ੈਸਰ ਅਤੇ ਕੌਰ ਸਿੰਘ ਜੀ ਨਿਹੰਗ ਜੈਸੇ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਦੇ ਪਹਿਰੇਦਾਰ ਵਿਦਵਾਨ ਅਕਾਲੀ ਵਰਗੀਆਂ ਹੀ ਮਹਾਨ ਸ਼ਖ਼ਸੀਅਤਾਂ ਚਾਹੀਦੀਆਂ ਸਨ। 1997 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪੀ 'ਸਿੱਖ ਰਹਿਤ ਮਰਯਾਦਾ' ਦੇ English version ਦੇ Preface ਦੀਆਂ ਇਹ ਸਤਰਾਂ ਧਿਆਨਯੋਗ ਹਨ :

> "Men of profound learning, who had not only deeply meditated on Sikhism but lived it and who drew upon the collective wisdom of an extraordinarily fervent generations of Sikh divines and intellectuals, apart from a large number of texts, for compiling these rules."


Sri Satguru Jagjit Singh Ji eLibrary NamdhariElibrary@gmail.com

## ਇਕ ਸੰਖੇਪ ਨਜ਼ਰ

ਉਸ ਸਮੇਂ ਜਦੋਂ ਅਜੇ ਸਿੱਖ ਕੌਮ ਦਾ ਪਸਾਰ ਪੰਜਾਬੋਂ ਬਾਹਰ ਥੋੜ੍ਹਾ ਹੀ ਤੇ ਭਾਰਤ ਤੋਂ ਬਾਹਰ ਬਹੁਤ ਹੀ ਘੱਟ ਸੀ ਤਾਂ ਵੀ ਉਦੋਂ ਕਿੰਨੇ ਭਾਰੀ ਉਤਸ਼ਾਹ ਨਾਲ ਸਭਨਾਂ ਜ਼ਿੰਮੇਵਾਰਾਂ ਨੇ ਯਥਾ-ਸ਼ਕਤਿ ਇਸ ਕਾਰਜ ਵਿਚ ਆਪਣਾ ਹਿੱਸਾ ਪਾਇਆ। ਸਮੁੱਚੇ ਰੂਪ ਵਿਚ ਨਜ਼ਰ ਮਾਰਿਆਂ ਵਿਦਵਾਨ ਮੰਡਲੀ ਵਿਚ ਪ੍ਰੋਫ਼ੈਸਰ ਤੇਜਾ ਸਿੰਘ ਜੀ ਤੋਂ ਇਲਾਵਾ ਪ੍ਰਸਿੱਧ ਵਿਦਵਾਨ ਤੇ ਲਿਖਾਰੀ ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਈ ਵੀਰ ਸਿੰਘ ਜੀ, ਗਿਆਨੀ ਠਾਕੁਰ ਸਿੰਘ ਜੀ, ਗਿਆਨੀ ਹੀਰਾ ਸਿੰਘ ਜੀ ਦਰਦ, ਗਿਆਨੀ ਬੁੱਧ ਸਿੰਘ ਜੀ, ਗਿਆਨੀ ਹਮੀਰ ਸਿੰਘ ਜੀ, ਪ੍ਰਿੰਸੀਪਲ ਧਰਮਾਨੰਤ ਸਿੰਘ ਜੀ, ਪੰਡਤ ਕਰਤਾਰ ਸਿੰਘ ਜੀ ਦਾਖਾ, ਪੰਡਤ ਬਸੰਤ ਸਿੰਘ ਜੀ, ਗਿਆਨੀ ਹਰਿਚਰਨ ਸਿੰਘ ਜੀ ਅਤੇ ਬਾਵਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਆਦਿ ਦੇ ਦਰਸ਼ਨ ਹੁੰਦੇ ਹਨ।

ਜੇ ਧਾਰਮਿਕ ਸ਼ਖ਼ਸੀਅਤਾਂ ਵੱਲ ਨਜ਼ਰ ਮਾਰੀਏ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੇ ਸਿੰਘ ਸਾਹਿਬਾਨ ਜਥੇਦਾਰ ਮੋਹਨ ਸਿੰਘ ਜੀ, ਜਥੇਦਾਰ ਅੱਛਰ ਸਿੰਘ ਜੀ ਤੋਂ ਇਲਾਵਾ ਭਾਈ ਲਾਭ ਸਿੰਘ ਜੀ, ਜਥੇਦਾਰ ਤੇਜਾ ਸਿੰਘ ਜੀ ਭੁੱਚਰ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਗਿਆਨੀ ਪ੍ਰਤਾਪ ਸਿੰਘ ਜੀ ਅਤੇ ਸੰਤ ਤੇਜਾ ਸਿੰਘ ਜੀ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ, ਸੰਤ ਤੇਜਾ ਸਿੰਘ ਜੀ ਐਮ.ਏ. ਮਸਤੂਆਣੇ ਵਾਲੇ, ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ, ਗਿਆਨੀ ਸੁੰਦਰ ਸਿੰਘ ਜੀ, ਗਿ: ਗੁਰਬਚਨ ਸਿੰਘ ਜੀ ਭਿੰਡਰਾਂ ਅਤੇ ਸੰਤ ਸੰਗਤ ਸਿੰਘ ਜੀ ਕਮਾਲੀਆ ਆਦਿ ਸ਼ੋਭਨੀਕ ਹਨ।

ਉਸ ਸਮੇਂ ਦੇ ਪੰਥਕ ਆਗੂਆਂ ਵੱਲੋਂ ਮਾਸਟਰ ਤਾਰਾ ਸਿੰਘ ਜੀ, ਬਾਬਾ ਖੜਕ ਸਿੰਘ ਜੀ, ਸ: ਪ੍ਰਤਾਪ ਸਿੰਘ ਜੀ ਸ਼ੰਕਰ, ਸ: ਕਰਤਾਰ ਸਿੰਘ ਜੀ ਝੱਬਰ, ਜਥੇਦਾਰ ਊਧਮ ਸਿੰਘ ਜੀ ਨਾਗੋਕੇ, ਜਥੇਦਾਰ ਦਰਸ਼ਨ ਸਿੰਘ ਜੀ ਫੇਰੂਮਾਨ ਅਤੇ ਗਿਆਨੀ ਕਰਤਾਰ ਸਿੰਘ ਜੀ ਆਦਿ ਆਪਣੇ ਫ਼ਰਜ਼ ਨਿਭਾਉਂਦੇ ਤਤਪਰ ਦਿਖਾਈ ਦੇਂਦੇ ਹਨ।

ਜਥੇਬੰਦਕ ਪੱਖੋਂ ਸ਼੍ਰੋਮਣੀ ਅਕਾਲੀ ਦਲ ਸਹਿਤ ਹੋਰ ਅਕਾਲੀ ਜਥੇ (ਬੁੱਢਾ ਦਲ, ਨਿਹੰਗ ਸਿੰਘ, ਸ਼੍ਰੋਮਣੀ ਪੰਥ ਮਲੌਣੀ ਜਥਾ ਆਦਿ), ਖ਼ਾਲਸਾ ਦੀਵਾਨਾਂ (ਸੈਂਟਰਲ, ਬਾਰ, ਸਰਗੋਧਾ, ਮਾਲਵਾ, ਗੜਗੱਜ, ਮਾਝਾ, ਬਰਮਾ, ਲਾਹੌਰ ਤੇ ਅੰਮ੍ਰਿਤਸਰ ਆਦਿ), ਸਿੰਘ ਸਭਾਵਾਂ (ਅੰਮ੍ਰਿਤਸਰ, ਲਾਹੌਰ, ਫ਼ਿਰੋਜ਼ਪੁਰ, ਬੁਤਾਲਾ, ਰਾਵਲਪਿੰਡੀ, ਸਿਆਲਕੋਟ, ਆਗਰਾ ਤੇ ਵਜ਼ੀਰਾਬਾਦ ਆਦਿ), ਖ਼ਾਲਸਾ ਕਾਲਜਾਂ ਤੇ ਸਕੂਲਾਂ ਦੇ ਪ੍ਰਬੰਧਕਾਂ/ ਅਧਿਆਪਕਾਂ ਅਤੇ ਸਿੱਖ ਅਖ਼ਬਾਰਾਂ ਦੇ ਐਡੀਟਰਾਂ ਨੇ ਸਮਾਗਮਾਂ ਵਿਚ ਹਾਜ਼ਰੀਆਂ ਵੀ ਭਰੀਆਂ ਅਤੇ ਸਿੱਖ ਸੰਗਤਾਂ ਨੂੰ 'ਮਰਯਾਦਾ' ਦੀ ਮਹੱਤਤਾ ਤੋਂ ਜਾਣੂੰ ਵੀ ਕਰਾਇਆ।

ਭਾਰਤ ਤੋਂ ਬਾਹਰ ਮਲਾਇਆ, ਅਫ਼ਰੀਕਾ ਅਤੇ ਅਮਰੀਕਾ ਨਿਵਾਸੀ ਸੰਗਤਾਂ ਅਤੇ ਸੰਸਥਾਵਾਂ ਨੇ ਵੀ ਚਿੱਠੀ ਪੱਤਰਾਂ ਰਾਹੀਂ ਆਪਣਾ ਹਿੱਸਾ ਪਾਇਆ।

ਸੋ ਅੱਗੇ ਚੱਲਣ ਤੋਂ ਪਹਿਲਾਂ ਦੋ ਗੱਲਾਂ ਨੂੰ ਆਪਣੇ ਵੀਚਾਰ ਦਾ ਕੇਂਦਰ ਬਣਾਉਣ ਦੀ ਮੁਖ ਲੋੜ ਹੈ:

1. ਇਹ ਮਰਯਾਦਾ ਸਮੁੱਚੇ 'ਖ਼ਾਲਸਾ ਪੰਥ' ਦੀ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ-ਪੰਥ ਦੀ ਪ੍ਰਤੀਨਿਧ ਸੰਸਥਾ ਹੋਣ ਕਰਕੇ ਕੇਵਲ ਇਸ ਦੇ ਪ੍ਰਕਾਸ਼ਨ, ਪ੍ਰਚਾਰਨ ਅਤੇ ਲਾਗੂ ਕਰਨ ਲਈ ਮੁਖ ਜ਼ਿੰਮੇਵਾਰ ਹੈ।
2. 'ਸਿੱਖ ਰਹਿਤ ਮਰਯਾਦਾ' ਦਾ ਅਜੋਕਾ ਰੂਪ ਖਰੜਾ (draft) ਨਹੀਂ, ਸਗੋਂ ਗੁਰੂ-ਪੰਥ ਵੱਲੋਂ ਪ੍ਰਵਾਣਿਤ ਵਿਧਾਨ (Constitution or The code of Sikh conduct and coventions) ਹੈ, ਜੋ 12 ਅਕਤੂਬਰ, 1936 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਮੋਹਨ ਸਿੰਘ ਜੀ ਨੇ ਪੰਥ ਦੇ ਨਾਮ ਜਾਰੀ ਕੀਤਾ ਜਾਂ ਦੂਜੇ ਲਫ਼ਜ਼ਾਂ ਵਿਚ ਸਮੁੱਚਾ ਪੰਥ ਇਸ ਅਨੁਸਾਰ ਚੱਲਣ ਲਈ ਵਚਨਬੱਧ ਹੋਇਆ (ਵੀਚਾਰ ਅਧੀਨ ਲਿਖਤ ਨੂੰ ਖਰੜਾ ਕਿਹਾ ਜਾਂਦਾ ਹੈ, ਪਰ ਪਰਵਾਨ ਹੋ ਕੇ ਛਪ ਜਾਣ ਉਪਰੰਤ ਖਰੜਾ ਕਹਿਣਾ ਗ਼ਲਤ ਹੈ)।

## ਵਾਧ-ਘਾਟ ਕਰਨ ਦਾ ਅਧਿਕਾਰ

ਜਿਵੇਂ ਕਿ 1945 ਵਿਚ ਅਤੇ ਉਸ ਤੋਂ ਬਾਅਦ ਵੀ ਕੁਝ ਵਾਰ ਹੋਇਆ ਹੈ, ਜਦੋਂ ਗੁਰੂ-ਪੰਥ ਚਾਹੇ ਹੁਣ ਵੀ ਲੋੜ ਅਨੁਸਾਰ ਇਸ ਵਿਚ ਵਾਧ-ਘਾਟ ਕਰ ਸਕਦਾ ਹੈ। ਹਾਂ, ਕੇਵਲ ਪੰਥ ਜੁਗਤਿ ਵਿਚ, ਜੋ ਗੁਰੂ ਸਾਹਿਬਾਨ ਨੇ ਆਪ ਸਥਾਪਿਤ ਕੀਤੀ ਅਤੇ ਸਾਡੇ ਬਜ਼ੁਰਗਾਂ ਨੇ ਅਪਣਾਈ, ਪਰ ਇਸ ਤੋਂ ਬਾਹਰ ਹੋ ਕੇ ਕਿਸੇ ਵੀ ਇਕ ਵਿਅਕਤੀ ਜਾਂ ਸੰਸਥਾ ਵੱਲੋਂ ਕੀਤੀ ਆਪ-ਹੁਦਰੀ ਕਾਰਵਾਈ ਨੂੰ ਨਾ ਪੰਥਕ ਸਹਿਮਤੀ ਪ੍ਰਾਪਤ ਹੋ ਸਕਦੀ ਹੈ ਅਤੇ ਨਾ ਹੀ ਗੁਰੂ ਕੀ ਅਸੀਸ।

## ਕੁਝ ਮਹੱਤਵਪੂਰਨ ਤਾਰੀਖ਼ਾਂ

1. 15 ਮਾਰਚ, 1927 ਨੂੰ ਰਹੁ-ਰੀਤ ਸਬ-ਕਮੇਟੀ ਦਾ ਗਠਨ।
2. ਅਪਰੈਲ, 1931 ਦੇ ਗੁਰਦੁਆਰਾ ਗ਼ਜ਼ਟ ਵਿਚ ਸੰਗਤਾਂ ਦੀਆਂ ਰਾਵਾਂ ਲੈਣ ਲਈ ਪਹਿਲਾ ਖਰੜਾ ਛਾਪ ਕੇ ਵੰਡਿਆ ਗਿਆ।
3. 30 ਦਸੰਬਰ, 1933 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਰਹਿਤ ਮਰਯਾਦਾ ਵੀਚਾਰਨ ਲਈ ਸਿੱਖ ਆਲ ਪਾਰਟੀਜ਼ ਦੀ ਕਾਨਫ਼ਰੰਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਗਲੀ ਕਾਰਵਾਈ ਕਰਨ ਦਾ ਅਧਿਕਾਰ।
4. 1 ਅਗਸਤ, 1936 ਨੂੰ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਵੱਲੋਂ ਰਹਿਤ ਮਰਯਾਦਾ ਦਾ ਖਰੜਾ ਪ੍ਰਵਾਨ।


Sri Satguru Jagjit Singh Ji eLibrary NamdhariElibrary@gmail.com

5. 12 ਅਕਤੂਬਰ, 1936 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਵੱਲੋਂ ਪ੍ਰਵਾਨਗੀ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਦੇ ਨਾਮ ਜਾਰੀ।
6. 3 ਫ਼ਰਵਰੀ, 1945 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ ਵੱਲੋਂ ਮਹੱਤਵਪੂਰਨ ਸੋਧਾਂ ਦਾ ਮਤਾ ਪਾਸ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਸਿੱਖ ਰਹਿਤ ਮਰਯਾਦਾ ਦੇ ਸੋਮੇ

'ਸਿੱਖ ਰਹਿਤ ਮਰਯਾਦਾ' ਦਾ ਖਰੜਾ ਤਿਆਰ ਕਰਨ ਅਤੇ ਉਸ ਵਿਚ ਸੋਧਾਂ ਨਾਲ ਸੰਬੰਧਿਤ ਸਾਰਾ ਕਾਗ਼ਜ਼-ਪੱਤਰ ਜੂਨ 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੀ ਭੇਟਾ ਚੜ੍ਹ ਚੁੱਕਾ ਹੈ, ਪਰ ਕੁਝ ਬਜ਼ੁਰਗਾਂ, ਜਿਨ੍ਹਾਂ ਨੇ ਇਸ ਦੀ ਤਿਆਰੀ ਵਿਚ ਕਿਸੇ ਤਰ੍ਹਾਂ ਵੀ ਹਿੱਸਾ ਲਿਆ, ਦੀ ਜ਼ੁਬਾਨੀ ਅਤੇ ਲਿਖਤੀ ਜਾਣਕਾਰੀ ਅਤੇ 'ਸਿੱਖ ਰਹਿਤ ਮਰਯਾਦਾ' ਦੀਆਂ ਅੰਦਰਲੀਆਂ ਗਵਾਹੀਆਂ ਤੋਂ ਸਪੱਸ਼ਟ ਹੈ ਕਿ ਇਸ ਦੀ ਤਿਆਰੀ ਸਮੇਂ ਗੁਰਬਾਣੀ ਤੋਂ ਇਲਾਵਾ ਹੋਰ ਅਨੇਕਾਂ ਸ੍ਰੋਤਾਂ ਤੋਂ ਵੀ ਸਹਾਇਤਾ ਲਈ ਗਈ ਹੈ। ਸਿੱਖ ਧਰਮ ਦੇ ਮੁਖ ਸੋਮੇ ਹਨ :

(ੳ)

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ।
2. ਦਸਮੇਸ਼ ਜੀ ਦੀ ਸ੍ਰੀ ਮੁਖਵਾਕ ਬਾਣੀ।
3. ਭਾਈ ਗੁਰਦਾਸ ਜੀ ਦੀ ਰਚਨਾ।
4. ਭਾਈ ਨੰਦ ਲਾਲ ਜੀ ਦੀ ਰਚਨਾ।

## 1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ

ਜੁਗੋ ਜੁਗ ਅਟੱਲ, ਛਤਰ, ਚਵਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ 'ਸਿੱਖ ਰਹਿਤ ਮਰਯਾਦਾ' ਦਾ ਪ੍ਰਮੁੱਖ ਸੋਮਾ ਹੈ, ਕਿਉਂਕਿ 'ਸਿੱਖ ਰਹਿਤ ਮਰਯਾਦਾ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਹੀ 'ਜੁਗਤਿ' ਨਿਸਚਿਤ ਕਰਦੀ ਹੈ, ਤਾਂ ਤੇ ਇਸ ਦੀ ਹਰ ਧਾਰਾ ਅਥਵਾ ਨਿਯਮ ਦਾ ਮੁੱਢਲਾ ਆਧਾਰ ਪਵਿੱਤਰ ਗੁਰਬਾਣੀ ਹੀ ਹੈ, ਜਿਵੇਂ ਅਸੀਂ ਅੱਗੇ ਚੱਲ ਕੇ ਵੀਚਾਰਾਂਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇ ਗੁਰੂ ਸਾਹਿਬਾਨ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ); ਪੰਦਰਾਂ ਭਗਤਾਂ (ਭਗਤ ਕਬੀਰ, ਨਾਮਦੇਵ, ਰਵਿਦਾਸ, ਸ਼ੇਖ਼ ਫ਼ਰੀਦ, ਧੰਨਾ, ਤ੍ਰਿਲੋਚਨ, ਬੇਣੀ, ਸੂਰਦਾਸ, ਜੈਦੇਵ, ਸੈਣ, ਪਰਮਾਨੰਦ, ਪੀਪਾ, ਭੀਖਨ, ਰਾਮਾਨੰਦ ਤੇ ਸਧਨਾ ਜੀ); ਗਿਆਰਾਂ ਭੱਟਾਂ (ਕਲ੍ਹਸਹਾਰ (ਕਲ੍ਹ ਜਾਂ ਟਲ੍ਹ), ਜਾਲਪਾ (ਜਲ੍ਹ),


Sri Satguru Jagjit Singh Ji eLibrary NamdhariElibrary@gmail.com

ਕੀਰਤ, ਭਿੱਖਾ, ਸਲ੍ਹ, ਭਲ੍ਹ, ਨਲ੍ਹ, ਗਯੰਦ, ਮਥੁਰਾ, ਬਲ੍ਹ ਤੇ ਹਰਿਬੰਸ ਜੀ) ਅਤੇ ਤਿੰਨ ਗੁਰਸਿੱਖਾਂ (ਬਾਬਾ ਸੁੰਦਰ, ਰਾਇ ਬਲਵੰਡ ਅਤੇ ਸੱਤਾ ਜੀ) ਦੀ ਬਾਣੀ ਦਰਜ ਹੈ। ਇਸ ਵਿਚ ਰਾਗ ਮੁਕਤ ਬਾਣੀ ਸਹਿਤ ਸ੍ਰੀ ਰਾਗ ਤੋਂ ਲੈ ਕੇ ਜੈਜਾਵੰਤੀ ਤਕ 31 ਰਾਗ ਹਨ।

## 2. ਦਸਮੇਸ਼ ਜੀ ਦੀ ਸ੍ਰੀ ਮੁਖਵਾਕ ਬਾਣੀ

ਸ੍ਰੀ ਦਸਮੇਸ਼ ਜੀ ਦੀ ਬਾਣੀ ਦਸਮ ਗ੍ਰੰਥ ਵਿਚ ਦਰਜ ਮਿਲਦੀ ਹੈ। ਕੁਝ ਵਿਅਕਤੀ ਤਾਂ ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਹੀ ਦਸਮੇਸ਼ ਜੀ ਦੀ ਕਿਰਤ ਮੰਨਦੇ ਹਨ, ਜਦ ਕਿ ਬਾਕੀ ਇਸ ਖ਼ਿਆਲ ਨਾਲ ਸੰਮਤੀ ਨਹੀਂ ਰੱਖਦੇ। 'ਸਿੱਖ ਰਹਿਤ ਮਰਯਾਦਾ' ਦੀ ਵਿਆਖਿਆ ਦੌਰਾਨ ਅਸੀਂ ਕੇਵਲ ਉਨ੍ਹਾਂ ਬਾਣੀਆਂ ਦਾ ਹੀ ਹਵਾਲਾ ਦਿਆਂਗੇ, ਜਿਨ੍ਹਾਂ ਬਾਬਤ ਪੰਥਕ ਪ੍ਰਵਾਨਗੀ ਹੈ।

## 3. ਭਾਈ ਗੁਰਦਾਸ ਜੀ ਦੀ ਰਚਨਾ

ਮਹਾਨ ਵਿਦਵਾਨ ਅਤਿ ਸਤਿਕਾਰਯੋਗ ਭਾਈ ਸਾਹਿਬ ਭਾਈ ਗੁਰਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਲਿਖਾਰੀ ਹੋਣ ਦੇ ਨਾਲ ਨਾਲ ਸਿੱਖ ਧਰਮ ਸਿਧਾਂਤਾਂ ਦੇ ਪਹਿਲੇ ਵਿਆਖਿਆਕਾਰ ਵੀ ਹਨ, ਜਿਨ੍ਹਾਂ ਦੀ ਰਚਨਾ ਵਾਰਾਂ ਅਤੇ ਕਬਿੱਤ-ਸ੍ਵੈਯਾਂ ਦੇ ਰੂਪ ਵਿਚ ਮਿਲਦੀ ਹੈ। ਵਾਰਾਂ ਠੇਠ ਪੰਜਾਬੀ ਵਿਚ ਅਤੇ ਕਬਿੱਤ ਸ੍ਵੈਯੇ ਬ੍ਰਿਜ ਭਾਸ਼ਾ ਵਿਚ ਹਨ। ਸਿੱਖ ਵੀਚਾਰਵਾਨਾਂ ਦਾ ਮੱਤ ਹੈ ਕਿ ਭਾਈ ਗੁਰਦਾਸ ਜੀ ਦੀ ਬਾਣੀ ਪੜ੍ਹੇ ਤੋਂ ਬਿਨਾਂ ਗੁਰਬਾਣੀ ਦੇ ਸਿਧਾਂਤਕ ਭੇਤਾਂ ਨੂੰ ਜਾਨਣਾ ਅਤਿ ਕਠਿਨ ਹੈ।

## 4. ਭਾਈ ਨੰਦ ਲਾਲ ਜੀ ਦੀ ਰਚਨਾ

ਗੁਰੂ ਪਿਆਰ ਵਿਚ ਸਮੋਏ ਹੋਏ ਪਿਆਰੇ ਭਾਈ ਨੰਦ ਲਾਲ ਜੀ ਸ੍ਰੀ ਦਸਮੇਸ਼ ਜੀ ਦੇ ਦਰਬਾਰ ਵਿਚ ਆ ਕੇ ਰਹੇ। ਆਪ ਜੀ ਦੇ ਫ਼ਾਰਸੀ ਵਿਚ *ਤੌਸੀਫ਼ੋ ਸਨਾ, ਦੀਵਾਨਿ ਗੋਯਾ, ਜ਼ਿੰਦਗੀਨਾਮਹ, ਗੰਜਨਾਮਹ* ਅਤੇ ਪੰਜਾਬੀ ਵਿਚ ਤਿੰਨ ਰਹਿਤਨਾਮੇ (ਦੋ ਛੰਦਾਬੰਦੀ ਅਤੇ ਇਕ ਵਾਰਤਕ ਵਿਚ) ਪ੍ਰਾਪਤ ਹਨ। ਸਿੱਖ ਵੀਚਾਰਵਾਨਾਂ ਦਾ ਮੱਤ ਹੈ ਕਿ ਗੁਰੂ ਨਾਲ ਸਿੱਖ ਦਾ ਪਿਆਰ ਕੈਸਾ ਹੋਣਾ ਚਾਹੀਦਾ ਹੈ, ਇਸ ਦੀ ਜਾਚ ਗੁਰੂ ਕੇ ਆਸ਼ਕ ਭਾਈ ਸਾਹਿਬ ਨੰਦ ਲਾਲ ਜੀ ਤੋਂ ਬਿਨਾਂ ਹੋਰ ਕੌਣ ਜਾਣਦਾ ਹੈ ? ਪਰ ਸ਼ੋਕ ਹੈ ਕਿ ਫ਼ਾਰਸੀ ਜ਼ਬਾਨ ਓਪਰੀ ਹੋ ਜਾਣ ਨਾਲ ਮਾਨਯੋਗ ਭਾਈ ਸਾਹਿਬ ਜੀ ਦੀਆਂ ਪਿਆਰ ਰਮਜ਼ਾਂ ਵੀ ਗੁਰਸਿੱਖਾਂ ਲਈ ਓਪਰੀਆਂ ਹੋ ਗਈਆਂ ਹਨ।

ਇਨ੍ਹਾਂ ਚਾਰ ਮੁੱਖ ਸ੍ਰੋਤਾਂ ਤੋਂ ਇਲਾਵਾ ਹੇਠ ਲਿਖੇ ਕੁਝ ਹੋਰ ਗ੍ਰੰਥ ਵੀ ਹਨ, ਜਿਨ੍ਹਾਂ ਵਿਚ 'ਸਿੱਖ ਰਹਿਤ' ਬਾਬਤ ਜਾਨਣ ਲਈ ਕਾਫ਼ੀ ਮਦਦ ਮਿਲਦੀ ਹੈ। ਪਰ ਪਾਠਕ-ਜਨ ਸਾਵਧਾਨ ਰਹਿਣ ਕਿ **ਜੋ ਵੀਚਾਰ ਵੀ ਉਪਰ (ੳ) ਭਾਗ ਵਿਚ ਵਰਣਨ ਹੋਏ, ਸ੍ਰੋਤਾਂ ਨਾਲ ਮੇਲ ਨਾ ਖਾਂਦੇ ਹੋਣ, ਉਹ ਸਿੱਖ ਰਹਿਤ ਵਿਚ ਪ੍ਰਵਾਨ ਨਹੀਂ ਹਨ।**

## 5. ਜਨਮਸਾਖੀਆਂ

ਇਤਿਹਾਸ ਵਿਚ ਚਾਰ ਜਨਮਸਾਖੀਆਂ ਪ੍ਰਸਿੱਧ ਹਨ—1. ਭਾਈ ਬਾਲੇ ਵਾਲੀ; 2. ਮਿਹਰਵਾਨ ਵਾਲੀ; 3. ਭਾਈ ਮਨੀ ਸਿੰਘ ਵਾਲੀ; ਅਤੇ 4. ਮੈਕਾਲਿਫ਼ (ਵਿਲਾਇਤ) ਵਾਲੀ ਅਥਵਾ ਪੁਰਾਤਨ ਜਨਮਸਾਖੀ। ਇਨ੍ਹਾਂ ਸਾਰੀਆਂ ਵਿਚ ਮੁੱਖ ਤੌਰ 'ਤੇ ਗੁਰੂ ਨਾਨਕ ਸਾਹਿਬ ਦੀ ਜੀਵਨ ਲੀਲ੍ਹਾ (biography) ਦਾ ਵਰਣਨ ਹੈ, ਜਿਸ ਦੇ ਨਾਲ ਸੁਭਾਵਿਕ ਹੀ ਸਾਨੂੰ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਦੇ ਸਮੇਂ ਸਿੱਖਾਂ ਨੂੰ ਕਿਸ ਕਿਸ ਤਰ੍ਹਾਂ ਦੀ ਰਹਿਤ ਦ੍ਰਿੜ ਕਰਵਾਈ ਜਾਂਦੀ ਸੀ।

## 6. ਸਿੱਖਾਂ ਦੀ ਭਗਤ ਮਾਲ/ਭਗਤਾਵਲੀ/ਭਗਤ ਰਚਨਾਵਲੀ

ਇਹ ਭਾਈ ਗੁਰਦਾਸ ਜੀ ਦੀ ਗਿਆਰ੍ਹਵੀਂ ਵਾਰ ਦਾ ਟੀਕਾ ਹੈ। ਇਸ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਦੇ ਮੁਖੀ ਸਿੱਖਾਂ ਦੇ ਨਾਮ ਅਤੇ ਗੁਰੂ ਸਾਹਿਬਾਨ ਨਾਲ ਉਨ੍ਹਾਂ ਦੀ ਸੰਖੇਪ ਪਰ ਭਾਵ-ਪੂਰਤ ਵਾਰਤਾਲਾਪ ਹੈ। ਕਿਹਾ ਜਾਂਦਾ ਹੈ ਕਿ ਇਸ ਗ੍ਰੰਥ ਦੇ ਕਰਤਾ ਵੀ ਭਾਈ ਮਨੀ ਸਿੰਘ ਜੀ ਹਨ।

## 7. ਸਰਬਲੋਹ

ਪੰਡਤ ਤਾਰਾ ਸਿੰਘ ਜੀ ਦੀ ਖੋਜ ਅਨੁਸਾਰ ਸਰਬਲੋਹ ਗ੍ਰੰਥ ਪਟਨਾ ਸਾਹਿਬ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਦੀ ਰਚਨਾ ਹੈ, ਜਦ ਕਿ ਭਾਈ ਸਾਹਿਬ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਨੂੰ ਇਹ ਗ੍ਰੰਥ ਜਗੰਨਾਥ ਦੀ ਝਿੜੀ ਵਿਚ ਰਹਿਣ ਵਾਲੇ ਇਕ ਅਵਧੂਤ ਉਦਾਸੀ ਤੋਂ ਮਿਲਿਆ ਹੈ, ਜੋ ਕਲਗ਼ੀਧਰ ਦੀ ਰਚਨਾ ਹੈ। ਦੇਵਤਿਆਂ ਅਤੇ ਦੈਂਤਾਂ ਦੇ ਕਲਪਤ ਯੁੱਧ ਤੋਂ ਬਾਅਦ ਬਿਨਾਂ ਪ੍ਰਕਰਣ ਹੀ ਖ਼ਾਲਸਾ ਮਹਿਮਾ ਸੰਬੰਧੀ ਕੁਝ ਰਚਨਾਵਾਂ ਵੀ ਦਰਜ ਹਨ।

## 8. ਭਾਈ ਚੌਪਾ ਸਿੰਘ ਦਾ ਰਹਿਤਨਾਮਾ

ਜ਼ਿਲ੍ਹਾ ਜਿਹਲਮ (ਪਾਕਿਸਤਾਨ) ਨਿਵਾਸੀ ਛਿੱਬਰ ਘਰਾਣੇ ਵਿੱਚੋਂ ਇਸ ਪੁਰਸ਼ ਦਾ ਪਹਿਲਾ ਨਾਮ ਚਉਪਤ ਰਾਏ ਸੀ, ਜੋ ਦਸਮੇਸ਼ ਜੀ ਦੇ ਬਚਪਨ ਦਾ ਖਿਡਾਵਾ ਸੀ, ਖੰਡੇ ਦੀ ਪਾਹੁਲ ਛਕਣ 'ਤੇ ਇਸ ਦਾ ਨਾਮ ਚਉਪਾ ਸਿੰਘ ਪ੍ਰਸਿੱਧ ਹੋਇਆ। ਇਸ ਨੇ ਕੁਝ ਵਿਦਵਾਨ 'ਮੁਕਤੇ' ਸਿੱਖਾਂ ਨੂੰ ਨਾਲ ਲੈ ਕੇ 'ਰਹਿਤਨਾਮਾ ਬੁਧਿ ਬਿਬੇਕ' ਲਿਖਿਆ। ਇਸ ਗ੍ਰੰਥ ਵਿਚ ਅਕਸਰ ਹਰ ਰਹਿਤ ਦੀ ਪੁਸ਼ਟੀ ਲਈ ਗੁਰਬਾਣੀ ਦਾ ਪ੍ਰਮਾਣ ਦਿੱਤਾ ਹੋਇਆ ਹੈ। ਇਸ ਵਿਚਲੀਆਂ ਘਟਨਾਵਾਂ ਤੇ ਸੰਮਤ ਕਾਫ਼ੀ ਮਹੱਤਵਪੂਰਨ ਹਨ, ਭਾਵੇਂ ਸਮੇਂ ਦੇ ਗੇੜ ਨਾਲ ਬਿਪਰਵਾਦੀ ਵਾਧੇ ਘਾਟੇ ਤੋਂ ਇਹ ਗ੍ਰੰਥ ਵੀ ਬਚ ਨਹੀਂ ਸਕਿਆ।


Sri Satguru Jagjit Singh Ji eLibrary NamdhariElibrary@gmail.com

## 9. ਭਾਈ ਪ੍ਰਹਿਲਾਦ ਸਿੰਘ ਦਾ ਰਹਿਤਨਾਮਾ

ਬ੍ਰਾਹਮਣ ਘਰਾਣੇ ਵਿੱਚੋਂ ਸਿੰਘ ਸਜਿਆ ਇਹ ਪਿਆਰਾ ਦਸਮੇਸ਼ ਜੀ ਦਾ ਦਰਬਾਰੀ ਲੇਖਕ ਸੀ, ਜੋ ਫ਼ਾਰਸੀ ਅਤੇ ਸੰਸਕ੍ਰਿਤ ਦਾ ਭਾਰੀ ਵਿਦਵਾਨ ਸੀ। ਇਸ ਦੇ ਨਾਮ ਨਾਲ ਪ੍ਰਚਲਿਤ ਰਹਿਤਨਾਮੇ ਵਿਚ ਸ੍ਰੀ ਗੁਰੂ ਗ੍ਰੰਥ ਅਤੇ ਪੰਥ ਦੀ ਪਦਵੀ ਸੰਬੰਧੀ ਕਾਫ਼ੀ ਰਚਨਾ ਦਰਜ ਹੈ।

## 10. ਪ੍ਰੇਮ ਸੁਮਾਰਗ/ਪਰਮ ਸੁਮਾਰਗ

ਇਸ ਗ੍ਰੰਥ ਦੇ ਆਰੰਭ ਵਿਚ 'ਪਾਤਸ਼ਾਹੀ ੧੦ ਤ੍ਰਪ੍ਰਸਾਦਿ' ਲਿਖਿਆ ਹੋਣ ਕਰਕੇ ਜ਼ਾਹਰ ਕੀਤਾ ਗਿਆ ਹੈ ਕਿ ਇਹ ਰਚਨਾ ਦਸਮੇਸ਼ ਜੀ ਦੀ ਹੈ, ਪਰ ਇਸ ਰਚਨਾ ਦੇ ਅੰਦਰਲੇ ਸਬੂਤਾਂ ਤੋਂ ਇਹ ਗੱਲ ਸਾਬਤ ਨਹੀਂ ਹੁੰਦੀ। ਇਸ ਲਈ ਇਸ ਦੇ ਲੇਖਕ ਅਤੇ ਰਚਨਾ ਕਾਲ ਬਾਬਤ ਸਪੱਸ਼ਟਤਾ ਨਹੀਂ ਹੈ। ਇਸ ਵਿਚ ਸਿੱਖ ਦੇ ਜਨਮ ਤੋਂ ਲੈ ਕੇ ਦੇਹਾਂਤ ਤਕ ਜੀਵਨ ਦੇ ਹਰ ਪੱਖ ਦੀ ਰਹਿਤ ਦਾ ਜ਼ਿਕਰ ਹੈ, ਪਰ ਅੱਜ-ਕੱਲ੍ਹ ਇਸ ਵਿਚ ਵੀ ਕਾਫ਼ੀ ਕੁਝ ਗ਼ੈਰ-ਸਿਧਾਂਤਕ ਲਿਖਿਆ ਮਿਲਦਾ ਹੈ।

## 11. ਭਾਈ ਦੇਸਾ ਸਿੰਘ ਦਾ ਰਹਿਤਨਾਮਾ

*ਭੱਟ ਵਹੀਆਂ* ਅਨੁਸਾਰ ਆਪ ਜੀ ਭਾਈ ਮਨੀ ਸਿੰਘ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਨੇ ਇਹ ਰਹਿਤਨਾਮਾ ਅਠਾਰ੍ਹਵੀਂ ਸਦੀ ਦੇ ਅੱਧ ਦੇ ਨੇੜੇ ਲਿਖਿਆ।

## 12. ਭਾਈ ਦਇਆ ਸਿੰਘ ਦਾ ਰਹਿਤਨਾਮਾ

ਭਾਈ ਦਇਆ ਸਿੰਘ ਜੀ ਪੰਜ ਪਿਆਰਿਆਂ ਵਿੱਚੋਂ ਮੁਖੀ ਸਿੰਘ ਸਨ, ਜਿਨ੍ਹਾਂ ਨੇ ਸੀਸ ਭੇਟ ਕਰ ਕੇ ਪਹਿਲੀ ਵੈਸਾਖ, 1756 ਬਿਕ੍ਰਮੀ (1699 ਈਸਵੀ) ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ। ਇਸ ਤੋਂ ਬਾਅਦ ਲਗਾਤਾਰ ਆਪ ਜੀ ਦਸਮੇਸ਼ ਜੀ ਦੀ ਹਜ਼ੂਰੀ ਵਿਚ ਰਹੇ। ਆਪ ਦੇ ਸਿਦਕ ਸਿਆਣਪ ਨੂੰ ਮੁੱਖ ਰੱਖਦਿਆਂ ਪਾਤਸ਼ਾਹ ਜੀ ਨੇ ਜ਼ਫ਼ਰਨਾਮਾ ਦੇ ਕੇ ਆਪ ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਭੇਜਿਆ। ਆਪ ਦਾ ਦੇਹਾਂਤ 1708 ਨੂੰ ਹੋਇਆ। ਭਾਈ ਸਾਹਿਬ ਦੇ ਰਚਿਤ ਰਹਿਤਨਾਮੇ ਵਿਚ ਪੰਜ ਕਕਾਰਾਂ ਦੀ ਰਹਿਤ ਅਤੇ ਬੱਜਰ ਕੁਰਹਿਤਾਂ (ਹਲਾਲ ਖਾਣਾ, ਧੂਮਰਪਾਨ ਕਰਨਾ ਅਤੇ ਭੱਦਣ ਕਰਨਾ ਆਦਿ) ਦੀ ਮਨਾਹੀ ਅਤੇ ਖ਼ਾਲਸਾ ਪੰਥ ਦੀ ਮਹਾਨਤਾ ਦਾ ਖ਼ਾਸ ਜ਼ਿਕਰ ਹੈ।

## 13. ਗੁਰ ਸੋਭਾ

ਇਹ ਗ੍ਰੰਥ ਦਸਮੇਸ਼ ਜੀ ਦੇ ਦਰਬਾਰੀ ਕਵੀ ਸੈਨਾਪਤਿ ਦੀ ਰਚਨਾ ਹੈ, ਜੋ 1711 ਈਸਵੀ ਵਿਚ ਤਿਆਰ ਹੋਇਆ। ਇਸ ਗ੍ਰੰਥ ਵਿਚ ਕਵੀ ਨੇ ਖ਼ਾਲਸਾ ਸਾਜਨ

ਦੇ ਕਾਰਨ, ਗੁਰੂ ਸਾਹਿਬ ਵੱਲੋਂ ਮਸੰਦਾਂ ਦਾ ਬਾਈਕਾਟ, ਖ਼ਾਲਸੇ ਦੀ ਸਾਜਨਾ ਅਤੇ ਰਹਿਤ-ਬਹਿਤ, ਦਿੱਲੀ ਵਿਚ ਗ਼ੈਰ-ਅੰਮ੍ਰਿਤਧਾਰੀਆਂ ਵੱਲੋਂ ਹੜਤਾਲ ਆਦਿਕ ਦਾ ਕਾਫ਼ੀ ਵਰਣਨ ਕੀਤਾ ਹੈ। ਇਹ ਪਹਿਲਾ ਇਤਿਹਾਸਕ ਗ੍ਰੰਥ ਹੈ, ਜਿਸ ਵਿਚ ਸਾਹਿਬਜ਼ਾਦਾ ਜੀ ਦੇ ਅੰਮ੍ਰਿਤਪਾਨ ਕਰਨ ਦਾ ਜ਼ਿਕਰ ਹੈ। ਇਸ ਮਹੱਤਵਪੂਰਨ ਰਚਨਾ ਵਿਚ ਵੇਦਾਂਤਿਕ ਰੰਗ ਨਾ-ਮਾਲੂਮ ਹੈ।

## 14. ਰਤਨਮਾਲ (ਸੌ ਸਾਖੀ)

ਕਈਆਂ ਦਾ ਖ਼ਿਆਲ ਹੈ ਕਿ ਇਹ ਗ੍ਰੰਥ ਦਸਮੇਸ਼ ਜੀ ਦੀ ਰਚਨਾ ਹੈ, ਪਰ *ਮਹਾਨ ਕੋਸ਼* ਦੇ ਕਰਤਾ ਅਨੁਸਾਰ ਇਸ ਦੀ ਕਵਿਤਾ ਪ੍ਰਗਟ ਕਰਦੀ ਹੈ ਕਿ ਇਹ ਵਿੱਦਿਆ ਤੋਂ ਅਣਜਾਣ ਕਿਸੇ ਸਾਧਾਰਨ ਸਮਝ ਵਾਲੇ ਸਿੱਖ ਦੀ ਕਲਮ ਤੋਂ ਲਿਖੀ ਗਈ। ਸਾਖੀ ਤੋਂ ਪਾਇਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਥਾ ਪ੍ਰਸੰਗ ਭਾਈ (ਰਾਮ ਕੁੰਵਰ) ਗੁਰਬਖ਼ਸ਼ ਸਿੰਘ ਜੀ ਨੂੰ ਸੁਣਾਏ। ਅੱਗੋਂ ਭਾਈ ਸਾਹਿਬ ਨੇ ਉਹੀ ਪ੍ਰਸੰਗ ਲਿਖਾਰੀ ਸਾਹਿਬ ਸਿੰਘ ਤੋਂ ਲਿਖਵਾਏ।

## 15. ਮਹਿਮਾ ਪ੍ਰਕਾਸ਼

ਇਹ ਗ੍ਰੰਥ ਬਾਵਾ ਸਰੂਪ ਦਾਸ ਭੱਲਾ ਦੀ ਕ੍ਰਿਤ ਹੈ। ਇਸ ਵਿਚ ਮੁੱਖ ਤੌਰ 'ਤੇ ਗੁਰੂ ਨਾਨਕ ਸਾਹਿਬ ਦੇ ਜੀਵਨ ਚਰਿਤ੍ਰ ਲਿਖਣ ਉਪਰੰਤ ਸੰਖੇਪਤਾ ਨਾਲ ਬਾਕੀ ਨੌਂ ਗੁਰੂ ਸਾਹਿਬਾਨ ਦਾ ਇਤਿਹਾਸ ਵੀ ਦਰਜ ਹੈ। ਗੁਰੂ ਸਾਹਿਬਾਨ ਦੇ ਸਮੇਂ ਕਿਸ ਕਿਸ ਪ੍ਰਕਾਰ ਦੀ ਰਹਿਤ ਦ੍ਰਿੜ੍ਹ ਕਰਵਾਈ ਜਾਂਦੀ ਸੀ, ਦਾ ਹਵਾਲਾ ਮਿਲਦਾ ਹੈ। ਸ਼ੋਕ ਹੈ ਕਿ ਬਾਵਾ ਜੀ ਨੇ ਮੌਲਿਕ ਗੁਰਮਤਿ ਸਿਧਾਂਤਾਂ ਨੂੰ ਵੀ ਕਈ ਵਾਰ ਬ੍ਰਾਹਮਣੀ ਰੰਗਣ ਵਿਚ ਰੰਗਿਆ ਹੈ।

## 16. ਗੁਰ ਬਿਲਾਸ

ਇਸ ਨਾਉਂ ਦੇ ਤਿੰਨ ਗ੍ਰੰਥ ਪ੍ਰਸਿੱਧ ਹਨ : ਇਕ ਵਿਚ ਛੇਵੇਂ ਸਤਿਗੁਰਾਂ ਦਾ ਇਤਿਹਾਸ ਹੈ, ਜਦ ਕਿ ਦੂਜੇ ਅਤੇ ਤੀਜੇ ਵਿਚ ਦਸਵੇਂ ਸਤਿਗੁਰਾਂ ਦਾ।

ਪਹਿਲਾ ਕਿਸੇ ਗੁਮਨਾਮ ਕਵੀ ਦੀ 1718 ਈਸਵੀ ਦੀ ਰਚਨਾ ਹੈ। ਕਵੀ ਜੀ ਲਿਖਦੇ ਹਨ ਕਿ ਉਨ੍ਹਾਂ ਨੂੰ ਛੇਵੇਂ ਸਤਿਗੁਰਾਂ ਦੇ ਇਤਿਹਾਸ ਦੀ ਜਾਣਕਾਰੀ ਉਨ੍ਹਾਂ ਦੇ ਵਿੱਦਿਆ ਗੁਰੂ ਭਾਈ ਧਰਮ ਸਿੰਘ ਜੀ ਤੋਂ ਪ੍ਰਾਪਤ ਹੋਈ, ਜਿਨ੍ਹਾਂ ਨੇ ਭਾਈ ਭਗਤ ਸਿੰਘ ਜੀ ਨਾਲ ਰਲ ਕੇ ਇਹ ਇਤਿਹਾਸ ਭਾਈ ਮਨੀ ਸਿੰਘ ਜੀ ਤੋਂ ਸੁਣਿਆ ਸੀ। ਦੂਜਾ ਦਸਵੇਂ ਸਤਿਗੁਰਾਂ ਦਾ ਇਤਿਹਾਸ ਭਾਈ ਕੁਇਰ ਸਿੰਘ (ਕਲਾਲ) ਨੇ 1751 ਈਸਵੀ ਵਿਚ ਲਿਖਿਆ ਅਤੇ ਤੀਜਾ ਪਾਤਸ਼ਾਹੀ ਦਸਵੀਂ ਦਾ ਇਤਿਹਾਸ ਕੇਸਗੜ੍ਹ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਜੀ ਨੇ 1797 ਈਸਵੀ ਵਿਚ ਲਿਖਿਆ। ਉਪਰੋਕਤ ਤਿੰਨਾਂ ਗ੍ਰੰਥਾਂ ਵਿਚ ਸਿੱਖ ਰਹਿਤ ਅਤੇ ਇਤਿਹਾਸਕ ਵਰਣਨ ਬਹੁਤਾ ਸਨਾਤਨੀ ਰੰਗਤ ਵਿਚ ਹੈ, ਜਿਸ ਦੀ ਗੁਰਬਾਣੀ ਨਾਲ ਪ੍ਰੋੜ੍ਹਤਾ ਨਹੀਂ ਹੁੰਦੀ।


Sri Satguru Jagjit Singh Ji eLibrary NamdhariElibrary@gmail.com

## 17. ਗੁਰ ਪ੍ਰਤਾਪ ਸੂਰਜ ਗ੍ਰੰਥ

1845 ਈਸਵੀ ਵਿਚ ਮੁਕੰਮਲ ਹੋਇਆ ਭਾਈ ਸੰਤੋਖ ਸਿੰਘ ਜੀ ਦਾ ਰਚਿਤ ਮਹਾਂਕਾਵਿ ਹੈ, ਜਿਸ ਵਿਚ ਦਸਾਂ ਪਾਤਸ਼ਾਹੀਆਂ ਦਾ ਇਤਿਹਾਸ ਬੜੇ ਵਿਸਥਾਰ ਅਤੇ ਸ਼ਰਧਾ ਨਾਲ ਲਿਖਿਆ ਗਿਆ ਹੈ। ਜਿਨ੍ਹਾਂ ਗੁਰ-ਅਸਥਾਨਾਂ 'ਤੇ ਅੱਜ ਵੀ ਇਤਿਹਾਸ ਦੀ ਕਥਾ ਕੀਤੀ ਜਾਂਦੀ ਹੈ, ਉਥੇ ਆਮ ਤੌਰ 'ਤੇ ਇਸੇ ਗ੍ਰੰਥ ਦੀ ਹੀ ਕੀਤੀ ਜਾਂਦੀ ਹੈ, ਕਿਉਂਕਿ ਜਿਸ ਰੌਚਿਕਤਾ ਨਾਲ ਮਹਾਂਕਵੀ ਜੀ ਨੇ ਸਤਿਗੁਰਾਂ ਦਾ ਲੜੀਵਾਰ ਇਤਿਹਾਸ ਲਿਖਿਆ, ਇਸ ਦੀ ਕੋਈ ਸਮਤਾ ਨਹੀਂ ਹੈ। ਇਸ ਗ੍ਰੰਥ ਤੋਂ ਪ੍ਰਗਟ ਹੁੰਦਾ ਹੈ ਕਿ ਭਾਈ ਸਾਹਿਬ ਪਾਸ ਹੋਰ ਇਤਿਹਾਸਕ ਗ੍ਰੰਥਾਂ ਸਹਿਤ *ਜਨਮਸਾਖੀ ਭਾਈ ਬਾਲਾ* ਅਤੇ *ਰਤਨਮਾਲ* (ਸੌ ਸਾਖੀ) ਮੌਜੂਦ ਸਨ, ਜਿਨ੍ਹਾਂ 'ਤੇ ਆਧਾਰਤ ਇਸ ਮਹਾਂਕਾਵਿ ਦੀ ਰਚਨਾ ਹੋਈ।

ਬਿਨਾਂ ਸ਼ੱਕ ਭਾਈ ਸਾਹਿਬ ਜੀ ਸਿੱਖਾਂ ਨੂੰ ਰਾਮਾਇਣ ਦੀ ਕਥਾ (ਜੋ ਉਸ ਸਮੇਂ ਗੁਰਦੁਆਰਿਆਂ ਵਿਚ ਪ੍ਰਚਲਿਤ ਸੀ) ਤੋਂ ਤਾਂ ਮੁਕਤ ਕਰ ਗਏ, ਪਰ ਬਿਪਰਵਾਦ ਤੋਂ ਨਹੀਂ ਕਰ ਸਕੇ। ਪਿਛੋਕੜ ਵਿਚ ਸੀਮਤ ਇਤਿਹਾਸਕ ਸ੍ਰੋਤ, ਰਾਜਸੀ ਬ੍ਰਾਹਮਣੀ ਦਬਾਅ ਅਤੇ ਪ੍ਰਚਲਿਤ ਰੀਤੀ-ਰਿਵਾਜਾਂ ਦੇ ਪ੍ਰਭਾਵਾਂ ਆਦਿ ਕਾਰਨਾਂ ਕਰਕੇ ਇਸ ਗ੍ਰੰਥ ਦੀ ਸੁਰ ਸਨਾਤਨੀ ਹੈ, ਜੋ ਲਗਾਤਾਰ ਗੁਰਬਾਣੀ ਸਿਧਾਂਤ ਰੂਪੀ ਰਾਗ ਨੂੰ ਬੇਸੁਰਾ ਕਰਦੀ ਹੈ।

## 18. ਸ੍ਰੀ ਗੁਰੂ ਪੰਥ ਪ੍ਰਕਾਸ਼

ਸ: ਕਰਮ ਸਿੰਘ ਹਿਸਟੋਰੀਅਨ ਅਨੁਸਾਰ ਸਹੀ ਅਰਥਾਂ ਵਿਚ ਇਹ ਪਹਿਲਾ ਗ੍ਰੰਥ ਹੈ, ਜਿਸ ਤੋਂ ਬਿਨਾਂ ਸੂਰਬੀਰ ਸਿੱਖਾਂ ਦੇ ਇਤਿਹਾਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਗ੍ਰੰਥ ਦੇ ਲੇਖਕ ਸ: ਰਤਨ ਸਿੰਘ ਜੀ (ਭੰਗੂ) ਭੜੀ ਨਿਵਾਸੀ ਹਨ, ਜੋ ਸ: ਮਹਿਤਾਬ ਸਿੰਘ ਮੀਰਾਂਕੋਟੀਏ ਦੇ ਪੋਤਰੇ, ਸ: ਰਾਇ ਸਿੰਘ ਦੇ ਪੁੱਤਰ ਅਥਵਾ ਸ: ਸ਼ਾਮ ਸਿੰਘ ਕਰੋੜੀਏ ਦੇ ਦੋਹਤਰੇ ਸਨ।

ਇਹ ਗ੍ਰੰਥ 1841 ਈਸਵੀ ਨੂੰ ਸ: ਰਤਨ ਸਿੰਘ ਜੀ ਨੇ ਕਵਿਤਾ ਵਿਚ ਲਿਖਿਆ। ਇਤਿਹਾਸਕ ਮਹੱਤਤਾ ਦੇ ਨਾਲ ਨਾਲ 'ਰਹਿਤ ਮਰਯਾਦਾ' ਦੇ ਸ੍ਰੋਤ ਪੱਖੋਂ ਇਸ ਗ੍ਰੰਥ ਦੀ ਬਹੁਤ ਮਹੱਤਤਾ ਹੈ। ਖ਼ਾਲਸਾ ਸਾਜਨ ਦਾ ਫ਼ੈਸਲਾ, ਪੰਜ ਪਿਆਰਿਆਂ ਦੀ ਚੋਣ, ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ, ਰਹਿਤਾਂ ਦਾ ਉਪਦੇਸ਼ ਅਤੇ ਬਜਰ ਕੁਰਹਿਤਾਂ ਤੋਂ ਬਚਣ ਦਾ ਵਰਣਨ ਹੈ। ਗੁਰਬਾਣੀ ਪੜ੍ਹਨ ਦੇ ਨਾਲ ਨਾਲ ਜਿਥੇ ਸ਼ਿਕਾਰ ਖੇਡਣ, ਸ਼ਸਤਰ ਵਿੱਦਿਆ ਦਾ ਧਾਰਨੀ ਹੋਣ, ਕੇਸਾਂ ਦੀ ਸੰਭਾਲ ਕਰਨ, ਝਟਕੇ ਦਾ ਮਾਸ ਖਾਣ ਅਤੇ ਦਸਵੰਧ ਕੱਢਣ ਪ੍ਰਤੀ ਜ਼ੋਰ ਦਿੱਤਾ ਹੈ। ਉਥੇ ਕੁੱਠਾ ਖਾਣ, ਹੁੱਕਾ ਪੀਣ ਅਤੇ ਬ੍ਰਾਹਮਣੀ ਕਰਮ ਕਰਨ ਵਾਲਿਆਂ ਨੂੰ ਤਨਖ਼ਾਹ ਲਾਉਣ ਦਾ ਵੀ ਜ਼ਿਕਰ ਕੀਤਾ ਹੈ। ਗੁਰੂ ਘਰ ਨਾਲ ਸ਼ਰੀਕਾ ਕਰਨ ਵਾਲਿਆਂ ਮੀਣਿਆਂ, ਮਸੰਦਾਂ ਅਤੇ ਰਾਮਰਾਈਆਂ ਆਦਿ ਨਾਲ ਮਨਾਹੀ ਦਰਜ ਹੈ। ਇਸ ਗ੍ਰੰਥ ਨੂੰ ਅਕਸਰ *ਪ੍ਰਾਚੀਨ ਪੰਥ ਪ੍ਰਕਾਸ਼* ਕਰ ਕੇ ਜਾਣਿਆ ਜਾਂਦਾ ਹੈ।

ਲੌਂਗੋਵਾਲ ਨਿਵਾਸੀ ਗਿਆਨੀ ਗਿਆਨ ਸਿੰਘ ਜੀ ਨੇ ਉਪਰੋਕਤ ਗ੍ਰੰਥ ਦੀ ਕਵਿਤਾ ਨੂੰ ਛੰਦਾਬੰਦੀ ਪੱਖੋਂ ਨਿਰਬਲ ਵੇਖ ਕੇ ਸੁੰਦਰ ਕਵਿਤਾ ਵਿਚ ਇਕ ਹੋਰ ਗ੍ਰੰਥ ਦੀ ਰਚਨਾ ਕੀਤੀ, ਜਿਸ ਵਿਚ ਅਨੇਕਾਂ ਪ੍ਰਸੰਗਾਂ ਦਾ ਵਾਧਾ ਵੀ ਕੀਤਾ। ਇਸ ਨੂੰ *ਨਵੀਨ ਪੰਥ ਪ੍ਰਕਾਸ਼* ਕਿਹਾ ਜਾਂਦਾ ਹੈ।

## 19. ਹੁਕਮਨਾਮੇ

ਜੋ ਚਿੱਠੀਆਂ ਜਾਂ ਪੱਤਰ ਗੁਰੂ ਸਾਹਿਬਾਨ ਆਪਣੀਆਂ ਸੰਗਤਾਂ ਨੂੰ ਦੂਰ-ਦੁਰਾਡੇ ਲਿਖਿਆ ਕਰਦੇ ਸਨ, ਸਿੱਖ ਪ੍ਰੰਪਰਾ ਵਿਚ ਉਨ੍ਹਾਂ ਨੂੰ ਹੁਕਮਨਾਮੇ ਕਿਹਾ ਜਾਂਦਾ ਸੀ। ਹੁਕਮਨਾਮਿਆਂ ਦਾ ਮੁਖ ਉਦੇਸ਼ ਪ੍ਰਚਾਰ ਲਈ ਹਦਾਇਤਾਂ, ਗੁਰੂ ਕੇ ਲੰਗਰ ਲਈ ਕਾਰ ਭੇਟ ਘੱਲਣ, ਸੰਗਤਾਂ ਨੂੰ 'ਖ਼ਾਲਸਾ ਕਰਨ' ਦੀ ਇਤਲਾਹ, ਮਸੰਦਾਂ ਦੀ ਪ੍ਰਥਾ ਬੰਦ ਕਰ ਦਿੱਤੇ ਜਾਣ ਅਤੇ ਉਨ੍ਹਾਂ ਦੀ ਵਿਚੋਲਗੀਰੀ ਹਟਾ ਦੇਣ ਬਾਬਤ ਸੰਗਤਾਂ ਨੂੰ ਖ਼ਬਰਾਂ ਪਹੁੰਚਾਉਣਾ ਆਦਿ ਸੀ। ਕੇਵਲ ਉਹ ਹੁਕਮਨਾਮੇ ਹੀ ਪ੍ਰਮਾਣਿਕ ਮੰਨੇ ਜਾਂਦੇ ਹਨ, ਜਿਨ੍ਹਾਂ ਉਪਰ ਗੁਰੂ ਸਾਹਿਬਾਨ ਦੇ ਦਸਤਖ਼ਤ ਹਨ। ਇਸ ਕਰਕੇ ਨਿਰਸੰਦੇਹ ਅਸੀਂ ਕਹਿ ਸਕਦੇ ਹਾਂ ਕਿ 'ਹੁਕਮਨਾਮੇ' ਸਿੱਖ ਰਹਿਤ ਦਾ ਇਕ ਮਹੱਤਵਪੂਰਨ ਸਰੋਤ ਹਨ।

## 20. ਗੁਰਮਤਿ ਪ੍ਰਕਾਸ਼ (ਭਾਗ ਸੰਸਕਾਰ)

ਇਹ ਮਹੱਤਵਪੂਰਨ ਦਸਤਾਵੇਜ਼ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਵੱਲੋਂ ਮਾਰਚ 1915 ਈਸਵੀ ਵਿਚ ਛਾਪ ਕੇ ਵੰਡੀ ਗਈ। ਇਸ ਦੀ ਤਿਆਰੀ ਪੁਰ ਲਗਭਗ ਸਾਢੇ ਚਾਰ ਸਾਲ ਦਾ ਸਮਾਂ ਲਗਿਆ। ਪਹਿਲੀ ਵਾਰ ਜੂਨ 1912 ਵਿਚ ਖਰੜਾ *ਖ਼ਾਲਸਾ ਸਮਾਚਾਰ* ਵਿਚ ਛਾਪਿਆ ਗਿਆ, ਜਿਸ 'ਤੇ 27 ਜਥਿਆਂ ਅਤੇ 105 ਸੱਜਣਾਂ ਦੀਆ ਰਾਵਾਂ ਆਈਆਂ। ਦੂਜੀ ਵਾਰ ਮਈ 1913 ਈਸਵੀ ਨੂੰ ਸੋਧਿਆ ਹੋਇਆ ਖਰੜਾ ਫਿਰ *ਖ਼ਾਲਸਾ ਸਮਾਚਾਰ* ਵਿਚ ਛਾਪਿਆ ਗਿਆ, ਜਿਸ 'ਤੇ 26 ਜਥਿਆਂ ਤੇ 80 ਸੱਜਣਾਂ ਵੱਲੋਂ ਰਾਵਾਂ ਆਈਆਂ। 18 ਅਕਤੂਬਰ, 1914 ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਜਨਰਲ ਕਮੇਟੀ ਨੇ ਲੰਮੀਆਂ ਵੀਚਾਰਾਂ ਤੋਂ ਬਾਅਦ ਸਰਬਸੰਮਤੀ ਨਾਲ ਖਰੜੇ ਨੂੰ ਪਾਸ ਕਰ ਦਿੱਤਾ।

ਬਦਲੇ ਹੋਏ ਪੰਥਕ ਹਾਲਾਤ ਅਤੇ ਅਨੇਕਾਂ ਪੱਖਾਂ ਤੋਂ ਅਜੇ ਅਧੂਰਾ ਹੋਣ ਕਾਰਨ ਭਾਵੇਂ ਸੰਗਤਾਂ ਵੱਲੋਂ ਇਹ ਘੱਟ ਅਪਣਾਇਆ ਗਿਆ, ਪਰ ਸਾਡੀ ਜਾਣਕਾਰੀ ਅਨੁਸਾਰ ਇਹ ਕੀਮਤੀ ਯਤਨ 'ਸਿੱਖ ਰਹਿਤ ਮਰਯਾਦਾ' ਦੀ ਤਿਆਰੀ ਸਮੇਂ ਅਪਰੈਲ 1931 ਈਸਵੀ ਨੂੰ ਛਪੇ ਪਹਿਲੇ ਖਰੜੇ ਦਾ ਆਧਾਰ ਬਣਿਆ।

ਉਪਰੋਕਤ ਵਰਣਨ ਕੀਤੇ ਗਏ ਸਰੋਤਾਂ ਤੋਂ ਇਲਾਵਾ *ਬਿਬੇਕ ਬਾਰਧਿ, ਵਾਜਿਬਉਲ-ਅਰਜ਼, ਰਾਮਕਲੀ ਵਾਰ ਪਾਤਸ਼ਾਹੀ ੧੦ ਕੀ* (ਭਾਈ ਗੁਰਦਾਸ ਸਿੰਘ), *ਖ਼ਾਲਸਾ ਨੀਤਿ ਧਰਮ ਸ਼ਾਸਤਰ* ਅਤੇ *ਖ਼ਾਲਸਾ ਧਰਮ ਸ਼ਾਸਤਰ* ਆਦਿ ਅਨੇਕਾਂ ਹੋਰ ਗ੍ਰੰਥ ਹਨ, ਜਿਨ੍ਹਾਂ ਵਿਚ ਆਪਣੀ ਆਪਣੀ ਮਤਿ ਅਨੁਸਾਰ ਲਿਖਾਰੀਆਂ ਨੇ 'ਸਿੱਖ


Sri Satguru Jagjit Singh Ji eLibrary NamdhariElibrary@gmail.com

ਰਹਿਤ' ਲਿਖੀ ਹੈ, ਪਰ ਸਾਰੀ ਰਚਨਾ ਵਿਚ ਗੁਰਬਾਣੀ ਅਨੁਸਾਰ ਕੀ ਹੈ ਤੇ ਕੀ ਨਹੀਂ, ਦਾ ਨਿਰਣਾ ਕਰਨਾ ਸਾਧਾਰਨ ਸਿੱਖ ਲਈ ਬਹੁਤੀ ਵਾਰ ਕਠਿਨ ਹੋ ਜਾਂਦਾ ਹੈ। ਸੋ, ਸਾਧਾਰਨ ਸਿੱਖ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਸਿੱਖ ਵਿਦਵਾਨਾਂ ਨੇ ਇਨ੍ਹਾਂ ਸਭਨਾਂ ਰਹਿਤਨਾਮਿਆਂ, ਇਤਿਹਾਸਕ ਗ੍ਰੰਥਾਂ, ਹੁਕਮਨਾਮਿਆਂ ਅਤੇ ਪ੍ਰੰਪਰਾਵਾਂ ਦਾ ਗੁਰਬਾਣੀ ਅਨੁਸਾਰ ਮੰਥਨ ਕਰ ਕੇ 'ਸਿੱਖ ਰਹਿਤ ਮਰਯਾਦਾ' ਨੂੰ ਪ੍ਰਕਾਸ਼ਤ ਕੀਤਾ, ਜਿਸਨੂੰ 'ਗੁਰੂ ਪੰਥ' ਦੀ ਪ੍ਰਵਾਨਗੀ ਹਾਸਲ ਹੈ।

# ਭਾਗ ਦੂਜਾ

# ਸਿੱਖ ਰਹਿਤ ਮਰਯਾਦਾ ਦੀ ਵਿਆਖਿਆ

'ਸਿੱਖ ਰਹਿਤ ਮਰਯਾਦਾ' ਨੂੰ ਵੀਚਾਰਨ ਵਾਸਤੇ ਪਹਿਲਾਂ ਇਸ ਦੀ ਅੰਦਰਲੀ ਤਰਤੀਬ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਅਸੀਂ ਲੜੀਵਾਰ ਵਿਆਖਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ 'ਸਿੱਖ ਰਹਿਤ ਮਰਯਾਦਾ' ਦੇ ਆਧਾਰ 'ਤੇ ਹੀ ਕਰਾਂਗੇ, ਭਾਵੇਂ ਸ਼੍ਰੋਮਣੀ ਕਮੇਟੀ ਦੀ ਆਗਿਆ ਨਾਲ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਸਤਿਸੰਗ ਸਭਾ ਸਿੰਗਾਪੁਰ ਅਤੇ ਹੋਰਨਾਂ ਵੱਲੋਂ ਇਨ-ਬਿਨ ਛਪੀਆਂ 'ਮਰਯਾਦਾ' ਦੀਆਂ ਕਾਪੀਆਂ ਸਾਡੇ ਪਾਸ ਮੌਜੂਦ ਹਨ।

## ਅੰਦਰਲੀ ਤਰਤੀਬ

ਸਾਡੇ ਸਾਹਮਣੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ 'ਸਿੱਖ ਰਹਿਤ ਮਰਯਾਦਾ' ਦੀ ਅਕਤੂਬਰ 1999 ਈਸਵੀ ਵਿਚ ਛਪੀ ਚੌਵੀਵੀਂ ਐਡੀਸ਼ਨ ਦੀ ਕਾਪੀ ਹੈ। ਬਾਹਰਲੇ ਕਵਰ ਪੱਤਰਿਆਂ ਤੋਂ ਇਲਾਵਾ ਇਸ ਦੇ ਕੁਲ 32 ਪੰਨੇ ਹਨ, ਜਿਨ੍ਹਾਂ ਵਿੱਚੋਂ ਪਹਿਲੇ ਅੱਠਾਂ ਵਿਚ ਇਸ ਦੀ ਤਿਆਰੀ ਅਤੇ ਪਾਸ ਹੋਣ ਤਕ ਦਾ ਸੰਖੇਪ ਵੇਰਵਾ ਅਰ ਬਾਕੀ 24 ਪੰਨਿਆਂ 'ਤੇ 'ਮਰਯਾਦਾ' ਅੰਕਿਤ ਹੈ।

'ਮਰਯਾਦਾ' ਦੀ ਆਰੰਭਤਾ ਵਿਚ ਸਿੱਖ ਦੀ ਤਾਰੀਫ਼ (Definition) ਦਿੱਤੀ ਗਈ ਹੈ। ਫਿਰ ਸਿੱਖ ਰਹਿਣੀ ਨੂੰ ਦੋ ਮੁੱਖ ਭਾਗਾਂ (Parts) ਵਿਚ ਵੰਡਿਆ ਗਿਆ ਹੈ। ਅੱਗੇ ਹਰੇਕ ਭਾਗ ਨੂੰ ਅਧਿਆਵਾਂ (Chapters), ਧਾਰਾਵਾਂ (Articles), ਸਿਰਲੇਖਾਂ (Heading) ਅਤੇ ਨਿਯਮਾਂ (Rules) ਵਿਚ ਵੰਡਿਆ ਹੋਇਆ ਹੈ। ਪਹਿਲਾ ਭਾਗ ਹੈ: ਸ਼ਖ਼ਸੀ ਰਹਿਣੀ ਅਤੇ ਦੂਜਾ ਭਾਗ ਹੈ: ਪੰਥਕ ਰਹਿਣੀ।

## ਸ਼ਖ਼ਸੀ ਰਹਿਣੀ

ਇਸ ਭਾਗ ਦੇ ਤਿੰਨ ਅਧਿਆਇ ਹਨ:

੧. ਨਾਮ ਬਾਣੀ ਦਾ ਅਭਿਆਸ
੨. ਗੁਰਮਤਿ ਦੀ ਰਹਿਣੀ
੩. ਸੇਵਾ

## ੧. ਨਾਮ ਬਾਣੀ ਦਾ ਅਭਿਆਸ

ਇਸ ਅਧਿਆਇ ਦੀਆਂ ਸੱਤ ਧਾਰਾਵਾਂ ਹਨ:

1. ਨਾਮ ਦਾ ਜਾਪ।
2. ਨਿਤਨੇਮ ਦੀਆਂ ਬਾਣੀਆਂ ਦਾ ਪਾਠ।
3. ਅਰਦਾਸ।
4. ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ।
5. ਗੁਰਬਾਣੀ ਦੀ ਕਥਾ।
6. ਵਿਖਿਆਨ।
7. ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ।

ਅੱਗੋਂ ਇਨ੍ਹਾਂ ਧਾਰਾਵਾਂ ਦੇ ਨਿਯਮ ਅੰਕਿਤ ਹਨ:

1. ਨਾਮ ਦੇ ਜਾਪ ਦਾ—ਇਕ।
2. ਨਿਤਨੇਮ ਦੀਆਂ ਬਾਣੀ ਦੇ ਪਾਠ ਦਾ—ਇਕ।
3. ਅਰਦਾਸ ਦੇ—ਚਾਰ।
4. ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ ਨੂੰ ਅੱਗੇ ਅੱਠ ਸਿਰਲੇਖਾਂ ਅਧੀਨ ਵੰਡ ਕੇ ਨਿਯਮ ਅੰਕਿਤ ਕੀਤੇ ਗਏ ਹਨ:

   ਗੁਰਦੁਆਰੇ ਦੇ—ਉੱਨੀ।
   ਕੀਰਤਨ ਦੇ—ਚਾਰ।
   ਹੁਕਮ ਲੈਣ ਦੇ—ਛੇ।
   ਸਾਧਾਰਨ ਪਾਠ ਦੇ—ਪੰਜ।
   ਅਖੰਡ ਪਾਠ ਦੇ—ਤਿੰਨ।
   ਸਾਧਾਰਨ ਪਾਠ/ਅਖੰਡ ਪਾਠ ਦੇ ਆਰੰਭ ਦਾ—ਇਕ।
   ਭੋਗ ਦੇ—ਦੋ।
   ਕੜਾਹ ਪ੍ਰਸ਼ਾਦਿ ਦੇ—ਚਾਰ।

ਇਸ ਉਪਰੰਤ ਧਾਰਾ:

5. ਗੁਰਬਾਣੀ ਦੀ ਕਥਾ ਦੇ—ਤਿੰਨ।
6. ਵਿਖਿਆਨ ਦਾ—ਇਕ।
7. ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ—ਇਕ ਨਿਯਮ ਅੰਕਿਤ ਹਨ।

## ੨. ਗੁਰਮਤਿ ਦੀ ਰਹਿਣੀ

ਇਸ ਅਧਿਆਇ ਦੀਆਂ ਪੰਜ ਧਾਰਾਵਾਂ ਹਨ, ਜਿਨ੍ਹਾਂ ਦੇ ਨਿਯਮ ਇਸ ਤਰ੍ਹਾਂ ਅੰਕਿਤ ਹਨ:

ਗੁਰਮਤਿ ਦੇ—ਵੀਹ।

1. ਜਨਮ ਅਤੇ ਨਾਮ ਸੰਸਕਾਰ ਦੇ—ਤਿੰਨ।



Sri Satguru Jagjit Singh Ji eLibrary NamdhariElibrary@gmail.com

2. ਅਨੰਦ ਸੰਸਕਾਰ ਦੇ—ਸਤਾਰਾਂ।
3. ਮ੍ਰਿਤਕ ਸੰਸਕਾਰ ਦੇ—ਸੱਤ।
4. ਹੋਰ ਰੀਤੀਆਂ ਦਾ—ਇਕ।

## ੩. ਸੇਵਾ

ਇਸ ਅਧਿਆਇ ਦੀਆਂ ਦੋ ਧਾਰਾਵਾਂ/ਨਿਯਮ ਹਨ:
(ੳ) ਲੰਗਰ।
(ਅ) ਪੰਗਤ ਦੇ ਨਿਯਮ।

## ਪੰਥਕ ਰਹਿਣੀ

ਇਸ ਦੂਜੇ ਭਾਗ ਦੇ ਪੰਜ ਅਧਿਆਇ ਹਨ, ਜਿਨ੍ਹਾਂ ਦੀਆਂ ਧਾਰਾਵਾਂ ਜਾਂ ਨਿਯਮ ਇਸ ਪ੍ਰਕਾਰ ਅੰਕਿਤ ਹਨ:

੧. ਗੁਰੂ ਪੰਥ ਦੇ—ਦੋ।
੨. ਅੰਮ੍ਰਿਤ ਸੰਸਕਾਰ ਦੇ—ਵੀਹ।
੩. ਤਨਖ਼ਾਹ ਲਾਉਣ ਦੀ ਵਿਧੀ ਦੇ—ਚਾਰ।
੪. ਗੁਰਮਤਾ ਕਰਨ ਦੀ ਵਿਧੀ—ਦੋ।
੪. ਸਥਾਨਕ ਫ਼ੈਸਲਿਆਂ ਦੀ ਅਪੀਲ ਦਾ—ਇਕ।

# ਸਿੱਖ ਰਹਿਤ ਮਰਯਾਦਾ

## ਸਿੱਖ ਦੀ ਤਾਰੀਫ਼

**ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।** *(ਸਿੱਖ ਰਹਿਤ ਮਰਯਾਦਾ, ਪੰਨਾ 9)*

***ਵਿਆਖਿਆ :***

ਸਿੱਖ ਦੀ ਤਾਰੀਫ਼ (ਪਰਿਭਾਸ਼ਾ ਅਥਵਾ Definition) ਸਮਝਣ ਲਈ ਅਸੀਂ ਇਉਂ ਲਿਖ ਸਕਦੇ ਹਾਂ :

i. ਜੋ ਇਸਤਰੀ ਜਾਂ ਪੁਰਸ਼;
ii. ਇਕ ਅਕਾਲ ਪੁਰਖ (ਨੂੰ ਮੰਨਦਾ ਹੈ);
iii. ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ (ਨੂੰ ਇਕ ਰੂਪ ਕਰ ਕੇ ਜਾਣਦਾ ਹੈ);
iv. ਦਸ ਗੁਰੂ ਸਾਹਿਬਾਨ ਦੀ ਬਾਣੀ ਅਤੇ ਸਿੱਖਿਆ (ਨੂੰ ਮੰਨਦਾ ਹੈ);
v. ਦਸਮੇਸ਼ ਜੀ ਦੇ ਅੰਮ੍ਰਿਤ (ਖੰਡੇ ਦੀ ਪਾਹੁਲ) ਉੱਤੇ ਨਿਸ਼ਚਾ ਰੱਖਦਾ ਹੈ; ਅਤੇ
vi. ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ;

ਉਹ ਸਿੱਖ ਹੈ।

i. "ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਾਰੇ ॥" (ਗੁ: ਗ੍ਰੰ: ਸਾ:, ਪੰਨਾ 1349) ਅਨੁਸਾਰ ਕੋਈ ਵੀ ਇਸਤਰੀ ਜਾਂ ਪੁਰਸ਼ ਸਿੱਖ ਧਰਮ ਦਾ ਧਾਰਨੀ ਹੋ ਸਕਦਾ ਹੈ। ਜਿਸ ਤਰ੍ਹਾਂ ਲਿੰਗ ਭੇਦ (Gender) ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ, ਇਸੇ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਰੰਗ, ਨਸਲ ਅਤੇ ਦੇਸ਼ ਦੇ ਆਧਾਰ 'ਤੇ ਵੀ ਸਿੱਖ ਧਰਮ ਵਿਚ ਦਾਖ਼ਲ ਹੋਣ ਲਈ ਕੋਈ ਰੁਕਾਵਟ ਨਹੀਂ।

ii. ਅਕਾਲ ਪੁਰਖ ਕੇਵਲ (੧) ਹੈ, ਜੋ ਨਿਰੰਕਾਰ ਰੂਪ ਵਿਚ, ਜਨਮ-ਮਰਨ ਤੋਂ ਰਹਿਤ ਹੈ। "ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥" (ਗੁ: ਗ੍ਰੰ: ਸਾ:, ਪੰਨਾ 592) ਅਨੁਸਾਰ ਸਿੱਖ ਧਰਮ ਵਿਚ ਅਵਤਾਰਵਾਦ (ਵਿਸ਼ਨੂੰ ਆਦਿ ਦੇ ਅਵਤਾਰਾਂ ਦੀ ਮਾਨਤਾ), ਬਹੁ-ਦੇਵਵਾਦ (ਦੇਵੀ-ਦੇਵਤਿਆਂ ਦੀ ਪੂਜਾ) ਅਤੇ

Sri Satguru Jagjit Singh Ji eLibrary NamdhariElibrary@gmail.com

ਕਿਰਤਮ (ਅੱਗ ਪਾਣੀ ਬਨਸਪਤੀ ਤੇ ਮਨੁੱਖ ਆਦਿ) ਦੀ ਪੂਜਾ ਦੀ ਕੋਈ ਥਾਂ ਨਹੀਂ।

iii. "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥" (ਗੁ: ਗ੍ਰੰ: ਸਾ:, ਪੰਨਾ 966) ਅਨੁਸਾਰ ਸਿੱਖ ਧਿਆਨ ਵਿਚ ਦਸਾਂ ਪਾਤਸ਼ਾਹੀਆਂ ਨੂੰ ਭਿੰਨ ਭਿੰਨ ਨਹੀਂ, ਸਗੋਂ ਇਕ ਜੋਤਿ ਮੰਨਣਾ ਅਤੀ ਜ਼ਰੂਰੀ ਹੈ। "ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ ॥ ਹਮੂ ਰਤਨ ਜੌਹਰ ਹਮੂ ਮਾਣਕ ਅਸਤ ॥੨੭॥ (*ਜੋਤਿ ਬਿਗਾਸ,* ਭਾਈ ਨੰਦ ਲਾਲ ਜੀ) ਦਸਾਂ ਜਾਮਿਆਂ ਵਿਚ ਗੁਰੂ ਸਾਹਿਬਾਨ ਨੇ ਇਕ ਹੀ ਨਿਸ਼ਾਨੇ ਦੀ ਪੂਰਤੀ ਲਈ ਘਾਲਣਾ ਘਾਲੀ, ਅੰਤ ਨੂੰ ਦਸਮੇਸ਼ ਜੀ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਗੁਰਗੱਦੀ 'ਤੇ ਬਿਰਾਜਮਾਨ ਅਤੇ ਪੰਥ ਨੂੰ ਤਾਬਿਆ ਕਰ ਜੋਤੀ ਜੋਤਿ ਸਮਾਏ।

iv. "ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥" (ਗੁ: ਗ੍ਰੰ: ਸਾ:, ਪੰਨਾ 763) ਅਨੁਸਾਰ ਕੇਵਲ ਦਸ ਗੁਰੂ ਸਾਹਿਬਾਨ ਦੀ ਬਾਣੀ ਅਤੇ (ਬਾਣੀ ਆਧਾਰਤ ਹੋਰ) ਸਿੱਖਿਆ (ਜੋ ਹੋਰ ਗ੍ਰੰਥਾਂ ਵਿਚ ਵੀ ਦਰਜ ਹੈ) ਅਨੁਸਾਰ ਹੀ ਆਪਣਾ ਜੀਵਨ ਢਾਲਣਾ ਸਿੱਖ ਦਾ ਉਦੇਸ਼ ਹੋਵੇ।

v. ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਣ ਤੋਂ ਭਾਵ ਇਕ ਦਿਨ ਸਿੱਖ ਤੋਂ ਸਿੰਘ ਸਜਣਾ ਮਨੋਰਥ ਸਪੱਸ਼ਟ ਹੋਵੇ। ਇਹ ਸਿੱਧ ਹੈ ਕਿ ਖ਼ਾਲਸਾ ਪੰਥ ਵਿਚ ਸ਼ਾਮਲ ਕੇਵਲ ਪੰਜ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਹੀ ਹੋਇਆ ਜਾ ਸਕਦਾ ਹੈ, ਜੋ ਰੀਤੀ ਦਸਮੇਸ਼ ਜੀ ਨੇ ਆਪ ਪਹਿਲੀ ਵੈਸਾਖ 1756 ਬਿਕ੍ਰਮੀ ਅਥਵਾ 30 ਮਾਰਚ, 1699 ਈਸਵੀ ਨੂੰ ਖ਼ਾਲਸਾ ਸਾਜ ਕੇ ਬੱਧੀ।

vi. ਜਿਸ ਤਰ੍ਹਾਂ ਦੋ ਰਾਜਿਆਂ ਦੀ ਪਰਜਾ, ਦੋ ਭਤਾਰਾਂ ਦੀ ਨਾਰਿ ਸੁਖੀ ਨਹੀਂ ਹੋ ਸਕਦੀ ਅਤੇ ਦੋ ਬੇੜੀਆਂ ਵਿਚ ਬੈਠ ਕੇ ਕੋਈ ਪਾਰ ਨਹੀਂ ਲੱਗ ਸਕਦਾ, ਇਸੇ ਤਰ੍ਹਾਂ ਇਤਿਹਾਸ ਪ੍ਰਸਿੱਧ ਵਾਕ "ਸਿੱਖੀ ਉੱਤੇ ਸਿੱਖੀ ਨਹੀਂ ਟਿਕ ਸਕਦੀ" ਅਨੁਸਾਰ ਸਿੱਖ ਧਰਮ ਦੇ ਧਾਰਨੀ ਹੋਣ ਲਈ ਹੋਰ ਕਿਸੇ ਵੀ ਧਰਮ ਦੀ ਮਾਨਤਾ ਦਾ ਤਨ ਮਨ ਕਰ ਕੇ ਪੂਰਨ ਤਿਆਗ ਜ਼ਰੂਰੀ ਹੈ, ਯਥਾ :

**ਤੈਸੇ ਗੁਰਸਿਖਨ ਮੈ ਏਕ ਟੇਕ ਹੀ ਪ੍ਰਧਾਨ,**
**ਆਨ ਗਯਾਨ ਧਯਾਨ ਸਿਮਰਨ ਬਿਬਚਾਰ ਹੈ ॥੪੮੨॥**

*(ਕਬਿੱਤ ਭਾਈ ਗੁਰਦਾਸ ਜੀ)*

ਸਿੱਖ ਅਖਵਾਉਣ ਵਾਲੇ ਨੂੰ ਕੇਸ ਕਤਲ ਕਰਨਾ, ਪਰ-ਪੁਰਸ਼/ਪਰ-ਇਸਤਰੀ ਦਾ ਸੰਗ ਕਰਨਾ, ਕੁੱਠਾ ਖਾਣਾ ਅਤੇ ਤਮਾਕੂ ਦੀ ਵਰਤੋਂ ਕਰਨਾ ਆਦਿ ਸਖ਼ਤ ਮਨ੍ਹਾ ਹਨ। ਇਹ ਕਿਵੇਂ ਹੋ ਸਕਦਾ ਹੈ ਕਿ ਪਿਆਰ-ਵਿਚਾਰ ਨਾਲ "ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥"(ਗੁ: ਗ੍ਰੰ: ਸਾ:, ਪੰਨਾ 1) ਪੜ੍ਹਨ ਵਾਲਾ ਕਰਤਾਰ ਦੇ ਹੁਕਮ ਵਿਚ ਬਣੇ ਸਰੀਰ ਦੇ ਅਤੀ ਸੁੰਦਰ ਅੰਗ 'ਕੇਸਾਂ' ਦੀ ਬੇਅਦਬੀ ਕਰੇ ?

ਕੇਸਾਂ ਦੀ ਸੰਭਾਲ ਕਰਨ ਦਾ ਉਪਦੇਸ਼ ਗੁਰ-ਇਤਿਹਾਸ ਵਿਚ ਥਾਂ ਥਾਂ 'ਤੇ ਮਿਲਦਾ



Sri Satguru Jagjit Singh Ji eLibrary NamdhariElibrary@gmail.com

ਹੈ। ਜਦੋਂ ਵੀ ਕੋਈ ਗ਼ੈਰ-ਸਿੱਖ ਗੁਰੂ-ਸੰਗਤ ਵਿਚ ਆਇਆ ਤਾਂ ਉਸ ਨੂੰ ਅਹਿਸਾਸ ਕਰਵਾਇਆ ਗਿਆ ਕਿ ਜੀਵਨ ਦਾ ਪਰਮ ਸੁਖ ਕਰਤਾਰ ਦੀ ਰਜ਼ਾ ਅਨੁਸਾਰ ਜਿਊਣ ਵਿਚ ਹੈ ਤੇ ਕੇਸ ਉਸ ਰਜ਼ਾ ਦੇ ਮਾਲਕ (ਰਜ਼ਾਈ) ਦੀ ਹਰ ਮਨੁੱਖ ਨੂੰ ਅਜਿਹੀ ਬਖ਼ਸ਼ਿਸ਼ ਹੈ, ਜੋ ਮਨੁੱਖ ਦੇ ਅੰਤਮ ਸੁਆਸ ਤਕ ਨਾਲ ਨਿਭਦੀ ਹੈ, ਇਸ ਕਰਕੇ ਕਰਤਾਰ ਦੀ ਇਸ ਦਾਤ ਨੂੰ ਸਤਿਕਾਰਨ ਸੰਭਾਲਣ ਵਾਲਾ ਹੀ ਜ਼ਿੰਦਗੀ ਦੇ ਬਾਕੀ ਉਤਰਾਵਾਂ-ਚੜ੍ਹਾਵਾਂ ਨੂੰ ਉਸ ਦੀ ਰਜ਼ਾ ਸਮਝ ਕੇ ਖਿੜੇ ਮੱਥੇ ਪ੍ਰਵਾਨ ਕਰ ਸਕਦਾ ਹੈ। ਇਸ ਤਰ੍ਹਾਂ ਗੁਰੂ ਨਾਲ ਪਿਆਰ ਕਰਨ ਵਾਲੇ ਹਰ ਵਿਅਕਤੀ ਨੂੰ ਗੁਰੂ ਉਪਦੇਸ਼ ਦੇ ਧਾਰਨੀ ਹੋਣ ਤੋਂ ਪਹਿਲਾਂ ਕੇਸ ਕਤਲ ਕਰਨ ਅਤੇ ਤਮਾਕੂ ਆਦਿ ਪੀਣ ਤੋਂ ਵਰਜਿਆ ਗਿਆ।

ਸਿੱਖ ਪਰਿਵਾਰ ਵਿਚ ਪੈਦਾ ਹੋਣ ਵਾਲੇ ਬੱਚਿਆਂ ਪ੍ਰਤੀ 'ਗੁਰਮਤਿ ਦੀ ਰਹਿਣੀ' ਧਾਰਾ ਦੇ ਨਿਯਮ (ਘ) ਅਧੀਨ ਆਦੇਸ਼ ਹੈ: "ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨ ਮੰਗੇ, ਕੇਸ ਉਹੀ (ਜਮਾਂਦਰੂ) ਰੱਖੇ, ਨਾਮ ਸਿੰਘ ਰੱਖੇ। ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ।" *(ਸਿੱਖ ਰਹਿਤ ਮਰਯਾਦਾ, ਪੰਨਾ 20)*

ਇਸੇ ਕਰਕੇ Sikh Gurdwara Act ਦੀ ਧਾਰਾ 4 (11) ਅਧੀਨ ਲਿਖਿਆ ਹੈ: 'Patit' means a person who being a kashadhari Sikh trims or shaves his beard or Keshas or who after taking Amrit commits any one or more of the four kurahits. ਫਿਰ ਅੱਗੇ ਚਲ ਕੇ Qualifications of Electors ਅਧੀਨ ਲਿਖਿਆ ਹੈ: Provided that no person shall be registered as an electer who :

(a) trims or shaves his beard or keshas;
(b) Smokes;
(c) takes alcoholic drink.

ਇਸੇ ਤਰ੍ਹਾਂ Delhi Sikh Gurdwara Act, 1971 ਦੇ Qualifications of Electors ਦੀ ਧਾਰਾ 8 ਅਧੀਨ ਲਿਖਿਆ ਹੈ:

Provided that no person shall be registered as an elector who :

(a) trims or shaves his beard or keshas;
(b) smokes;
(c) takes alcoholic drink.

ਉਪਰੋਕਤ ਸਾਰੀ ਵੀਚਾਰ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਜੋ ਵਿਅਕਤੀ ਸਿੱਖ ਪਰਿਵਾਰ ਵਿਚ ਜਨਮ ਲੈ ਕੇ ਜਾਂ ਸਿੱਖ ਧਰਮ ਦਾ ਧਾਰਨੀ ਹੋ ਕੇ ਆਪਣੇ ਕੇਸ (ਸਿਰ, ਦਾੜ੍ਹੀ ਜਾਂ ਸਰੀਰ ਦੇ ਕਿਸੇ ਵੀ ਅੰਗ ਤੋਂ ਕਿਸੇ ਵੀ ਢੰਗ ਨਾਲ) ਕਤਲ ਕਰ ਲੈਂਦਾ ਹੈ ਤਾਂ ਉਹ ਸਿਰਗੁੰਮ ਹੈ ('ਸਿੱਖ ਰਹਿਤ ਮਰਯਾਦਾ', ਪੰਨਾ 30 ਦਾ ਫ਼ੁਟਨੋਟ)। ਐਸੇ ਵਿਅਕਤੀ ਨੂੰ ਸਹਿਜਧਾਰੀ ਕਹਿਣਾ ਜਾਂ ਸਮਝਣਾ ਭਾਰੀ ਭੁੱਲ ਹੈ। ਸ਼ਾਇਦ ਇਸੇ



Sri Satguru Jagjit Singh Ji eLibrary NamdhariElibrary@gmail.com

ਕਰਕੇ 'ਰਹਿਤ ਮਰਯਾਦਾ' ਵਿਚ 'ਸਿੱਖ' ਜਾਂ 'ਅੰਮ੍ਰਿਤਧਾਰੀ ਸਿੰਘ' ਦਾ ਹੀ ਜ਼ਿਕਰ ਹੈ ਅਤੇ ਕਿਸੇ ਅਵਸਥਾ ਨੂੰ ਸਹਿਜਧਾਰੀ ਨਹੀਂ ਪ੍ਰਵਾਨਿਆ ਗਿਆ।

## ਸਿੱਖ ਜੀਵਨ

ਗੁਰੂ ਨਾਨਕ ਸਾਹਿਬ ਦੇ ਧਿਆਨ ਵਿਚ ਸਿੱਖ ਦਾ ਜੀਵਨ ਅਜਿਹਾ ਆਦਰਸ਼ਕ ਹੋਵੇ, ਜਿਸ ਦੀ ਸੰਗਤ ਵਿਚ ਹੋਰ ਸੰਸਾਰੀ ਵੀ ਸਿੱਖ ਬਣਨਾ ਲੋਚਣ। ਅਜਿਹੇ ਨੂੰ ਹੀ ਆਪਣਾ 'ਭਾਈ' ਕਹਿਣ 'ਤੇ ਗੁਰੂ ਸਾਹਿਬ ਨੂੰ ਮਾਣ ਹੈ।

**ਬੋਲਹਿ ਸਾਚੁ ਮਿਥਿਆ ਨਹੀ ਰਾਈ॥**
**ਚਾਲਹਿ ਗੁਰਮੁਖਿ ਹੁਕਮਿ ਰਜਾਈ॥**
**ਰਹਹਿ ਅਤੀਤ ਸਚੇ ਸਰਣਾਈ॥੧॥...**
**ਜਿਨ ਕੈ ਮਨਿ ਵਸਿਆ ਸਚੁ ਸੋਈ॥**
**ਤਿਨ ਕੀ ਸੰਗਤਿ ਗੁਰਮੁਖਿ ਹੋਈ॥**
**ਨਾਨਕ ਸਾਚਿ ਨਾਮਿ ਮਲੁ ਖੋਈ॥੬॥** *(ਗੁ: ਗ੍ਰੰ: ਸਾ:, ਪੰਨਾ 227)*

ਗੁਰਦੇਵ ਦੇ ਇਨ੍ਹਾਂ ਬਚਨਾਂ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ ਇਉਂ ਕੀਤੀ ਹੈ:

**ਕਾਮੁ ਕਰੋਧੁ ਵਿਰੋਧੁ ਹਰਿ, ਲੋਭੁ ਮੋਹੁ ਅਹੰਕਾਰੁ ਤਜਾਇਆ॥**
**ਸਤੁ ਸੰਤੋਖੁ ਦਇਆ ਧਰਮੁ, ਨਾਮੁ ਦਾਨੁ ਇਨਸਾਨੁ ਦ੍ਰਿੜਾਇਆ॥**
**ਗੁਰੁਸਿਖਿ ਲੈ ਗੁਰਸਿਖੁ ਸਦਾਇਆ॥੩॥੧੧॥**
**ਸਬਦ ਸੁਰਤਿ ਲਿਵਲੀਣ ਹੋਇ, ਸਾਧ ਸੰਗਤਿ ਸਚਿ ਮੇਲਿ ਮਿਲਾਇਆ॥**
**ਹੁਕਮੁ ਰਜਾਈ ਚਲਣਾ, ਆਪੁ ਗਵਾਇ ਨ ਆਪੁ ਜਣਾਇਆ॥**
**ਗੁਰ ਉਪਦੇਸੁ ਆਵੇਸੁ ਕਰਿ, ਪਰਉਪਕਾਰਿ ਅਚਾਰਿ ਲੁਭਾਇਆ॥**
**ਪਿਰਮ ਪਿਆਲਾ ਅਪਿਉ ਪੀ, ਸਹਜ ਸਮਾਈ ਅਜਰੁ ਜਰਾਇਆ॥**
**ਮਿਠਾ ਬੋਲਣੁ ਨਿਵ ਚਲਣੁ, ਹਥਹੁ ਦੇਕੇ ਭਲਾ ਮਨਾਇਆ॥**
**ਇਕ ਮਨਿ ਇਕੁ ਅਰਾਧਣਾ, ਦੁਬਿਧਾ ਦੂਜਾ ਭਾਉ ਮਿਟਾਇਆ॥**
**ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ॥੪॥੧੧॥**

ਇਨ੍ਹਾਂ ਪਉੜੀਆਂ ਦਾ ਟੀਕਾ ਭਾਈ ਮਨੀ ਸਿੰਘ ਜੀ ਨੇ ਇਉਂ ਲਿਖਿਆ ਹੈ, "...ਗੁਰੂ ਕੇ ਸਿਖ ਕਾਮ ਨੂੰ ਤਿਆਗਦੇ ਹਨ, ਆਪਣੀ ਧਰਮ ਦੀ ਇਸਤਰੀ ਬਿਨਾਂ ਹੋਰ ਕਿਧਰੇ ਧਿਆਨ ਨਹੀਂ ਕਰਦੇ ਤੇ ਕਿਸੇ ਨਾਲ ਕ੍ਰੋਧ ਨਹੀਂ ਕਰਦੇ, ਕਹਿੰਦੇ ਹਨ ਜੋ ਕ੍ਰੋਧ ਚੰਡਾਲ ਹੈ, ਇਸ ਦੇ ਨਾਲ ਛੂਹਿਆ ਨਹੀਂ ਚਾਹੀਦਾ। ਜੇ ਕੋਈ ਹੋਰ ਕ੍ਰੋਧ ਕਰਦਾ ਹੈ ਤਾਂ ਸਹਿੰਦੇ ਹੈਨ, ਅੱਗੋਂ ਮਿੱਠਾ ਬੋਲਦੇ ਹਨ ਤੇ ਹੰਕਾਰ ਨਹੀਂ ਕਰਦੇ। ਕਹਿੰਦੇ ਹਨ ਜੋ ਅਸੀਂ ਸਭਨਾਂ ਥੀਂ ਨੀਚ ਹਾਂ, ਗੁਰੂ ਕੇ ਸਿੱਖ ਸਭ ਅਸਾਂ ਥੀਂ ਵਿਸ਼ੇਸ਼ ਹਨ। ਤੇ ਜਤ ਕਰਦੇ ਹਨ, ਪਰਾਈ ਇਸਤਰੀ ਨੂੰ ਮਾਂ ਭੈਣ ਦੇ ਸਮਾਨ ਜਾਣਦੇ ਹਨ। ਧਰਮ ਦੀ ਕਿਰਤ ਕਰ ਕੇ ਵੰਡ ਖਾਂਵਦੇ ਹਨ, ਗੁਰੂ ਕਾ ਦਸਵੰਧ ਕੱਢਦੇ ਹਨ, ਗ਼ਰੀਬਾਂ ਤੇ ਅਗਿਆਨੀਆਂ ਪਰ ਦਯਾ ਕਰਦੇ ਹਨ...।" *(ਸਿੱਖਾਂ ਦੀ ਭਗਤ ਮਾਲ)*


Sri Satguru Jagjit Singh Ji eLibrary NamdhariElibrary@gmail.com

# ਸ਼ਖ਼ਸੀ ਰਹਿਣੀ

੧. ਨਾਮ ਬਾਣੀ ਦਾ ਅਭਿਆਸ
੨. ਗੁਰਮਤਿ ਦੀ ਰਹਿਣੀ
੩. ਸੇਵਾ

## ੧. ਨਾਮ ਬਾਣੀ ਦਾ ਅਭਿਆਸ

**(1) ਸਿੱਖ ਅੰਮ੍ਰਿਤ ਵੇਲੇ (ਪਹਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ 'ਵਾਹਿਗੁਰੂ' ਨਾਮ ਜਪੇ।**

*(ਸਿੱਖ ਰਹਿਤ ਮਰਯਾਦਾ, ਪੰਨਾ 10)*

*ਵਿਆਖਿਆ :*

**ਇਸ਼ਨਾਨ ਅਤੇ ਜਾਪ** : "ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥" (ਗੁ: ਗ੍ਰੰ: ਸਾ:, ਪੰਨਾ 810) ਅਤੇ "ਹਰਿ ਸਿਮਰਨ ਕੀ ਸਗਲੀ ਬੇਲਾ ॥" (ਗੁ: ਗ੍ਰੰ: ਸਾ:, ਪੰਨਾ 1150) ਜੈਸੇ ਅਨੇਕਾਂ ਅਮੋਲਕ ਬਚਨ ਹੈਨ, ਜੋ ਗੁਰੂ ਕੇ ਸਿੱਖਾਂ ਦਾ ਜੀਵਨ ਆਦਰਸ਼ ਨਿਸ਼ਚਿਤ ਕਰਦੇ ਹਨ, ਪਰ ਇਸ ਅਵਸਥਾ ਤਕ ਪੁੱਜਣ ਲਈ ਸਤਿਗੁਰੂ ਸਾਹਿਬਾਨ ਦੇ ਪਰਭਾਤੇ, ਚਉਥੈ ਪਹਿਰ, ਪਿਛਲ ਪਹਿਰ ਅਥਵਾ ਭਲਕੇ ਉਠ ਕੇ ਕਰਤਾਰ ਨਾਲ ਜੁੜਨ ਦੀ ਤਾਕੀਦ ਵੀ ਕੀਤੀ ਹੈ :

**ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥**

*(ਗੁ: ਗ੍ਰੰ: ਸਾ:, ਪੰਨਾ 146)*

**ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥**
**ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥**

*(ਗੁ: ਗ੍ਰੰ: ਸਾ:, ਪੰਨਾ 1185)*

ਸਾਡੀ ਜਾਚੇ ਅਜਿਹਾ ਇਸ ਲਈ ਹੁਕਮ ਹੈ ਕਿ ਜੇ ਪ੍ਰਭਾਤ ਵੇਲੇ ਮਨ ਕਰਤਾਰ ਦੇ ਪਿਆਰ ਵਿਚ ਇਕਸੁਰ ਹੋ ਜਾਏ ਤਾਂ ਇਹ ਦਿਨ ਦੇ ਬਿਖੜੇ ਦਾਵਾਂ ਵਿਚ ਵੀ ਟਿਕਾਅ ਅਤੇ ਖੇੜੇ ਵਿਚ ਰਹਿੰਦਾ ਹੈ ਤੇ ਬੇਸੁਰਾ ਨਹੀਂ ਹੁੰਦਾ। ਪਹਿਲੀ ਰਾਤ ਨੂੰ ਭਰਪੂਰ ਨੀਂਦ ਲੈਣ ਉਪਰੰਤ ਦਿਮਾਗ਼ ਤਰੋ-ਤਾਜ਼ਾ ਹੁੰਦਾ ਹੈ; ਮਨ ਅਜੇ ਦਿਨ ਦੇ 'ਅਧਿਕ ਤਰੰਗ' ਤੋਂ ਬਚਿਆ ਹੋਇਆ ਹੁੰਦਾ ਹੈ; ਇਸ਼ਨਾਨ ਤੋਂ ਪਹਿਲਾਂ ਸੌਚ (Toilet) ਜਾਣ, ਦਾਤਨ/ਬੁਰਸ਼ ਕਰਨ ਆਦਿ ਸਰੀਰਕ ਕਿਰਿਆ ਸਾਧਨ ਨਾਲ ਮਿਹਦਾ ਸਾਫ਼ ਹੋਇਆ ਹੁੰਦਾ ਹੈ, ਜੋ ਮਨ ਦੇ ਟਿਕਾਓ ਲਈ ਕਾਫ਼ੀ ਮਦਦਗਾਰ ਹੁੰਦਾ ਹੈ; ਭੁੱਖ ਤਿਖਾ ਅਜੇ ਭਉਂਕੀਆਂ ਨਹੀਂ ਹੁੰਦੀਆਂ; ਦਿਨ ਦੇ ਮੁਕਾਬਲੇ ਆਸੇ-ਪਾਸੇ ਦਾ ਸ਼ੋਰ ਸ਼ਰਾਬਾ ਅਤੇ

ਘਰ ਵਿਚ ਕੰਮ ਕਾਰ ਦੇ ਖੜਕੇ ਦੜਕੇ ਤੋਂ ਬਚਾਅ ਹੁੰਦਾ ਹੈ, ਆਦਿ ਅਨੇਕਾਂ ਕਾਰਨ ਜਾਪਦੇ ਹਨ, ਜਿਸ ਕਰਕੇ ਪਹਿਰ ਰਾਤ ਰਹਿੰਦੀ ਭਾਵ ਤੜਕੇ ਤਿੰਨ ਵਜੇ ਜਾਗਣ ਨੂੰ ਤਰਜੀਹ ਦਿੱਤੀ ਗਈ ਹੈ। ਉਂਜ ਜਦੋਂ ਵੀ ਨਾਮ ਅੰਮ੍ਰਿਤ ਨਾਲ ਜੁੜਿਆ ਜਾਵੇ ਅੰਮ੍ਰਿਤ ਵੇਲਾ ਹੋ ਜਾਂਦਾ ਹੈ। ਭਾਈ ਨੰਦ ਲਾਲ ਜੀ ਦਾ ਬਚਨ ਹੈ:

**ਬੇਦਾਰੀ ਅਸਤ ਜ਼ਿੰਦਗੀਇ ਸਾਹਿਬਾਨਿ ਸ਼ੌਕ,**
**ਗੋਯਾ ਹਰਾਮ ਕਰਦਮ ਅਜ਼ ਆਇੰਦਾ ਖ਼੍ਵਾਬਿ ਸੁਬਹ॥** *(ਗਜ਼ਲ 17)*

[ਜਾਗਣਾ ਹੀ ਪ੍ਰਭੂ ਪ੍ਰੇਮੀਆਂ ਦੀ ਜ਼ਿੰਦਗੀ ਹੈ, ਇਸ ਲਈ ਮੈਂ ਅੱਗੇ ਤੋਂ ਅੰਮ੍ਰਿਤ ਵੇਲੇ ਦੀ ਨੀਂਦ ਆਪਣੇ ਉੱਤੇ ਹਰਾਮ ਕਰ ਦਿੱਤੀ ਹੈ।]

ਅਗਲਾ ਵਿਚਾਰ ਹੈ 'ਅਕਾਲ ਪੁਰਖ ਦਾ ਧਿਆਨ'। ਕੇਵਲ ਇਕ ਅਕਾਲ ਪੁਰਖ ਨਾਲ ਹੀ ਜੁੜਨਾ ਸਿੱਖ ਧਰਮ ਦੀ ਨੀਂਹ ਹੈ। ਇਸ ਲਈ ਯਾਦ ਰੱਖਣਯੋਗ ਹੈ ਕਿ ਗੁਰੂ ਨਾਨਕ ਸੰਕਲਪ ਵਿਚ ਉਹ ਅਕਾਲ ਪੁਰਖ (੧ੴ) 'ਸਤਿ ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ' ਆਦਿ ਵਿਸ਼ੇਸ਼ ਗੁਣਾਂ ਦਾ ਮਾਲਕ ਹੈ। ਕਾਲ ਦੀ ਪਕੜ ਤੋਂ ਪਰ੍ਹੇ ਉਹ ਇਕ ਅਜਿਹੀ ਹਸਤੀ (ਮੂਰਤਿ) ਹੈ, ਜੋ ਆਕਾਰ-ਰਹਿਤ ਭਾਵ ਨਿਰਾਕਾਰ ਜਾਂ ਨਿਰੰਕਾਰ ਹੈ ਅਤੇ ਇਸ 'ਨਿਰੰਕਾਰ' ਨਾਲ ਹੀ ਸਿੱਖ ਦੀ ਸਾਂਝ ਪੁਆਉਣੀ ਗੁਰੂ ਨਾਨਕ ਕਰਤੱਵ/ਆਦਰਸ਼ ਹੈ। ਇਸ ਕਰਕੇ ਕਿਸੇ ਵੀ ਆਕਾਰ-ਸਰੀਰ ਜਾਂ ਮੂਰਤਿ ਆਦਿਕ ਦਾ ਧਿਆਨ ਸਿੱਖ ਲਈ ਬਿਲਕੁਲ ਮਨ੍ਹਾ ਹੈ। ਤਾਂ ਤੇ ਸਿੱਖ ਨੂੰ ਮੂਲ ਮੰਤਰ ਵਿਚ ਵਰਣਨ ਹੋਏ ਸ਼ੁਭ ਗੁਣਾਂ ਦੇ ਮਾਲਕ ਸ੍ਰੀ ਅਕਾਲ ਪੁਰਖ (ਨਿਰੰਕਾਰ) ਵਿਚ ਹੀ ਧਿਆਨ ਟਿਕਾ ਕੇ ਪਿਆਰ ਨਾਲ 'ਵਾਹਿਗੁਰੂ' ਨਾਮ ਜਪਣ ਦਾ ਹੁਕਮ ਹੈ।

"ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥" (ਪੰਨਾ 286) ਅਨੁਸਾਰ ਗੁਰਬਾਣੀ ਵਿਚ ਨਾਮ ਜਪਣ ਦੀ ਕਿਸੇ ਵੀ ਵਿਸ਼ੇਸ਼ ਵਿਧੀ ਦਾ ਜ਼ਿਕਰ ਨਹੀਂ ਹੈ, ਮਨੋਰਥ ਕੇਵਲ ਕਰਤਾਰ ਦੀ ਯਾਦ ਨੂੰ ਅੰਦਰ ਟਿਕਾਉਣ ਤੋਂ ਹੀ ਹੈ।

**2. ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ:**
**ਜਪੁ, ਜਾਪੁ ਅਤੇ ੧੦ ਸੁੱਯੇ (ਸ੍ਰਾਵਗ ਸੁਧ ਵਾਲੇ)—ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ। ਸੋ ਦਰੁ ਰਹਿਰਾਸ—ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਨੌਂ ਸ਼ਬਦ ('ਸੋ ਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ), ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ), ਸ੍ਵੈਯਾ (ਪਾਂਇ ਗਹੇ ਜਬ ਤੇ ਤੁਮਰੇ) ਅਤੇ ਦੋਹਰਾ (ਸਗਲ ਦੁਆਰ ਕਉ ਛਾਡਿ ਕੈ), ਅਨੰਦੁ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ)। (ਇਸ ਮੌਕੇ 'ਤੇ ਜਾਂ ਦੀਵਾਨ ਦੀ ਸਮਾਪਤੀ 'ਤੇ ਜੋ ਅਨੰਦੁ ਸਾਹਿਬ ਦਾ ਪਾਠ**


Sri Satguru Jagjit Singh Ji eLibrary NamdhariElibrary@gmail.com

**ਕੀਤਾ ਜਾਂਦਾ ਹੈ, ਉਸ ਦਾ ਭਾਵ ਕੇਵਲ ਗੁਰੂ ਸਾਹਿਬ ਦੇ ਮਿਲਾਪ ਲਈ ਖ਼ੁਸ਼ੀ ਤੇ ਧੰਨਵਾਦ ਕਰਨਾ ਹੁੰਦਾ ਹੈ—**ਪੈਰ ਟੂਕ)

**ਸੋਹਿਲਾ—ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।**

***ਵਿਆਖਿਆ :***

**ਨਿਤਨੇਮ :** ਸਿੱਖ ਕਹਾਉਣ ਵਾਲੇ ਹਰੇਕ ਪ੍ਰੇਮੀ ਨੂੰ ਗੁਰੂ ਪੰਥ ਵੱਲੋਂ ਹਰ ਰੋਜ਼ ਪੰਜ ਬਾਣੀਆਂ ਦਾ ਪਾਠ ਪਿਆਰ-ਵੀਚਾਰ ਨਾਲ ਕਰਨਾ ਵਿਧਾਨ ਕੀਤਾ ਹੈ। ਇਨ੍ਹਾਂ ਪੰਜ ਬਾਣੀਆਂ ਵਿੱਚੋਂ ਤਿੰਨ ਬਾਣੀਆਂ 'ਜਪੁ, ਜਾਪੁ ਤੇ ੧੦ ਸਵਈਆਂ' ਦਾ ਪਾਠ ਅੰਮ੍ਰਿਤ ਵੇਲੇ, ਚੌਥੀ ਬਾਣੀ 'ਸੋਦਰੁ ਰਹਿਰਾਸ' ਦਾ ਪਾਠ ਸ਼ਾਮ ਨੂੰ ਅਤੇ ਪੰਜਵੀਂ ਬਾਣੀ 'ਸੋਹਿਲਾ' ਦਾ ਪਾਠ ਰਾਤ ਨੂੰ ਸੌਣ ਸਮੇਂ।

—'ਜਪੁ' ਨੂੰ ਪ੍ਰੇਮੀ ਜਨ 'ਜਪੁ ਸਾਹਿਬ' ਜਾਂ 'ਜਪੁ ਜੀ ਸਾਹਿਬ' ਵੀ ਕਹਿੰਦੇ ਹਨ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦਰਜ ਹੈ।

—'ਜਾਪੁ' ਨੂੰ ਪ੍ਰੇਮੀ ਜਨ 'ਜਾਪੁ ਸਾਹਿਬ' ਵੀ ਕਹਿੰਦੇ ਹਨ। ਇਹ ਬਾਣੀ ਦਸਮ ਗ੍ਰੰਥ ਦੇ ਆਰੰਭ ਵਿਚ ਦਰਜ ਹੈ।

—'੧੦ ਸ੍ਵੈਯੇ ('ਸ੍ਰਾਵਗ ਸੁਧ' ਤੋਂ ਸ਼ੁਰੂ ਹੋਣ ਵਾਲੇ) ਇਹਨਾਂ ਨੂੰ 'ਸੁਧਾ ਸ੍ਵਈਏ' ਵੀ ਕਹਿੰਦੇ ਹਨ। ਇਹ ਦਸਮ ਗ੍ਰੰਥ ਵਿਚ ਦਰਜ ਹਨ।

—'ਸੋਦਰੁ ਰਹਿਰਾਸ' ਬਾਣੀ ਦੇ ਪਹਿਲੇ ਨੌਂ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ 8, 9, 10, 11, 12 'ਤੇ ਦਰਜ ਹਨ ਅਤੇ ਬੇਨਤੀ ਚੌਪਈ, ਸ੍ਵੈਯਾ ਅਤੇ ਦੋਹਰਾ ਦਸਮ ਗ੍ਰੰਥ ਵਿਚ ਵੱਖ ਵੱਖ ਥਾਵਾਂ 'ਤੇ ਦਰਜ ਹਨ। ਇਸੇ ਤਰ੍ਹਾਂ ਅਨੰਦੁ ਸਾਹਿਬ, ਮੁੰਦਾਵਣੀ ਤੇ ਸਲੋਕ ਮਹਲਾ ੫ ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਥਾਵਾਂ 'ਤੇ ਦਰਜ ਹਨ।

—'ਸੋਹਿਲਾ' ਨੂੰ ਪ੍ਰੇਮੀ ਜਨ 'ਸੋਹਿਲਾ ਸਾਹਿਬ' ਵੀ ਕਹਿੰਦੇ ਹਨ। ਇਸ ਬਾਣੀ ਦੇ ਪੰਜੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 12 ਤੇ 13 ਉੱਤੇ ਦਰਜ ਹਨ।

ਜਿਵੇਂ ਕਿ ਪਹਿਲਾਂ ਜ਼ਿਕਰ ਹੋ ਚੁੱਕਾ ਹੈ ਕਿ ਇਸ ਬਾਣੀ ਦੇ ਪਹਿਲੇ ਨੌਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨੇ 8, 9, 10, 11, 12 'ਤੇ ਦਰਜ ਹਨ, ਜਿਸ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਦਸਮ ਪਾਤਸ਼ਾਹ ਜੀ ਦੇ ਸਮੇਂ ਤਕ ਰਹਿਰਾਸ ਦਾ ਪਾਠ ਇੱਥੋਂ ਤਕ ਹੀ ਕੀਤਾ ਜਾਂਦਾ ਸੀ। ਯਾਦ ਰੱਖਣ ਯੋਗ ਹੈ ਕਿ 'ਦਮਦਮੀ ਬੀੜ' ਦੀ ਸੰਪਾਦਨਾ ਦਸਮੇਸ਼ ਜੀ ਨੇ ਆਪ ਕਰਵਾਈ ਸੀ, ਜਿਸ ਸਰੂਪ ਨੂੰ ਬਾਅਦ ਵਿਚ ਗੁਰਗੱਦੀ 'ਤੇ ਬਿਰਾਜਮਾਨ ਕੀਤਾ ਗਿਆ ਸੀ। ਜੇ ਗੁਰਸਿੱਖਾਂ ਵਿਚ ਰਹਿਰਾਸ ਦਾ ਪਾਠ ਹੋਰ ਲੰਮੇਰਾ ਕਰਨ ਦੀ ਰੀਤੀ ਹੁੰਦੀ ਜਾਂ ਗੁਰੂ ਕਾ ਹੁਕਮ ਹੁੰਦਾ ਤਾਂ ਗੁਰੂ ਸਾਹਿਬ 'ਸੋ ਪੁਰਖੁ' ਦੇ ਨਾਲ ਉਹ ਵੀ ਦਰਜ ਕਰਵਾ ਦੇਂਦੇ। ਜਾਪਦਾ ਹੈ ਕਿ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਹੀ ਪ੍ਰੇਮੀ ਸਿੱਖਾਂ ਨੇ ਰਹਿਰਾਸ ਸਮੇਂ ਵੀ ਉਨ੍ਹਾਂ ਦੀ ਬਾਣੀ ਨੂੰ ਸਿੱਖ-ਸਿਮਰਤੀ ਦਾ ਹਿੱਸਾ ਬਣਾਉਣ ਲਈ, ਉਨ੍ਹਾਂ ਦੀ ਬਾਣੀ ਵਿੱਚੋਂ ਕੁਝ ਚੋਣਵੇਂ ਹਿੱਸੇ ਨਾਲ ਪੜ੍ਹਨੇ ਸ਼ੁਰੂ ਕਰ ਦਿੱਤੇ, ਜੋ ਹੌਲੀ ਹੌਲੀ ਰਹਿਰਾਸ ਦਾ ਹਿੱਸਾ ਬਣ ਗਏ।


Sri Satguru Jagjit Singh Ji eLibrary NamdhariElibrary@gmail.com

ਦਲਾਂ ਵਿਚ ਵਿਚਰਨ ਵਾਲੇ ਸਿੰਘਾਂ ਪਾਸ ਬਾਣੀ ਪੜ੍ਹਨ ਦਾ ਖੁੱਲ੍ਹਾ ਸਮਾਂ ਹੁੰਦਾ ਸੀ, ਸ਼ਾਇਦ ਇਸੇ ਕਰਕੇ ਗੁਰੂ ਪਿਆਰ ਵਿਚ ਹਰੇਕ ਜਥੇ ਵਿਚ ਪੜ੍ਹੀ ਜਾਂਦੀ ਰਹਿਰਾਸ ਦਾ ਸਰੂਪ ਵੱਡੇ ਤੋਂ ਵੱਡਾ ਅਤੇ ਵੱਖਰਾ ਵੱਖਰਾ ਹੋ ਅਨੇਕਤਾ ਵਿਚ ਬਦਲਦਾ ਗਿਆ। ਸ਼ਾਇਦ ਇਸ ਵਿਚ ਕੁਝ ਵਾਧੇ ਹਿੰਦੂ-ਨੁਮਾ ਉਦਾਸੀ ਤੇ ਨਿਰਮਲੇ ਮਹੰਤਾਂ ਦੇ ਪ੍ਰਬੰਧ ਹੇਠਲੇ ਗੁਰ-ਸਥਾਨਾਂ 'ਤੇ ਵੀ ਹੋਏ।

ਅਸਚਰਜਤਾ ਵਾਲੀ ਗੱਲ ਇਹ ਹੈ ਕਿ ਜੇ ਗੁਰੂ ਗ੍ਰੰਥ ਸਾਹਿਬ ਵਿਚਲੇ ਜਪੁ, ਸੋਹਿਲਾ, ਅਨੰਦੁ ਤੇ ਬਾਰਹਮਾਹਾ ਆਦਿਕ ਅਨੇਕਾਂ ਬਾਣੀਆਂ ਦੇ ਸਰੂਪਾਂ ਨੂੰ ਪੰਥ ਨੇ ਜਿਉਂ ਦਾ ਤਿਉਂ ਖਿੜੇ ਮੱਥੇ ਮੰਨ ਲਿਆ ਤਾਂ ਰਹਿਰਾਸ ਦੇ ਉਸ ਸਰੂਪ ਨੂੰ ਕਿਉਂ ਨਾ ਮੰਨਿਆ, ਜੋ ਪੰਜਵੇਂ ਤੇ ਦਸਵੇਂ ਸਤਿਗੁਰਾਂ ਨੇ ਆਪਣੇ ਹੱਥੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਸੀ ? ਸਾਡੀ ਜਾਚੇ, ਇਸ ਬਿਖੜੀ ਚਾਲ ਤੋਂ ਅਸੀਂ ਅਜੇ ਤਕ ਵੀ ਸੰਭਲ ਨਹੀਂ ਸਕੇ। 'ਸਿੱਖ ਰਹਿਤ ਮਰਯਾਦਾ' ਨਿਰਧਾਰਤ ਕਰਨ ਸਮੇਂ 'ਰਹਿਰਾਸ ਦਾ ਸਰੂਪ' ਇਕ ਖ਼ਾਸ ਮਸਲਾ ਸੀ, ਜਿਸ ਦੇ ਅਨੇਕਾਂ ਪੱਖਾਂ 'ਤੇ ਸਾਲਾਂ-ਬੱਧੀ ਵੀਚਾਰ ਹੋਈ। ਅੰਤ ਨੂੰ 1936 ਅਤੇ ਫਿਰ 1945 ਵਿਚ ਜਿਸ ਸਰੂਪ 'ਤੇ ਸੰਮਤੀ ਹੋਈ, ਉਸੇ ਸਰੂਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਤਨੇਮ ਦੇ ਗੁਟਕਿਆਂ ਤੇ ਪੋਥੀਆਂ ਵਿਚ ਅਤੇ ਆਪਣੇ ਪ੍ਰਬੰਧ ਹੇਠਲੇ ਗੁਰੂ-ਅਸਥਾਨਾਂ ਸ੍ਰੀ ਹਰਿਮੰਦਰ ਸਾਹਿਬ, ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਹੋਰ ਅਨੇਕਾਂ ਗੁਰਦੁਆਰਿਆਂ ਵਿਚ ਅਮਲ ਵਿਚ ਹੈ। ਦਿੱਲੀ ਗੁਰਦੁਆਰਾ ਕਮੇਟੀ ਅਤੇ ਹੋਰ ਅਨੇਕਾਂ ਸਿੱਖ ਸੰਸਥਾਵਾਂ 'ਰਹਿਰਾਸ' ਦੇ ਇਸੇ ਸਰੂਪ 'ਤੇ ਅਮਲ ਕਰਦੀਆਂ ਹਨ। ਸਾਨੂੰ ਭਾਰੀ ਪ੍ਰਸੰਨਤਾ ਹੈ ਕਿ ਪੰਥ ਦਾ ਵੱਡਾ ਹਿੱਸਾ ਇਸ ਸਰੂਪ ਅਨੁਸਾਰ ਹੀ ਪਾਠ ਕਰਦਾ ਹੈ, ਪਰ ਸਾਨੂੰ ਸ਼ੋਕ ਹੈ ਉਨ੍ਹਾਂ ਪ੍ਰੇਮੀਆਂ ਦੀ ਸੋਚ 'ਤੇ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਅਥਵਾ ਗੁਰੂ-ਪੰਥ ਦਾ ਸਿਮਰਨ ਤਾਂ ਸੁਆਸ-ਸੁਆਸ ਕਰਦੇ ਹਨ, ਪਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਇਸ ਪੰਥਕ ਫ਼ੈਸਲੇ ਪ੍ਰਤੀ ਜਾਣੇ ਜਾਂ ਅਣਜਾਣੇ ਬੇਪ੍ਰਵਾਹ ਹਨ। ਸ਼ਾਇਦ ਅਗਿਆਨਤਾ ਵੱਸ ਉਹ ਵੀ ਇਸ ਕੋਝੇ ਪ੍ਰਚਾਰ ਦਾ ਸ਼ਿਕਾਰ ਹੋ ਗਏ ਹਨ : 'ਸ਼੍ਰੋਮਣੀ ਕਮੇਟੀ ਨੇ (?) ਬਾਣੀ ਘਟਾ ਦਿੱਤੀ ਹੈ' ਜੋ ਕਥਨ ਸੱਚਾਈ ਤੋਂ ਕੋਹਾਂ ਦੂਰ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੁੱਚੇ ਪੰਥ ਦੀ ਵੋਟਾਂ ਰਾਹੀਂ ਚੁਣੀ ਹੋਈ ਨੁਮਾਇੰਦਾ ਜਥੇਬੰਦੀ ਹੋਣ ਕਰਕੇ ਪੰਥਕ ਇਕੱਤਰਤਾਵਾਂ ਦੀ ਮੁੱਖ ਜ਼ਿੰਮੇਵਾਰ ਸੀ ਤੇ ਇਸੇ ਕਾਰਨ ਇਸ ਮਰਯਾਦਾ ਨੂੰ ਪ੍ਰਚਾਰਨ ਅਥਵਾ ਲਾਗੂ ਕਰਨ ਦੀ ਮੁੱਖ ਜ਼ਿੰਮੇਵਾਰ ਰਹੀ ਹੈ, ਪਰ ਸ਼੍ਰੋਮਣੀ ਕਮੇਟੀ ਜਾਂ ਕੋਈ ਵੀ ਹੋਰ ਜਥੇਬੰਦੀ ਜਾਂ ਪ੍ਰਸਿੱਧ ਵਿਅਕਤੀ 'ਮਰਯਾਦਾ' ਵਿਚ ਵਾਧ-ਘਾਟ ਕਰਨ ਦਾ ਅਧਿਕਾਰੀ ਨਹੀਂ, ਅਜਿਹਾ ਕਰਨਾ 'ਪੰਥਕ ਅਨੁਸ਼ਾਸਨ ਦੀ ਪਵਿੱਤਰਤਾ ਨੂੰ ਭੰਗ ਕਰਨ ਦੇ ਸਮਾਨ ਹੈ।'

ਪੰਥ ਨੇ ਲੰਮੀ ਸੋਚ ਵਿਚਾਰ ਬਾਅਦ ਰਹਿਰਾਸ ਦੇ ਅਜੋਕੇ ਸਰੂਪ ਤੋਂ ਬਾਕੀ ਵਾਧਿਆਂ ਨੂੰ ਅਲੱਗ ਕਰਨ ਦਾ ਫ਼ੈਸਲਾ ਲਿਆ ਤਾਂ ਕੌਮੀ ਡਸਿਪਲਿਨ ਦੇ ਧਾਰਨੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਇਸ ਫ਼ੈਸਲੇ ਦੇ ਹੁਣ ਵੀ ਪਾਬੰਦ ਰਹਿਣ। ਹਾਂ, ਪੰਥ


Sri Satguru Jagjit Singh Ji eLibrary NamdhariElibrary@gmail.com

ਗੁਰੂ-ਜੁਗਤਿ ਵਿਚ ਅੱਜ ਵੀ ਇਸ ਵਿਚ ਲੋੜੀਂਦੀ ਵਾਧ-ਘਾਟ ਕਰਨ ਦਾ ਅਧਿਕਾਰੀ ਹੈ, ਪਰ ਅਜਿਹਾ ਕਰਨ ਤੋਂ ਬਿਨਾਂ ਆਪ-ਹੁਦਰੀ ਚਾਲ ਚੱਲਣਾ ਪੰਥਕ ਡਸਿਪਲਿਨ ਦੀ ਘੋਰ ਉਲੰਘਣਾ (ਅਵੱਗਿਆ) ਹੈ, ਜੋ ਪੰਥਕ ਏਕਤਾ ਲਈ ਮਾਰੂ ਅਤੇ ਪੰਥਕ ਨਿਸ਼ਾਨਿਆਂ ਨੂੰ ਛਾਈਂ-ਮਾਈਂ ਕਰਨ ਵਾਲੀ ਕਾਰਵਾਈ ਹੈ।

**ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।**

*ਵਿਆਖਿਆ :*

**ਅਰਦਾਸ** : ਪੁੱਛਣ 'ਤੇ ਪਤਾ ਚੱਲਦਾ ਹੈ ਕਿ ਆਮ ਗੁਰਸਿੱਖ ਨਿਤਨੇਮ ਉਪਰੰਤ ਜਾਂ ਤਾਂ ਅਰਦਾਸ ਕਰਨੀ ਜ਼ਰੂਰੀ ਹੀ ਨਹੀਂ ਸਮਝਦੇ ਜਾਂ ਸੰਖੇਪ ਰੂਪ ਵਿਚ ਕਰ ਕੇ ਸਿਰ ਨਿਵਾ ਦਿੰਦੇ ਹਨ, ਜੋ ਕਿ ਭਾਰੀ ਲਾਪ੍ਰਵਾਹੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਕਿਸੇ ਇਕੱਤਰਤਾ ਵਿਚ ਲੋੜ ਪੈਣ 'ਤੇ ਅਜਿਹੇ ਪ੍ਰੇਮੀ ਅਰਦਾਸ ਕਰ ਹੀ ਨਹੀਂ ਸਕਦੇ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਰਦਾਸ ਸਿੱਖ ਜੀਵਨ ਦੀ ਥੰਮ੍ਹੀ ਹੈ। ਪਿਆਰ ਭਾਵਨਾ ਨਾਲ ਕੀਤੀ ਅਰਦਾਸ ਰਾਹੀਂ ਸਿੱਖ ਗੁਰੂ ਪਰਮੇਸ਼ਵਰ ਅਤੇ ਪੰਥ ਨਾਲ ਇਕ ਸੁਰ ਹੁੰਦਾ ਹੈ; ਅਰਦਾਸ ਰਾਹੀਂ ਸਿੱਖ ਪੰਜ ਮਿੰਟਾਂ ਵਿਚ ਹੀ ਆਪਣੇ ਸਮੁੱਚੇ ਸਿਧਾਂਤ ਤੇ ਇਤਿਹਾਸ ਨੂੰ ਚੇਤੇ ਕਰ ਲੈਂਦਾ ਹੈ। ਸੋ, ਜਿੰਨਾ ਜ਼ਰੂਰੀ ਹੈ—ਨਿਤਨੇਮ ਕਰਨਾ, ਓਨਾ ਹੀ ਜ਼ਰੂਰੀ ਹੈ—ਨਿਤਨੇਮ ਉਪਰੰਤ ਅਰਦਾਸ ਕਰਨੀ।

ਕੁਝ ਵੀਚਾਰਵਾਨਾਂ ਦਾ ਖ਼ਿਆਲ ਹੈ ਕਿ ਅਰਦਾਸ ਫ਼ਾਰਸੀ ਲਫ਼ਜ਼ 'ਅਰਜ਼ ਦਾਸ਼ਤ' ਦਾ ਬਦਲਿਆ ਰੂਪ ਹੈ, ਜਿਸ ਦਾ ਅਰਥ ਹੈ—ਬੇਨਤੀ ਕਰਨਾ। ਜਦੋਂ ਕਿ ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ ਅਰਦਾਸ ਸੰਸਕ੍ਰਿਤ ਲਫ਼ਜ਼ 'ਅਰਦ-ਆਸ' ਦਾ ਬਦਲਿਆ ਰੂਪ ਹੈ, ਜਿਸ ਦਾ ਅਰਥ ਹੈ—ਮਨੋਕਾਮਨਾ। ਸਾਡੇ ਖ਼ਿਆਲ ਅਨੁਸਾਰ ਸਿੱਖ ਦੀ ਅਰਦਾਸ ਕੇਵਲ ਸਿੱਖ ਦੀ ਅਰਦਾਸ ਹੈ, ਜਿਸ ਦੇ ਆਪਣੇ ਹੀ ਅਰਥ ਤੇ ਭਾਵ ਹਨ। ਅਰਦਾਸ ਰਾਹੀਂ ਸਿੱਖ ਗੁਰੂ ਪਰਮੇਸ਼ਰ ਅਤੇ ਪੰਥ ਨਾਲ ਇਕਸੁਰ ਹੁੰਦਾ ਹੈ ਅਤੇ 'ਧਰਮ ਦਾ ਜੈਕਾਰ' ਚਾਹੁੰਦਾ ਹੋਇਆ 'ਸਰਬੱਤ ਦਾ ਭਲਾ' ਮੰਗਦਾ ਹੈ। ਅਰਦਾਸ ਕੇਵਲ ਸਰਬ ਸ਼ਕਤੀਮਾਨ ਵਾਹਿਗੁਰੂ ਅੱਗੇ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਮੰਗ ਜਾਂ ਹੋਈਆਂ ਭੁੱਲਾਂ ਲਈ ਖਿਮਾ ਜਾਚਨਾ ਹੀ ਨਹੀਂ, ਸਗੋਂ ਰਜ਼ਾ ਵਿਚ ਰਾਜ਼ੀ ਰਹਿਣ ਲਈ ਬਲ ਦੀ ਜਾਚਨਾ ਹੈ। ਇਸ ਅਵਸਥਾ ਵਿੱਚੋਂ ਲੰਘ ਕੇ ਨਿਮਾਣਾ ਸਿੱਖ ਆਪਣੇ ਆਪ ਨੂੰ ਸ਼ਕਤੀਸ਼ਾਲੀ ਹੋਇਆ ਪ੍ਰਤੀਤ ਕਰਦਾ ਹੈ।

Prayer is a song of a heart; Prayer is a voice of faith; It is better a heart without words than words without a heart, ਆਦਿ ਸ਼ਰਧਾਲੂਆਂ ਦੇ ਅਨੇਕਾਂ ਕਥਨ ਹਨ, ਜੋ ਸਾਨੂੰ ਪ੍ਰੇਰਿਤ ਕਰਦੇ ਹਨ ਕਿ ਅਰਦਾਸ ਦਾ ਮੁੱਖ ਆਧਾਰ ਸਾਡੀ ਸ਼ਰਧਾ, ਪਿਆਰ ਤੇ ਵਿਸ਼ਵਾਸ ਹੈ, ਜਿਨ੍ਹਾਂ ਦਾ ਪ੍ਰਗਟਾਵਾ ਸ੍ਰੀ ਅਕਾਲ ਪੁਰਖ ਜੀ ਦੇ ਸਨਮੁਖ ਯੋਗ ਸ਼ਬਦਾਂ ਵਿਚ ਕਰਨਾ ਹੁੰਦਾ ਹੈ। ਗੁਰਬਾਣੀ ਵਿਚ ਅਰਦਾਸ ਦੀ ਮਹੱਤਤਾ ਦਰਸਾਉਂਦੇ ਅਨੇਕਾਂ ਬਚਨ ਆਏ ਹਨ :


Sri Satguru Jagjit Singh Ji eLibrary NamdhariElibrary@gmail.com

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥ *(ਗੁ: ਗ੍ਰੰ: ਸਾ:, ਪੰਨਾ 1093)*

ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ॥
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ॥
*(ਗੁ: ਗ੍ਰੰ: ਸਾ:, ਪੰਨਾ 714)*

ਸਿੱਖ ਦੀ ਅਰਦਾਸ ਕਿਸੇ ਦੇਵੀ, ਦੇਵਤੇ, ਮੂਰਤਿ, ਮਨੁੱਖ ਜਾਂ ਚੰਦ-ਸੂਰਜ ਆਦਿ ਅੱਗੇ ਨਹੀਂ ਕੇਵਲ ਇਕ ਅਕਾਲ ਪੁਰਖ ਦੇ ਸਨਮੁਖ ਕਰਨੀ ਹੀ ਪ੍ਰਵਾਨ ਹੈ:

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥
*(ਗੁ: ਗ੍ਰੰ: ਸਾ:, ਪੰਨਾ 637)*

ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ॥
ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ ॥
*(ਗੁ: ਗ੍ਰੰ: ਸਾ:, ਪੰਨਾ 497)*

3. ਅਰਦਾਸ ਇਹ ਹੈ:

ੴ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਭਗਉਤੀ ਜੀ ਸਹਾਇ ॥ ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ ॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ ॥ ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ ॥ ਅਰਜਨ ਹਰਗੋਬਿੰਦ ਨੋ ਸਿਮਰੌਂ ਸ੍ਰੀ ਹਰਿਰਾਇ ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖ ਜਾਇ ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥ ਸਭ ਥਾਈਂ ਹੋਇ ਸਹਾਇ ॥ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ! ਸਭ ਥਾਈਂ ਹੋਇ ਸਹਾਇ ॥ ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ ਤੇਗ਼ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !



Sri Satguru Jagjit Singh Ji eLibrary NamdhariElibrary@gmail.com

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੈ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ! ਜਹਾਂ ਤਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲਬਾਲੇ, ਬੋਲੋ ਜੀ ਵਾਹਿਗੁਰੂ!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪਿ ਵਾਹਿਗੁਰੂ!

ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ, ਵਾਹਿਗੁਰੂ! ਆਪ ਦੇ ਹਜ਼ੂਰ (ਨੋਟ: ਇਥੇ ਉਸ ਬਾਣੀ ਦਾ ਨਾਮ ਲਵੋ ਜੋ ਪੜ੍ਹੀ ਹੈ, ਜਾਂ ਜਿਸ ਕਾਰਜ ਲਈ ਇਕੱਤ੍ਰਤਾ ਜਾਂ ਸੰਗਤ ਜੁੜੀ ਹੈ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ) ਅਰਦਾਸ ਹੈ ਜੀ। ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ਼ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥' ਬੁਲਾਵੇ। ਉਪਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

*(ਸਿੱਖ ਰਹਿਤ ਮਰਯਾਦਾ, ਪੰਨੇ 10, 11, 12)*

ਇਹ ਅਰਦਾਸ ਦਾ ਨਮੂਨਾ ਹੈ। 'ਪ੍ਰਿਥਮ ਭਗਉਤੀ' ਵਾਲੇ ਸ਼ਬਦ ਅਤੇ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। *(ਪੰਨਾ 10 ਦੀ ਪੈਰ ਟੂਕ)*

*ਵਿਆਖਿਆ :*

**ਤਰਤੀਬ** : ਵਿਆਖਿਆ ਲਈ ਅਸੀਂ ਅਰਦਾਸ ਨੂੰ ਇਸ ਦੀ ਤਰਤੀਬ ਅਨੁਸਾਰ ਕੁਝ ਭਾਗਾਂ ਵਿਚ ਵੰਡਦੇ ਹਾਂ:

ਪਹਿਲਾ ਬੰਦ—'ੴ' ਤੋਂ ਆਰੰਭ ਹੋਣ ਵਾਲਾ।

ਦੂਜਾ ਬੰਦ—'ਪੰਜ ਪਿਆਰਿਆਂ' ਤੋਂ ਆਰੰਭ ਹੋਣ ਵਾਲਾ।



Sri Satguru Jagjit Singh Ji eLibrary NamdhariElibrary@gmail.com

ਤੀਜਾ ਬੰਦ—'ਜਿਨ੍ਹਾਂ ਸਿੰਘਾਂ' ਤੋਂ ਆਰੰਭ ਹੋਣ ਵਾਲਾ।
ਚੌਥਾ ਬੰਦ—'ਪੰਜਾਂ ਤਖ਼ਤਾਂ' ਤੋਂ ਆਰੰਭ ਹੋਣ ਵਾਲਾ।
ਪੰਜਵਾਂ ਬੰਦ—'ਪ੍ਰਿਥਮੇ ਸਰਬੱਤ ਖ਼ਾਲਸਾ' ਤੋਂ ਆਰੰਭ ਹੋਣ ਵਾਲਾ।
ਛੇਵਾਂ ਬੰਦ—'ਸਿੱਖਾਂ ਨੂੰ ਸਿੱਖੀ' ਤੋਂ ਆਰੰਭ ਹੋਣ ਵਾਲਾ।
ਸੱਤਵਾਂ ਬੰਦ—'ਹੇ ਅਕਾਲ ਪੁਰਖ' ਤੋਂ ਆਰੰਭ ਹੋਣ ਵਾਲਾ।
ਅੱਠਵਾਂ ਬੰਦ—'ਹੇ ਨਿਮਾਣਿਆਂ ਦੇ' ਤੋਂ ਆਰੰਭ ਹੋ ਕੇ 'ਸਰਬੱਤ ਦਾ ਭਲਾ' ਤਕ।

## ਪਹਿਲਾ ਬੰਦ

ਅਰਦਾਸ ਦਾ ਆਰੰਭ ਉਪਰੋਕਤ ਪਉੜੀ ਨਾਲ ਕੀਤਾ ਜਾਂਦਾ ਹੈ, ਜੋ ਦਸਮ ਗ੍ਰੰਥ ਵਿਚ 'ਵਾਰ ਸ੍ਰੀ ਭਗਉਤੀ ਜੀ ਕੀ' ਦੇ ਆਰੰਭ ਵਿਚ ਦਰਜ ਹੈ। ਨੌਂ ਪਾਤਸ਼ਾਹੀਆਂ ਦੇ ਆਰਾਧਨ ਉਪਰੰਤ 'ਸਭ ਥਾਈਂ ਹੋਇ ਸਹਾਇ॥' ਵਾਕ ਨਾਲ ਪਉੜੀ ਮੁਕੰਮਲ ਹੋ ਜਾਂਦੀ ਹੈ, ਉਪਰੰਤ ਖ਼ਾਲਸਾ ਪੰਥ ਨੇ ਉਸੇ ਹੀ ਲਹਿਜੇ ਤੇ ਸੰਖੇਪ ਰੂਪ ਵਿਚ ਦਸਮੇਸ਼ ਜੀ ਦੀ ਆਰਾਧਨਾ ਵੀ ਦਰਜ ਕੀਤੀ ਹੈ। ਫਿਰ ਜੁਗੋ ਜੁਗ ਅਟੱਲ ਗੁਰਗੱਦੀ 'ਤੇ ਬਿਰਾਜਮਾਨ ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰਦਿਆਂ ਸ੍ਰੀ ਅਕਾਲ ਪੁਰਖ ਜੀ ਨੂੰ 'ਵਾਹਿਗੁਰੂ' ਕਹਿ ਕੇ ਯਾਦ ਕੀਤਾ ਗਿਆ ਹੈ।

## ਦੂਜਾ ਬੰਦ

ਗੁਰੂ ਸਾਹਿਬਾਨ ਦੇ ਅਭਿਨੰਦਨ ਉਪਰੰਤ ਗੁਰੂ-ਪੰਥ ਨੂੰ ਸਭ ਤੋਂ ਪਹਿਲਾਂ ਪੰਜਾਂ ਪਿਆਰਿਆਂ (ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਤੇ ਭਾਈ ਹਿੰਮਤ ਸਿੰਘ ਜੀ) ਦੇ ਰੂਪ ਵਿਚ ਅਭਿਨੰਦਨ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਸਿੱਖੀ ਦੇ ਮਹਾਨ ਸਿਧਾਂਤਾਂ ਦੀ ਪੂਰਤੀ ਅਤੇ ਰੱਖਿਆ ਲਈ ਬਿਨਾਂ ਝਿਜਕ ਆਪਣੇ ਸੀਸ ਦਸਮੇਸ਼ ਜੀ ਨੂੰ ਅਰਪਨ ਕੀਤੇ। ਗੁਰਦੇਵ ਦੇ 'ਪਿਆਰੇ' ਆਖ ਕੇ ਇਨ੍ਹਾਂ ਨੂੰ ਸਨਮਾਨਦਿਆਂ ਖੰਡੇ ਦੀ ਪਾਹੁਲ ਦੇ ਕੇ ਸਿੰਘ ਸਜਾਇਆ। ਉਪਰੰਤ ਸਿੰਘ ਸਜਾਉਣ ਦਾ ਅਧਿਕਾਰ ਸਦਾ ਲਈ 'ਗੁਰੂ ਪੰਥ' ਨੂੰ ਸੌਂਪਦਿਆਂ ਇਨ੍ਹਾਂ ਪਾਸੋਂ ਆਪ ਵੀ ਖੰਡੇ ਦੀ ਪਾਹੁਲ ਲਈ ਅਤੇ ਸਿੰਘ ਸਜੇ।

ਪੰਜਾਂ ਪਿਆਰਿਆਂ ਉਪਰੰਤ ਅਸੀਂ ਦਸਮੇਸ਼ ਜੀ ਦੇ ਚਾਰ ਸਾਹਿਬਜ਼ਾਦਿਆਂ (ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹ ਸਿੰਘ ਜੀ) ਦਾ ਅਭਿਨੰਦਨ ਕਰਦੇ ਹਾਂ, ਜਿਨ੍ਹਾਂ ਦੀਆਂ ਸ਼ਹਾਦਤਾਂ ਧਰਮ ਦੇ ਇਤਿਹਾਸ ਵਿਚ ਅਦੁੱਤੀ ਹਨ। ਚਾਲ੍ਹੀਆਂ ਮੁਕਤਿਆਂ ਅਤੇ ਹੋਰ ਬੇਅੰਤ ਗੁਰੂ ਪਿਆਰਿਆਂ ਜਿਨ੍ਹਾਂ ਨੇ ਕਿਸੇ ਦੇ ਵੀ ਅਉਗਣ ਨਾ ਚਿਤਾਰਦਿਆਂ ਮਨੁੱਖਤਾ ਦੀ ਸੇਵਾ ਲਈ ਦੇਗਾਂ (ਲੰਗਰ) ਲਾਈਆਂ ਅਤੇ ਅਜਿਹੀ ਸੇਵਾ ਦੇ ਰਾਹ ਵਿਚ ਅੜਿੱਕਾ ਬਣਨ ਵਾਲਿਆਂ ਨੂੰ ਤੇਗਾਂ ਨਾਲ ਸੋਧਿਆ ਵੀ, ਨਾਮ-ਰਸੀਆਂ ਦਾ ਅਭਿਨੰਦਨ ਕੀਤਾ ਜਾਂਦਾ ਹੈ।


Sri Satguru Jagjit Singh Ji eLibrary NamdhariElibrary@gmail.com

## ਤੀਜਾ ਬੰਦ

ਅਰਦਾਸ ਦੇ ਇਸ ਤੀਜੇ ਬੰਦ ਵਿਚ ਉਨ੍ਹਾਂ ਮਹਾਨ ਸੂਰਬੀਰ ਸਿਦਕੀ ਸਿੰਘਾਂ ਅਤੇ ਸਿੰਘਣੀਆਂ ਦਾ ਅਭਿਨੰਦਨ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਗੁਰਮਤਿ ਸਿਧਾਂਤਾਂ ਅਤੇ ਗੁਰਦੁਆਰਿਆਂ ਦੀ ਪਵਿੱਤਰਤਾ ਨੂੰ ਕਾਇਮ ਰੱਖਦਿਆਂ ਅਸਹਿ ਅਤੇ ਅਕਹਿ ਕਸ਼ਟ ਸਹਾਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਹੀ।

## ਚੌਥਾ ਬੰਦ

ਅਰਦਾਸ ਵਿਚਲਾ ਇਕ ਪੰਕਤੀ ਦਾ ਇਹ ਬੰਦ ਅਤੀ ਮਹੱਤਵਪੂਰਨ ਹੈ, ਜਿਸ ਰਾਹੀਂ ਸਿੱਖ ਪੰਜਾਂ ਤਖ਼ਤਾਂ (ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਬਿਹਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਸਚਖੰਡ ਹਜ਼ੂਰ ਸਾਹਿਬ ਮਹਾਂਰਾਸ਼ਟਰ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ) ਨੂੰ ਚੇਤੇ ਕਰਦਾ ਹੈ ਅਤੇ ਦੇਸ਼-ਵਿਦੇਸ਼ ਵਿਚ ਸਥਿਤ ਸਮੂਹ ਗੁਰਦੁਆਰਿਆਂ ਦਾ ਧਿਆਨ ਧਰਦਾ ਸਮੁੱਚੇ ਸਿੱਖ ਭਾਈਚਾਰੇ ਨਾਲ ਸਾਂਝ ਪਾਉਂਦਾ ਹੈ।

ਧਿਆਨ ਰਹੇ, ਪਹਿਲਾਂ ਅਰਦਾਸ ਵਿਚ ਚਾਰ ਤਖ਼ਤਾਂ ਦਾ ਹੀ ਅਭਿਨੰਦਨ ਕੀਤਾ ਜਾਂਦਾ ਸੀ, ਪੰਜਾਂ ਤਖ਼ਤਾਂ ਦਾ ਜ਼ਿਕਰ ਜੂਨ 1963 ਈਸਵੀ ਤੋਂ ਬਾਦ ਸ਼ੁਰੂ ਹੋਇਆ ਜਦੋਂ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ, ਤਖ਼ਤ ਰੂਪ ਵਿਚ ਗੁਰੂ-ਪੰਥ ਨੇ ਪ੍ਰਵਾਨਿਆ।

## ਪੰਜਵਾਂ ਬੰਦ

ਇਸ ਵਿਚ ਬ੍ਰਹਿਮੰਡ ਵਿਚਲੇ ਸਰਬੱਤ ਖ਼ਾਲਸੇ ਨੂੰ ਵਾਹਿਗੁਰੂ ਚਿੱਤ ਆਉਣ ਅਤੇ ਉਸਦੀ ਰੱਛਿਆ ਰਿਆਇਤ ਲਈ ਅਰਦਾਸ ਕੀਤੀ ਜਾਂਦੀ ਹੈ ਤਾਂ ਜੁ ਖ਼ਾਲਸਾ ਜੀ ਦਾ 'ਬੋਲ' (ਹੋਂਦ) 'ਬਾਲਾ' (ਬੁਲੰਦ, ਸ਼ਕਤੀਸ਼ਾਲੀ) ਹੋਵੇ।

## ਛੇਵਾਂ ਬੰਦ

ਇਸ ਵਿਚ ਸ੍ਰੀ ਅਕਾਲ ਪੁਰਖ ਪਾਸੋਂ ਜਿਸ ਦਾਨ ਦੀ ਮੰਗ ਕਰਨੀ ਹੈ, ਉਹ ਹੈ ਦਾਨਾਂ ਸਿਰ ਦਾਨ : ਨਾਮ ਦਾਨ, ਜਿਸ ਨਾਲ ਮਨ ਤੇ ਤਨ ਦੀਆਂ ਰਹਿਤਾਂ ਪ੍ਰਪੱਕ ਹੁੰਦੀਆਂ ਹਨ। ਫਿਰ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ ਮੰਗ ਹੈ, ਜੋ ਦੂਰ-ਦੁਰਾਡੇ ਬੈਠਿਆਂ ਵੀ ਅੰਮ੍ਰਿਤ ਸਰੋਵਰ ਨਾਲ ਜੋੜਦੀ ਹੈ। ਸ਼ਬਦ ਪ੍ਰਚਾਰ ਤੇ ਸਿਆਸੀ ਚੇਤੰਨਤਾ ਲਈ 'ਚੌਂਕੀਆਂ', ਝੂਲਦੇ ਨਿਸ਼ਾਨਾਂ (ਝੰਡਿਆਂ) ਅਤੇ ਰਹਿਣ ਤੇ ਧਰਮ ਸਿਖਲਾਈ ਦੇ ਅਸਥਾਨਾਂ-ਨਿਵਾਸਾਂ (ਬੁੰਗਿਆਂ) ਦੀ ਅਟੱਲਤਾ ਦੀ ਮੰਗ ਹੈ ਤਾਂ ਜੁ ਇਨ੍ਹਾਂ ਰਾਹੀਂ ਧਰਮ ਦਾ ਜੈਕਾਰ ਹੋਵੇ।



Sri Satguru Jagjit Singh Ji eLibrary NamdhariElibrary@gmail.com

ਇਹ ਵੀ ਮੰਗ ਹੈ ਕਿ ਸਿੱਖਾਂ ਅੰਦਰ ਨਿਮਰਤਾ-ਭਾਵ ਸਦਾ ਬਣਿਆ ਰਹੇ ਤਾਂ ਜੁ ਮੱਤ ਸ੍ਰੇਸ਼ਟ ਹੋਵੇ, ਜਿਸ ਵਿਚ ਵਾਹਿਗੁਰੂ ਦੀ ਯਾਦ ਟਿਕੀ ਹੋਈ ਹੋਵੇ। ਇਹ ਸਿੱਧ ਹੈ ਕਿ ਵਾਹਿਗੁਰੂ ਨਾਲ ਜੁੜੀ ਮੱਤ ਸਦਕਾ ਹੀ ਕੀਤੇ ਕੰਮਾਂ ਨਾਲ ਲੋਕ-ਪ੍ਰਲੋਕ ਵਿਚ ਪਤ ਬਣਦੀ ਹੈ।

**ਸੱਤਵਾਂ ਬੰਦ**

ਇਥੇ ਪਹੁੰਚ ਕੇ ਅਸੀਂ ਸ੍ਰੀ ਅਕਾਲ ਪੁਰਖ ਪਾਸੋਂ ਮੰਗ ਕਰਦੇ ਹਾਂ ਉਨ੍ਹਾਂ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨਾਂ ਤੇ ਸੇਵਾ-ਸੰਭਾਲ ਲਈ, ਜਿਨ੍ਹਾਂ ਤੋਂ ਦੇਸ਼ ਤੇ ਕਾਲ ਕਰਕੇ ਪੰਥ ਵਾਂਝਿਆ ਗਿਆ ਹੈ। ਇਨ੍ਹਾਂ ਪੰਕਤੀਆਂ ਦਾ ਭਾਵ ਕੇਵਲ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਤੋਂ ਹੀ ਨਹੀਂ, ਸਗੋਂ ਬੰਗਲਾਦੇਸ਼, ਸ੍ਰੀ ਲੰਕਾ, ਬਰਮਾ, ਅਫ਼ਗਾਨਿਸਤਾਨ, ਈਰਾਨ ਤੇ ਈਰਾਕ ਆਦਿ ਦੇ ਗੁਰਧਾਮਾਂ ਪ੍ਰਤੀ ਵੀ ਹੈ। ਇਹ ਬੰਦ ਅਰਦਾਸ ਦਾ ਹਿੱਸਾ ਦੇਸ਼ ਵੰਡ ਤੋਂ ਬਾਦ ਬਣਿਆ, ਜਦੋਂ 25 ਜਨਵਰੀ, 1952 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭਾਰੀ ਪੰਥਕ ਇਕੱਠ ਨੇ ਇਸ ਭਾਵ ਦਾ ਗੁਰਮਤਾ ਕੀਤਾ। *(ਸਿੱਖ ਇਨਸਾਈਕਲੋਪੀਡੀਆ, ਪੰਨਾ 59, ਲੇਖਕ ਡਾ. ਹਰਿਬੰਸ ਸਿੰਘ)*

**ਅੱਠਵਾਂ ਬੰਦ**

ਪੈਰ ਟੂਕ ਅਨੁਸਾਰ 'ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ, ਜਾਂ ਜਿਸ ਕਾਰਜ ਲਈ ਇਕੱਤਰਤਾ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ।' ਅੰਤ ਵਿਚ ਅਰਦਾਸ ਦੀ ਸਮਾਪਤੀ ਵਿਚ ਪ੍ਰਭੂ ਪਿਆਰਿਆਂ ਦੇ ਮੇਲ ਦੀ ਖ਼ਾਹਿਸ਼ ਪ੍ਰਗਟ ਕੀਤੀ ਜਾਂਦੀ ਹੈ ਤਾਂ ਜੋ ਮਿਲਾਪ ਵਿਚ ਨਾਮ ਨਾਲ ਜੁੜ ਕੇ ਸਾਡੀ ਚੜ੍ਹਦੀ ਕਲਾ ਹੋਵੇ ਅਤੇ ਸਰਬੱਤ ਦਾ ਭਲਾ ਹੋਵੇ।

**ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥' ਬੁਲਾਵੇ। ਉਪਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।**

ਆਮ ਤੌਰ 'ਤੇ ਗੁਰਦੁਆਰਿਆਂ ਅਤੇ ਦੀਵਾਨਾਂ ਵਿਚ ਜੈਕਾਰੇ ਤੋਂ ਪਹਿਲਾਂ ਕੁਝ ਦੋਹਰੇ ਪੜ੍ਹਨ ਦੀ ਰਵਾਇਤ ਵੀ ਹੈ। ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੇਵਲ ਤਿੰਨ ਦੋਹਰੇ ਪੜ੍ਹੇ ਜਾਂਦੇ ਹਨ, ਇਸ ਲਈ ਪ੍ਰਚਲਿਤ ਜਾਣ ਕੇ ਬਹੁਤੇ ਸਥਾਨਾਂ 'ਤੇ ਵੀ ਇਹੀ ਤਿੰਨੇ ਦੋਹਰੇ ਪੜ੍ਹੇ ਜਾਂਦੇ ਹਨ:

**ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥**
**ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ॥**

**ਗੁਰੂ ਗ੍ਰੰਥ ਜੀ ਮਾਨਯੋ, ਪ੍ਰਗਟ ਗੁਰਾਂ ਕੀ ਦੇਹ॥**
**ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇਹ॥**


Sri Satguru Jagjit Singh Ji eLibrary NamdhariElibrary@gmail.com

ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ ॥
ਖੁਆਰ ਹੋਇ ਸਭ ਮਿਲੇਂਗੇ, ਬਚੇ ਸਰਨ ਜੋ ਹੋਇ ॥

ਧਿਆਨ ਰੱਖਣ ਯੋਗ ਹੈ ਕਿ ਇਹ ਦੋਹਰੇ ਗੁਰੂ ਸਾਹਿਬ ਦੇ ਉਚਾਰਨ ਕੀਤੇ ਹੋਏ ਨਹੀਂ ਹਨ, ਜਿਸ ਕਰਕੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਦਸਮ ਗ੍ਰੰਥ ਵਿਚ ਦਰਜ ਨਹੀਂ ਹਨ।

ਪਹਿਲੇ ਦੋ ਦੋਹਰੇ ਗਿਆਨੀ ਗਿਆਨ ਸਿੰਘ ਜੀ ਰਚਿਤ *ਪੰਥ ਪ੍ਰਕਾਸ਼* ਵਿੱਚੋਂ ਹਨ, ਜਿਨ੍ਹਾਂ ਬਾਬਤ ਗਿਆਨੀ ਜੀ *ਪੰਥ ਪ੍ਰਕਾਸ਼* ਦੇ ਪੰਨਾ (83-88) ਉਪਰ ਇਉਂ ਲਿਖਦੇ ਹਨ :

ਲਿਖੇ ਕੇਸਰਾ ਸਿੰਘ ਕੀ ਸਾਖੀ ॥ ਮਾਹਿ ਬਚਨ ਇਹ ਸਰਬ ਲੌ ਲਾਖੀ ॥
ਅਰ ਮੰਗਲ ਪ੍ਰਕਾਸ਼ ਮਝਾਰੇ ॥ ਲਿਖਯੋ ਪਿਖਯੋ ਹਮ ਸਭ ਬਿਧਿ ਵਾਰੇ ॥

ਤੀਜਾ ਦੋਹਰਾ ਭਾਈ ਨੰਦ ਲਾਲ ਜੀ ਰਚਿਤ *ਰਹਿਤਨਾਮੇ* ਵਿਚ ਦਰਜ ਮਿਲਦਾ ਹੈ।

**(ਅ) ਅਰਦਾਸ ਸਮੇਂ ਸੰਗਤ ਵਿਚ ਹਾਜ਼ਰ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਹੋਵੇ, ਉਹ ਵੀ ਉਠ ਕੇ ਚੌਰ ਕਰੇ।**

***ਵਿਆਖਿਆ :***

**ਅਰਦਾਸ ਸਮੇਂ ਦੀ ਮੁਦਰਾ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰਨ ਸਮੇਂ ਹੱਥ ਜੋੜ ਕੇ ਖੜ੍ਹੇ ਹੋਣ ਪ੍ਰਤੀ ਗੁਰਬਾਣੀ ਵਿਚ ਇਉਂ ਸੰਕੇਤ ਮਿਲਦੇ ਹਨ :

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥ *(ਗੁ: ਗ੍ਰੰ: ਸਾ:, ਪੰਨਾ 1093)*

ਦੁਇ ਕਰ ਜੋੜਿ ਕਰਉ ਅਰਦਾਸਿ ॥
ਤੁਧੁ ਭਾਵੈ ਤਾ ਆਣਹਿ ਰਾਸਿ ॥ *(ਗੁ: ਗ੍ਰੰ: ਸਾ:, ਪੰਨਾ 737)*

ਅਰਦਾਸ ਕਰਨ ਸਮੇਂ ਥੱਲੇ ਹੱਥ ਸੁੱਟ ਕੇ ਉਂਗਲਾਂ ਦੀ ਕਲਿੰਗੜੀ ਜਿਹੀ ਪਾ ਕੇ ਖੜੋਣਾ ਗੁਰਮੁਖੀ ਢੰਗ ਨਹੀਂ। ਇਸੇ ਤਰ੍ਹਾਂ ਅਰਦਾਸ ਕਰਨ ਸਮੇਂ ਦੋਹਾਂ ਪੈਰਾਂ ਦੇ ਭਾਰ ਸਾਵਧਾਨੀ ਨਾਲ ਖੜੋਣਾ ਚਾਹੀਦਾ ਹੈ, ਨਾ ਕਿ ਕਦੇ ਖੱਬੇ ਤੇ ਕਦੇ ਸੱਜੇ ਪੈਰ ਦੇ ਭਾਰ ਹੁੰਦਿਆਂ।

ਜੋ ਸੱਜਣ ਤਾਬਿਆ ਬੈਠਾ ਚੌਰ ਕਰ ਰਿਹਾ ਹੋਵੇ, ਉਹ ਭੀ ਅਰਦਾਸ ਦੌਰਾਨ ਆਪਣੀ ਥਾਂ 'ਤੇ ਖੜ੍ਹਾ ਹੋ ਕੇ ਗੁਰੂ ਸਾਹਿਬ ਨੂੰ ਚੌਰ ਕਰੇ।

**(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜੋ ਕੇ ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰ ਕੇ ਅਰਦਾਸ ਕਰੋ, ਪ੍ਰਵਾਨ ਹੈ।**


Sri Satguru Jagjit Singh Ji eLibrary NamdhariElibrary@gmail.com

www.archive.org/details/namdhari

*ਵਿਆਖਿਆ :*

**ਅਰਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਵਿਚ ਅਰਦਾਸ ਖੱਬੇ, ਸੱਜੇ ਜਾਂ ਪਿੱਛੇ ਖੜੋ ਕੇ ਨਹੀਂ, ਸਗੋਂ ਸਨਮੁਖ (ਸਾਹਮਣੇ) ਖੜੋ ਕੇ ਕਰਨੀ ਵਿਧਾਨ ਹੈ, ਪਰ ਜੇ ਗੁਰੂ ਸਾਹਿਬ ਦਾ ਸਰੂਪ ਮੌਜੂਦ ਨਹੀਂ ਤਾਂ ਦੂਜੇ ਮੱਤਾਂ ਵਾਂਗ : "ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥" (ਪੰਨਾ 1349) ਨਹੀਂ ਸਮਝਣਾ, ਸਗੋਂ ਸ੍ਰੀ ਅਕਾਲ ਪੁਰਖ ਜੀ ਨੂੰ "ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥" (ਜਾਪੁ) ਜਾਣ ਕੇ ਅਰਦਾਸ ਕਰਨ ਸਮੇਂ ਦਿਸ਼ਾ ਭੇਦ ਨਹੀਂ ਕਰਨਾ।

**(ਸ) ਜਦੋਂ ਕੋਈ ਖ਼ਾਸ ਅਰਦਾਸ ਕਿਸੇ ਇਕ ਜਾਂ ਵਧੀਕ ਆਦਮੀਆਂ ਵੱਲੋਂ ਹੋਵੇ ਤਾਂ ਉਨ੍ਹਾਂ ਤੋਂ ਬਿਨਾਂ ਸੰਗਤ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।**

*ਵਿਆਖਿਆ :*

ਆਪਣੇ ਇਤਿਹਾਸ ਵਿਚ ਅਕਸਰ ਆਉਂਦਾ ਹੈ ਕਿ ਜਦੋਂ ਕੋਈ ਗੁਰਸਿੱਖ ਆਪ ਸਜੇ ਦਰਬਾਰ ਵਿਚ ਗੁਰੂ ਸਾਹਿਬ ਪਾਸ ਅਰਦਾਸ ਕਰਦਾ ਸੀ ਜਾਂ ਮੇਵੜਾ ਅਥਵਾ ਅਰਦਾਸੀਆ ਕਿਸੇ ਸਿੱਖ ਦੀ ਵਿਸ਼ੇਸ਼ ਅਰਦਾਸ ਗੁਰੂ ਸਾਹਿਬ ਪਾਸ ਕਰਦਾ ਸੀ ਤਾਂ ਉਦੋਂ ਸਾਰੀ ਸੰਗਤ ਖੜ੍ਹੀ ਨਹੀਂ ਸੀ ਹੁੰਦੀ। ਇਸੇ ਤਰ੍ਹਾਂ ਅਨੰਦ ਕਾਰਜ ਸਮੇਂ ਵੀ ਕਾਰਜ ਦੀ ਆਰੰਭਤਾ ਲਈ ਸੰਖੇਪ ਅਰਦਾਸ ਕਰਨ ਲੱਗਿਆਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਤੋਂ ਇਲਾਵਾ ਬਾਕੀ ਸੰਗਤ ਦਾ ਖੜ੍ਹੇ ਹੋਣਾ ਜ਼ਰੂਰੀ ਨਹੀਂ।

ਆਮ ਤੌਰ 'ਤੇ ਸਿੱਖ ਸੰਗਤਾਂ ਵਿਚ ਅਰਦਾਸ ਇਸ 'ਨਮੂਨੇ' ਅਨੁਸਾਰ ਹੀ ਕੀਤੀ ਜਾਂਦੀ ਹੈ, ਪਰ ਕਈ ਥਾਵਾਂ 'ਤੇ ਅਰਦਾਸੀਆ ਪੰਥ ਪ੍ਰਵਾਣਿਤ ਅਰਦਾਸ ਦੇ ਇਸ ਨਮੂਨੇ ਦੀ ਮਹੱਤਤਾ ਨੂੰ ਨਾ ਜਾਣਦਾ ਹੋਇਆ ਆਪਣੇ ਪਾਸੋਂ ਵੱਧ ਘੱਟ ਕਰਨਾ ਜ਼ਰੂਰੀ ਸਮਝਦਾ ਹੈ। ਇਸ ਦੇ ਕਾਰਨ ਕਈ ਹੋ ਸਕਦੇ ਹਨ : ਸ੍ਰੋਤਿਆਂ ਦੀ ਵਾਹ ਵਾਹ ਲੈਣੀ; ਆਪਣੇ ਗਿਆਨ ਦਾ ਵਿਖਾਵਾ ਕਰਨਾ ਜਾਂ ਫਿਰ ਅਗਿਆਨਤਾ। ਕਾਰਨ ਕੁਝ ਵੀ ਹੋਵੇ ਅਰਦਾਸ ਦੀ ਸਿਧਾਂਤਕ ਤੇ ਇਤਿਹਾਸਕ ਮਹੱਤਤਾ ਨੂੰ ਮੁੱਖ ਰੱਖ ਕੇ ਹੀ ਸ਼ਬਦਾਵਲੀ ਦੀ ਵਰਤੋਂ ਹੋਣੀ ਚਾਹੀਦੀ ਹੈ। ਸ਼ਬਦਾਵਲੀ ਦਾ ਭਾਵਨਾ ਨਾਲ ਇਉਂ ਸੰਬੰਧ ਹੈ, ਜਿਵੇਂ ਲਿਬਾਸ ਦਾ ਅੰਦਰਲੇ ਜੀਵਨ ਨਾਲ। ਜਿਸ ਤਰ੍ਹਾਂ ਲਿਬਾਸ ਦੀ ਸਹੀ ਚੋਣ ਹੀ ਮਨੁੱਖ ਦੇ ਜੀਵਨ ਦੀ ਸਹੀ ਤਸਵੀਰ ਪੇਸ਼ ਕਰਦੀ ਹੈ, ਇਸੇ ਤਰ੍ਹਾਂ ਸਹੀ ਸ਼ਬਦਾਵਲੀ ਹੀ ਭਾਵਨਾਵਾਂ ਦੀ ਸਹੀ ਤਰਜਮਾਨੀ ਕਰ ਸਕਦੀ ਹੈ। ਇਸ ਅਰਦਾਸ ਦਾ ਇਕ ਇਕ ਅੱਖਰ ਬੜਾ ਭਾਵਪੂਰਤ ਤੇ ਕੀਮਤੀ ਮੋਤੀ ਵਾਂਗ ਹੈ, ਜੋ ਗੁਰੂ-ਪੰਥ ਨੇ ਸਹੀ ਥਾਂ ਸਿਰ ਜੜਤ ਕੀਤਾ ਹੈ। ਇਸ ਵਿਚ ਵਿਅਕਤੀ, ਵਕਤ ਅਤੇ ਸਥਾਨ ਦੇ ਜ਼ਿਕਰ ਦਾ ਅਭਾਵ ਹੈ, ਜਿਸ ਕਰਕੇ ਇਹ ਅਰਦਾਸ ਸਰਬ-ਕਾਲੀ ਅਤੇ ਸਰਬ-ਦੇਸੀ ਭਾਵ ਯੂਨੀਵਰਸਲ ਹੈ।

ਕਈ ਥਾਵਾਂ 'ਤੇ ਅਰਦਾਸੀਏ ਨੂੰ ਨਾਵਾਂ ਦੀਆਂ ਲੰਮੀਆਂ ਲੰਮੀਆਂ ਲਿਸਟਾਂ


Sri Satguru Jagjit Singh Ji eLibrary NamdhariElibrary@gmail.com

ਦਿੱਤੀਆਂ ਜਾਂਦੀਆਂ ਹਨ, ਜੋ ਪੜ੍ਹਨ ਦੌਰਾਨ ਅਰਦਾਸ ਵਿਚ ਜੁੜੀਆਂ ਸੁਰਤਾਂ ਨੂੰ ਉਚਾਟ ਕਰਨ ਦਾ ਕਾਰਨ ਬਣਦੀਆਂ ਹਨ। ਅਰਦਾਸੀਏ ਨੂੰ 'ਸਰਬੱਤ ਦੀ ਸੇਵਾ ਪ੍ਰਵਾਨ ਕਰਨੀ ਜੀ ਅਤੇ ਸਰਬੱਤ ਮਾਈ ਭਾਈ ਦੇ ਕਾਰਜ ਰਾਸ ਕਰਨੇ ਜੀ' ਆਦਿ, ਸਾਂਝੇ ਵਾਕਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਹਾਂ, ਕੋਈ ਵਿਸ਼ੇਸ਼ ਅਰਦਾਸ ਕਰਨੀ ਅਯੋਗ ਨਹੀਂ ਹੈ।

ਅਰਦਾਸੀਏ ਨੂੰ 'ਬੋਲੋ ਜੀ...' ਕਹਿ ਕੇ ਰੁਕਣਾ ਨਹੀਂ ਚਾਹੀਦਾ, ਸਗੋਂ 'ਬੋਲੋ ਜੀ ਵਾਹਿਗੁਰੂ !' ਕਹਿਣਾ ਚਾਹੀਦਾ ਹੈ ਅਤੇ ਸੰਗਤ ਨੂੰ ਵੀ ਪੂਰੇ ਪਿਆਰ ਤੇ ਇਕਾਗਰਤਾ ਨਾਲ ਪਿੱਛੇ 'ਵਾਹਿਗੁਰੂ' ਕਹਿਣਾ ਚਾਹੀਦਾ ਹੈ।

'ਆਪ ਦੇ ਹਜ਼ੂਰ ਬਾਣੀ ਦਾ ਪਾਠ ਹੋਇਆ ਹੈ, ਬਾਣੀ ਸੋਧ ਕੇ ਸੱਚਖੰਡ ਵਿਚ ਪ੍ਰਵਾਨ ਕਰਨੀ' ਨਾ ਹੀ ਇਹ ਵਾਕ ਸਿਧਾਂਤ ਅਨੁਸਾਰ ਹੈ ਤੇ ਨਾ ਹੀ ਅਰਦਾਸੀਏ ਦੀਆਂ ਭਾਵਨਾਵਾਂ ਦੀ ਸਹੀ ਤਰਜਮਾਨੀ ਕਰਦਾ ਹੈ। ਇਸ ਦੀ ਬਜਾਇ 'ਆਪ ਦੇ ਹਜ਼ੂਰ ਬਾਣੀ ਦਾ ਪਾਠ ਹੋਇਆ ਹੈ, ਅੱਖਰ ਵਾਧਾ ਘਾਟਾ ਭੁੱਲ ਚੁੱਕ ਮੁਆਫ਼ ਕਰਨੀ ਜੀ' ਅਰਦਾਸੀਏ ਨੂੰ ਕਹਿਣਾ ਬਣਦਾ ਹੈ।

ਇਸ ਸਾਰੀ ਵੀਚਾਰ ਦਾ ਸਾਰ ਹੈ ਕਿ ਅਰਦਾਸ ਜਿਥੇ ਪਿਆਰ-ਭਾਵਨਾ ਤੇ ਇਕਾਗਰਤਾ ਨਾਲ ਹੋਣੀ ਜ਼ਰੂਰੀ ਹੈ, ਉਥੇ ਗੁਰਮਤਿ ਸਿਧਾਂਤ ਅਨੁਸਾਰ ਢੁਕਵੀਂ ਪਰ ਸੰਖੇਪ ਹੋਣੀ ਵੀ ਜ਼ਰੂਰੀ ਹੈ।

**ਦੋ ਵੇਲੇ ਅਰਦਾਸ ਇਹ, ਹੋਵੇ ਤਖ਼ਤ ਅਕਾਲ ॥**
**ਭਲਾ ਹੋਵੇ ਸਰਬਤ ਦਾ, ਰਿਆਇਤ ਪੰਥ ਦੇ ਨਾਲ ॥** *(ਪ੍ਰਾਚੀਨ ਪੰਥ ਪ੍ਰਕਾਸ਼)*

### 4. ਸਾਧ ਸੰਗਤ ਵਿਚ ਜੁੜ ਕੇ ਬਾਣੀ ਦਾ ਅਭਿਆਸ

ਪਾਠਕਾਂ ਨੂੰ ਚੇਤੇ ਹੋਵੇਗਾ ਕਿ 'ਰਹਿਤ ਮਰਯਾਦਾ ਦੀ ਅੰਦਰਲੀ ਤਰਤੀਬ ਦੀ ਵੀਚਾਰ ਕਰਦਿਆਂ ਅਸੀਂ ਜਾਣਿਆ ਹੈ ਕਿ ਸ਼ਖ਼ਸੀ ਰਹਿਣੀ ਦੇ 'ਨਾਮ ਬਾਣੀ ਦਾ ਅਭਿਆਸ' ਅਧਿਆਇ ਦੀ ਧਾਰਾ (4), 'ਸਾਧ ਸੰਗਤ ਵਿਚ ਜੁੜ ਕੇ ਬਾਣੀ ਦਾ ਅਭਿਆਸ' ਅਧੀਨ ਅੱਠ ਸਿਰਲੇਖਾਂ ਨਾਲ ਨਿਯਮ ਅੰਕਤ ਕੀਤੇ ਹੋਏ ਹਨ, ਇਨ੍ਹਾਂ ਵਿੱਚੋਂ ਸਭ ਤੋਂ ਪਹਿਲਾ ਸਿਰਲੇਖ ਹੈ—'ਗੁਰਦੁਆਰੇ'। ਇਸ ਸਿਰਲੇਖ ਹੇਠ ਉੱਨੀ (19) ਨਿਯਮ ਸੰਗ੍ਰਹਿ ਕੀਤੇ ਗਏ ਹਨ।

## *ਗੁਰਦੁਆਰੇ*

**(ੳ) ਗੁਰਬਾਣੀ ਦਾ ਅਸਰ ਸਾਧ ਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨਾਂ ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।**


Sri Satguru Jagjit Singh Ji eLibrary NamdhariElibrary@gmail.com

**ਵਿਆਖਿਆ :**

ਨਾਮ ਦਾ ਜਾਪ ਅਤੇ ਬਾਣੀਆਂ ਦਾ ਪਾਠ ਹਰ ਗੁਰਸਿੱਖ ਦਾ ਨਿੱਜੀ ਨਿਤਨੇਮ ਹੈ ਅਤੇ ਸੰਗਤ ਵਿਚ ਜੁੜ ਕੇ ਕੀਰਤਨ ਤੇ ਵੀਚਾਰ ਸੁਣਨੀ ਅਥਵਾ ਕਰਨੀ, ਸੰਗਤੀ। ਇਸ ਦਾ ਸਿੱਖ ਜੀਵਨ ਵਿਚ ਆਪਣਾ ਵਿਸ਼ੇਸ਼ ਮਹੱਤਵ ਹੈ। ਬਾਣੀ ਦੀ ਸੰਗਤ ਅਥਵਾ ਬਾਣੀ ਦੇ ਧਾਰਨੀਆਂ ਦੀ ਸੰਗਤ ਤੋਂ ਬਿਨਾਂ ਜੀਵਨ ਪਸ਼ੂ ਬਿਰਤੀ ਤੋਂ ਉੱਚਾ ਨਹੀਂ ਉਠਦਾ।

**ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ॥** *(ਗੁ: ਗ੍ਰੰ: ਸਾ:, ਪੰਨਾ 427)*

ਵੀਚਾਰਵਾਨਾਂ ਦਾ ਮੱਤ ਹੈ ਕਿ ਗੁਰੂ ਨਾਨਕ ਸਾਹਿਬ ਨੇ ਪਸ਼ੂ ਬਿਰਤੀ ਵਾਲੇ ਮਨੁੱਖਾਂ ਨੂੰ ਦੇਵਤਾ ਅਥਵਾ ਸਤਿਪੁਰਖ ਹੀ ਨਹੀਂ ਬਣਾਇਆ, ਸਗੋਂ ਅਜਿਹੇ ਸਤਿਪੁਰਖਾਂ ਦੀਆਂ ਸੰਗਤਾਂ ਵੀ ਬੱਧੀਆਂ। ਬਾਣੀ ਦੀ ਧਾਰਨੀ ਸੰਗਤ ਨੂੰ ਗੁਰੂ ਸਾਹਿਬ ਅਜਿਹੀ ਸ਼ਕਤੀ ਮੰਨਦੇ ਹਨ, ਜਿਸ ਦੇ ਹੁੰਦਿਆਂ ਸਿੱਖ ਨੂੰ ਹੋਰ ਓਟਾਂ ਦੀ ਲੋੜ ਹੀ ਨਹੀਂ ਰਹਿ ਜਾਂਦੀ। ਵੇਖੋ, ਬੇਪਰਵਾਹ ਗੁਰੂ ਪਾਤਸ਼ਾਹ ਸਿੱਧਾਂ ਕੋਲ ਇਸ ਸ਼ਕਤੀ ਦਾ ਕਿਵੇਂ ਇੰਕਸ਼ਾਫ਼ ਕਰਦੇ ਹਨ :

**ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਰਹਿ ਰਾਈ॥੪੨॥੧॥**
*(ਵਾਰਾਂ ਭਾਈ ਗੁਰਦਾਸ ਜੀ)*

ਗੁਰੂ ਸਾਹਿਬ ਨੇ ਇਸ ਸ਼ਕਤੀ ਨੂੰ ਕੇਂਦਰਤ ਕਰਨ ਲਈ ਆਪਣੇ ਪਿਆਰੇ ਸਿੱਖਾਂ ਨੂੰ ਪ੍ਰੇਰ ਕੇ ਥਾਂ ਥਾਂ ਧਰਮਸਾਲਾ ਕਾਇਮ ਕੀਤੀਆਂ। ਧਰਮਸਾਲਾ ਅਥਵਾ ਗੁਰਦੁਆਰਾ ਇਕ ਅਜਿਹਾ ਸਿੱਖਣ-ਸਥਾਨ (Institution) ਹੈ, ਜਿਥੇ ਗੁਰੂ ਨਾਨਕ ਦੇ ਦਰਸਾਏ ਧਰਮ ਨੂੰ ਕਮਾਉਣ ਦੀ ਜਾਚ ਸਿਖਾਈ ਜਾਂਦੀ ਹੈ। ਸਿੱਖ ਇਥੇ ਹੋਰ ਭਾਈਆਂ ਨਾਲ ਮਿਲ ਕੇ ਸ਼ਬਦ ਸੁਰਤਿ ਦੀ ਸਾਂਝ ਪਾਉਂਦਾ ਹੈ। ਰਲ ਕੇ ਸ਼ਬਦ ਸੁਰਤਿ ਨਾਲ ਪਾਈ ਸਾਂਝ ਹੀ ਇਨ੍ਹਾਂ ਅੰਦਰ ਪਿਆਰ ਅਥਵਾ ਅਪਣੱਤ ਪੈਦਾ ਕਰਦੀ ਹੈ, ਜੋ ਨਾਨਕ-ਨਿਰਮਲ ਪੰਥ ਦੀ ਨੀਂਹ ਹੈ। ਇਹ ਪਿਆਰ ਸਾਂਝ ਹੀ ਹੈ, ਜੋ ਸਿੱਖ ਜੀਵਨ ਦੇ ਸਾਰੇ ਮਸਲਿਆਂ ਸਨਮੁਖ ਜੂਝਣ ਲਈ ਸਿੱਖਾਂ ਨੂੰ ਸਾਂਝੀ ਸ਼ਕਤੀ ਪ੍ਰਦਾਨ ਕਰਦੀ ਹੈ। ਇਸ ਮੰਤਵ ਦੀ ਪੂਰਤੀ ਲਈ ਨਮੂਨੇ ਦੇ ਤੌਰ 'ਤੇ ਗੁਰੂ ਪਾਤਸ਼ਾਹ ਜੀ ਨੇ ਆਪ ਵੀ ਧਰਮਸਾਲ ਕਾਇਮ ਕੀਤੀ ਅਤੇ ਮਰਯਾਦਾ ਉਲੀਕੀ :

**ਧਰਮ ਸਾਲ ਕਰਤਾਰ ਪੁਰੁ, ਸਾਧ ਸੰਗਤਿ ਸਚਖੰਡ ਵਸਾਇਆ॥**
**ਵਾਹਿਗੁਰੂ ਗੁਰ ਸਬਦੁ ਸੁਣਾਇਆ॥੧॥੨੪॥**

**ਬਾਣੀ ਮੁਖਹੁ ਉਚਾਰੀਐ, ਹੁਇ ਰੁਸਨਾਈ ਮਿਟੈ ਅੰਧਿਆਰਾ॥**
**ਗਿਆਨ ਗੋਸਟਿ ਚਰਚਾ ਸਦਾ, ਅਨਹਦਿ ਸਬਦਿ ਉਠੇ ਧੁਨਕਾਰਾ॥**
**ਸੋਦਰੁ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪੁ ਉਚਾਰਾ॥੩੮॥੧॥**

**ਗੁਰਮੁਖ ਭਲਕੇ ਉਠ ਕਰਿ, ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ॥**
**ਗੁਰ ਕੈ ਬਚਨ ਉਚਾਰਿਕੈ, ਧ੍ਰਮਸਾਲਾ ਦੀ ਸੁਰਤਿ ਕਰੰਦਾ॥**
**ਸਾਧ ਸੰਗਤ ਵਿਚਿ ਜਾਇਕੈ, ਗੁਰਬਾਣੀ ਦੇ ਪ੍ਰੀਤਿ ਸੁਣੰਦਾ॥**
**ਸੰਕਾ ਮਨਹੁੰ ਮਿਟਾਇਕੈ, ਗੁਰ ਸਿਖਾਂ ਦੀ ਸੇਵ ਕਰੰਦਾ॥**


Sri Satguru Jagjit Singh Ji eLibrary NamdhariElibrary@gmail.com

**ਕਿਰਤ ਵਿਰਤ ਕਰਿ ਧਰਮੁ ਦੀ, ਲੈ ਪਰਸਾਦ ਆਣਿ ਵਰਤੰਦਾ॥**
**ਗੁਰਸਿਖਾਂ ਨੋ ਦੇਇ ਕਰਿ, ਪਿਛੋਂ ਬਚਿਆ ਆਪ ਖਵੰਦਾ॥**
**ਕਲੀਕਾਲ ਪਰਗਾਸ ਕਰਿ, ਗੁਰੂ ਚੇਲਾ ਚੇਲਾ ਗੁਰ ਸੰਦਾ॥**
**ਗੁਰਮੁਖ ਗਾਡੀ ਰਾਹੁ ਚਲੰਦਾ॥੧੧॥੪੦॥** *(ਵਾਰਾਂ ਭਾਈ ਗੁਰਦਾਸ ਜੀ)*

ਗੁਰੂ ਕੇ ਬਚਨਾਂ "ਸਤਸੰਗਤਿ ਊਤਮ ਸਤਿਗੁਰ ਕੇਰੀ" ਅਤੇ "ਸੰਗਤਿ ਕਾ ਗੁਨੁ ਬਹੁਤੁ ਅਧਿਕਾਈ" ਆਦਿ ਨੂੰ ਚਿਤਵਦਿਆਂ ਗੁਰੂ ਪਿਆਰੇ ਭਾਈ ਨੰਦ ਲਾਲ ਜੀ ਕਰਤਾਰ ਪਾਸ ਆਰਜ਼ੂ (ਦਿਲੀ ਰੀਝ) ਇਨ੍ਹਾਂ ਲਫ਼ਜ਼ਾਂ ਨਾਲ ਪਰਗਟ ਕਰਦੇ ਸਾਨੂੰ ਪ੍ਰੇਰਨਾ ਦੇਂਦੇ ਹਨ:

**ਸ਼ਵੱਦ ਕੁਰਬਾਨ ਖ਼ਾਕਿ ਰਾਹਿ ਸੰਗਤ,**
**ਦਿਲਿ ਗੋਯਾ ਹਮੀ ਰਾ ਆਰਜ਼ੂ ਕਰਦ॥੩੩॥**
[ਗੋਇਆ (ਨੰਦ ਲਾਲ) ਦੀ ਬੱਸ ਇਹੀ ਦਿਲੀ ਰੀਝ ਹੈ ਕਿ ਸਾਧ ਸੰਗਤ ਦੇ ਰਾਹ ਦੀ ਧੂੜ ਤੋਂ ਕੁਰਬਾਨ ਹੋ ਜਾਵੇ।]

ਭਾਈ ਚਉਪਾ ਸਿੰਘ ਜੀ ਰਹਿਤਨਾਮੇ ਵਿਚ ਗੁਰੂ ਕੀਆਂ ਭਾਵਨਾਵਾਂ ਦੀ ਤਰਜਮਾਨੀ ਇਉਂ ਕਰਦੇ ਹਨ:

'ਗੁਰੂ ਕਾ ਸਿਖ ਜੋੜ ਮੇਲ ਸਿੱਖਾਂ ਵਿਚ ਜਾਏ।' ਸਿੱਖਾਂ ਵਿਚ ਸਿੱਖ ਨੂੰ ਗਿਆਂ ਚਾਰ ਨਫ਼ੇ ਹੁੰਦੇ ਹਨ: ਇਕ ਤਾਂ ਸ਼ਬਦ ਪੜ੍ਹਨਾ ਅਰ ਸੁਣਨਾ; ਦੂਜਾ ਸਿੱਖੀ ਪਛਾਣ ਅਰ ਮਰਮ (ਗਿਆਨ); ਤੀਜਾ ਸਿੱਖੀ ਰਹਿਤ ਬੁਧਿ ਆਂਵਦੀ ਹੈ; ਚੌਥੇ ਯਥਾ-ਸ਼ਕਤਿ ਪੁੰਨ ਕਰਦਾ ਹੈ।

**(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾਪ੍ਰਤੀ ਹੋਵੇ। ਬਿਨਾਂ ਖ਼ਾਸ ਕਾਰਨ ਦੇ (ਜਦ ਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਿਰਾਸ ਦੇ ਪਾਠ ਮਗਰੋਂ ਸੁਖ-ਆਸਨ ਕੀਤਾ ਜਾਵੇ। ਜਦ ਤਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ, ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖ਼ਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ। ਉਪਰੰਤ ਸੁਖ-ਆਸਨ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ।**

***ਵਿਆਖਿਆ :***

**ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼** : ਜਦੋਂ ਅਸੀਂ ਇਹ ਜਾਣ ਲੈਂਦੇ ਹਾਂ ਕਿ ਸੰਗਤ ਦੇ ਜੋੜ ਮੇਲ ਦੇ ਸਥਾਨ ਗੁਰਦੁਆਰੇ ਵਿਚ ਹਾਜ਼ਰੀ ਭਰਨੀ ਸਿੱਖ ਦੇ ਨਿਤਨੇਮ ਦਾ ਹਿੱਸਾ ਹੈ ਤਾਂ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾਪ੍ਰਤੀ ਕਰਨਾ ਕਿਉਂ ਜ਼ਰੂਰੀ ਹੈ, ਸਪੱਸ਼ਟ ਹੋ ਜਾਂਦਾ ਹੈ। ਆਮ ਤੌਰ 'ਤੇ ਸ਼ਾਮ ਨੂੰ ਰਹਿਰਾਸ ਦੇ ਪਾਠ ਜਾਂ ਦੀਵਾਨ ਦੀ ਸਮਾਪਤੀ 'ਤੇ ਸੁਖ-ਆਸਨ ਕਰਨਾ, ਹੁਕਮ ਹੈ। ਪ੍ਰਕਾਸ਼ ਹੋਣ ਤੋਂ ਸੁਖ-ਆਸਨ ਸਮੇਂ ਤਕ ਸੇਵਾ ਲਈ ਗ੍ਰੰਥੀ ਜਾਂ ਸੇਵਾਦਾਰ ਅਤੇ ਪਾਠੀ ਜਾਂ ਸੰਗਤ ਦੀ ਹਾਜ਼ਰੀ ਜ਼ਰੂਰੀ ਹੈ। ਸਭਨਾਂ ਦੀ ਗ਼ੈਰ-ਹਾਜ਼ਰੀ ਕਰਕੇ ਗੁਰਦੁਆਰਾ


Sri Satguru Jagjit Singh Ji eLibrary NamdhariElibrary@gmail.com

ਸਾਹਿਬਾਨ ਵਿਚ ਕਈ ਵਾਰ ਕੁਝ ਗ਼ਲਤ ਅਨਸਰਾਂ ਵੱਲੋਂ ਕੋਝੀਆਂ ਹਰਕਤਾਂ ਹੋ ਸਕਣ ਦੀ ਸੰਭਾਵਨਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਸ ਲਈ ਜੇ ਸੰਗਤ ਦੀ ਆਵਾਜਾਈ ਨਹੀਂ ਅਤੇ ਕੋਈ ਸੇਵਾਦਾਰ ਵੀ ਦਰਬਾਰ ਵਿਚ ਹਾਜ਼ਰ ਨਹੀਂ ਰਹਿ ਸਕਦਾ ਤਾਂ ਗੁਰੂ ਪਾਤਸ਼ਾਹ ਦੇ ਅਦਬ ਨੂੰ ਮੁਖ ਰੱਖਦਿਆਂ ਸੁਖ-ਆਸਨ ਕਰ ਦੇਣਾ ਉਚਿਤ ਹੈ। ਜਦੋਂ ਪਾਠ ਕਰਨਾ ਹੋਵੇ ਜਾਂ ਦੀਵਾਨ ਸਜਾਉਣਾ ਹੋਵੇ ਤਾਂ ਪ੍ਰਕਾਸ਼ ਦੁਬਾਰਾ ਕਰਨ ਵਿਚ ਕੋਈ ਹਰਜ ਨਹੀਂ। ਕੇਵਲ ਆਲਸ ਪ੍ਰਧਾਨ ਹੋਣ ਕਾਰਨ ਅਣ-ਸੁਖਾਵੀਆਂ ਘਟਨਾਵਾਂ ਵਾਪਰਨ ਦੇ ਨਤੀਜਿਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਇਸੇ ਤਰ੍ਹਾਂ ਜੇ ਰਾਤ ਨੂੰ ਪਾਠ ਜਾਂ ਦੀਵਾਨ ਜਾਰੀ ਨਹੀਂ ਤਾਂ ਸੁਖ-ਆਸਨ ਕਰ ਦੇਣ ਦਾ ਆਦੇਸ਼ ਹੈ।

**(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ਼-ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ 'ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉੱਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।**

*(ਸਿੱਖ ਰਹਿਤ ਮਰਯਾਦਾ, ਪੰਨਾ 13)*

*ਵਿਆਖਿਆ :*

**ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਸਾਮਾਨ** : ਗੁਰੂ ਸਾਹਿਬ ਦੀ ਸੇਵਾ ਅਤੇ ਦਰਸ਼ਨ ਕਰਨ ਵਾਲਿਆਂ ਲਈ ਇਹ ਗੱਲ ਸਭ ਤੋਂ ਪਹਿਲਾਂ ਦ੍ਰਿੜ੍ਹ ਕਰਨ ਦੀ ਲੋੜ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕੇਵਲ ਅਸਾਡਾ ਧਰਮ ਗ੍ਰੰਥ ਹੀ ਨਹੀਂ ਹਨ, ਬਲਕਿ ਇਹ ਜੁਗੋ ਜੁਗ ਅਟੱਲ, ਛਤਰ-ਚਵਰ-ਤਖ਼ਤ ਦੇ ਮਾਲਕ, ਦਸਾਂ ਪਾਤਸ਼ਾਹੀਆਂ ਦੀ ਜੋਤਿ ਗੁਰਗੱਦੀ 'ਤੇ ਬਿਰਾਜਮਾਨ ਸਤਿਗੁਰੂ ਜੀ ਵੀ ਹਨ। ਇਸ ਕਰਕੇ ਪ੍ਰਕਾਸ਼ਨ, ਪੜ੍ਹਨ ਅਤੇ ਸੰਤੋਖਨ ਆਦਿ ਦੇ ਸਾਰੇ ਕਾਰਜ ਕਰਨ ਤੋਂ ਪਹਿਲਾਂ ਸਾਡੇ ਅੰਦਰ ਭੈ-ਭਾਵਨੀ ਦਾ ਹੋਣਾ ਅਤੀ ਜ਼ਰੂਰੀ ਹੈ, ਤਦ ਹੀ ਇਹ ਸਾਰੇ ਕਾਰਜ ਸੇਵਾ ਦਾ ਰੂਪ ਧਾਰਦੇ ਹਨ।

ਪ੍ਰਕਾਸ਼ ਦੀ ਸੇਵਾ ਕਰਨ ਤੋਂ ਪਹਿਲਾਂ ਸਥਾਨ ਦਾ ਸਾਫ਼-ਸੁਥਰਾ ਹੋਣਾ ਜ਼ਰੂਰੀ ਹੈ। ਲੋੜ ਅਨੁਸਾਰ ਜਗ੍ਹਾ ਦੀ ਲਿਪਾਈ, ਧੁਲਾਈ ਜਾਂ ਸਫ਼ਾਈ ਕਰ ਕੇ ਸੁੰਦਰ ਵਿਛਾਈ ਕੀਤੀ ਜਾਵੇ। ਫਿਰ ਪ੍ਰਕਾਸ਼ ਸਥਾਨ 'ਤੇ ਚਾਂਦਨੀ ਅਥਵਾ ਚੰਦੋਆ ਲਗਾਇਆ ਜਾਵੇ। ਮੰਜੀ ਸਾਹਿਬ ਉਪਰ ਸਾਫ਼ ਸੁਥਰੀ ਵਿਛਾਈ ਕਰ ਕੇ ਦਰਸ਼ਨੀ ਸੁੰਦਰ ਰੁਮਾਲੇ ਸਜਾਏ ਜਾਣ। ਬੀੜ ਦੀ ਠੀਕ ਸੰਭਾਲ ਅਤੇ ਪਾਠ ਕਰਨ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਖੱਬੇ ਸੱਜੇ ਅਤੇ ਸਾਹਮਣੇ ਪਾਸੇ ਸਿਰਹਾਣੇ ਆਦਿ ਰੱਖ ਕੇ ਪ੍ਰਕਾਸ਼ ਕੀਤਾ ਜਾਵੇ। ਉਪਰ ਲਈ ਰੁਮਾਲਾ ਪਲਕਾਂ ਸਹਿਤ ਹੋਵੇ। ਜਦ ਪਾਠ ਨਾ ਹੁੰਦਾ ਹੋਵੇ ਤਾਂ ਉਪਰ ਰੁਮਾਲਾ ਪਿਆ ਰਹਿਣਾ ਜ਼ਰੂਰੀ ਹੈ। ਸਾਡੀ ਜਾਚੇ, ਉਪਰ ਲਈ ਦੋ ਰੁਮਾਲੇ ਹੋਣੇ ਚੰਗਾ ਹੈ, ਉਹ ਵੀ ਬਹੁਤ ਪਤਲੇ ਨਾ ਹੋਣ ਅਤੇ ਟਿਕਣ ਵਾਲੇ ਹੋਣ। ਪ੍ਰਕਾਸ਼ ਦੌਰਾਨ ਚੌਰ ਹੋਣਾ ਜ਼ਰੂਰੀ ਹੈ।


Sri Satguru Jagjit Singh Ji eLibrary NamdhariElibrary@gmail.com

ਮਰਯਾਦਾ ਵਿਚ ਪ੍ਰਕਾਸ਼ ਲਈ ਚਾਂਦਨੀ, ਮੰਜੀ ਸਾਹਿਬ ਤੇ ਚੌਰ ਆਦਿ ਮੁਖ ਜ਼ਰੂਰਤਾਂ ਦਾ ਵਰਣਨ ਤਾਂ ਹੈ, ਪਰ ਪਾਲਕੀ ਦਾ ਕੋਈ ਜ਼ਿਕਰ ਨਹੀਂ। ਇਸ ਦਾ ਕਾਰਨ ਸਾਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਘੋੜੇ, ਰੱਥ ਜਾਂ ਕਾਰ ਵਾਂਗ ਪਾਲਕੀ (ਖ਼ਾਸਾ) ਵੀ ਸਫ਼ਰ ਦੀ ਸਵਾਰੀ ਹੈ, ਨਾ ਕਿ ਦਰਬਾਰ ਵਿਚ ਸਜਣ ਲਈ ਤਖ਼ਤ। ਭਾਵੇਂ ਗੁਆਂਢੀਆਂ ਦੀ ਰੀਸੇ ਜਾਂ ਕੁਝ ਸਹੂਲਤ ਨੂੰ ਮੁੱਖ ਰੱਖਦਿਆਂ ਗੁਰਦੁਆਰਿਆਂ ਵਿਚ ਇਸ ਦੀ ਵਰਤੋਂ ਆਮ ਹੈ, ਪਰ ਧਿਆਨ ਕਰਨ ਯੋਗ ਹੈ ਕਿ ਜਿਸ ਹਰਿਮੰਦਰ ਸਾਹਿਬ ਦੀਆਂ ਕੰਧਾਂ ਉੱਤੇ ਸੋਨੇ ਦੇ ਪੱਤਰੇ ਲਗਾਉਣ ਦੀ ਸੇਵਾ ਕੀਤੀ ਜਾ ਸਕਦੀ ਹੈ, ਕੀ ਉਥੇ ਸਤਿਗੁਰਾਂ ਦੇ ਪ੍ਰਕਾਸ਼ ਲਈ ਇਕ ਪਾਲਕੀ ਦੀ ਸੇਵਾ ਕਰਨੀ ਮੁਸ਼ਕਲ ਹੈ ? ਨਹੀਂ, ਬਿਲਕੁਲ ਨਹੀਂ। ਬਹੁਤ ਕੀਮਤੀ ਪਾਲਕੀਆਂ ਸੇਵਾ ਲਈ ਮੌਜੂਦ ਹਨ, ਪਰ ਇਨ੍ਹਾਂ ਸੁੰਦਰ ਪਾਲਕੀਆਂ ਦੀ ਵਰਤੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਗੁਰੂ ਸਾਹਿਬ ਨੂੰ ਲਿਆਉਣ ਤੇ ਲਿਜਾਣ ਵਾਸਤੇ ਕੀਤੀ ਜਾਂਦੀ ਹੈ, ਨਾ ਕਿ ਪ੍ਰਕਾਸ਼ ਵਾਸਤੇ। ਇਸ ਦਾ ਮੁੱਖ ਕਾਰਨ ਸਾਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਰੀਤਿ ਪੰਜਵੇਂ ਸਤਿਗੁਰਾਂ ਨੇ ਬੱਧੀ ਹੈ। ਜਿਸ ਦਿਨ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲੇ ਦਿਨ ਉਥੇ ਪ੍ਰਕਾਸ਼ ਕੀਤਾ, ਉਪਰੰਤ ਅੱਜ ਤਕ ਲਗਭਗ 400 ਸਾਲ ਦੌਰਾਨ ਕੋਈ ਇਤਿਹਾਸਕ ਜ਼ਿਕਰ ਨਹੀਂ, ਜਦੋਂ ਕਦੀ ਪ੍ਰਕਾਸ਼ ਪਾਲਕੀ ਵਿਚ ਕੀਤਾ ਗਿਆ ਹੋਵੇ, ਭਾਵੇਂ ਬਾਕੀ ਮਰਯਾਦਾ ਵਿਚ ਕਈ ਪ੍ਰਕਾਰ ਦਾ ਬਦਲਾਅ ਆਇਆ। ਸੋ, ਸਾਨੂੰ ਸਤਿਗੁਰਾਂ ਵੱਲੋਂ ਦਰਸਾਏ ਨਮੂਨੇ ਨੂੰ ਸਮਝਣ ਦੀ ਜ਼ਰੂਰਤ ਹੈ। ਹਾਂ, ਨਗਰ ਕੀਰਤਨ ਜਾਂ ਜਲੂਸ ਆਦਿ ਸਫ਼ਰ ਦੌਰਾਨ ਤਾਂ ਪਾਲਕੀ ਦੀ ਵਰਤੋਂ ਜ਼ਰੂਰੀ ਹੈ, ਪਰ ਦਰਬਾਰ ਵਿਚ ਤਖ਼ਤ ਉੱਤੇ ਬਿਰਾਜਮਾਨ ਸਤਿਗੁਰੂ ਜਿਸ ਤਰ੍ਹਾਂ ਖੁੱਲ੍ਹੇ ਦਰਸ਼ਨ ਦੇ ਰਹੇ ਸ਼ੋਭਨੀਕ ਹੁੰਦੇ ਹਨ, ਉਹ ਪਾਲਕੀ ਵਿਚ ਕਦਾਚਿਤ ਸੰਭਵ ਨਹੀਂ। ਇਸ ਲਈ ਗੁਰਦੁਆਰਿਆਂ ਵਿਚ ਸਾਨੂੰ ਯੋਗ ਪ੍ਰਬੰਧ ਕਰਨ ਦੀ ਜ਼ਰੂਰਤ ਹੈ।

**ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥**
**ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥** *(ਗੁ: ਗ੍ਰੰ: ਸਾ:, ਪੰਨਾ 964)*

**(ਸ) ਉਪਰ ਦੱਸੇ ਸਾਮਾਨ ਤੋਂ ਇਲਾਵਾ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।**

*ਵਿਆਖਿਆ :*

**ਆਰਤੀ ਕਰਨੀ** : ਬਲਦੇ ਦੀਵੇ, ਧੁੱਖਦਾ ਧੂਪ ਤੇ ਫੁੱਲ ਆਦਿ ਥਾਲ ਵਿਚ ਟਿਕਾ ਕੇ ਮੂਰਤਿ ਆਦਿ ਆਪਣੇ ਇਸ਼ਟ ਦੇ ਸਾਹਮਣੇ ਵਾਰ ਵਾਰ ਫੇਰਨ ਦਾ ਨਾਮ ਹਿੰਦੂ ਮੱਤ ਵਿਚ ਆਰਤੀ (ਆਰਾਤ੍ਰਿਕ) ਹੈ। ਗੁਰੂ ਨਾਨਕ ਸਾਹਿਬ ਨੇ ਅਜਿਹੀ ਆਰਤੀ ਦਾ ਖੰਡਨ ਕਰ ਕੇ ਨਿਰੰਕਾਰ ਦੀ ਹੋ ਰਹੀ, ਜਿਸ ਅਖੰਡ ਆਰਤੀ ਦਾ ਗਿਆਨ ਦਿੱਤਾ


Sri Satguru Jagjit Singh Ji eLibrary NamdhariElibrary@gmail.com

ਹੈ, ਉਸ ਆਰਤੀ ਵਿਚ ਦੀਵੇ, ਧੂਪ, ਫੁੱਲ, ਭੋਗ ਲੁਆਉਣ ਅਤੇ ਟੱਲ ਖੜਕਾਉਣਾ ਆਦਿ ਕਰਮਾਂ ਦੀ ਕੋਈ ਥਾਂ ਨਹੀਂ।

**ਅਵਤਾਰ ਪੂਜਾ** ਜਾਂ ਮੂਰਤੀ ਪੂਜਾ ਦੇ ਧਾਰਨੀ ਹਿੰਦੂ ਭਾਈ ਇਕ ਥਾਲ ਵਿਚ ਇਕ ਤੋਂ ਸੌ ਤਕ ਦੀਵੇ ਮਚਾ ਕੇ, ਧੂਪ ਅਗਰਬੱਤੀਆਂ ਬਾਲ ਕੇ, ਫੁੱਲ ਅਤੇ ਕੇਸਰ ਆਦਿ ਥਾਲ ਵਿਚ ਟਿਕਾ ਕੇ ਮੂਰਤਿ ਦੇ ਸਨਮੁਖ ਤਰਤੀਬ ਅਨੁਸਾਰ ਥਾਲ ਫੇਰਦੇ ਹਨ। ਚਰਨਾਂ ਦੁਆਲੇ ਚਾਰ ਵਾਰ, ਨਾਭੀ ਦੁਆਲੇ ਦੋ ਵਾਰ, ਮੂੰਹ ਦੁਆਲੇ ਇਕ ਵਾਰ ਅਤੇ ਸਾਰੇ ਆਕਾਰ ਦੁਆਲੇ ਸੱਤ ਵਾਰ ਥਾਲ ਫੇਰਿਆ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਧਨਾਸਰੀ ਰਾਗ ਵਿਚ "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ" (ਗੁ: ਗ੍ਰੰ: ਸਾ:, ਪੰਨਾ 663) ਸ਼ਬਦ ਰਾਹੀਂ ਜੁਗਤੀ ਨਾਲ ਸਮਝਾਇਆ ਕਿ ਖੰਡਾਂ ਬ੍ਰਹਮੰਡਾਂ ਦੇ ਸੁਆਮੀ ਸ੍ਰੀ ਅਕਾਲ ਪੁਰਖ, ਜਿਸ ਦੀ ਆਰਤੀ ਆਕਾਸ਼, ਚੰਦ, ਸੂਰਜ, ਤਾਰੇ, ਪਾਣੀ, ਹਵਾ ਅਤੇ ਬਨਸਪਤੀ ਦਿਨ ਰਾਤ ਕਰ ਰਹੇ ਹਨ, ਉਸ ਨੂੰ ਮੂਰਤਿ-ਰੂਪ ਕਲਪ ਕੇ ਇਕ ਥਾਲ ਵਿਚ ਦੀਵੇ, ਧੂਪ, ਫੁੱਲ ਆਦਿ ਟਿਕਾ ਕੇ ਆਰਤੀ ਕਰਨੀ ਉਸ ਦੀ ਨਿਰਾਦਰੀ ਕਰਨ ਸਮਾਨ ਹੈ। ਇਸ ਲਈ ਉਸ ਦੀ ਆਰਤੀ ਕਰਦਿਆਂ ਭੋਗ ਲੁਆਉਣ, ਤਿਲਕ ਲਾਉਣ, ਟੱਲ ਖੜਕਾਉਣ ਅਤੇ ਫੁੱਲ ਬਰਸਾਉਣ ਆਦਿ ਕਰਮਾਂ ਦੀ ਬਜਾਇ ਬੈਠ ਕੇ ਉਸ ਦੀ ਸਿਫ਼ਤਿ-ਸਾਲਾਹ ਕਰਨੀ ਹੀ ਅਸਲ ਆਰਤੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਸਿੱਖਾਂ ਉੱਤੇ ਬੇਅੰਤ ਜ਼ੁਲਮ ਦੀਆਂ ਹਨੇਰੀਆਂ ਝੁੱਲੀਆਂ। ਆਉਣ ਵਾਲੇ 60 ਵਰ੍ਹੇ ਖ਼ਾਲਸਾ ਨਾ ਤਾਂ ਆਪ ਟਿਕ ਕੇ ਬੈਠ ਸਕਿਆ ਅਤੇ ਨਾ ਹੀ ਆਪਣੇ ਗੁਰਧਾਮਾਂ ਦੀ ਸੇਵਾ-ਸੰਭਾਲ ਕਰ ਸਕਿਆ, ਜਿਸ ਕਰਕੇ ਪ੍ਰਬੰਧ ਉਦਾਸੀਆਂ ਅਤੇ ਨਿਰਮਲਿਆਂ ਦੇ ਹੱਥਾਂ ਵਿਚ ਚਲਾ ਗਿਆ। ਇਹ ਵਿਦਵਾਨ ਭਾਵੇਂ ਆਮ ਕਰ ਕੇ ਸਿੱਖਾਂ ਦੇ ਸ਼ੁਭ-ਚਿੰਤਕ ਸਨ, ਪਰ ਕਾਂਸ਼ੀ ਦੇ ਬ੍ਰਾਹਮਣਾਂ ਪਾਸੋਂ ਸੰਸਕ੍ਰਿਤ ਦੇ ਹਿੰਦੂ ਗ੍ਰੰਥਾਂ ਦੀ ਵਿੱਦਿਆ ਪ੍ਰਾਪਤ ਕਰਨ ਕਰਕੇ ਇਨ੍ਹਾਂ ਦੇ ਵਿਚਾਰਾਂ ਦੀ ਧਰਾਤਲ ਸਨਾਤਨੀ ਹੀ ਰਹੀ। ਸਮੇਂ ਦੀ ਹਕੂਮਤ ਦੀ ਕ੍ਰੋਪੀ ਤੋਂ ਬਚਣ ਅਤੇ ਹਿੰਦੂ ਬਹੁ-ਗਿਣਤੀ ਦੀ ਪ੍ਰਸੰਨਤਾ-ਪੂਜਾ ਪ੍ਰਾਪਤ ਕਰਨ ਲਈ ਇਨ੍ਹਾਂ ਨੇ ਗੁਰਦੁਆਰਿਆਂ ਵਿਚ ਜਿਹੜੀਆਂ ਹਿੰਦੂ ਰੀਤੀਆਂ ਪ੍ਰਚਲਿਤ ਕਰ ਦਿੱਤੀਆਂ, ਉਨ੍ਹਾਂ ਵਿਚ ਮੂਰਤਿ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਦੀਵੇ ਬਾਲ ਕੇ ਆਰਤੀ ਕਰਨੀ ਤੇ ਭੋਗ ਲੁਆਉਣਾ ਆਦਿ ਵੀ ਸਨ। ਭਾਵੇਂ ਸਖ਼ਤੀਆਂ ਦੇ ਦੌਰ ਤੋਂ ਬਾਅਦ ਮਿਸਲਾਂ ਦਾ ਰਾਜ ਤੇ ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਤਾਂ ਆਇਆ, ਪਰ ਉਥੇ ਵੀ ਵੱਡੇ ਕਰਮਚਾਰੀ ਬ੍ਰਾਹਮਣੀ ਮੱਤ ਦੇ ਧਾਰਨੀ ਹੋਣ ਕਰਕੇ ਮਰਯਾਦਾ ਪੱਖੋਂ ਗੁਰਦੁਆਰਿਆਂ ਵਿਚ ਕੋਈ ਸੁਧਾਰ ਨਾ ਹੋ ਸਕਿਆ, ਸਗੋਂ ਡੋਗਰਿਆਂ ਦੀ 'ਕ੍ਰਿਪਾ' ਸਦਕਾ ਬ੍ਰਾਹਮਣਵਾਦ ਸਿੱਖ ਜੀਵਨ ਵਿਚ ਪੱਕੇ ਪੈਰੀਂ ਹੋ ਗਿਆ।

1936 ਈਸਵੀ ਨੂੰ ਰਹਿਤ ਮਰਯਾਦਾ ਦੀ ਸੰਪਾਦਨਾ ਸਮੇਂ ਗੁਰਬਾਣੀ ਸਿਧਾਂਤ ਨੂੰ ਧਿਆਨ ਵਿਚ ਰੱਖਦਿਆਂ ਗੁਰੂ-ਪੰਥ ਨੇ ਦੀਰਘ ਵੀਚਾਰ ਉਪਰੰਤ ਸਪੱਸ਼ਟ ਨਿਰਣਾ ਲਿਆ ਕਿ ਸਤਿਗੁਰਾਂ ਸਨਮੁਖ ਦੀਵੇ ਬਾਲ ਕੇ ਆਰਤੀ ਕਰਨੀ ਅਤੇ ਹੋਰ ਸੰਬੰਧਿਤ


Sri Satguru Jagjit Singh Ji eLibrary NamdhariElibrary@gmail.com

ਕਰਮ ਕਰਨੇ ਮਨਮਤਿ ਹੈ, ਪਰ ਸੈਂਕੜੇ ਵਰ੍ਹਿਆਂ ਤੋਂ ਚਲੀਆਂ ਆ ਰਹੀਆਂ ਬ੍ਰਾਹਮਣ ਰੀਤੀਆਂ ਨੂੰ ਹੁਣ ਅਗਿਆਨਤਾ ਵੱਸ ਸਿੱਖ ਆਪਣੀਆਂ ਹੀ ਸਮਝ ਘੁੱਟ ਕੇ ਕਲੇਜੇ ਨਾਲ ਲਾਈ ਬੈਠੇ ਹਨ।

ਕਮਰੇ ਅੰਦਰ ਰੌਸ਼ਨੀ ਹਿਤ ਤੇਲ, ਘਿਉ, ਮੋਮਬੱਤੀ, ਲੈਂਪ ਅਤੇ ਟਾਰਚ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ, ਪਰ ਇਨ੍ਹਾਂ ਦੀ ਵਰਤੋਂ ਕਰਦਿਆਂ ਸੁਰੱਖਿਆ ਅਤੇ ਸੁਗੰਧੀ ਦਾ ਧਿਆਨ ਰੱਖਣ ਦੀ ਖ਼ਾਸ ਲੋੜ ਹੈ।

**(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ-ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਮਨਮਤਿ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇਕੱਤਰਤਾ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।**

*ਵਿਆਖਿਆ :*

**ਗੁਰੂ ਗ੍ਰੰਥ ਸਾਹਿਬ ਜੀ ਦੀ ਸਮਤਾ** : ਗੁਰਦੁਆਰਾ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਥਵਾ ਪ੍ਰਚਾਰ ਸਥਾਨ ਹੈ, ਇਸ ਲਈ ਕਿਸੇ ਵੀ ਹੋਰ ਪੁਸਤਕ ਨੂੰ ਬਰਾਬਰ ਪ੍ਰਕਾਸ਼ ਕੇ ਉਸ ਨੂੰ ਸ੍ਰੀ ਗੁਰੂ ਜੀ ਦੀ ਸਮਤਾ/ਬਰਾਬਰੀ ਨਹੀਂ ਦਿੱਤੀ ਜਾ ਸਕਦੀ। ਵੀਚਾਰਵਾਨ ਸੱਜਣ ਤਾਂ ਇਸ ਨਿਯਮ ਦੀ ਵਿਆਖਿਆ ਇਉਂ ਵੀ ਕਰਦੇ ਹਨ ਕਿ ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਰੀਆਂ ਬੀੜਾਂ ਦੀ ਬਾਣੀ ਇਕ ਸਮਾਨ ਹੀ ਹੈ ਤਾਂ ਵੀ ਇਕ ਸਥਾਨ 'ਤੇ ਇਕ ਤੋਂ ਵੱਧ ਬੀੜਾਂ ਦਾ ਪ੍ਰਕਾਸ਼ ਕਰਨਾ 'ਏਕੇ' (ਇਕਾਈ) ਦੇ ਸਿਧਾਂਤ ਨੂੰ ਠੇਸ ਪੁਚਾਉਂਦਾ ਹੈ। ਇਸੇ ਕਰਕੇ ਹੀ ਗੁਰੂ ਇਤਿਹਾਸ ਵਿਚ ਕਿਤੇ ਵਾਕਿਆ ਨਹੀਂ ਮਿਲਦਾ, ਜਦੋਂ ਇਕ ਜੋਤਿ ਦੇ ਮਾਲਕ ਹੁੰਦਿਆਂ ਵੀ ਆਪਣੇ ਜੀਵਨ ਕਾਲ ਵਿਚ ਦੋ ਗੁਰੂ ਸਾਹਿਬਾਨ ਨੇ ਕਦੀ ਸੰਗਤ ਦੇ ਸਨਮੁਖ ਇਕੱਠਿਆਂ ਬੈਠ ਕੇ ਸਤਿਕਾਰ ਲਿਆ ਹੋਵੇ। ਇਸ ਲਈ ਸਿੱਖ ਚੇਤਨਾ ਮੰਗ ਕਰਦੀ ਹੈ ਕਿ ਇਕ ਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕੋ ਬੀੜ ਦਾ ਹੀ ਪ੍ਰਕਾਸ਼ ਕੀਤਾ ਜਾਵੇ।

**ਤਿਉਹਾਰ ਮਨਾਉਣੇ** : ਗੁਰਦੁਆਰਾ ਸਥਾਨ ਦੇ ਮਾਲਕ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ—ਨਿਰੰਕਾਰ ਬਾਣੀ ਰੂਪ—ਹਨ, ਇਸ ਕਰਕੇ ਇਸ ਸਥਾਨ 'ਤੇ ਹੋਰ ਮੱਤਾਂ ਵਾਂਗ ਮੂਰਤਿ ਆਦਿ ਕਿਰਤਮ ਦੀ ਪੂਜਾ ਦੀ ਕੋਈ ਥਾਂ ਨਹੀਂ। ਇਸੇ ਤਰ੍ਹਾਂ ਮੁੰਡਨ ਜਾਂ ਸੁੰਨਤ ਕਰਨ ਅਤੇ ਬਪਤਿਸਮਾ ਦੇਣ ਆਦਿ ਕੋਈ ਰੀਤੀ ਜਾਂ ਸੰਸਕਾਰ ਨਹੀਂ ਕੀਤਾ ਜਾ ਸਕਦਾ। ਇਥੇ ਕੇਵਲ ਗੁਰਮਤਿ ਅਨੁਸਾਰ ਹੀ ਜਨਮ, ਆਨੰਦ, ਮ੍ਰਿਤਕ ਤੇ ਅੰਮ੍ਰਿਤ ਸੰਸਕਾਰ ਆਦਿ ਕਾਰਜ ਕੀਤੇ ਜਾ ਸਕਦੇ ਹਨ। ਹੋਰਨਾਂ ਮੱਤਾਂ ਦੇ ਤਿਉਹਾਰ ਈਦ ਜਾਂ ਕ੍ਰਿਸਮਿਸ ਆਦਿ ਮਨਾਉਣੇ ਮਨ੍ਹਾ ਹਨ। ਗੁਰਦੁਆਰੇ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਦਿਨ-ਦਿਹਾਰ ਹੀ ਮਨਾਉਣੇ ਚਾਹੀਦੇ ਹਨ।

**(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ 'ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਨਾਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ, ਇਹੋ ਜਿਹੇ ਕਰਮ ਮਨਮੱਤ ਹਨ।**

*ਵਿਆਖਿਆ :*

**ਮੁੱਠੀਆਂ ਭਰਨੀਆਂ** : ਮੰਜੀ ਸਾਹਿਬ ਜਾਂ ਪਾਲਕੀ ਸਾਹਿਬ ਦੇ ਪਾਵਿਆਂ ਨੂੰ ਸਤਿਗੁਰਾਂ ਦੇ ਚਰਨ ਜਾਣ ਕੇ ਮੁੱਠੀਆਂ ਭਰਨੀਆਂ ਭੁੱਲ ਹੈ। ਸਤਿਗੁਰਾਂ ਦੇ ਚਰਨਾਂ ਦਾ ਨਿਵਾਸ ਗੁਰਸਿੱਖਾਂ ਦੇ ਹਿਰਦੇ ਵਿਚ ਹੈ, ਤਾਂ ਤੇ ਗੁਰਸਿੱਖਾਂ ਦੀ ਹਰ ਪ੍ਰਕਾਰ ਦੀ ਸੇਵਾ ਕਰਨ ਦਾ ਹੁਕਮ ਹੈ :

**ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ ॥**
**ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥**

*(ਗੁ: ਗ੍ਰੰ: ਸਾ:, ਪੰਨਾ 533)*

**ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥**
**ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥** *(ਗੁ: ਗ੍ਰੰ: ਸਾ:, ਪੰਨਾ 518)*

"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ" ਅਨੁਸਾਰ ਸਾਡੇ ਅੰਦਰ ਉਸ ਅਸਥਾਨ ਪ੍ਰਤੀ ਆਦਰ ਹੋਣਾ ਸੁਭਾਵਕ ਹੈ, ਪਰ ਹੋਰਨਾਂ ਮਤਾਂ ਵਾਂਗ ਕੰਧਾਂ ਜਾਂ ਥੜ੍ਹਿਆਂ ਨਾਲ ਨੱਕ-ਮੱਥਾ ਰਗੜ ਰਗੜ ਕੇ ਪਾਠ ਕਰਨਾ, ਅਰਦਾਸਾਂ ਕਰਨੀਆਂ ਜਾਂ ਕੰਧਾਂ ਦੀਆਂ ਵਿਰਲਾਂ ਵਿਚ ਅਰਦਾਸਾਂ ਅੜੁੰਗਣੀਆਂ ਗੁਰਮਤਿ ਵਿਚ ਪ੍ਰਵਾਨ ਨਹੀਂ।

**ਮੂਰਤੀਆਂ ਰੱਖਣੀਆਂ** : ਭਾਵੇਂ ਕਬੀਰ ਜੀ ਦੇ ਇਸ ਖ਼ਿਆਲ ਨਾਲ ਗੁਰਦੇਵ ਨੇ ਸੰਮਤੀ ਪ੍ਰਗਟ ਕੀਤੀ ਹੈ ਕਿ "ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥" (ਗੁ: ਗ੍ਰੰ: ਸਾ:, ਪੰਨਾ 479) ਪਰ ਜਾਪਦਾ ਹੈ ਕਿ ਮੂਰਤਿ-ਪੂਜ ਮਾਲਨੀ ਅਤੇ ਜਗਤ ਦੇ ਨਾਲ ਨਾਲ ਗੁਰੂ ਕੇ ਸਿੱਖ ਵੀ ਭੁਲੇਖਾ ਖਾਣ ਲੱਗ ਪਏ ਹਨ, ਜੋ ਹੁਣ ਗੁਰਦੁਆਰਿਆਂ ਵਿਚ ਗੁਰੂ ਕੀਆਂ ਮੂਰਤੀਆਂ ਵੇਖੀਆਂ ਜਾਣ ਲੱਗ ਪਈਆਂ ਹਨ।

ਤਸਵੀਰਾਂ ਅਥਵਾ ਮੂਰਤੀਆਂ ਅੱਗੇ ਮੱਥੇ ਟੇਕਣ ਵਾਲੇ ਸਿੱਖਾਂ ਨੂੰ ਇਹ ਬਚਨ ਸਦਾ ਯਾਦ ਰੱਖਣਯੋਗ ਹਨ :

**ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥**
**ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦ ਨ ਪਾਇਓ ॥੧੦॥**

*(ਤ੍ਵਪ੍ਰਸਾਦਿ ਸਵੱਯੇ, ਪਾ: ੧੦)*

**(ਖ) ਇਕ ਤੋਂ ਦੂਜੀ ਥਾਂ ਗੁਰੂ ਗ੍ਰੰਥ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਚੁੱਕਿਆ ਹੋਵੇ, ਉਹ ਨੰਗੇ**


Sri Satguru Jagjit Singh Ji eLibrary NamdhariElibrary@gmail.com

**ਪੈਰੀਂ ਚੱਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਣ ਦੀ ਅਤਿ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।**

*ਵਿਆਖਿਆ :*

**ਨੰਗੇ ਪੈਰੀਂ ਚੱਲਣਾ** : ਇਕ ਤੋਂ ਦੂਜੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਜਾਣ ਲਗਿਆਂ, ਪਹਿਲਾਂ ਅਰਦਾਸ ਕੀਤੀ ਜਾਵੇ। ਸਿਰ 'ਤੇ ਗੁਰੂ ਗ੍ਰੰਥ ਸਾਹਿਬ ਲੈ ਕੇ ਚੱਲਣ ਵਾਲਾ ਹਰ ਹਾਲਤ ਵਿਚ ਨੰਗੇ ਪੈਰੀਂ ਹੀ ਚੱਲੇ, ਅਜਿਹਾ ਹੁਕਮ ਨਹੀਂ ਹੈ, ਕਿਉਂਕਿ ਗੁਰੂ ਸਾਹਿਬ ਦੀ ਅਰਦਲ ਵਿਚ ਰਹਿਣ ਵਾਲੇ ਸਿੱਖ ਸਫ਼ਰ ਦੌਰਾਨ ਨੰਗੇ ਪੈਰੀਂ ਨਹੀਂ ਚਲਿਆ ਕਰਦੇ ਸਨ। ਇਸ ਕਰਕੇ ਸਫ਼ਰ ਦੀ ਦੂਰੀ (ਰੇਲ ਜਾਂ ਜਹਾਜ਼ ਦੀ ਸਵਾਰੀ), ਰਸਤੇ ਦੀ ਬਿਖਮਤਾ (ਕੰਕਰ, ਕੰਡਾ ਜਾਂ ਗੰਦ-ਮੰਦ), ਮੌਸਮ ਦੀ ਕਠੋਰਤਾ (ਭਾਰੀ ਗਰਮੀ, ਸਰਦੀ, ਬਰਫ਼ਬਾਰੀ ਜਾਂ ਬਾਰਸ਼) ਨੂੰ ਮੁੱਖ ਰੱਖਦਿਆਂ ਜੋੜਾ ਪਹਿਨ ਲੈਣਾ ਸਤਿਗੁਰਾਂ ਦੀ ਬੇਅਦਬੀ ਨਹੀਂ। ਹਾਂ, ਸਵਾਰੀ ਲੈ ਕੇ ਥੋੜ੍ਹੀ ਦੂਰੀ ਤਕ ਪੈਦਲ ਚੱਲਣ ਲਈ ਜਾਂ ਕਾਰ ਵਿਚ ਬੈਠ ਕੇ ਜਾਣ ਲਈ ਜੋੜੇ ਪਹਿਨਣ ਦੀ ਕੋਈ ਜ਼ਰੂਰਤ ਨਹੀਂ। ਰਸਤੇ ਵਿਚ ਸਤਿਗੁਰਾਂ ਉਪਰ ਚੌਰ ਝੁਲਾਉਂਦਿਆਂ ਅਤੇ ਸ਼ਬਦ ਬਾਣੀ ਪੜ੍ਹਦਿਆਂ ਚੱਲਣਾ ਚਾਹੀਦਾ ਹੈ।

ਗੁਰੂ ਪਾਤਸ਼ਾਹ ਦੀ ਸਵਾਰੀ ਲੰਘਣ ਜਾਂ ਨਗਰ ਕੀਰਤਨ ਸਮੇਂ ਸਿੱਖ ਸੰਗਤਾਂ ਆਮ ਤੌਰ 'ਤੇ ਰਸਤਿਆਂ ਅਤੇ ਸੜਕਾਂ ਦੀ ਸਫ਼ਾਈ ਜਾਂ ਧੁਲਾਈ ਕਰ ਦਿੰਦੀਆਂ ਹਨ ਜਾਂ ਕੱਚੇ ਰਾਹਾਂ 'ਤੇ ਪਾਣੀ ਦਾ ਖੁੱਲ੍ਹਾ ਛਿੜਕਾਅ ਕਰ ਦੇਂਦੀਆਂ ਹਨ ਤਾਂ ਜੋ ਮਿੱਟੀ ਘੱਟੇ ਤੋਂ ਸਭਨਾਂ ਦਾ ਬਚਾਅ ਰਹੇ, ਪਰ ਵਿਛੀ ਕਾਰਪੈਟ ਉਪਰ ਜਾਂ ਪੱਕੀਆਂ ਸੜਕਾਂ 'ਤੇ ਜਾਂ ਪੈਂਦੇ ਮੀਂਹ ਵਿਚ ਵੀ ਗੁਰੂ ਸਾਹਿਬ ਦੀ ਸਵਾਰੀ ਅੱਗੇ ਇਕ ਗਲਾਸੀ ਜਿਹੀ ਵਿੱਚੋਂ ਜਲ ਤ੍ਰੌਂਕਦੇ ਜਾਣਾ ਭਰਮ ਹੈ ਕਿ ਇਸ ਤਰ੍ਹਾਂ ਜਗ੍ਹਾ ਸੁੱਚੀ ਹੋ ਜਾਂਦੀ ਹੈ। ਵੀਚਾਰਵਾਨ ਸਿੱਖਾਂ ਨੂੰ ਅਜਿਹੇ ਕਰਮਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ।

**(ਗ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸ ਸੋਧ ਕੇ ਪ੍ਰਕਾਸ਼ ਕੀਤਾ ਜਾਵੇ। ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।**

**(ਘ) ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ ਤਾਂ ਭਾਵੇਂ ਅੱਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿੱਖ ਨੂੰ ਸਨਮਾਨ ਲਈ ਉਠ ਖਲੋਣਾ ਚਾਹੀਦਾ ਹੈ।** *(ਸਿੱਖ ਰਹਿਤ ਮਰਯਾਦਾ, ਪੰਨਾ 14)*

*ਵਿਆਖਿਆ :*

**ਸਨਮਾਨ ਲਈ ਖੜ੍ਹੇ ਹੋਣਾ** : ਚਲੀ ਆ ਰਹੀ ਰਵਾਇਤ ਹੈ ਕਿ ਗੁਰੂ ਸਾਹਿਬ ਦੀ ਸਵਾਰੀ ਦੇ ਅੱਗੇ ਅੱਗੇ ਨਕੀਬ ਨਫ਼ੀਰੀ ਵਜਾਉਂਦਾ ਜਾਂਦਾ ਹੈ ਜਾਂ ਨਗਾਰਾ ਆਦਿ ਵਜਾਇਆ ਜਾਂਦਾ ਹੈ ਤਾਂ ਜੁ ਸਿੱਖ ਸੰਗਤਾਂ ਸਮੇਂ ਸਿਰ ਸਾਵਧਾਨ ਹੋ ਕੇ ਗੁਰੂ ਪਾਤਸ਼ਾਹ ਨੂੰ ਆਪਣਾ ਸਤਿਕਾਰ ਭੇਟ ਕਰ ਸਕਣ। ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਸ ਅਸਥਾਨ 'ਤੇ ਲਿਆਂਦੇ ਜਾ ਰਹੇ ਹੋਣ, ਜਿਥੇ ਪਹਿਲਾਂ ਵੀ ਪ੍ਰਕਾਸ਼ ਹੋਇਆ ਹੋਵੇ, ਅਤੇ

Sri Satguru Jagjit Singh Ji eLibrary NamdhariElibrary@gmail.com

ਦੀਵਾਨ ਸਜਿਆ ਹੋਵੇ ਤਾਂ ਵੀ ਹਾਜ਼ਰ ਸੰਗਤਾਂ ਅਤੇ ਕੀਰਤਨੀਆਂ ਨੂੰ ਸਨਮਾਨ ਹਿੱਤ ਉਠ ਖੜ੍ਹੇ ਹੋਣ ਦਾ ਹੁਕਮ ਹੈ, ਜਿਸ ਤਰ੍ਹਾਂ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਸਾਹਿਬ ਦੀ ਸਵਾਰੀ ਆਉਣ ਸਮੇਂ ਹੁੰਦਾ ਹੈ। ਅਜਿਹੀ ਅਵਸਥਾ ਵਿਚ ਪ੍ਰਬੰਧ ਵੱਲੋਂ ਦੀਵਾਨ ਨੂੰ ਸਮੇਂ ਸਿਰ ਸੂਚਿਤ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ ਤਾਂ ਜੋ ਚਲਦੇ ਦੀਵਾਨ ਵਿਚ ਬੇ-ਰਸੀ ਨਾ ਹੋਵੇ ਅਤੇ ਗੁਰੂ ਸਾਹਿਬ ਦੇ ਸਨਮਾਨ ਨੂੰ ਕਿਸੇ ਤਰ੍ਹਾਂ ਆਂਚ ਨਾ ਆਵੇ।

ਪ੍ਰਕਾਸ਼ ਕਰਨ ਤੋਂ ਪਹਿਲਾਂ ਅਰਦਾਸਾ ਸੋਧਿਆ ਜਾਣਾ ਜ਼ਰੂਰੀ ਹੈ।

**(ਙ) ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ, ਸੁਥਰਾ ਹੋ ਕੇ ਜਾਣਾ ਚਾਹੀਦਾ ਹੈ, ਜੇ ਪੈਰ ਮੈਲੇ ਜਾਂ ਗੰਦੇ ਹੋਣ, ਤਾਂ ਜਲ ਨਾਲ ਧੋ ਲੈਣੇ ਚਾਹੀਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪ੍ਰਕਰਮਾ ਕਰਨੀ ਚਾਹੀਏ।**

*ਵਿਆਖਿਆ :*

**ਪੈਰ ਧੋ ਕੇ ਅੰਦਰ ਜਾਣਾ** : ਇਸਦਾ ਮਕਸਦ ਹੈ ਸਾਫ਼ ਸੁਥਰੇ ਪੈਰਾਂ ਨਾਲ ਗੁਰਦੁਆਰੇ ਅੰਦਰ ਜਾਣਾ। ਜੇ ਪੈਰ ਮਿੱਟੀ ਘੱਟੇ ਨਾਲ ਲਿਬੜੇ ਹੋਣ ਜਾਂ ਮੈਲੀਆਂ ਜੁਰਾਬਾਂ ਪਹਿਨੀਆਂ ਹੋਣ ਕਰਕੇ ਪੈਰਾਂ ਵਿੱਚੋਂ ਬਦਬੂ ਆ ਰਹੀ ਹੋਵੇ ਤਾਂ ਪੈਰ ਜ਼ਰੂਰ ਧੋ ਕੇ ਤੌਲੀਏ ਆਦਿ ਨਾਲ ਪੂੰਝ ਲੈਣੇ ਚਾਹੀਦੇ ਹਨ ਤਾਂ ਜੁ ਦਰਬਾਰ ਦੀ ਵਿਛਾਈ ਦਾਗ਼ੀ ਨਾ ਹੋਵੇ।

**ਪ੍ਰਕਰਮਾ ਕਰਨੀ** : ਆਪਣਾ ਸੱਜਾ ਪਾਸਾ ਇਸ਼ਟ ਵੱਲ ਰੱਖ ਕੇ (Clockwise) ਚਾਰੇ ਪਾਸੇ ਫਿਰਨ ਦਾ ਨਾਉਂ ਪ੍ਰਦਖਸ਼ਿਣਾ/ਪਰਦੱਖਣਾ/ਪਰਕੰਮਿਆਂ ਜਾਂ ਪਰਕਰਮਾ ਹੈ। ਸਿੱਖਾਂ ਵਿਚ ਪਰਦੱਖਣਾ ਕਰਨ ਤੋਂ ਭਾਵ ਇਹ ਹੈ ਕਿ ਅਸੀਂ ਆਪਣਾ ਆਪ ਗੁਰੂ ਤੋਂ ਕੁਰਬਾਨ ਕਰਦੇ ਹਾਂ ਜਾਂ ਦੂਜੇ ਲਫ਼ਜ਼ਾਂ ਵਿਚ ਅਸੀਂ ਆਪ ਜੀ ਦੇ ਹੁਕਮ ਅਨੁਸਾਰ ਚੱਲਾਂਗੇ। ਭਾਈ ਗੁਰਦਾਸ ਜੀ ਦਾ ਵਾਕ ਹੈ :

**ਗੁਰਮੁਖਿ ਮਾਰਗਿ ਚਲਣਾ, ਪਰਦਖਣਾ ਪੂਰਨ ਪਰਤਾਪੇ ॥੧੮॥੬॥**

*(ਵਾਰਾਂ ਭਾਈ ਗੁਰਦਾਸ ਜੀ)*

**(ਚ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼, ਮਜ਼੍ਹਬ, ਜਾਤਿ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਦੇ ਪਾਸ ਸਿੱਖ ਧਰਮ ਤੋਂ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।**

*ਵਿਆਖਿਆ :*

**ਸਭਨਾਂ ਨੂੰ ਆਉਣ ਦੀ ਖੁੱਲ੍ਹ** : ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਵਿਚ ਧਰਮਸਾਲਾ ਬਣਾ ਕੇ ਗੁਰਦੁਆਰੇ ਦਾ ਉੱਤਮ ਨਮੂਨਾ ਕਾਇਮ ਕੀਤਾ, ਜਿਸ ਅਨੁਸਾਰ ਗੁਰਦੁਆਰੇ ਦਰਸ਼ਨ ਕਰਨ ਆਉਣ ਅਥਵਾ ਗੁਰ-ਉਪਦੇਸ਼ ਸੁਣਨ ਦੀ ਸਭਨਾਂ ਨੂੰ ਖੁੱਲ੍ਹ


Sri Satguru Jagjit Singh Ji eLibrary NamdhariElibrary@gmail.com

ਹੈ, ਭਾਵੇਂ ਕਿਸੇ ਦਾ ਕੋਈ ਵੀ ਰੰਗ, ਨਸਲ, ਜਾਤਿ, ਦੇਸ਼ ਜਾਂ ਮਜ਼੍ਹਬ ਹੋਵੇ। ਹਾਂ, ਸਿੱਖ ਧਰਮ 'ਚ ਵਰਜਿਤ ਵਸਤੂ ਤਮਾਕੂ ਆਦਿ ਨਾਲ ਲੈ ਕੇ ਜਾਂ ਨਸ਼ੇ (ਸ਼ਰਾਬ) ਆਦਿ ਦੀ ਵਰਤੋਂ ਕਰ ਕੇ ਗੁਰਦੁਆਰੇ ਅੰਦਰ ਜਾਣ ਦਾ ਯਤਨ ਸਿੱਖ ਧਰਮ ਦੇ ਅਸੂਲਾਂ ਦੀ ਉਲੰਘਣਾ ਹੈ। ਇਸੇ ਤਰ੍ਹਾਂ ਪ੍ਰੇਮੀਆਂ ਨੂੰ ਸਿੱਖ ਧਰਮ ਦੇ ਨੇਮਾਂ ਅਨੁਸਾਰ ਜੋੜੇ ਲਾਹ ਕੇ, ਸਾਫ਼-ਸੁਥਰੇ ਹੋ ਕੇ ਅਤੇ ਸਿਰ ਢੱਕ ਕੇ ਗੁਰਦੁਆਰੇ ਅੰਦਰ ਜਾਣਾ ਚਾਹੀਦਾ ਹੈ।

**(ਛ) ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਹੈ। ਉਪਰੰਤ ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰ ਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥" ਬੁਲਾਈ ਜਾਵੇ।**

*ਵਿਆਖਿਆ :*

**ਦਰਸ਼ਨ ਕਰਨੇ** : ਗੁਰਦੁਆਰੇ ਹਾਜ਼ਰੀ ਭਰਨ ਦੀ ਭਾਵਨਾ ਨਾਲ ਆਏ ਗੁਰਸਿੱਖ ਲਈ ਧਿਆਨ ਕਰਨ ਯੋਗ ਹੈ ਕਿ ਪ੍ਰਬੰਧਕੀ ਝਮੇਲਿਆਂ, ਗੱਲਾਂ-ਬਾਤਾਂ ਅਤੇ ਹੋਰ ਰੁਝੇਵਿਆਂ ਵਿਚ ਪੈਣ ਤੋਂ ਪਹਿਲਾਂ ਗੁਰੂ ਦਰਬਾਰ ਵਿਚ ਪਹੁੰਚ ਕੇ ਅਦਬ (ਭੈ-ਭਾਵਨੀ) ਨਾਲ ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਉਪਰੰਤ ਗੁਰੂ ਕੇ ਸਰੂਪ ਸਾਧ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਅਤੇ ਸਹਿਜ ਨਾਲ ਫ਼ਤਹ ਬੁਲਾਉਣੀ ਜ਼ਰੂਰੀ ਹੈ।

**(ਜ) ਸੰਗਤ ਵਿਚ ਬੈਠਣ ਲਈ ਵੀ ਸਿੱਖ-ਅਸਿੱਖ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।**

*ਵਿਆਖਿਆ :*

**ਵਿਤਕਰਾ ਕਰਨਾ**: "ਸਭੇ ਸਾਝੀਵਾਲ ਸਦਾਇਨਿ" ਅਨੁਸਾਰ ਸਤਿਗੁਰੂ ਸਾਹਿਬਾਨ ਨੇ ਮਨੁੱਖੀ ਭਾਈਚਾਰੇ ਦੀ ਆਪਸੀ ਸਾਂਝ ਵਧਾਉਣ ਵਾਸਤੇ 'ਗੁਰ ਉਪਦੇਸ਼ ਲੈਣ ਦਾ' ਸਭਨਾਂ ਨੂੰ ਬਰਾਬਰ ਦਾ ਅਧਿਕਾਰੀ ਬਣਾਇਆ ਹੈ। ਧਨ, ਪਦਵੀ, ਰੰਗ, ਨਸਲ ਅਤੇ ਲਿੰਗ ਭੇਦ ਦੇ ਨਾਲ ਬਿਪਰਵਾਦੀ ਵਰਨ ਵੰਡ (ਬ੍ਰਾਹਮਣ, ਖੱਤਰੀ, ਸੂਦ, ਵੈਸ਼) ਦੀ ਗੁਰੂ-ਘਰ ਵਿਚ ਕੋਈ ਥਾਂ ਨਹੀਂ। ਗੁਰੂ ਨਾਨਕ ਸਾਹਿਬ ਨੇ ਮਨੁੱਖੀ ਵੰਡ ਦੇ ਸਿਧਾਂਤ ਉਪਰ ਸੁਹਾਗਾ ਫੇਰ ਕੇ ਸਿੱਖ ਧਰਮ ਦੀ ਨੀਂਹ ਰੱਖੀ। ਇਹ ਭਾਰੀ ਪ੍ਰਸੰਨਤਾ ਦੀ ਗੱਲ ਹੈ ਕਿ ਜਿਥੇ ਦੂਜੇ ਮੱਤਾਂ ਦੇ ਧਰਮ ਮੰਦਰਾਂ ਵਿਚ ਬਿਪਰਵਾਦ ਦੇ ਲਿਤਾੜੇ ਵਰਗਾਂ ਨੂੰ ਦਾਖ਼ਲ ਵੀ ਨਹੀਂ ਹੋਣ ਦਿੱਤਾ ਜਾਂਦਾ, ਉਥੇ ਗੁਰਦੁਆਰੇ ਵਿਚ ਉਨ੍ਹਾਂ ਹੀ ਵਰਗਾਂ ਨੂੰ ਬਰਾਬਰ ਦਾ ਸਨਮਾਨ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਵਿੱਚੋਂ ਸਿੱਖ ਬਣੇ ਪ੍ਰੇਮੀਆਂ ਨੂੰ ਯੋਗਤਾ ਦੇ ਆਧਾਰ 'ਤੇ ਸਿੱਖ ਧਰਮ ਦਾ ਪ੍ਰਚਾਰਕ ਵੀ ਥਾਪਿਆ ਜਾਂਦਾ ਹੈ।

ਇਥੇ ਇਹ ਵੀ ਵਰਣਨਯੋਗ ਹੈ ਕਿ ਜੇ ਕੋਈ ਮੁਸਲਮਾਨ, ਈਸਾਈ, ਹਿੰਦੂ, ਬੋਧੀ, ਜੈਨੀ ਜਾਂ ਹੋਰ ਕਿਸੇ ਵੀ ਧਾਰਮਿਕ ਵਿਸ਼ਵਾਸ ਦਾ ਧਾਰਨੀ ਗੁਰਦੁਆਰੇ ਆਉਂਦਾ ਹੈ ਤਾਂ ਸਿੱਖ ਨੂੰ ਗੁਰੂ ਕਾ ਹੁਕਮ ਹੈ ਕਿ ਉਹ ਸੰਗਤ ਵਿਚ ਆਏ ਹਰੇਕ ਵਿਅਕਤੀ ਨੂੰ ਆਪਣਾ ਭਾਈ ਜਾਣ ਕੇ ਬਰਾਬਰ ਦਾ ਸਨਮਾਨ ਤੇ ਸਥਾਨ ਦੇਵੇ। ਬਚਨ ਹਨ :

> **ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥**
> **ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥** *(ਗੁ: ਗ੍ਰੰ: ਸਾ:, ਪੰਨਾ 1367)*

> **ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥**
> **ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥**
> *(ਗੁ: ਗ੍ਰੰ: ਸਾ:, ਪੰਨਾ 747)*

**(ਝ) ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ।** *(ਸਿੱਖ ਰਹਿਤ ਮਰਯਾਦਾ, ਪੰਨਾ 14)*

***ਵਿਆਖਿਆ :***

**ਵਿਤਕਰੇ ਨਾਲ ਬੈਠਣਾ** : ਗੁਰੂ ਕੀ ਸੰਗਤ ਵਿਚ ਜਿਥੇ ਕਿਸੇ ਨਾਲ ਨਫ਼ਰਤ ਦਾ ਵਿਹਾਰ ਕਰਨ ਦੀ ਸਖ਼ਤ ਮਨਾਹੀ ਹੈ, ਉਥੇ ਧਨ, ਪਦਵੀ (ਧਾਰਮਿਕ, ਰਾਜਸੀ ਜਾਂ ਸਮਾਜਕ ਆਦਿ) ਜਾਂ ਖ਼ਾਨਦਾਨੀ ਰੁਤਬੇ ਕਾਰਨ ਕਿਸੇ ਨੂੰ ਵਿਸ਼ੇਸ਼ ਸਥਾਨ ਦੇਣ ਦੀ ਵੀ ਸਖ਼ਤ ਮਨਾਹੀ ਹੈ। ਕੋਈ ਵੀ ਵਿਅਕਤੀ ਅਮੀਰ ਜਾਂ ਬਾਦਸ਼ਾਹ, ਬੇਦੀ, ਤ੍ਰੇਹਣ, ਭਲਾ, ਸੋਢੀ ਆਦਿ ਸਾਹਿਬਜ਼ਾਦਾ ਬਾਬਾ ਜਾਂ ਧਾਰਮਿਕ ਆਗੂ ਹੋਣ ਕਰਕੇ ਗੁਰੂ ਦਰਬਾਰ ਵਿਚ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ ਜਾਂ ਮੰਜਾ ਆਦਿ ਲਗਾ ਕੇ ਬੈਠਣ ਦਾ ਅਧਿਕਾਰੀ ਨਹੀਂ। ਅਜਿਹਾ ਕਰਨ ਵਾਲਾ ਵਿਅਕਤੀ ਗੁਰੂ ਪਾਤਸ਼ਾਹ ਨਾਲ ਸ਼ਰੀਕਾ ਕਰ ਕੇ ਸੰਗਤ ਦੀ ਨਿਰਾਦਰੀ ਦਾ ਦੁਸ਼ਟਪੁਣਾ ਕਰਦਾ ਹੈ। ਅਪਾਹਜ (Disable) ਵਿਅਕਤੀ ਲਈ ਗੁਰੂ ਕੀ ਸੰਗਤ ਵਿਚ ਆ ਕੇ ਉਪਦੇਸ਼ ਸਰਵਣ ਕਰਨ ਲਈ ਪ੍ਰਬੰਧਕਾਂ ਨੂੰ ਐਸਾ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਉਹ ਵੀ ਲਾਭ ਲੈ ਸਕੇ ਅਤੇ ਗੁਰੂ ਸੰਗਤ ਦਾ ਅਦਬ ਵੀ ਕਾਇਮ ਰਹੇ।

**(ਞ) ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।**

***ਵਿਆਖਿਆ :***

**ਨੰਗੇ ਸਿਰ ਬੈਠਣਾ** : ਸੰਗਤ ਜਾਂ ਗੁਰੂ ਹਜ਼ੂਰੀ ਵਿਚ ਸਿੱਖ ਨੂੰ ਹਮੇਸ਼ਾ ਸਿਰ ਢੱਕ ਕੇ ਹੀ ਆਉਣ ਜਾਂ ਬੈਠਣ ਦੀ ਆਗਿਆ ਹੈ। ਇਹ ਕੇਵਲ ਭਾਰਤੀ ਸਭਿਆਚਾਰ

 Sri Satguru Jagjit Singh Ji eLibrary NamdhariElibrary@gmail.com

ਕਰਕੇ ਨਹੀਂ, ਸਗੋਂ ਸਿੱਖ ਸਭਿਆਚਾਰ ਕਰਕੇ ਹੈ। ਸਿੱਖ ਸਭਿਆਚਾਰ ਵਿਚ ਸਿਰ ਹਰ ਸਮੇਂ ਢੱਕ ਕੇ ਰੱਖਣਾ ਧਰਮ-ਗੁਰੂ ਪ੍ਰਤੀ ਸਤਿਕਾਰ ਦਾ ਚਿੰਨ੍ਹ ਹੈ। ਸਿੱਖ ਪੁਰਸ਼ਾਂ ਨੇ ਅਕਸਰ ਦਸਤਾਰ (ਪੱਗ ਜਾਂ ਪਗੜੀ) ਸਜਾਈ ਹੁੰਦੀ ਹੈ, ਇਸੇ ਲਈ ਬੀਬੀਆਂ ਨੂੰ ਵਾਰ ਵਾਰ ਸੰਗਤ ਵਿਚ ਆਪਣਾ ਸਿਰ ਚੁੰਨੀ/ਦੁਪੱਟਾ ਆਦਿ ਨਾਲ ਹੀ ਢੱਕਣ ਲਈ ਚੇਤੰਨ ਕਰਨਾ ਪੈਂਦਾ ਹੈ।

**ਪਰਦਾ ਜਾਂ ਘੁੰਡ ਕਰਨਾ** : ਦਸਤਾਰ ਨਾ ਸਜਾਉਣ ਵਾਲੀਆਂ ਬੀਬੀਆਂ ਨੂੰ ਜਿਥੇ ਸਿਰ ਢੱਕ ਕੇ ਰੱਖਣ ਪ੍ਰਤੀ ਹੁਕਮ ਹੈ, ਉਥੇ ਉਨ੍ਹਾਂ ਨੂੰ ਪਰਦਾ ਕਰਨ ਜਾਂ ਘੁੰਡ ਕੱਢਣ ਦੀ ਮਨਾਹੀ ਹੈ। ਪਰਦਾ ਜਾਂ ਘੁੰਡ ਗ਼ੁਲਾਮੀ ਅਤੇ ਹੀਣ-ਭਾਵਨਾ ਦੀ ਨਿਸ਼ਾਨੀ ਹੈ, ਜਿਸ ਨੂੰ ਕਿਸੇ ਤਰ੍ਹਾਂ ਵੀ ਦੂਜਿਆਂ ਪ੍ਰਤੀ ਸਤਿਕਾਰ ਦਾ ਚਿੰਨ੍ਹ ਨਹੀਂ ਮੰਨਿਆ ਜਾ ਸਕਦਾ। ਸੁੰਦਰੀ ਜਾਣ ਕੇ ਇਸਤਰੀ ਨੂੰ ਪਰਦੇ ਵਿਚ ਰੱਖਣਾ ਸਿੱਖ ਸਿਧਾਂਤ ਨਹੀਂ। ਸਿੱਖ ਇਸਤਰੀ ਅਤੇ ਪੁਰਸ਼ ਗੁਰੂ ਦਾ ਉਪਦੇਸ਼ ਲੈਣ ਦੇ ਸਮਾਨ ਅਧਿਕਾਰੀ ਹਨ। ਗੁਰੂ ਸਾਹਿਬਾਨ ਨੇ ਬਿਪਰਵਾਦੀ ਸੋਚ—ਭੋਜਨ, ਭਜਨ, ਅਰ ਨਾਰੀ॥ ਤੀਨੋਂ ਪਰਦੇ ਕੇ ਅਧਿਕਾਰੀ॥—ਦਾ ਪੂਰੀ ਤਰ੍ਹਾਂ ਖੰਡਨ ਕੀਤਾ ਹੈ। ਜਿਸ ਤਰ੍ਹਾਂ ਗੁਰਦੇਵ ਨੇ ਭੋਜਨ ਕਰਨ ਲਈ ਪੰਗਤ ਅਤੇ ਭਜਨ ਕਰਨ ਲਈ ਸੰਗਤ ਕਾਇਮ ਕਰ ਕੇ ਪਰਦੇਦਾਰੀ ਦੂਰ ਕੀਤੀ, ਇਸੇ ਤਰ੍ਹਾਂ ਇਸਤਰੀ ਨੂੰ ਵੀ ਸਤੀ ਹੋਣ, ਵਿਧਵਾ ਟਿਕੇ ਰਹਿਣ ਅਤੇ ਪਰਦਾ ਕਰਨ ਜਾਂ ਘੁੰਡ ਕੱਢਣ ਦੀਆਂ ਲਾਹਨਤਾਂ ਤੋਂ ਆਜ਼ਾਦ ਕੀਤਾ ਹੈ ਅਤੇ ਸਤਿਕਾਰਯੋਗ ਸਿੱਖ ਮਾਂ, ਸਿੱਖ ਭੈਣ, ਸਿੱਖ ਧੀ ਅਤੇ ਸਿੱਖ ਪਤਨੀ ਦਾ ਮਹੱਤਵ ਸਮਝਾ ਕੇ ਜੀਵਨ ਦੇ ਹਰ ਖੇਤਰ ਵਿਚ ਸਿੱਖ ਪੁਰਸ਼ ਦਾ ਭਾਈਵਾਲ ਬਣਾਇਆ ਹੈ। ਪਰਦਾ ਕਰਨ ਜਾਂ ਘੁੰਡ ਕੱਢਣ ਦੀ ਮਨਾਹੀ ਦੇ ਬਾਵਜੂਦ ਜਿਨ੍ਹਾਂ ਕਿਤੇ ਉਲੰਘਣਾ ਕੀਤੀ, ਉਨ੍ਹਾਂ ਨੂੰ ਗੁਰੂ ਸਾਹਿਬ ਵੱਲੋਂ ਤਾੜਨਾ ਹੋਈ। ਮੰਡੀ ਦੇ ਰਾਜੇ ਦੀ ਰਾਣੀ ਦਾ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਘੁੰਡ ਕੱਢ ਕੇ ਆਉਣਾ ਅਤੇ ਗੁਰੂ ਸਾਹਿਬ ਵੱਲੋਂ ਤਾੜਨਾ ਹੋਣੀ ਪ੍ਰਸਿੱਧ ਇਤਿਹਾਸਕ ਘਟਨਾ ਹੈ। ਗੁਰੂ ਵਾਕ ਹੈ :

**ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ॥**
**ਸਭਨਾ ਕਉ ਸਨਬੰਧੁ ਹਰਿ ਕਰਿ ਦੀਏ॥** *(ਗੁ: ਗ੍ਰੰ: ਸਾ:, ਪੰਨਾ 494)*

**ਲੋਕ, ਵੇਦ, ਗੁਣੁ, ਗਿਆਨ ਵਿਚਿ, ਅਰਧ ਸਰੀਰੀ ਮੋਖ ਦੁਆਰੀ॥**
*(ਵਾਰਾਂ ਭਾਈ ਗੁਰਦਾਸ ਜੀ)*

**(ਟ) ਤਖ਼ਤ ਪੰਜ ਹਨ :**

**(1) ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ**
**(2) ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ)**
**(3) ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ**
**(4) ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ**
**(5) ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ**

*ਵਿਆਖਿਆ :*

**ਤਖ਼ਤ** ਫ਼ਾਰਸੀ/ਅਰਬੀ ਦਾ ਲਫ਼ਜ਼ ਹੈ, ਜਿਸ ਦਾ ਅਰਥ ਹੈ : ਬੈਠਣ ਦੀ ਚੌਕੀ ਅਥਵਾ ਰਾਜ ਸਿੰਘਾਸਣ। ਗੁਰਵਾਕ : "ਤਖਤਿ ਬਹੈ ਤਖਤੈ ਕੀ ਲਾਇਕ॥" (ਪੰਨਾ 1039) ਪੰਜਵੇਂ ਸਤਿਗੁਰਾਂ ਨੇ 'ਹਰਿਮੰਦਰ' ਦੀ ਰਚਨਾ ਕਰ ਕੇ ਸਿੱਖ ਧਰਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦਾ ਇਸ ਵਿਚ ਪ੍ਰਕਾਸ਼ ਕੀਤਾ। ਛੇਵੇਂ ਸਤਿਗੁਰਾਂ ਨੇ ਇਸ ਅਸਥਾਨ ਦੇ ਬਿਲਕੁਲ ਨੇੜੇ ਹੀ ਅਕਾਲ ਬੁੰਗੇ ਦੀ ਰਚਨਾ ਕੀਤੀ, ਜਿਥੇ ਹਰਿਮੰਦਰ ਸਾਹਿਬ ਅੰਦਰ ਪ੍ਰਚਾਰੇ ਜਾਂਦੇ ਆਦਰਸ਼ਕ ਧਰਮ ਨੇਮਾਂ ਦੀ ਜੀਵਨ (ਆਰਥਕ, ਸਮਾਜਕ, ਵਿਦਿਅਕ ਅਤੇ ਰਾਜਨੀਤਕ ਆਦਿ) ਵਿਚ ਸੁਚੱਜੀ ਵਰਤੋਂ ਕਰਨ ਦੀ ਜੁਗਤਿ ਸੰਬੰਧੀ ਫ਼ੈਸਲੇ ਲੈਣ ਦੀ ਪਰੰਪਰਾ ਤੋਰੀ।

ਦਸਮ ਪਾਤਸ਼ਾਹ ਜੀ ਦੇ ਜੋਤੀ ਜੋਤਿ ਸਮਾ ਜਾਣ ਮਗਰੋਂ 'ਗੁਰ ਜੁਗਤਿ' ਦਾ ਮਾਲਕ 'ਪੰਥ' ਇਥੇ ਜੁੜ ਕੇ ਅਜਿਹੇ ਫ਼ੈਸਲੇ ਲੈਂਦਾ ਰਿਹਾ ਹੈ। ਬਾਅਦ ਵਿਚ ਸਮੇਂ ਦੀ ਲੋੜ ਅਤੇ ਇਤਿਹਾਸ ਨੂੰ ਮੁੱਖ ਰੱਖਦਿਆਂ ਗੁਰੂ ਪੰਥ ਨੇ 'ਚਾਰ' ਹੋਰ ਤਖ਼ਤ ਪ੍ਰਵਾਨ ਕੀਤੇ।

**(ਠ) ਤਖ਼ਤਾਂ ਦੇ ਖ਼ਾਸ ਅਸਥਾਨ ਉੱਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ ਸਿੰਘ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ। (ਤਖ਼ਤਾਂ ਉੱਤੇ ਪਤਿਤ ਤੇ ਤਨਖ਼ਾਹੀਏ ਸਿੱਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤਰ ਸਿੱਖ ਗ਼ੈਰ-ਸਿੱਖ ਦੀ ਅਰਦਾਸ ਹੋ ਸਕਦੀ ਹੈ।)** *(ਸਿੱਖ ਰਹਿਤ ਮਰਯਾਦਾ, ਪੰਨਾ 15)*

*ਵਿਆਖਿਆ :*

**ਤਖ਼ਤਾਂ 'ਤੇ ਅਰਦਾਸ :** ਤਖ਼ਤਾਂ ਦਾ ਉਹ ਵਿਸ਼ੇਸ਼ ਅਸਥਾਨ (ਚਬੂਤਰਾ, ਚਉਤਰਾ ਜਾਂ ਥੜ੍ਹਾ) ਜਿਥੇ ਗੁਰੂ ਸਾਹਿਬ ਸਜ ਕੇ ਹੁਕਮ ਕਰਦੇ ਸਨ ਜਾਂ ਪੰਜ ਪਿਆਰੇ ਸਜ ਕੇ ਪੰਥ ਦਾ ਹੁਕਮ ਸੁਣਾਉਂਦੇ ਹਨ, ਉਥੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ ਇਸਤਰੀ ਜਾਂ ਪੁਰਸ਼ ਹੀ ਆ ਜਾ ਸਕਦੇ ਹਨ।

ਤਖ਼ਤਾਂ ਉੱਤੇ ਹਰੇਕ ਸਿੱਖ ਜਾਂ ਗ਼ੈਰ-ਸਿੱਖ ਦੀ ਅਰਦਾਸ ਹੋ ਸਕਦੀ ਹੈ, ਪਰ ਜਿਸ ਨੇ ਸਿੰਘ ਹੋ ਕੇ ਕੋਈ ਬੱਜਰ ਕੁਰਹਿਤ ਕੀਤੀ ਹੋਵੇ ਜਾਂ ਪੰਥਕ ਹੁਕਮ ਅਥਵਾ ਰਹਿਤ ਦੀ ਉਲੰਘਣਾ ਕੀਤੀ ਹੋਵੇ, ਉਸ ਦੀ ਨਹੀਂ। ਸਾਡੀ ਜਾਚੇ ਸ਼ਾਇਦ ਇਹ ਤਾੜਨਾ ਭਰੀ ਪਾਬੰਦੀ ਇਸ ਲਈ ਹੈ, ਕਿਉਂਕਿ ਤਖ਼ਤ ਪੰਥਕ ਹਸਤੀ ਦਾ ਪ੍ਰਤੀਕ ਹੈ ਅਥਵਾ ਤਖ਼ਤ ਦਾ ਮਾਲਕ ਗੁਰੂ ਪੰਥ ਹੈ। ਜੋ ਵਿਅਕਤੀ ਪੰਥਕ ਹਸਤੀ/ਹੁਕਮ/ਮਰਯਾਦਾ ਤੋਂ ਬੇਮੁਖ ਹੋ ਗਿਆ, ਉਹ ਪੰਥਕ ਹੱਕਾਂ ਤੋਂ ਵੀ ਵਾਂਝਿਆ ਗਿਆ। ਹਾਂ, ਜਦੋਂ ਉਹ ਵਿਅਕਤੀ ਆਪਣੀ ਭੁੱਲ ਦਾ ਪ੍ਰਾਸਚਿਤ ਕਰਦਾ ਪੰਜਾਂ ਪਿਆਰਿਆਂ ਵੱਲੋਂ ਲਗਾਈ ਤਨਖ਼ਾਹ (ਧਾਰਮਿਕ ਦੰਡ) ਪੂਰੀ ਕਰਨ ਤੋਂ ਬਾਅਦ ਮੁੜ ਤਖ਼ਤ 'ਤੇ ਹਾਜ਼ਰ ਹੁੰਦਾ ਹੈ ਤਾਂ ਉਸ ਦੀ ਵੀ ਅਰਦਾਸ ਤਖ਼ਤ 'ਤੇ ਹੋ ਸਕਦੀ ਹੈ ਅਤੇ ਉਸ ਨਾਲ ਅਭੇਦ ਵਰਤਣ ਦਾ ਸਰਬੱਤ ਨੂੰ ਹੁਕਮ ਹੈ।


Sri Satguru Jagjit Singh Ji eLibrary NamdhariElibrary@gmail.com

**(ਛ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।**

**(ਢ) ਗੁਰਦੁਆਰੇ ਵਿਚ ਨਗਾਰਾ ਹੋਵੇ, ਜੋ ਸਮੇਂ ਸਿਰ ਵਜਾਇਆ ਜਾਵੇ।**

*ਵਿਆਖਿਆ :*

**ਨਿਸ਼ਾਨ ਸਾਹਿਬ** : ਗੁਰਦੁਆਰੇ ਵਿਚ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਲਈ ਛਤਰ, ਚਵਰ, ਤਖ਼ਤ ਤੋਂ ਇਲਾਵਾ ਨਗਾਰੇ ਅਤੇ ਨਿਸ਼ਾਨ ਦਾ ਹੋਣਾ ਜ਼ਰੂਰੀ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ *ਗੁਰਮਤ ਮਾਰਤੰਡ* ਵਿਚ ਇਉਂ ਲਿਖਦੇ ਹਨ :

> "ਸਭ ਤੋਂ ਪਹਿਲਾ ਨਿਸ਼ਾਨ ਸੰਮਤ 1665 (1608 ਈਸਵੀ) ਵਿਚ ਅਕਾਲ ਬੁੰਗੇ ਦੇ ਉਪਰ ਛੀਵੇਂ ਗੁਰੂ ਸਾਹਿਬ ਨੇ ਲਹਿਰਾਇਆ। ਸੰਮਤ 1829 (1772 ਈਸਵੀ) ਵਿਚ ਭੰਗੀਆਂ ਦੀ ਮਿਸਲ ਦੇ ਜਥੇਦਾਰ ਝੰਡਾ ਸਿੰਘ ਨੇ ਹਰਿਮੰਦਰ 'ਤੇ ਝੰਡਾ ਸਥਾਪਨ ਕੀਤਾ। ਸੰਮਤ 1833 (1776 ਈਸਵੀ) ਵਿਚ ਬਾਵਾ ਸੰਤੋਖ ਦਾਸ ਅਤੇ ਪ੍ਰੀਤਮ ਦਾਸ ਜੀ ਉਦਾਸੀ ਸਾਧੂਆਂ ਨੇ ਦੋ ਵੱਡੇ ਉੱਚੇ ਨਿਸ਼ਾਨ (ਇਕ ਹਰਿਮੰਦਰ ਦੇ ਨਾਮ ਦਾ, ਦੂਜਾ ਅਕਾਲ ਬੁੰਗੇ ਦੇ ਨਾਮ ਦਾ) ਦਰਸ਼ਨੀ ਡਿਓਢੀ ਉੱਤੇ ਅਕਾਲ ਬੁੰਗੇ ਦੇ ਸਿਹਨ ਵਿਚ ਖੜ੍ਹੇ ਕੀਤੇ।
>
> ਗੁਰੂ ਸਾਹਿਬਾਨ ਦੇ ਸਮੇਂ ਤੋਂ ਗੁਰਦੁਆਰਿਆਂ ਦੇ ਨਿਸ਼ਾਨਾਂ ਦੇ ਫਰਹਰੇ ਦਾ ਰੰਗ ਬਸੰਤੀ ਰਿਹਾ ਹੈ ਅਰ ਨਿਸ਼ਾਨਾਂ ਦੇ ਉਪਰ ਤਿੱਖੀ ਨੋਕ ਵਾਲੇ ਖੰਡੇ/ਭਾਲੇ ਦਾ ਫਲ ਹੋਇਆ ਕਰਦਾ ਹੈ, ਪਰ ਮਹੱਲੇ ਦੇ ਮੌਕੇ ਜਥਿਆਂ ਅੱਗੇ ਨਿਸ਼ਾਨ ਲੈ ਜਾਣਾ ਵੀ ਉਸੇ ਸਮੇਂ ਤੋਂ ਪ੍ਰਚਲਿਤ ਹੈ।
>
> ਇਸ ਵੇਲੇ ਨਿਹੰਗ ਸਿੰਘ ਫਰਹਰਾ ਸੁਰਮਈ ਵੀ ਰੱਖਦੇ ਹਨ।"

**ਨਗਾਰਾ** : ਪੰਜ ਸਤਿਗੁਰਾਂ ਵੇਲੇ ਨਗਾਰਾ ਨਿਸ਼ਾਨ ਗੁਰੂ ਦਰਬਾਰ ਵਿਚ ਨਹੀਂ ਸੀ। ਲੰਗਰ ਤਿਆਰ ਹੋਣ 'ਤੇ ਉੱਚੀ ਆਵਾਜ਼ ਨਾਲ ਹੋਕਾ (ਸੱਦਾ) ਦਿੱਤਾ ਜਾਂਦਾ ਸੀ। ਆਸਾ ਦੀ ਵਾਰ ਅਤੇ ਸੋਦਰੁ ਦੇ ਭੋਗ ਪੈਣ 'ਤੇ ਰਣਸਿੰਗਾ ਵਜਾਇਆ ਜਾਂਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਨਗਾਰਾ ਅਤੇ ਨਿਸ਼ਾਨ ਗੁਰੂ-ਘਰ ਵਿਚ ਪ੍ਰਵਿਰਤ ਕੀਤਾ।

ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ, ਮਹੱਲੇ, ਖ਼ਾਲਸਾ ਦਲ, ਜਥੇ, ਸਿੱਖ ਸੰਗਤ ਦੇ ਪ੍ਰੋਸੈਸ਼ਨਾਂ (Processions) ਅੱਗੇ ਨਿਸ਼ਾਨ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ, ਇਸੇ ਤਰ੍ਹਾਂ ਦੀਵਾਨ ਦੀ ਅਰਦਾਸ, ਜਥੇ ਦੇ ਕੂਚ ਕਰਨ ਵੇਲੇ ਅਰ ਲੰਗਰ ਵਰਤਾਣ ਸਮੇਂ ਨਗਾਰੇ ਦੀ ਧੁਨੀ ਕਰਨੀ ਸਿੱਖ ਪੰਥ ਦੀ ਪ੍ਰਪੱਕ ਮਰਯਾਦਾ ਹੈ।

**(ੳ) ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।**

*ਵਿਆਖਿਆ :*

**ਕੀਰਤਨ ਕਰਨ ਦਾ ਅਧਿਕਾਰੀ** : ਸਿੱਖ ਸੰਗਤ ਵਿਚ ਕੀਰਤਨ ਦਾ ਅਨੰਦ ਲੈਣ ਅਥਵਾ ਗੁਰ-ਉਪਦੇਸ਼ ਪ੍ਰਾਪਤ ਕਰਨ ਲਈ ਕਿਸੇ ਵੀ ਹੋਰ ਮੱਤ ਦਾ ਵਿਅਕਤੀ ਆ ਸਕਦਾ ਹੈ ਅਤੇ ਉਸ ਨੂੰ ਬਾਕੀਆਂ ਵਾਂਗ ਬਰਾਬਰ ਸਨਮਾਨ ਤੇ ਸਥਾਨ ਦਿੱਤਾ ਜਾਂਦਾ ਹੈ, ਪਰ ਸੰਗਤ ਨੂੰ ਗੁਰ-ਉਪਦੇਸ਼ ਦ੍ਰਿੜ੍ਹ ਕਰਾਉਣ ਦਾ ਅਧਿਕਾਰ ਕਿਸੇ ਪਤਿਤ ਜਾਂ ਗ਼ੈਰ-ਸਿੱਖ ਨੂੰ ਨਹੀਂ। ਗੁਰਮਤਿ ਅਨੁਸਾਰ ਕਰਤੇ ਦੀ ਸਿਫ਼ਤਿ-ਸਾਲਾਹ ਕਰਨ ਦਾ ਨਾਮ ਕੀਰਤਨ ਹੈ। ਮਨੋਰੰਜਨ ਕਰਨ, ਧਨ ਕਮਾਉਣ ਜਾਂ ਕਿਸੇ ਮਨੁੱਖ ਦੀ ਸੋਭਾ ਕਰਨ ਦਾ ਨਾਮ ਨਹੀਂ। ਕੀਰਤਨ ਕਰਨ ਵਾਲੇ ਦਾ ਮਨੋਰਥ ਸੰਗਤ ਨੂੰ ਗੁਰਮਤਿ ਦ੍ਰਿੜ੍ਹ ਕਰਾਉਂਦਿਆਂ ਕਰਤੇ ਦੇ ਅਹਿਸਾਸ ਵਿਚ ਆਪਾ ਭੁਲਾ ਦੇਣਾ ਹੁੰਦਾ ਹੈ, ਪਰ ਇਹ ਸਭ ਕੁਝ ਉਹੀ ਕੀਰਤਨੀਆ ਕਰ ਸਕਦਾ ਹੈ, ਜੋ ਆਪ ਗੁਰਮਤਿ ਦਾ ਧਾਰਨੀ ਹੋਵੇ ਅਤੇ ਕਰਤੇ ਨਾਲ ਜੁੜਿਆ ਹੋਵੇ। ਜੋ ਵਿਅਕਤੀ ਆਪ ਹੀ ਗੁਰਮਤਿ ਦਾ ਧਾਰਨੀ ਨਹੀਂ, ਸੰਗਤ ਨੂੰ ਗੁਰਬਾਣੀ ਬਾਰੇ ਉਪਦੇਸ਼ ਦ੍ਰਿੜ੍ਹ ਕਰਾਉਣ ਦਾ ਹੱਕ ਐਸੇ ਵਿਅਕਤੀ ਨੂੰ ਗੁਰੂ-ਪੰਥ ਨੇ ਨਹੀਂ ਦਿੱਤਾ। ਕਾਰਨ ਸਪੱਸ਼ਟ ਹੈ :

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥**
**ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ॥**

*(ਗੁ: ਗ੍ਰੰ: ਸਾ:, ਪੰਨਾ 381)*

ਪਰ, ਜਿਸ ਨੇ ਆਪਣਾ ਮਨ ਪਰਬੋਧਿਆ ਨਾ ਹੋਵੇ ਅਤੇ ਦੂਜਿਆਂ ਨੂੰ ਰੀਝਾਉਣ ਲਈ ਯਤਨਸ਼ੀਲ ਹੋਵੇ, ਸਿੱਧ ਹੈ ਕਿ ਉਸ ਦੇ ਅਜਿਹੇ ਯਤਨ ਅਸਫਲ (ਫਲ ਰਹਿਤ) ਹੋਣਗੇ। ਗੁਰੂ ਦੀਆਂ ਸੰਗਤਾਂ ਨੂੰ ਅਜਿਹੇ ਮਨਮਤੀਆਂ ਜਾਂ ਗੁਰੂ ਤੋਂ ਬੇਮੁਖ ਹੋ ਚੁੱਕੇ 'ਕੀਰਤਨੀਆਂ (?)' ਪਾਸੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ, ਜਿਨ੍ਹਾਂ ਦਾ ਗੁਰੂ ਕੀ ਸਿੱਖਿਆ ਨਾਲ ਆਪਣਾ ਕੋਈ ਲਗਾਉ ਨਹੀਂ, ਨਾ ਉਹ ਸਿੱਖ ਬਣੇ ਹੁੰਦੇ ਹਨ, ਨਾ ਹੀ ਉਨ੍ਹਾਂ ਦੀ ਕੋਈ ਅਜਿਹੀ ਭਾਵਨਾ ਹੀ ਹੁੰਦੀ ਹੈ, ਪਰ ਉਹ ਭੋਲੀਆਂ ਸੰਗਤਾਂ ਪਾਸੋਂ ਧਨ ਬਟੋਰਨ ਜਾਂ ਵਾਹ ਵਾਹ ਲੈਣ ਲਈ ਗੁਰਦੁਆਰਿਆਂ ਵਿਚ ਆ ਕੇ ਸ਼ਬਦ ਸੁਣਾਉਣਾ ਚਾਹੁੰਦੇ ਹਨ। ਗੁਰੂ ਵਾਕ :

**ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ॥**
**ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥** *(ਗੁ: ਗ੍ਰੰ: ਸਾ:, ਪੰਨਾ 1300)*

ਕੀਰਤਨ ਸੁਣ ਕੇ ਦੁਰਮਤਿ ਨਾਸ ਹੋਣ ਤੋਂ ਉਲਟ ਅਜਿਹੇ ਲੋਕਾਂ ਦੇ 'ਸ਼ੁਗਲ' ਨਾਲ ਸਾਡੇ ਬੱਚਿਆਂ ਦੀਆਂ ਅਕਲਾਂ ਵੀ ਵਿਗੜਦੀਆਂ ਹਨ ਤੇ ਸ਼ਕਲਾਂ ਵੀ। ਭਾਈ ਗੁਰਦਾਸ ਜੀ ਵੱਲੋਂ ਵਰਣਤ ਕੀਰਤਨ ਕਰਨ ਦੇ ਆਦਰਸ਼ਕ ਨੇਮ "ਰਤਨ ਪਦਾਰਥ ਗੁਰ ਸਬਦੁ, ਕਰਿ ਕੀਰਤਨੁ ਖਾਹੁ॥" ਨੂੰ ਤਾਂ ਹੀ ਨਿਭਾਇਆ ਜਾ ਸਕਦਾ ਹੈ, ਜੇ



Sri Satguru Jagjit Singh Ji eLibrary NamdhariElibrary@gmail.com

ਗੁਰੂ-ਪੰਥ ਦੇ ਥਾਪੇ ਇਸ ਨੇਮ 'ਤੇ ਤਕੜੇ ਹੋ ਕੇ ਪਹਿਰਾ ਦੇਈਏ। ਹਾਂ, ਆਪਣੇ ਲਈ ਘਰ ਵਿਚ ਬੈਠ ਕੇ ਕੋਈ ਵੀ ਕਰ ਸਕਦਾ ਹੈ।

**(ਅ) ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਕਰਨ ਨੂੰ ਕਹਿੰਦੇ ਹਨ।**

***ਵਿਆਖਿਆ :***

**ਕੀਰਤਨ ਕਰਨਾ** : ਭਾਵੇਂ ਕਿਸੇ ਬੰਦਸ਼ ਦਾ ਵੀ ਗਾਉਣਾ ਕਿਸੇ ਨਾ ਕਿਸੇ ਰਾਗ ਦਾ ਹੀ ਅੰਗ ਹੁੰਦਾ ਹੈ, ਪਰ ਗੁਰਬਾਣੀ ਕੀਰਤਨ ਦੀ ਆਪਣੀ ਮਰਯਾਦਾ ਹੈ, ਜੋ ਗੁਰੂ ਨਾਨਕ ਸਾਹਿਬ ਜੀ ਨੇ ਆਪ ਭਾਈ ਮਰਦਾਨਾ ਜੀ ਨੂੰ ਕੀਰਤਨ ਜੁਗਤਿ ਦੱਸ ਕੇ ਸਥਾਪਤ ਕੀਤੀ ਹੈ। ਥੋੜ੍ਹੀ ਜਿਹੀ ਰਾਗ ਮੁਕਤ ਬਾਣੀ ਤੋਂ ਬਿਨਾਂ ਸਤਿਗੁਰਾਂ ਨੇ ਬਾਕੀ ਸਾਰੀ ਬਾਣੀ ਰਾਗਾਂ ਵਿਚ ਗਾਉਣ ਦੀ ਸੇਧ ਦਿੱਤੀ ਹੈ। ਕੇਵਲ ਸੇਧ ਹੀ ਨਹੀਂ ਦਿੱਤੀ, ਇਤਿਹਾਸ ਦੱਸਦਾ ਹੈ ਕਿ ਮਹਾਨ ਕੀਰਤਨੀਏ ਸਤਿਗੁਰੂ ਸਾਹਿਬਾਨ ਨੇ ਆਪ ਵੀ ਇਨ੍ਹਾਂ ਰਾਗਾਂ ਵਿਚ ਬਾਣੀ ਗਾਈ।

ਰਾਗ ਦਾ ਗਾਇਨ ਆਪਣੇ ਆਪ ਵਿਚ ਸਿੱਖ ਕੌਮ ਨੂੰ ਕੋਮਲ ਭਾਵੀ ਬਣਾਉਂਦਾ ਹੈ। ਸਤਿਗੁਰਾਂ ਦਾ ਯਤਨ ਹੈ ਕਿ ਰਾਗ ਦੀ ਕੋਮਲਤਾ ਨਾਲ ਦ੍ਰਵੇ ਹੋਏ ਮਨ ਉਪਰ ਨਿਰਮਲ-ਰੱਬੀ-ਗੁਣਾਂ ਦਾ ਅਮਿਟ ਪ੍ਰਭਾਵ ਪਾਇਆ ਜਾਵੇ ਤਾਂ ਜੁ ਕੀਰਤਨ ਕਰਨ-ਸੁਣਨ ਵਾਲੇ ਦਾ ਜੀਵਨ ਵਿਕਾਰਾਂ ਤੋਂ ਨਿਰਮਲ ਹੋ ਜਾਵੇ ਜਾਂ ਦੂਜੇ ਲਫ਼ਜ਼ਾਂ ਵਿਚ ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਗੁਰੂ ਘਰ ਵਿਚ ਰਾਗ ਨਾਦ ਦੀ ਵਰਤੋਂ ਨੂੰ ਸ਼ਿੰਗਾਰ ਰਸ ਦਾ ਸਾਧਨ ਨਹੀਂ, ਸਗੋਂ ਇਸ ਨੂੰ ਕਰਤੇ ਵਿਚ ਅਭੇਦ ਹੋਣ ਦਾ ਸਾਧਨ ਬਣਾਇਆ। ਦੁਨੀਆਵੀ ਤੇ ਗੁਰਮਤਿ ਸੰਗੀਤ ਦਾ ਇਹੀ ਸੂਖਮ ਪਰ ਮਹੱਤਵਪੂਰਨ ਭੇਤ ਹੀ ਗੁਰਬਾਣੀ ਨੂੰ ਰਾਗਾਂ ਵਿਚ ਗਾਉਣ ਦੀਆਂ ਅਗਲੀਆਂ ਲੀਹਾਂ ਨਿਸ਼ਚਿਤ ਕਰਦਾ ਹੈ। ਗੜਗੜਾਹਟ ਪੈਦਾ ਕਰਦਿਆਂ ਜਾਂ ਡਿਸਕੋ ਵਾਂਗ ਚੰਚਲਤਾ ਨਾਲ ਸ਼ਬਦ ਗਾਉਣਾ ਕੀਰਤਨ ਨਹੀਂ ਹੈ, ਕੀਰਤਨ ਹੈ ਆਤਮ-ਰੰਗ ਹੋ ਕੇ ਸੰਬੰਧਿਤ ਰਾਗ ਵਿਚ ਸ਼ਬਦ ਨੂੰ ਮਹੱਤਵ ਦੇ ਕੇ ਗਾਉਣਾ।

**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥**
**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥**

*(ਗੁ: ਗ੍ਰੰ: ਸਾ:, ਪੰਨਾ 820)*

ਅਨੁਸਾਰ ਜੇ ਸਾਕਤ (ਰੱਬ ਨਾਲੋਂ ਟੁੱਟੇ ਬੰਦਿਆਂ) ਦੇ ਗਾਏ ਗੀਤਾਂ ਦੀਆਂ ਧੁਨਾਂ ਸਿੱਖ ਨੂੰ ਸੁਣਨੀਆਂ ਮਨ੍ਹਾ ਹਨ ਤਾਂ ਉਨ੍ਹਾਂ ਧੁਨਾਂ 'ਤੇ ਕੀਰਤਨ ਕਰਨਾ ਕਿਵੇਂ ਪ੍ਰਵਾਨ ਹੋ ਸਕਦਾ ਹੈ ? ਇਸ ਲਈ ਉਨ੍ਹਾਂ ਦਾ ਤਿਆਗ ਕਰਨਾ ਹੀ ਉਚਿਤ ਹੈ।

**(ੲ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਉਸ ਦੀ ਵਿਆਖਿਆ-ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।**

www.archive.org/details/namdhari

*ਵਿਆਖਿਆ :*

**ਕੀਰਤਨ ਕੇਵਲ ਗੁਰਬਾਣੀ ਦਾ** : ਇਹ ਸਿੱਧ ਹੈ ਕਿ ਕੀਰਤਨ ਕਰਨ ਦਾ ਮਨੋਰਥ ਗੁਰਮਤਿ ਦ੍ਰਿੜ੍ਹ ਕਰਦਿਆਂ/ਕਰਾਉਂਦਿਆਂ ਕਰਤੇ ਨਾਲ ਜੁੜਨਾ ਅਥਵਾ ਜੋੜਨਾ ਹੈ, ਤਾਂ ਜ਼ਰੂਰੀ ਹੈ ਕਿ ਕੀਰਤਨ ਕੇਵਲ ਗੁਰਬਾਣੀ ਦਾ ਹੀ ਕੀਤਾ ਜਾਵੇ। ਗੁਰਬਾਣੀ ਤੋਂ ਬਾਹਰ ਦੀ ਰਚਨਾ ਨੂੰ ਕੀਰਤਨ ਦਾ ਅੰਗ ਬਣਾਉਣ ਤੋਂ ਪੰਥ ਵੱਲੋਂ ਮਨ੍ਹਾ ਹੈ। ਹਾਂ, ਗੁਰੂ ਪਿਆਰ ਵਿਚ ਸਮੋਏ ਹੋਏ ਅਤੇ ਗੁਰਮਤਿ ਸਿਧਾਂਤਾਂ ਦੇ ਵਿਆਖਿਆਕਾਰ ਪ੍ਰਬੁੱਧ ਵਿਦਵਾਨ ਸਤਿਕਾਰਯੋਗ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ ਦਾ ਵੀ ਕੀਰਤਨ ਕੀਤਾ ਜਾ ਸਕਦਾ ਹੈ। ਭਾਵੇਂ ਕੁਝ ਇਤਿਹਾਸਕ ਗ੍ਰੰਥ ਅਤੇ ਰਹਿਤਨਾਮੇ ਆਦਿ ਗੁਰਮਤਿ ਦੇ ਕੁਝ ਅੰਸ਼ਾਂ ਦੀ ਵਿਆਖਿਆ ਕਰਦੇ ਹਨ, ਪਰ ਇਨ੍ਹਾਂ ਗ੍ਰੰਥਾਂ ਦੀ ਸਮੁੱਚੀ ਰਚਨਾ ਨੂੰ ਗੁਰਮਤਿ ਅਨੁਸਾਰੀ ਨਹੀਂ ਮੰਨਿਆ ਗਿਆ। ਹਾਂ, ਇਨ੍ਹਾਂ ਗ੍ਰੰਥਾਂ ਦੇ ਅੰਸ਼ ਜਾਂ ਹੋਰ ਵਿਦਵਾਨਾਂ ਦੀਆਂ ਰਚਨਾਵਾਂ ਜੋ ਗੁਰੂ ਪਿਆਰ, ਸਿੱਖੀ ਸਿਦਕ ਅਤੇ ਇਕ ਅਕਾਲ ਪੁਰਖ ਵਿਚ ਵਿਸ਼ਵਾਸ ਦ੍ਰਿੜ੍ਹ ਕਰਵਾਉਂਦੀਆਂ ਹਨ, ਕਵੀਸ਼ਰ ਅਤੇ ਢਾਡੀ ਸੱਜਣਾਂ ਵੱਲੋਂ ਗੁਰੂ ਦਰਬਾਰ ਵਿਚ ਗਾ ਕੇ ਸੁਣਾਉਣਾ ਪੰਥ ਪ੍ਰਵਾਣਿਤ ਪ੍ਰੰਪਰਾ ਹੈ, ਪਰ ਗੁਰਬਾਣੀ ਦਾ ਕੀਰਤਨ ਕਰਨ ਵਾਲਿਆਂ ਨੂੰ ਕੀਰਤਨ ਕੇਵਲ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ ਦਾ ਹੀ ਕਰਨ ਦੀ ਤਾਗੀਦ ਕੀਤੀ ਗਈ ਹੈ ਅਤੇ ਇਹੀ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰੰਪਰਾ ਹੈ, ਜੋ ਕੀਰਤਨੀਏ ਅਤੇ ਢਾਡੀ ਨਿਭਾਉਂਦੇ ਚਲੇ ਆ ਰਹੇ ਹਨ।

**(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।**

*ਵਿਆਖਿਆ :*

**ਸ਼ਬਦ ਦੀ ਤੁਕ ਹੀ ਧਾਰਨਾ** : ਜਦੋਂ ਪ੍ਰੇਮੀ ਸੱਜਣ ਜੋਟੀਆਂ ਨਾਲ ਸ਼ਬਦ ਪੜ੍ਹਦੇ ਹਨ ਜਾਂ ਰਾਗ ਵਿਚ ਗਾਉਂਦੇ ਹਨ ਤਾਂ ਰਲ ਕੇ ਗਾਉਣਾ ਬਹੁਤ ਭਲਾ ਪ੍ਰਤੀਤ ਹੁੰਦਾ ਹੈ, ਪਰ ਅਜਿਹਾ ਕਰਨ ਲੱਗਿਆਂ ਵੀ ਚੇਤੰਨਤਾ ਦੀ ਲੋੜ ਹੈ ਕਿ ਗੁਰਬਾਣੀ ਦੀ ਨਿਰੋਲਤਾ ਨੂੰ ਕਾਇਮ ਰੱਖਣ ਲਈ ਬਾਹਰ ਦੀਆਂ ਮਨਘੜਤ ਤੇ ਵਾਧੂ ਤੁਕਾਂ ਨੂੰ ਰਲ-ਗੱਡ ਨਾ ਕੀਤਾ ਜਾਵੇ। ਜਿਥੇ ਅਜਿਹਾ ਹੋਣ ਨਾਲ ਸੰਗਤ ਅੰਦਰ ਬਾਣੀ ਪ੍ਰਤੀ ਭੁਲੇਖੇ ਪੈਦਾ ਹੋ ਸਕਦੇ ਹਨ, ਉਥੇ ਸਤਿਗੁਰਾਂ ਵੱਲੋਂ ਬਾਣੀ ਦੀ ਨਿਸ਼ਚਿਤ ਤਰਤੀਬ ਦੀ ਉਲੰਘਣਾ ਹੈ।

ਇਸ ਪ੍ਰਕਾਰ ਸ਼ਬਦ ਦੀ ਪੰਗਤੀ ਨੂੰ ਨਜ਼ਰ ਅੰਦਾਜ਼ ਕਰ ਕੇ ਮਨਘੜਤ ਕਿਸੇ ਤੁਕ ਨੂੰ ਧਾਰਨਾ ਬਣਾ ਕੇ ਗਾਉਣਾ ਅਗਿਆਨਤਾ ਵਾਲਾ ਕਰਮ ਹੈ, ਪਰ ਜੇ ਕੋਈ ਪ੍ਰੇਮੀ ਇਹ ਸਮਝਾਉਣ ਦਾ ਯਤਨ ਕਰੇ ਕਿ ਸੰਗਤ ਦੀ ਸੂਝ-ਬੂਝ ਦੀ ਪੱਧਰ ਨੂੰ ਧਿਆਨ


Sri Satguru Jagjit Singh Ji eLibrary NamdhariElibrary@gmail.com

ਵਿਚ ਰੱਖਦਿਆਂ ਉਹ ਅਜਿਹਾ ਕਰਦਾ ਹੈ ਤਾਂ ਉਸ ਪ੍ਰਤੀ ਸਾਡੀ ਬੇਨਤੀ ਹੈ ਕਿ ਇਸ ਲਈ ਚੰਗਾ ਇਹ ਹੈ ਕਿ ਸ਼ਬਦ ਗਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਰਹਾਉ ਦੀ ਪੰਗਤੀ ਜਾਂ ਸਾਰੇ ਸ਼ਬਦ ਦਾ ਸਪੱਸ਼ਟ ਪਾਠ ਕਰ ਕੇ ਅਰਥ ਸਮਝਾ ਦਿੱਤਾ ਜਾਵੇ ਤਾਂ ਜੁ ਬਾਕੀ ਪ੍ਰੇਮੀ ਸ਼ਬਦ-ਭਾਵ ਦਾ ਲਾਹਾ ਵੀ ਲੈ ਸਕਣ ਅਤੇ ਰਲ ਕੇ ਗਾਉਣ ਲੱਗਿਆਂ ਉਚਾਰਨ ਵੀ ਸ਼ੁੱਧ ਕਰ ਸਕਣ।

## *ਹੁਕਮ ਲੈਣਾ*

**(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਗੁਰੂ-ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਆਵਾਜ਼ਾ ਲੈਣਾ ਜਾਂ ਸੁਣਨਾ, ਸਤਿਗੁਰੂ ਦੇ 'ਦਰਸ਼ਨ' ਹਨ। ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁੱਕ ਕੇ ਦਰਸ਼ਨ ਕਰਨਾ ਜਾਂ ਕਰਵਾਉਣਾ ਮਨਮੱਤ ਹੈ।**

*(ਸਿੱਖ ਰਹਿਤ ਮਰਯਾਦਾ, ਪੰਨਾ 15)*

***ਵਿਆਖਿਆ :***

**ਸਤਿਗੁਰੂ ਜੀ ਦੇ ਦਰਸ਼ਨ** : ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ ਅਧਿਆਇ ਦੇ ਤੀਜੇ ਸਿਰਲੇਖ 'ਹੁਕਮ ਲੈਣਾ' ਅਧੀਨ ਸਭ ਤੋਂ ਪਹਿਲੇ ਨਿਯਮ ਵਿਚ 'ਸਤਿਗੁਰੂ ਦੇ ਦਰਸ਼ਨ' ਸਿਧਾਂਤ ਦੀ ਵਿਆਖਿਆ ਅੰਕਤ ਕੀਤੀ ਗਈ ਹੈ। ਸਤਿਗੁਰੂ ਦੇ ਦਰਸ਼ਨ ਅਭਿਲਾਖੀ ਨੂੰ ਆਦੇਸ਼ ਹੈ ਕਿ ਗੁਰੂ ਗ੍ਰੰਥ-ਪੰਥ ਦੇ ਸਿਧਾਂਤ ਨੂੰ ਮੰਨਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਉਪਰੰਤ ਸੰਗਤ ਦੇ ਅਦਬ ਨਾਲ ਦਰਸ਼ਨ ਕਰਦਿਆਂ ਸਹਜ ਨਾਲ 'ਫ਼ਤਹ' ਬੁਲਾਵੇ ਅਤੇ ਜੀਵਨ ਸੇਧ ਲਈ ਸਤਿਗੁਰਾਂ ਦਾ ਉਪਦੇਸ਼ 'ਆਵਾਜ਼ਾ' ਰੂਪ ਵਿਚ ਲਵੇ ਜਾਂ ਸੁਣੇ, ਇਹ ਸਤਿਗੁਰੂ ਦੇ ਦਰਸ਼ਨ ਹਨ। ਬਾਦਸ਼ਾਹੀ ਤੌਰ ਤਰੀਕਿਆਂ—ਝਾਤ ਪਾਉਣੀ ਜਾਂ ਝਰੋਖਾ ਦਰਸ਼ਨ—ਨੂੰ ਗੁਰੂ ਘਰ ਵਿਚ ਪ੍ਰਵਾਨਿਆ ਨਹੀਂ ਗਿਆ, ਇਸੇ ਲਈ ਰੁਮਾਲ ਚੁੱਕ ਕੇ 'ਸਤਿਗੁਰ ਦੇ ਦਰਸ਼ਨ' ਕੀਤੇ ਸਮਝਣਾ ਜਾਂ ਇਸ ਤਰ੍ਹਾਂ ਕਰਵਾਉਣਾ ਮਨਮੱਤ ਹੈ। ਗੁਰੂ ਵਾਕ ਹੈ :

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**

*(ਗੁ: ਗ੍ਰੰ: ਸਾ:, ਪੰਨਾ 594)*

*ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ* ਪੁਸਤਕ ਵਿਚ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਲਿਖਦੇ ਹਨ ਕਿ ਪਹਿਲਾਂ ਦਰਬਾਰ ਸਾਹਿਬ ਅੰਦਰ ਵੀ ਪੁਜਾਰੀ ਰੁਮਾਲਾ ਚੁੱਕ ਕੇ ਸੰਗਤ ਨੂੰ ਗੁਰੂ ਸਾਹਿਬ ਦਾ ਦਰਸ਼ਨ ਕਰਨ ਕਰਾਉਣ ਦਾ ਭਰਮ ਪਾਲਦੇ ਹੁੰਦੇ ਸਨ, ਪਰ ਸਿੰਘ ਸਾਹਿਬ ਗਿਆਨੀ ਅੱਛਰ ਸਿੰਘ ਜੀ ਹੈੱਡ ਗ੍ਰੰਥੀ ਨੇ ਗੁਰਮਤਿ ਅਨੁਸਾਰ ਖੰਡਨ ਕਰਦਿਆਂ ਹੋਇਆਂ ਇਸ ਰੀਤੀ ਨੂੰ ਸਦਾ ਲਈ ਬੰਦ ਕਰ ਦਿੱਤਾ।

**(ਅ) ਸੰਗਤ ਵਿਚ ਇਕ ਵਕਤ ਇੱਕੋ ਗੱਲ ਹੋਣੀ ਚਾਹੀਏ—ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।**

*ਵਿਆਖਿਆ :*

**ਇਕ ਵਕਤ ਇੱਕੋ ਗੱਲ** : ਗੁਰਬਾਣੀ ਦਾ ਪਾਠ ਕਰਨਾ, ਕੀਰਤਨ ਕਰਨਾ ਤੇ ਕਥਾ ਕਰਨੀ, ਤਿੰਨ ਢੰਗ ਹਨ, ਜਿਨ੍ਹਾਂ ਰਾਹੀਂ ਅਸੀਂ ਗੁਰਬਾਣੀ ਨੂੰ ਪੜ੍ਹ ਕੇ, ਗਾ ਕੇ ਅਤੇ ਵੀਚਾਰ ਕੇ ਜੀਵਨ ਸੇਧ ਪ੍ਰਾਪਤ ਕਰਦੇ ਹਾਂ। ਇਸ ਲਈ ਇੱਕੋ ਸਮੇਂ ਬਰਾਬਰ ਦੋ ਕਰਮ—ਪਾਠ ਤੇ ਕੀਰਤਨ ਜਾਂ ਪਾਠ ਤੇ ਕਥਾ—ਕਰਨ ਦਾ ਯਤਨ ਕਰਨਾ ਜਿਥੇ ਸੁਣਨ ਕਰਨ ਹਾਰਿਆਂ ਅੰਦਰ ਬੇਰਸੀ ਪੈਦਾ ਕਰਦਾ ਹੈ, ਉਥੇ ਇੱਕੋ ਸਮੇਂ ਦੋ ਕਰਮਾਂ ਤੋਂ ਲਾਭ ਵੀ ਨਹੀਂ ਉਠਾਇਆ ਜਾ ਸਕਦਾ। ਜਾਣਦਿਆਂ ਬੁਝਦਿਆਂ ਚੱਲ ਰਹੇ ਪਾਠ ਦੌਰਾਨ ਕੀਰਤਨ ਜਾਂ ਕਥਾ ਲਈ ਪਾਠੀ ਸੱਜਣ ਨੂੰ ਕਹਿਣਾ ਕਿ ਉਹ ਹੁਣ ਪਾਠ ਚੁੱਪ-ਗੜੁੱਪ ਕਰੇ, ਗੁਰਬਾਣੀ ਦੇ ਪਾਠ ਦੀ ਨਿਰਾਦਰੀ ਕਰਨਾ ਹੈ।

ਕਿਸੇ ਪ੍ਰੇਮੀ ਸੱਜਣ ਦੇ ਕੀਤੇ ਸੁਆਲ ਦਾ ਸਾਡੇ ਪਾਸ ਕੋਈ ਜਵਾਬ ਨਹੀਂ ਹੈ ਕਿ ਇਤਿਹਾਸ ਵਿਚ ਕਿਤੇ ਜ਼ਿਕਰ ਆਇਆ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਗੁਰਬਾਣੀ ਉਚਾਰਦਿਆਂ ਜਾਂ ਵੀਚਾਰਦਿਆਂ ਰੋਕ ਕੇ ਭਾਈ ਮਰਦਾਨਾ ਜੀ ਨੇ ਕੀਰਤਨ ਸ਼ੁਰੂ ਕੀਤਾ ਹੋਵੇ, ਭਾਵੇਂ ਭਾਈ ਸਾਹਿਬ ਜੀ ਨੇ ਕੀਰਤਨ ਵੀ ਗੁਰੂ ਸਾਹਿਬ ਦੀ ਬਾਣੀ ਦਾ ਹੀ ਕਰਨਾ ਸੀ ?

ਪਰ ਇਸ ਭੇਤ ਨੂੰ ਜਾਣੇ ਬਿਨਾਂ ਜਾਂ ਜਾਣ ਬੁਝ ਕੇ ਨਜ਼ਰ-ਅੰਦਾਜ਼ ਕਰਦੇ ਹੋਏ ਗੁਰਬਾਣੀ ਨੂੰ ਵੀ ਅਸੀਂ ਹਿੰਦੂ ਮੰਤ੍ਰਾਂ ਵਾਂਗ ਜਾਂ ਕਾਲੇ ਜਾਦੂ (Black Magic) ਵਾਂਗ ਰਟਨ ਕਰਨ ਲੱਗ ਪੈਂਦੇ ਹਾਂ, ਜਿਸ ਕਾਰਨ ਸਾਡੇ ਜੀਵਨ ਵਿਚ ਕੋਈ ਖ਼ੂਬਸੂਰਤੀ ਪੈਦਾ ਹੋਣੀ ਦੂਰ ਦੀ ਗੱਲ ਹੈ, ਸਗੋਂ ਅਜਿਹਾ ਟਪਲਾ ਲੱਗ ਜਾਂਦਾ ਹੈ ਕਿ ਅਸੀਂ ਗੁਰਮਤਿ ਦੇ ਗਾਡੀ ਰਾਹ ਤੋਂ ਦੂਰ ਹੀ ਹੁੰਦੇ ਜਾਂਦੇ ਹਾਂ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਸਤਿਗੁਰਾਂ ਦੀ ਬਾਣੀ ਨੂੰ ਧਿਆਨ ਨਾਲ ਪੜ੍ਹਨਾ-ਸੁਣਨਾ ਹੀ ਸਭ ਮੰਤ੍ਰਾਂ (ਉਪਦੇਸ਼ਾਂ) ਦਾ ਮੁੱਢ ਹੈ, ਲਿਵ ਜੋੜ ਕੇ ਸੁਣਨ ਪੜ੍ਹਨ ਦੀ ਬਜਾਏ ਸਿੱਖਾਂ ਵਿਚ ਤੰਤ੍ਰਾਂ-ਮੰਤ੍ਰਾਂ ਵਾਲੀ ਕਿਸੇ ਹੋਰ ਰੀਤ ਵਿਚ ਪ੍ਰਤੀਤ ਨਹੀਂ :

**ਸਤਿਗੁਰ ਸਬਦ ਸੁਰਤਿ ਲਿਵ ਮੂਲ ਮੰਤ੍ਰ,**
**ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ ॥੧੮੩॥**

**(ੲ) ਦੀਵਾਨ ਸਮੇਂ ਸੰਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿੱਖ (ਮਰਦ ਜਾਂ ਤੀਵੀਂ) ਹੀ ਬੈਠਣ ਦੀ ਅਧਿਕਾਰੀ ਹੈ।**
**(ਸ) ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰ ਕੇ ਸੁਣਾਵੇ। ਆਪਣੇ ਆਪ ਲਈ ਪਾਠ ਕੋਈ ਗ਼ੈਰ-ਸਿੱਖ ਵੀ ਕਰ ਸਕਦਾ ਹੈ।** *(ਸਿੱਖ ਰਹਿਤ ਮਰਯਾਦਾ, ਪੰਨਾ 16)*

*ਵਿਆਖਿਆ :*

**ਪਾਠ ਕੇਵਲ ਸਿੱਖ ਹੀ ਕਰ ਕੇ ਸੁਣਾਵੇ** : ਆਪਣੇ ਘਰ ਵਿਚ ਕੋਈ ਵੀ ਵਿਅਕਤੀ ਪਾਠ ਕਰ ਕੇ ਜੀਵਨ ਦਾ ਲਾਹਾ ਲੈ ਸਕਦਾ ਹੈ, ਪਰ ਸੰਗਤ ਨੂੰ ਪਾਠ ਸੁਣਾਉਣਾ,


Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਪ੍ਰਚਾਰ ਕਰਨਾ ਹੈ। ਜੋ ਮਨੁੱਖ ਅੱਜ ਤਕ ਆਪ ਸਿੱਖੀ ਦਾ ਧਾਰਨੀ ਨਹੀਂ ਹੋਇਆ, ਗੁਰੂ ਪੰਥ ਨੇ ਉਸ ਨੂੰ ਹੋਰਨਾਂ ਪ੍ਰਤੀ ਸਿੱਖੀ ਦ੍ਰਿੜ੍ਹ ਕਰਾਉਣ ਦਾ ਅਧਿਕਾਰ ਨਹੀਂ ਦਿੱਤਾ। ਦਰਅਸਲ ਸਿੱਖੀ ਦ੍ਰਿੜ੍ਹ ਕਰਾਉਣਾ ਕਲਾਕਾਰੀ ਨਹੀਂ, ਇਹ ਤਾਂ ਜੀਵਨ-ਜਾਚ ਸਿਖਾਉਣ ਦੀ ਸੇਵਾ ਹੈ। ਇਸ ਲਈ ਸੰਗਤ ਵਿਚ ਸੇਵਾ ਨਿਭਾਉਣ ਵਾਲੇ ਕੋਲੋਂ ਆਪ ਸੁੰਦਰ ਨਮੂਨਾ (Role Model) ਹੋਣ ਦੀ ਵੀ ਆਸ ਕੀਤੀ ਜਾਂਦੀ ਹੈ ਕਿ ਪਹਿਲਾਂ ਉਹ ਆਪ ਗੁਰੂ-ਹੁਕਮ ਪ੍ਰਤੀ ਸਮਰਪਤ ਹੋਵੇ, ਅੰਦਰ ਗੁਰੂ ਪ੍ਰਤੀ ਨਿਸ਼ਠਾ ਹੋਵੇ ਤਾਂ ਹੀ ਉਸ ਕੋਲੋਂ ਗੁਰੂ-ਹੁਕਮ ਸੁਣਨ ਵਾਲਿਆਂ ਅੰਦਰ ਗੁਰੂ ਪ੍ਰਤੀ ਪਿਆਰ ਤੇ ਸਮਰਪਣ ਪੈਦਾ ਹੋ ਸਕਦਾ ਹੈ।

**(ਹ) 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ 'ਤੇ ਭੋਗ ਪਾਇਆ ਜਾਵੇ।**

*ਵਿਆਖਿਆ :*

**ਹੁਕਮ ਲੈਣ ਦੀ ਮਰਯਾਦਾ** : ਵਾਕ ਲੈਣਾ ਜਾਂ ਆਵਾਜ਼ਾ ਲੈਣਾ ਤੋਂ ਇਕ ਹੀ ਭਾਵ ਹੈ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਪਿਆਰ ਸਿਦਕ ਨਾਲ ਇਕ ਸ਼ਬਦ ਦਾ ਪਾਠ ਸੁਣਨਾ ਜਾਂ ਕਰਨਾ। ਇਸ ਨਿਯਮ ਦੀ ਵੀਚਾਰ ਕਰਨ ਦੇ ਨਾਲ ਨਾਲ ਸਾਨੂੰ ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਸਾਰੀ ਗੁਰਬਾਣੀ ਹੀ ਸ੍ਰੀ ਮੁਖਵਾਕ ਹੈ, ਹੁਕਮ ਰੂਪ ਹੈ, ਜੋ ਸਾਡੇ ਜੀਵਨ ਦੀ ਹਰ ਅਵਸਥਾ ਵਿਚ ਨਿਰੰਤਰ ਸੇਧ ਦੇਂਦੀ ਹੈ। ਹੁਕਮ ਲੈਣ ਤੋਂ ਪਹਿਲਾਂ ਸਿੱਖ ਅੰਦਰ ਇਹ ਅਵਸਥਾ ਬਣੀ ਹੋਣੀ ਚਾਹੀਦੀ ਹੈ ਕਿ ਅਸੀਂ 'ਹੁਕਮੀ ਸੇਵਕ' ਹਾਂ, 'ਗੁਰੂ ਮਾਲਕ' ਜੋ ਹੁਕਮ ਕਰਦਾ ਹੈ, ਉਸ ਨੂੰ 'ਸਤਿ' ਕਰ ਮੰਨਣਾ ਹੀ ਸੇਵਕੀ ਹੈ/ਸਿੱਖੀ ਹੈ, ਨਾ ਕਿ ਗੁਰੂ ਹੁਕਮ ਅੱਗੇ ਬਹਾਨੇਬਾਜ਼ੀ ਕਰਨੀ।

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥** *(ਗੁ: ਗ੍ਰੰ: ਸਾ:, ਪੰਨਾ 474)*

ਭਾਈ ਗੁਰਦਾਸ ਜੀ ਦਾ ਕਥਨ ਹੈ :

**ਗੁਰਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰ ਸਿਖ ਕਰਨਾ ॥੧੦॥੨੮॥**

**ਫ਼ਿਦਾਇ-ਓ-ਸ਼ੌ ਵ ਉਜ਼ਰ-ਏ-ਮਖ਼ਾਹ ਐ ਗੋਯਾ,**
**ਕਿ ਦਰ ਤਰੀਕਤਿ ਮਾ ਜਾਏ ਉਜ਼ਰ-ਖ਼ਾਹੀ ਨੇਸਤ ॥** *(ਗ਼ਜ਼ਲ 10)*

[ਐ ਗੋਇਆ, ਤੂੰ ਆਪਣੇ ਸਤਿਗੁਰੂ ਮਹਿਬੂਬ ਤੋਂ ਕੁਰਬਾਨ ਹੋ ਜਾ ਅਤੇ ਬਹਾਨਾ ਨਾ ਬਣਾ, ਕਿਉਂਕਿ ਸਿੱਖੀ ਦੀ ਪ੍ਰੀਤ-ਰੀਤਿ ਵਿਚ ਬਹਾਨੇਬਾਜ਼ੀ ਨੂੰ ਕੋਈ ਥਾਂ ਨਹੀਂ।]

ਪੰਥਕ ਇਕਸਾਰਤਾ ਨੂੰ ਮੁੱਖ ਰੱਖਦਿਆਂ ਗੁਰੂ-ਪੰਥ ਨੇ 'ਹੁਕਮ ਲੈਣ' ਦਾ ਇਹ



Sri Satguru Jagjit Singh Ji eLibrary NamdhariElibrary@gmail.com

ਨਿਯਮ ਇਉਂ ਥਾਪਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਿਆਰ ਸਹਿਤ ਰੁਮਾਲੇ ਪਿੱਛੇ ਹਟਾਉਂਦਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਪੜ੍ਹਿਆ ਜਾਵੇ। ਜੇ ਇਸ ਪੰਨੇ 'ਤੇ ਸ਼ਬਦ '੧ਓ' ਮੰਗਲ ਨਾਲ ਆਰੰਭ ਹੁੰਦਾ ਹੈ ਤਾਂ ਸਾਰਾ ਮੰਗਲ ਤੇ ਸਿਰਲੇਖ ਪੜ੍ਹ ਕੇ ਸ਼ਬਦ ਪੜ੍ਹਿਆ ਜਾਵੇ, ਜਿਵੇਂ ਪੰਨਾ 700 'ਤੇ "ਕੋਈ ਜਾਨੈ ਕਵਨੁ ਈਹਾ ਜਗਿ ਮੀਤੁ॥" ਵਾਲਾ ਸ਼ਬਦ। ਜੇ ਸਿਰਲੇਖ ਨਾਲ ਹੀ ਪਹਿਲਾ ਸ਼ਬਦ ਆਰੰਭ ਹੁੰਦਾ ਹੈ ਤਾਂ ਕੇਵਲ ਸਿਰਲੇਖ ਪੜ੍ਹ ਕੇ ਸ਼ਬਦ ਪੜ੍ਹਿਆ ਜਾਵੇ, ਜਿਵੇਂ ਪੰਨਾ 629 'ਤੇ "ਸੋਰਠਿ ਮਹਲਾ ੫॥ ਆਗੈ ਸੁਖੁ ਮੇਰੇ ਮੀਤਾ॥" ਵਾਲਾ ਸ਼ਬਦ, ਪਰ ਜੇ ਸ਼ਬਦ ਪਿੱਛੋਂ ਜਾਰੀ ਚਲਿਆ ਆ ਰਿਹਾ ਹੈ ਤਾਂ ਪੰਨਾ ਪਿੱਛੇ ਪਰਤ ਕੇ ਸ਼ਬਦ ਆਰੰਭ ਤੋਂ ਪੜ੍ਹਿਆ ਜਾਵੇ, ਜਿਵੇਂ ਪੰਨਾ 623 'ਤੇ "ਗੁਰਿ ਪੂਰੈ ਚਰਨੀ ਲਾਇਆ॥" ਵਾਲਾ ਸ਼ਬਦ। ਸ਼ਬਦ ਦੇ ਅੰਤਲੇ ਪਦ ਵਿਚ ਅਕਸਰ 'ਨਾਨਕ' ਨਾਮ ਜਾਂ ਭਗਤਾਂ ਦਾ ਕਬੀਰ/ਨਾਮਦੇਵ ਆਦਿ ਨਾਮ ਆਉਣ ਤਕ ਸਾਰਾ ਸ਼ਬਦ ਸੰਪੂਰਨ ਪੜ੍ਹਿਆ ਜਾਵੇ। ਛੰਤ ਹੋਣ 'ਤੇ ਚਾਰੇ ਪਦ ਪੜ੍ਹੇ ਜਾਣ। ਜੇ ਵਾਰ (ਚੱਲ ਰਹੀ) ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹੀ ਜਾਵੇ, ਉਪਰੰਤ ਫ਼ਤਹ ਬੁਲਾਈ ਜਾਵੇ। 'ਹੁਕਮ' ਪੜ੍ਹਨ ਵਾਲਾ ਪਿਆਰ, ਠਰ੍ਹੰਮੇ ਤੇ ਟਿਕਵੀਂ ਆਵਾਜ਼ ਵਿਚ ਪੜ੍ਹੇ, ਗਾਵੇ ਨਹੀਂ। ਇਸੇ ਤਰ੍ਹਾਂ ਸੰਗਤ 'ਹੁਕਮ' ਸੁਣਦੀ ਹੋਈ ਧਿਆਨ ਨਾਲ ਕੇਵਲ ਸੁਣੇ, ਬੋਲੇ ਨਹੀਂ।

ਵਰਣਨਯੋਗ ਹੈ ਕਿ ਹੁਕਮ ਲੈਣ ਲੱਗਿਆਂ ਸਵੇਰ ਜਾਂ ਸ਼ਾਮ ਦੇ ਸਮੇਂ ਦਾ ਭਰਮ ਕਰ ਕੇ ਸੱਜੇ ਪਾਸੇ ਦੇ ਪੰਨੇ ਤੋਂ ਜਾਂ ਪੰਨੇ ਦੇ ਹੇਠਲੇ ਹਿੱਸੇ ਵਿੱਚੋਂ ਲੈਣਾ ਮਰਯਾਦਾ ਨਹੀਂ। ਕੇਵਲ ਉਪਰੋਕਤ ਨਿਯਮ ਅਨੁਸਾਰ ਹੀ ਹੁਕਮ ਲੈਣਾ ਆਗਿਆ ਹੈ।

**(ਕ) ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋ ਕੇ ਅੰਤਮ ਹੁਕਮ ਲਿਆ ਜਾਵੇ।**

***ਵਿਆਖਿਆ :***

**ਦੀਵਾਨ ਦੀ ਕਾਰਵਾਈ :** ਆਮ ਤੌਰ 'ਤੇ ਇਉਂ ਹੁੰਦੀ ਹੈ : ਕੀਰਤਨ, ਕਥਾ ਅਨੰਦੁ ਸਾਹਿਬ ਦਾ ਪਾਠ, ਅਰਦਾਸ ਅਤੇ ਹੁਕਮ। 'ਹੁਕਮ' ਲੈਣ ਉਪਰੰਤ ਸਮਾਪਤੀ ਹੁੰਦੀ ਅਤੇ ਪ੍ਰਸ਼ਾਦ ਵਰਤਾਇਆ ਜਾਂਦਾ ਹੈ।

## *ਸਾਧਾਰਨ ਪਾਠ*

**(ੳ) ਹਰ ਇਕ ਸਿੱਖ ਨੂੰ ਵੱਸ ਲੱਗੇ, ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਵੇਕਲਾ ਸਥਾਨ ਨਿਯਤ ਕਰਨਾ ਚਾਹੀਏ।**

*(ਸਿੱਖ ਰਹਿਤ ਮਰਯਾਦਾ, ਪੰਨਾ 16)*

***ਵਿਆਖਿਆ :***

**ਘਰ ਵਿਚ ਪ੍ਰਕਾਸ਼ :** ਗੁਰਬਾਣੀ ਸਿੱਖ ਦੇ ਜੀਵਨ ਦਾ ਆਧਾਰ ਹੈ। ਗੁਰਬਾਣੀ


Sri Satguru Jagjit Singh Ji eLibrary NamdhariElibrary@gmail.com

ਗਿਆਨ ਸਾਨੂੰ ਸੋਝੀ ਦੇਂਦਾ ਹੈ ਕਿ ਸੰਸਾਰ ਨਾਲ ਸਾਂਝ ਕਿਵੇਂ ਪਾਈ ਜਾਵੇ ਅਤੇ ਗੁਰਬਾਣੀ ਗਿਆਨ ਹੀ ਸਾਨੂੰ ਸੋਝੀ ਦੇਂਦਾ ਹੈ ਕਿ ਕਰਤਾਰ ਨਾਲ ਸਾਂਝ ਕਿਵੇਂ ਪਾਈ ਜਾਵੇ। ਤਾਂ ਤੇ, ਲੋਕ ਪਰਲੋਕ ਦੇ ਸੁੱਖਾਂ ਦੀ ਦਾਤੀ 'ਗੁਰਬਾਣੀ' "ਓਹ ਸਫਲ ਸਦਾ ਸੁਖਦਾਈ॥" (ਗੁ: ਗ੍ਰੰ: ਸਾ:, ਪੰਨਾ 628) ਦਾ ਪ੍ਰਕਾਸ਼ ਜੇ ਗੁਰੂ ਕੇ ਸਿੱਖ ਦੇ ਘਰ ਹਰ ਵੇਲੇ ਹੋ ਸਕੇ ਤਾਂ ਇਸ ਤੋਂ ਚੰਗੀ ਗੱਲ ਹੋਰ ਕਿਹੜੀ ਹੋ ਸਕਦੀ ਹੈ ? ਅਜਿਹਾ ਹੋਣ ਨਾਲ ਜਦੋਂ ਵੀ ਘਰ ਵਿਚ ਸਮਾਂ ਬਣੇ, ਪਾਠ ਕਰ ਕੇ ਲਾਹਾ ਲਿਆ ਜਾ ਸਕਦਾ ਹੈ। ਖ਼ਾਸ ਤੌਰ 'ਤੇ ਪ੍ਰਦੇਸਾਂ ਵਿਚ ਵੱਸਣ ਵਾਲੇ ਸਿੱਖ, ਜਿਨ੍ਹਾਂ ਦਾ ਘਰ ਗੁਰਦੁਆਰੇ ਤੋਂ ਦੂਰ ਹੋਣ ਕਰਕੇ ਸਵੇਰੇ ਸ਼ਾਮ ਹਰ ਰੋਜ਼ ਜਾਂ ਜਲਦੀ ਪਹੁੰਚ ਸਕਣਾ ਸੰਭਵ ਨਹੀਂ, ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੱਸ ਲੱਗਦੇ ਘਰ ਵਿਚ ਜ਼ਰੂਰ ਕਰ ਲੈਣਾ ਚਾਹੀਦਾ ਹੈ, ਤਾਂ ਜੁ ਕਾਹਲ ਵਿਚ ਵੀ ਪਰਿਵਾਰ ਦੇ ਬੱਚੇ ਥੋੜ੍ਹੇ ਤੋਂ ਥੋੜ੍ਹਾ ਸਮਾਂ ਕੱਢ ਕੇ ਪਾਠ ਤੇ ਸੇਵਾ ਕਰਨੀ ਸਿੱਖ ਸਕਣ।

ਅਸਾਂ ਤਾਂ ਅਜਿਹਾ ਵੀ ਪ੍ਰਤੀਤ ਕੀਤਾ ਹੈ ਕਿ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਘਰ ਵਿਚ ਹੋਣਾ ਇਉਂ ਹੈ, ਜਿਵੇਂ ਘਰ ਵਿਚ ਸਾਡਾ ਅਤੀ ਸਤਿਕਾਰਯੋਗ ਬਜ਼ੁਰਗ ਬੈਠਾ ਹੋਵੇ, ਜਿਸ ਦਾ ਪਿਆਰ ਰੱਖਿਆ ਵਾਲਾ ਹੱਥ ਸਾਡੇ ਸਿਰ 'ਤੇ ਹੋਵੇ, ਜਿਸ ਦੀ ਗੋਦ ਵਿਚ ਅਸੀਂ ਨਿੱਘ ਤੇ ਆਨੰਦ ਲੈ ਰਹੇ ਹੋਈਏ, ਜਿਸ ਦੇ ਨਾਲ ਅਸੀਂ ਜੀਵਨ ਦਾ ਹਰ ਪਲ ਸਾਂਝਾ ਕਰ ਰਹੇ ਹੋਈਏ ਅਤੇ ਜਿਸ ਦੀ ਸਿੱਖਿਆ-ਅਸੀਸਾਂ ਨਾਲ ਸਾਡਾ ਜੀਵਨ ਸਫਲ ਹੋ ਰਿਹਾ ਹੋਵੇ। ਅਜਿਹਾ ਵਿਚਾਰ ਸਾਹਮਣੇ ਆਉਂਦਿਆਂ ਹੀ ਇਸ ਪੱਖ ਦਾ ਧਿਆਨ ਰੱਖਣਾ ਵੀ ਅਤੀ ਜ਼ਰੂਰੀ ਹੈ ਕਿ ਜਿਥੇ ਹਰ ਗੁਰਸਿੱਖ ਦੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਮਹੱਤਵਪੂਰਨ ਹੈ ਉਥੇ ਉਸ ਤੋਂ ਵੀ ਮਹੱਤਵਪੂਰਨ ਹੈ : ਹਜ਼ੂਰ ਪਾਤਸ਼ਾਹ ਜੀ ਦੀ ਅਦਬ ਸਤਿਕਾਰ ਸਹਿਤ ਸੇਵਾ-ਸੰਭਾਲ ਕਰਨੀ ਤਾਂ ਕਿ ਜੀਵਨ ਦਾ ਹਰ ਪਲ ਅੰਮ੍ਰਿਤ ਮਈ ਹੋ ਜਾਵੇ।

### (ਅ) ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਿੱਖਣਾ ਚਾਹੀਏ।

***ਵਿਆਖਿਆ :***

**ਪਾਠ ਸਿੱਖਣਾ** : ਗੁਰਵਾਕ : "ਸਿਖੀ ਸਿਖਿਆ ਗੁਰ ਵੀਚਾਰਿ॥" (ਗੁ: ਗ੍ਰੰ: ਸਾ:, ਪੰਨਾ 465) ਤੋਂ ਜਦੋਂ ਇਹ ਸਪੱਸ਼ਟ ਹੈ ਕਿ ਸਿੱਖ ਦੇ ਜੀਵਨ (ਸਿੱਖੀ) ਦਾ ਆਧਾਰ ਗੁਰੂ ਕੀ ਸਿੱਖਿਆ ਹੈ ਤਾਂ ਸਿੱਖ ਕਹਾਉਣ ਵਾਲੇ ਵਿਅਕਤੀ ਪਾਸੋਂ ਇਹ ਆਸ ਹੀ ਨਹੀਂ ਕੀਤੀ ਜਾਂਦੀ ਕਿ ਉਸ ਨੂੰ ਆਪਣੇ ਸਤਿਗੁਰਾਂ ਦੀ ਸਿੱਖਿਆ ਪੜ੍ਹਨੀ ਹੀ ਨਾ ਆਉਂਦੀ ਹੋਵੇ ਕਿਉਂਕਿ ਪੜ੍ਹਨਾ ਜਾਣਦਾ ਹੀ ਸੁਣਨ ਸਮੇਂ ਚੰਗੀ ਤਰ੍ਹਾਂ ਸਮਝ ਸਕਦਾ ਹੈ ਅਤੇ ਗੁਰਮਤਿ ਦੇ ਡੂੰਘੇ ਭੇਤਾਂ ਤੋਂ ਜਾਣੂੰ ਹੋ ਸਕਦਾ ਹੈ। ਇਹ ਠੀਕ ਹੈ ਕਿ ਗੁਰਮੁਖੀ ਦਾ ਗਿਆਨ ਨਾ ਹੋਣ ਦੀ ਸੂਰਤ ਵਿਚ ਕਿਸੇ ਵੀ ਹੋਰ ਲਿਪੀ ਵਿਚ ਪ੍ਰਾਪਤ ਗੁਰਬਾਣੀ ਦਾ ਪਾਠ ਕਰਨਾ ਆਰੰਭਿਆ ਜਾ ਸਕਦਾ ਹੈ ਪਰ, ਧਿਆਨ ਰਹੇ ਸਤਿਗੁਰਾਂ ਨੇ ਵਿਸ਼ੇਸ਼ ਨਿਯਮਾਂ ਅਨੁਸਾਰ ਲਗਾਂ-ਮਾਤਰਾਂ ਦੀ ਵਰਤੋਂ ਕਰਦਿਆਂ ਸਾਰੀ ਬਾਣੀ ਲਿਖੀ ਹੈ। ਇਨ੍ਹਾਂ

ਲਗਾਂ-ਮਾਤਰਾਂ ਦਾ ਉਚਾਰਨ ਅਥਵਾ ਵਿਚਾਰਨ ਨਾਲ ਬਹੁਤ ਗਹਿਰਾ ਸੰਬੰਧ ਹੈ। ਇਨ੍ਹਾਂ ਲਗਾਂ-ਮਾਤਰਾਂ ਦੀ ਠੀਕ ਭਾਵ ਪੂਰਤ ਵਰਤੋਂ ਲਈ ਸਤਿਗੁਰਾਂ ਨੇ ਦੇਵ ਬੋਲੀ ਅਤੇ ਰਾਜ ਬੋਲੀ ਦੀਆਂ ਲਿਪੀਆਂ ਦੇਵਨਾਗਰੀ (ਹਿੰਦੀ) ਅਤੇ ਫ਼ਾਰਸੀ ਦੀ ਥਾਵੇਂ ਪੰਜਾਬੀ ਲਿਪੀ ਦੀ ਚੋਣ ਕੀਤੀ ਅਤੇ ਲੋੜ ਅਨੁਸਾਰ ਇਸ ਨੂੰ ਮਾਂਜਿਆ ਸੰਵਾਰਿਆ ਵੀ, ਜਿਸ ਕਰਕੇ ਗੁਰਸਿੱਖਾਂ ਵਿਚ ਇਸ ਦਾ ਨਾਂ 'ਗੁਰਮੁਖੀ' ਪ੍ਰਚਲਿਤ ਹੋ ਗਿਆ। ਸਾਡਾ ਪੂਰਨ ਵਿਸ਼ਵਾਸ ਹੈ ਕਿ ਗੁਰਬਾਣੀ ਦੇ ਸਹੀ ਉਚਾਰਨ, ਡੂੰਘੀਆਂ ਰਮਜ਼ਾਂ ਸਮਝਣ ਅਤੇ ਪਾਠ ਦੀ ਸਰੋਦੀ ਧੁਨ ਦਾ ਅਗੰਮੀ ਲਾਹਾ ਕੇਵਲ ਗੁਰਮੁਖੀ (ਪੰਜਾਬੀ) ਲਿਪੀ ਵਿਚ ਪੜ੍ਹ ਕੇ ਹੀ ਲਿਆ ਜਾ ਸਕਦਾ ਹੈ। ਇਸੇ ਲਈ *ਰਹਿਤਨਾਮਾ ਭਾਈ ਦੇਸਾ ਸਿੰਘ ਜੀ* ਦੇ ਬਚਨ ਹਨ :

**ਗੁਰਮੁਖੀ ਅਖਰ ਜੋ ਹੈਂ ਭਾਈ॥**
**ਸਿੰਘ ਸਿੰਘ ਤੇ ਸੀਖਹਿ ਜਾਈ॥੩੬॥**

ਗੁਰੂ ਅੰਗਦ ਸਾਹਿਬ ਜੀ ਨੇ ਬੱਚਿਆਂ ਨੂੰ ਗੁਰਮੁਖੀ ਪੜ੍ਹਨੀ ਸਿਖਾ ਕੇ ਅਤੇ ਦਸਮੇਸ਼ ਜੀ ਨੇ ਗੁਰੂ ਕੀ ਕਾਸ਼ੀ (ਦਮਦਮਾ ਸਾਹਿਬ) ਵਿਖੇ 'ਲਿਖਣਸਰ' ਬਣਾ ਕੇ ਗੁਰਮੁਖੀ ਅਤੇ ਹੋਰ ਵਿਦਿਆ ਪੜ੍ਹਨ ਲਈ ਗੁਰਸਿੱਖਾਂ ਨੂੰ ਉਤਸ਼ਾਹਿਤ ਕੀਤਾ। ਅੱਜ ਕੰਪਿਊਟਰ ਯੁਗ ਵਿਚ ਲੋੜ ਹੈ ਸਿੱਖ ਮਾਪਿਆਂ, ਸਿੱਖ ਪ੍ਰਚਾਰਕਾਂ ਅਤੇ ਸਿੱਖ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਕਿ ਹਰ ਸਿੱਖ ਬੱਚਾ-ਬੁੱਢਾ, ਇਸਤਰੀ ਜਾਂ ਪੁਰਸ਼ ਗੁਰਮੁਖੀ (ਪੰਜਾਬੀ) ਸਿੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀਂ ਲੱਗੇ ਭਾਵ ਹਰ ਸਿੱਖ ਬੱਚਾ ਆਪਣੇ ਗੁਰੂ ਪਿਤਾ ਦੀ ਸਿੱਖਿਆ ਪੜ੍ਹ ਕੇ ਸਮਝਣ ਧਾਰਨ ਦੇ ਯੋਗ ਹੋ ਜਾਵੇ ਤਾਂ ਜੁ ਜ਼ਿੰਦਗੀ ਵਿਚ ਲੱਗਣ ਵਾਲੇ ਟਪਲਿਆਂ ਤੋਂ ਬਚ ਜਾਵੇ।

**ਗੁਰਮਤਿ ਮਤਿ ਅਚਲ ਹੈ ਚਲਾਇ ਨ ਸਕੈ ਕੋਇ॥** *(ਗੁ: ਗ੍ਰੰ: ਸਾ:, ਪੰਨਾ 548)*

**(ੲ) ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਹੁਕਮ' ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।**

***ਵਿਆਖਿਆ :***

**ਰੋਜ਼ਾਨਾ ਦਰਸ਼ਨ ਕਰਨੇ :** ਉਪਰੋਕਤ ਨਿਯਮ ਰਾਹੀਂ ਤਾਗੀਦ ਕੀਤੀ ਗਈ ਹੈ ਕਿ ਕੁਝ ਖਾਣ ਪੀਣ ਤੋਂ ਪਹਿਲਾਂ ਸਵੇਰੇ ਸਤਿਗੁਰਾਂ ਦੇ ਦਰਸ਼ਨ ਕਰੇ ਅਥਵਾ 'ਹੁਕਮ' ਲਵੇ। ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿ ਜੇ ਘਰ ਵਿਚ ਸਤਿਗੁਰਾਂ ਦਾ ਅਸਥਾਨ ਬਣਾਇਆ ਹੋਇਆ ਹੈ ਤਾਂ ਨਿਤਨੇਮ ਅਨੁਸਾਰ ਸਵੇਰੇ/ਅੰਮ੍ਰਿਤ ਵੇਲੇ ਪ੍ਰਕਾਸ਼ ਜ਼ਰੂਰ ਹੋਣਾ ਚਾਹੀਦਾ ਹੈ। ਦਿਨ ਦੇ ਦੌਰਾਨ ਜਦੋਂ ਵੀ ਸਮਾਂ ਬਣੇ, ਬਹੁਤਾ ਥੋੜ੍ਹਾ ਪਾਠ ਕਰਨਾ ਭਲਾ ਹੈ। ਇਸ ਨਿਯਮ ਵਿਚ ਇਹ ਵੀ ਅੰਕਿਤ ਕੀਤਾ ਗਿਆ ਹੈ ਕਿ ਸਰੀਰਕ


Sri Satguru Jagjit Singh Ji eLibrary NamdhariElibrary@gmail.com

ਢਿੱਲ-ਮੱਠ ਜਾਂ ਸਫ਼ਰ ਆਦਿ ਦੇ ਦੌਰਾਨ ਜਦੋਂ ਇਹ ਨੇਮ ਨਾ ਨਿਭਾਇਆ ਜਾ ਸਕੇ ਤਾਂ ਭਰਮ ਨਹੀਂ ਕਰਨਾ। ਅੰਤਰਜਾਮੀ ਸਤਿਗੁਰੂ ਸਦਾ ਬਖ਼ਸ਼ਣਹਾਰ ਹਨ ਜੋ ਸਦਾ ਸਾਨੂੰ ਪਿਆਰ ਕਰਦੇ ਹਨ। "ਸਤਿਗੁਰੁ ਸਭਨਾ ਦਾ ਭਲਾ ਮਨਾਇਦਾ" ਦੇ ਸੁਭਾਅ ਵਾਲੇ ਹਨ ਜੋ ਸਦਾ ਹੀ ਆਪਣੇ ਸਿੱਖਾਂ ਦਾ ਭਲਾ ਲੋਚਦੇ ਹਨ ਅਤੇ ਕਦੇ ਕ੍ਰੋਪ ਨਹੀਂ ਹੁੰਦੇ।

**(ਸ) ਚੰਗਾ ਤਾਂ ਇਹ ਹੈ ਕਿ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਤੇ ਮਹੀਨੇ ਦੋ ਮਹੀਨੇ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।**

***ਵਿਆਖਿਆ :***

**ਸਾਧਾਰਨ ਪਾਠ ਜਾਰੀ ਰੱਖਣਾ** : ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਦਾ ਤਦ ਹੀ ਵਧੇਰੇ ਲਾਭ ਹੈ ਜੇ ਨਿਤਾਪ੍ਰਤੀ ਗੁਰਬਾਣੀ ਦਾ ਪਾਠ ਵੀਚਾਰ ਕੀਤਾ ਜਾਵੇ। ਵੀਚਾਰ ਨਾਲ ਕੀਤਾ ਪਾਠ ਹੀ ਸਾਡੇ ਭਰਮ ਗੜ੍ਹਾਂ ਨੂੰ ਤੋੜ ਕੇ ਸਾਡੇ ਜੀਵਨ ਨੂੰ ਸੁਖਾਲਾ ਕਰਦਾ ਹੈ। ਇਸ ਤਰ੍ਹਾਂ ਵੀਚਾਰ ਨਾਲ ਪਾਠ ਕਰਨ ਦੀ ਭਾਵਨਾ ਤਦ ਹੀ ਪੂਰੀ ਹੋ ਸਕਦੀ ਹੈ ਜੇ ਸਮੇਂ ਦੀ ਬੰਦਸ਼ ਤੋਂ ਮੁਕਤ ਹੋ ਕੇ, ਸਹਿਜ ਭਾ ਨਾਲ ਨਾ ਕਿ ਨਿਬੇੜਾ ਕਰਨ ਦੇ ਮਕਸਦ ਨਾਲ, ਪਾਠ ਕੀਤਾ ਜਾਵੇ। ਅਜਿਹਾ ਕਰਦਿਆਂ ਜੇ ਸਮਾਂ ਜ਼ਿਆਦਾ ਵੀ ਲੱਗ ਜਾਵੇ ਤਾਂ ਭਰਮ ਨਹੀਂ ਕਰਨਾ ਸਗੋਂ ਸਮਾਂ ਸਫਲ ਹੋਇਆ ਜਾਨਣਾ ਚਾਹੀਦਾ ਹੈ।

ਕੁਝ ਪ੍ਰੇਮੀ ਸਾਧਾਰਨ ਪਾਠ ਨੂੰ ਸਹਿਜ ਪਾਠ ਵੀ ਆਖਦੇ ਹਨ। ਦਰਅਸਲ ਰਹਿਤ ਮਰਯਾਦਾ ਵਿਚ ਕੇਵਲ ਦੋ ਤਰ੍ਹਾਂ ਦੇ ਪਾਠਾਂ ਦਾ ਜ਼ਿਕਰ ਹੈ : ਇਕ, ਅਖੰਡ ਪਾਠ ਜੋ ਨਿਰੰਤਰ ਚੱਲਦਾ ਹੈ; ਦੂਜਾ, ਸਾਧਾਰਨ ਜੋ ਨਿਰੰਤਰ ਨਹੀਂ। ਜਿਥੇ ਅਖੰਡ ਪਾਠ ਵਿਚ ਬਿਨਾਂ ਰੋਕ ਦੇ ਲਗਾਤਾਰ ਪਾਠ ਕੀਤਾ ਜਾਂਦਾ ਹੈ ਉਥੇ ਸਾਧਾਰਨ ਪਾਠ ਵਿਚ ਰੁਕ ਕੇ, ਵੀਚਾਰ ਕੇ, ਜਦੋਂ ਸਮਾਂ ਬਣੇ, ਪਾਠ ਕੀਤਾ ਜਾਂਦਾ ਹੈ। ਦੋਵੇਂ ਤਰ੍ਹਾਂ ਕਰ ਕੇ ਸਿੱਖ ਦਾ ਮਨੋਰਥ ਬਾਣੀ ਸੁਣ ਪੜ੍ਹ ਕੇ ਜੀਵਨ ਦੀ ਸੇਧ ਅਥਵਾ ਆਨੰਦ ਲੈਣਾ ਹੁੰਦਾ ਹੈ, ਕਿਸੇ ਇਕ ਦਾ ਫਲ (?) ਜਾਂ ਮਹਾਤਮ (?) ਦੂਜੇ ਨਾਲੋਂ ਵਧੇਰੇ ਜਾਂ ਘੱਟ ਨਹੀਂ ਹੈ ਅਤੇ ਨਾ ਹੀ ਗੁਆਂਢੀਆਂ ਦੀ ਰੀਸੇ ਤਾਂਤ੍ਰਿਕ ਢੰਗ ਤਰੀਕਿਆਂ ਨਾਲ ਕੀਤੇ ਪਾਠ ਦਾ ਗੁਰਮਤਿ ਜੀਵਨ ਵਿਚ ਕੋਈ ਮਹੱਤਵ ਹੈ।

**(ਹ) ਪਾਠ ਆਰੰਭ ਕਰਨ ਸਮੇਂ ਅਨੰਦੁ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰ ਕੇ 'ਹੁਕਮ' ਲੈਣਾ ਚਾਹੀਏ। ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।**

***ਵਿਆਖਿਆ***

**ਪਾਠ ਅਰੰਭ ਕਰਨਾ** : ਅਰਦਾਸ ਕਰਨ ਉਪਰੰਤ ਹੁਕਮ ਲੈ ਕੇ ਜਪੁ ਸਾਹਿਬ ਪੜ੍ਹਨ ਤੋਂ ਭਾਵ ਹੈ ਕਿ ਪਾਠ ਆਰੰਭ ਕੀਤਾ ਜਾਵੇ ਨਾ ਕਿ ਉਸ ਵੇਲੇ ਕੋਈ ਹੋਰ ਵੀਚਾਰ ਜਾਂ ਵਿਆਖਿਆ ਅਰੰਭੀ ਜਾਵੇ।

**(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰਾਂ, ਮਾਤਰ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਦੈ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ।**

*(ਸਿੱਖ ਰਹਿਤ ਮਰਯਾਦਾ, ਪੰਨਾ 17)*

***ਵਿਆਖਿਆ :***

**ਅਖੰਡ ਪਾਠ** ਗੁਰਬਾਣੀ ਪੜ੍ਹਨ ਦਾ ਉਹ ਢੰਗ ਹੈ ਜਿਸ ਵਿਚ ਪਾਠੀ ਬਿਨਾਂ ਰੁਕਿਆਂ (Continuous, Without break & Interruption) ਪਾਠ ਜਾਰੀ ਰੱਖਦਾ ਹੈ। ਆਮ ਤੌਰ 'ਤੇ ਪਾਠ 16 ਪਹਿਰਾਂ ਜਾਂ 48 ਘੰਟਿਆਂ ਵਿਚ ਸੰਪੂਰਨ ਕੀਤਾ ਜਾਂਦਾ ਹੈ, ਭਾਵੇਂ ਮਰਯਾਦਾ ਪੱਖੋਂ ਸਮੇਂ ਦੀ ਕੋਈ ਪਾਬੰਦੀ ਨਹੀਂ। ਅੱਜ-ਕੱਲ੍ਹ ਬੇਅੰਤ ਸਾਧਨ ਹੋਣ ਕਾਰਨ ਥਾਂ ਥਾਂ 'ਤੇ ਅਖੰਡ ਪਾਠਾਂ ਦੀਆਂ ਲੜੀਆਂ ਚਲਾਈਆਂ ਜਾ ਰਹੀਆਂ ਹਨ ਪਰ ਅਠਾਰ੍ਹਵੀਂ ਸਦੀ ਵਿਚ, ਜਦੋਂ ਸਾਰੀ ਗੁਰਬਾਣੀ ਦਾ ਪਾਠ ਅਖੰਡ (ਅਰੁਕ) ਕਰਨਾ ਸ਼ੁਰੂ ਹੋਇਆ, ਉਦੋਂ ਅਜਿਹਾ ਨਹੀਂ ਸੀ। ਉਦੋਂ ਤਾਂ ਕੇਵਲ ਭਾਰੀ ਉਤਸ਼ਾਹ ਜਾਂ ਅਚਾਨਕ ਭੀੜ ਪੈਣ ਤੇ ਸਮੇਂ ਦੀ ਘਾਟ ਕਾਰਨ ਅਖੰਡ ਪਾਠ ਕੀਤਾ ਜਾਂਦਾ ਸੀ ਅਰ ਪਾਠ ਕਰਨ ਵਾਲਿਆਂ ਦਾ ਮਨੋਰਥ ਕੇਵਲ ਮਾਤਰ ਗੁਰਬਾਣੀ ਸੁਣ ਕੇ ਆਨੰਦ ਲੈਣਾ ਸੀ।

ਪਾਠ ਕਰਨ ਵਾਲੇ ਨੂੰ ਤਾਗੀਦ ਹੈ ਕਿ ਪਾਠ ਬੋਲ ਕੇ ਸਾਫ਼ ਤੇ ਸ਼ੁੱਧ ਕੀਤਾ ਜਾਵੇ ਤਾਂ ਜੁ ਸੁਣਨ ਵਾਲਾ ਪੂਰਾ ਪੂਰਾ ਲਾਭ ਲੈ ਸਕੇ। ਕਈ ਵਾਰ ਸਮੇਂ ਦਾ ਧਿਆਨ ਰੱਖਦਿਆਂ ਪਾਠ ਇੰਨਾ ਤੇਜ਼ ਕੀਤਾ ਜਾਂਦਾ ਹੈ ਕਿ ਸੁਣਨ ਵਾਲੇ ਦੇ ਕੁਝ ਪੱਲੇ ਨਹੀਂ ਪੈਂਦਾ। ਅਜਿਹਾ ਕਰਦਿਆਂ ਪਾਠ ਤਾਂ ਭਾਵੇਂ ਸਮੇਂ ਸਿਰ ਸੰਪੂਰਨ ਹੋ ਜਾਵੇ ਪਰ ਪਾਠ ਕੀਤਾ ਕਾਹਦੇ ਲਈ ਜਾਂਦਾ ਹੈ ? ਮੰਤਵ ਗੁੰਮ ਜਾਂਦਾ ਹੈ। ਇਸੇ ਲਈ ਮਰਯਾਦਾ ਵਿਚ ਇਹ ਅੰਕਿਤ ਕੀਤਾ ਗਿਆ ਹੈ। ਲਗ-ਮਾਤਰ ਦਾ ਧਿਆਨ ਰੱਖ ਕੇ ਪਾਠ ਸਾਫ਼ ਤੇ ਸ਼ੁੱਧ ਕਰਨਾ ਚਾਹੀਏ, ਸਮਾਂ ਭਾਵੇਂ ਕੁਝ ਵਧੀਕ ਲੱਗ ਜਾਵੇ।

**(ਅ) ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਕਿਸੇ ਆਦਮੀ, ਸਾਕ ਸੰਬੰਧੀ, ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ। ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ-ਸ਼ਕਤਿ ਭੋਜਨ ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।**


Sri Satguru Jagjit Singh Ji eLibrary NamdhariElibrary@gmail.com

*ਵਿਆਖਿਆ :*

'ਹਰੇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।' ਉਪਰ ਅਮਲ ਕਰਨ ਵਾਲਿਆਂ ਪਾਸੋਂ ਇਹ ਆਸ ਹੀ ਨਹੀਂ ਕੀਤੀ ਜਾਂਦੀ ਕਿ ਸਿੱਖੀ ਦਾ ਧਾਰਨੀ, ਸਿੱਖ ਗੁਰੂ ਕੀ ਸਿੱਖਿਆ ਆਪ ਪੜ੍ਹਨੀ ਹੀ ਨਹੀਂ ਜਾਣਦਾ। ਇਸ ਲਈ ਜਦੋਂ ਵੀ ਪਰਿਵਾਰ ਨੂੰ ਕਦੀ ਅਖੰਡ ਪਾਠ ਕਰਨ ਦਾ ਉਤਸ਼ਾਹ ਹੋਵੇ ਜਾਂ ਆਪ ਸਾਰਾ ਪਰਿਵਾਰ ਤੇ ਸੰਬੰਧੀ ਮਿੱਤਰ ਰਲ ਕੇ ਕਰਨ। ਜੇ ਗੁਰਦੁਆਰੇ ਵਿਚ ਕਿਸੇ ਸਮੇਂ ਸੰਗਤ ਵੱਲੋਂ ਪਾਠ ਕਰਨ ਦੀ ਇੱਛਾ ਪ੍ਰਗਟ ਹੋਵੇ ਤਾਂ ਸਾਰੀ ਸੰਗਤ ਆਪ ਰਲ ਮਿਲ ਕੇ ਪਾਠ ਕਰੇ। ਇਹ ਬਿਲਕੁਲ ਧਿਆਨ ਰੱਖਣ ਦੀ ਲੋੜ ਨਹੀਂ ਕਿ ਪਾਠੀ ਕੇਵਲ ਚਾਰ, ਪੰਜ ਜਾਂ ਛੇ ਹੀ ਹੋ ਸਕਦੇ ਹਨ। ਜਿੰਨੇ ਵੀ ਪ੍ਰੇਮੀ ਬੀਬੀਆਂ ਤੇ ਭਾਈ ਪਾਠ ਕਰ ਸਕਦੇ ਹੋਣ, ਉਨ੍ਹਾਂ ਨੂੰ ਆਪ ਮਿਲ ਕੇ ਇਹ ਸੇਵਾ ਕਰਨੀ ਚਾਹੀਦੀ ਹੈ। ਹਾਂ, ਬੀਮਾਰੀ, ਅਨਪੜ੍ਹਤਾ ਜਾਂ ਕਿਸੇ ਹੋਰ ਖ਼ਾਸ ਕਾਰਨ ਜਦੋਂ ਆਦਮੀ ਆਪ ਪਾਠ ਕਰਨ ਤੋਂ ਅਸਮਰੱਥ ਹੋਵੇ ਤਾਂ ਸਿਆਣੇ/ਵਿਦਵਾਨ ਪਾਠੀ ਪਾਸੋਂ ਪਾਠ ਸੁਣ ਲੈਣ ਵਿਚ ਕੋਈ ਹਰਜ ਨਹੀਂ ਸਗੋਂ ਨਾਲ ਨਾਲ ਕੁਝ ਵੀਚਾਰ ਵੀ ਹੁੰਦੀ ਰਹੇ ਪਰ, ਅਜਿਹਾ ਨਾ ਹੋਵੇ ਕਿ ਪਾਠੀ ਪਾਠ ਕਰ ਰਿਹਾ ਹੋਵੇ ਅਤੇ ਨਾ ਕਰਵਾਉਣ ਵਾਲੇ ਕੋਲ ਆਪਣੇ ਰੁਝੇਵਿਆਂ ਵਿੱਚੋਂ ਵਿਹਲ ਹੋਵੇ ਅਤੇ ਨਾ ਹੀ ਸੰਗਤ ਬੈਠੀ ਹੋਵੇ। ਅਜਿਹੀ ਅਵਸਥਾ ਵਿਚ ਜਿਥੇ ਸੁਣਨਾ ਮਨੋਰਥ ਨਾ ਹੋਵੇ ਉਥੇ ਪਾਠ ਕਰਨਾ ਕੇਵਲ ਇਸੇ ਪ੍ਰਕਾਰ ਦੀ ਖ਼ਾਨਾ ਪੂਰੀ ਹੀ ਸਮਝਣੀ ਚਾਹੀਦੀ ਹੈ।

ਜਿਸ ਵਿਦਵਾਨ ਗ੍ਰਿਹਸਥੀ ਸਿੱਖ ਨੇ ਆਪਣਾ ਸਮਾਂ ਕੱਢ ਕੇ ਪਾਠ ਸੁਣਾਉਣ ਦੀ ਸੇਵਾ ਕੀਤੀ ਹੋਵੇ, ਲੋੜ ਅਨੁਸਾਰ ਉਸ ਦੀ ਭੋਜਨ ਤੇ ਬਸਤਰਾਂ ਆਦਿ ਨਾਲ ਯਥਾ-ਸ਼ਕਤਿ ਸੇਵਾ ਕਰ ਕੇ ਦਸਵੰਧ ਸਫਲਾ ਕੀਤਾ ਜਾਵੇ।

ਕੁਝ ਪ੍ਰੇਮੀ ਸੱਜਣ ਪਾਠ ਦਾ ਭੋਗ ਪੈਣ ਸਮੇਂ ਹੀ ਹਾਜ਼ਰ ਹੋ ਕੇ ਗੁਰੂ ਸਾਹਿਬ ਲਈ ਰੁਮਾਲਾ ਅਤੇ ਪਾਠੀਆਂ ਦੀ ਸੇਵਾ ਲਈ ਕੁਝ ਮਾਇਆ (ਪਾਠ ਦੀ ਪੂਜਾ ?) ਭੇਟ ਕਰ ਕੇ ਇਹ ਸਮਝਦੇ ਹਨ ਕਿ ਉਨ੍ਹਾਂ ਨੇ ਪਾਠ ਦਾ ਫਲ ਜਾਂ ਮਹਾਤਮ ( ? ) ਆਪਣੀ ਝੋਲੀ ਪੁਆ ਲਿਆ ਹੈ। ਇਸੇ ਤਰ੍ਹਾਂ ਹੀ ਕੁਝ ਚਿੱਠੀਆਂ ਰਾਹੀਂ ਦੇਸ-ਪ੍ਰਦੇਸ ਤੋਂ ਪਾਠ ਲਈ ਭੇਜੀ ਮਾਇਆ ਦੀ ਰਸੀਦ ਦੇ ਨਾਲ ਭੋਗ ਸਮੇਂ ਦਾ ਹੁਕਮਨਾਮਾ ਲਿਖਿਆ ਪ੍ਰਾਪਤ ਕਰ ਕੇ ਭਾਰੀ ਸੇਵਾ ਕੀਤੀ ਸਮਝਦੇ ਹਨ। "ਬਿਨੁ ਖਾਏ ਬੂਝੈ ਨਹੀ ਭੂਖ॥" (ਪੰਨਾ 1149) ਅਤੇ "ਪੇਖੇ ਬਿੰਜਨ ਪਰੋਸਨਹਾਰੈ॥ ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ॥" (ਪੰਨਾ 1299) ਗੁਰਵਾਕਾਂ ਦੀ ਸੋਧ ਦੇ ਹੁੰਦਿਆਂ-ਸੁੰਦਿਆਂ ਵੀ "ਦੇਖਾ ਦੇਖੀ ਸਭ ਕਰੇ" (ਪੰਨਾ 28) ਵਾਲੀ ਅਵਸਥਾ ਸਿੱਖੀ ਮੰਡਲ ਵਿਚ ਹਾਵੀ ਹੋ ਚੁੱਕੀ ਹੈ। ਭਾਵੇਂ ਅਖੰਡ ਪਾਠਾਂ ਦੀਆਂ ਲੜੀਆਂ ਵਿਚ ਪਾਠ ਕਰਾਉਣ ਵਾਲਿਆਂ ਨੂੰ ਵਾਰੀ ਨਾ ਮਿਲਦੀ ਹੋਵੇ, ਪਰ ਗੁਰਬਾਣੀ ਨੂੰ ਬਿਨਾਂ ਸੁਣਨ ਵਿਚਾਰਨ ਦੇ ਇਸ ਰੂਪ ਵਿਚ ਪੜ੍ਹੇ ਜਾਣ ਦੇ ਵਰਤਾਰੇ ਨਾਲ ਸਿੱਖ ਜੀਵਨ ਵਿਚ ਹੁਲਾਰਾ ਆਉਣ ਦੀ ਬਜਾਇ ਭਰਮਾਂ ਦੀਆਂ ਕਾਲੀਆਂ ਘਟਾਵਾਂ ਛਾਈਆਂ ਹੋਈਆਂ ਹਨ।


Sri Satguru Jagjit Singh Ji eLibrary NamdhariElibrary@gmail.com

**(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣਾ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।**

***ਵਿਆਖਿਆ :***

**ਕੁੰਭ, ਜੋਤ, ਨਲੀਏਰ ਆਦਿ ਰੱਖਣਾ** : ਜਿਉਂ ਹੀ ਅਸੀਂ ਪਾਠ ਕਰਨ ਦੇ ਗੁਰਮਤੀ ਮੰਤਵ ਨੂੰ ਨਜ਼ਰ-ਅੰਦਾਜ਼ ਕਰਦੇ ਹਾਂ, ਸਾਡੇ ਮਨਾਂ ਉਪਰ ਬਿਪਰਵਾਦ ਦਾ ਪ੍ਰਭਾਵ ਹਾਵੀ ਹੋ ਜਾਂਦਾ ਹੈ। ਭਾਰੀ ਸ਼ੋਕ ਵਾਲੀ ਗੱਲ ਇਹ ਹੈ ਕਿ ਇਹ ਪ੍ਰਭਾਵ ਪੈਦਾ ਕਰਨ ਵਾਲੇ ਓਪਰੇ ਨਹੀਂ ਸਗੋਂ ਸਾਡੇ ਹੀ ਕੁਝ ਧਾਰਮਿਕ ਆਗੂ ਹੁੰਦੇ ਹਨ ਅਤੇ ਅਜਿਹਾ ਕਿਸੇ ਦੇਵ ਮੰਦਰ ਵਿਚ ਨਹੀਂ ਸਗੋਂ ਗੁਰਦੁਆਰੇ ਵਿਚ ਕੀਤਾ ਜਾਂਦਾ ਹੈ।

ਗੁਰੂ ਪਾਤਸ਼ਾਹ ਦੀ ਕ੍ਰਿਪਾ ਸਦਕਾ ਸਾਡੇ ਵਡ-ਵਡੇਰੇ ਹਿੰਦੂਓਂ ਸਿੱਖ ਤਾਂ ਬਣ ਗਏ ਪਰ ਕੁਝ ਕੁ ਆਪਣੀ ਮਾਨਸਿਕਤਾ ਵਿੱਚੋਂ ਬਿਪਰਵਾਦ ਨਹੀਂ ਕੱਢ ਸਕੇ। ਮੰਦਰ ਦੀ ਥਾਂ ਗੁਰਦੁਆਰੇ ਆਉਣ ਲੱਗ ਪਏ, ਮੂਰਤੀ ਦੀ ਥਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਲੱਗ ਪਏ ਅਤੇ ਬ੍ਰਾਹਮਣ ਦੀ ਥਾਂ ਗ੍ਰੰਥੀ ਨੂੰ ਆਪਣਾ ਆਗੂ ਮੰਨ ਲਿਆ ਪਰ "ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥" (ਗੁ: ਗ੍ਰੰ: ਸਾ:, ਪੰਨਾ 288) ਦਾ ਪਾਠ ਪੜ੍ਹਾਉਂਦਿਆਂ ਗੁਰੂ ਸਾਹਿਬ ਨੇ ਜਿਸ ਬਿਪਰਵਾਦ ਨੂੰ ਤ੍ਰਿਸਕਾਰਿਆ ਸੀ, ਅਸੀਂ ਉਸੇ ਨੂੰ ਸਤਿਕਾਰਦਿਆਂ ਘੁੱਟ ਕੇ ਗਲਵਕੜੀ ਪਾ ਲਈ। ਗੁਰਬਾਣੀ ਨੂੰ ਵੀਚਾਰ ਕੇ ਹਿਰਦੇ ਵਿਚ ਧਾਰਨ ਕਰਨ ਦੀ ਥਾਂ ਕੇਵਲ 'ਪੂਜਾ ਦਾ ਆਧਾਰ' ਬਣਾ ਕੇ ਰੱਖ ਦਿੱਤਾ ਅਤੇ ਫਿਰ ਆਪਣੀ ਆਪਣੀ ਭਾਵਨਾ ਦੀ ਪੂਰਤੀ ਲਈ ਤਾਂਤ੍ਰਿਕ ਰੀਤੀ ਅਨੁਸਾਰ ਗੁਰਬਾਣੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ।

ਰਾਮਾਇਣ ਦਾ ਅਖੰਡ ਪਾਠ ਕਰਨ ਸਮੇਂ ਹੁੰਦੀਆਂ ਰੀਤੀਆਂ ਨੂੰ ਮਨਘੜਤ ਅਰਥ ਦੇ ਕੇ ਗੁਰਬਾਣੀ ਦਾ ਅਖੰਡ ਪਾਠ ਕਰਨ ਲੱਗ ਪਏ। ਉਵੇਂ ਹੀ ਦੇਵਤਿਆਂ ਦੀ ਹਾਜ਼ਰੀ ਵਜੋਂ ਅਗਨਿ ਦੇਵਤੇ ਨੂੰ ਅਖੰਡ ਜੋਤ ਦੇ ਰੂਪ ਵਿਚ, ਵਰੁਣ ਦੇਵਤੇ ਨੂੰ ਕੁੰਭ ਦੇ ਰੂਪ ਵਿਚ, ਅਨਾਜ ਦੇਵਤੇ ਨੂੰ ਜੌਆਂ ਦੇ ਰੂਪ ਵਿਚ ਅਤੇ ਹਨੂੰਮਾਨ ਦੀ ਹਾਜ਼ਰੀ ਉਸ ਦੇ ਜਾਂਘੀਏ ਦੇ ਚਿੰਨ੍ਹ : ਲਾਲ ਕੱਪੜੇ ਦੇ ਰੂਪ ਵਿਚ ਤੇ ਸਿਰ ਦੀ ਬਲੀ ਦੇਣ ਵਜੋਂ ਬਿਪਰ ਵੱਲੋਂ ਥਾਪੀ ਨਾਰੀਅਲ ਭੇਟ ਨੂੰ, ਆਪਣੀ ਗੁਰਮਤਿ ਮਰਯਾਦਾ ਥਾਪ ਲਿਆ। ਹੋਮ ਦੀ ਨਕਲੇ ਦਿਨੇ ਦੀਵਿਆਂ ਵਿਚ ਘਿਉ ਮਚਾਉਣ ਨੂੰ ਹਰਿਮੰਦਰ ਸਾਹਿਬ ਦੀ ਜੋਤ ਦੀ ਰੀਸ ਮਿਥ ਲੈਣਾ, ਪਾਣੀ ਦੇ ਘੜੇ ਨੂੰ ਅੰਮ੍ਰਿਤ ਬਣਦਾ ਸਮਝ ਲੈਣਾ, ਨਾਰੀਅਲ ਨੂੰ ਗੁਰਿਆਈ ਬਦਲਣ ਸਮੇਂ ਗੁਰੂ ਸਾਹਿਬਾਨ ਵੱਲੋਂ ਵਰਤੇ (?) ਦੀ ਉਦਾਹਰਣ ਘੜ ਲੈਣਾ ਅਤੇ ਪਾਠ ਦੌਰਾਨ ਇਸ ਦੀ ਗਿਰੀ ਸੜ ਜਾਣ ਨੂੰ ਪਾਠ ਦੀ ਸਫਲਤਾ ਮੰਨ ਬੈਠਣਾ ਆਦਿ ਗੁਰਮਤਿ ਦੇ ਰੂਪ ਵਿਚ ਬਿਪਰਵਾਦ ਹੈ। ਇਸ ਤਰ੍ਹਾਂ ਕਰਨ ਕਰਾਉਣ ਵਾਲੇ ਜਾਣੇ ਜਾਂ ਅਣਜਾਣੇ ਫ਼ੋਕਟ ਕਰਮ ਕਰ ਕੇ ਗੁਰੂ


Sri Satguru Jagjit Singh Ji eLibrary NamdhariElibrary@gmail.com

ਕੀਆਂ ਖ਼ੁਸ਼ੀਆਂ ਭਾਲਦੇ ਹਨ। ਅੱਜ ਸਾਡੀ ਗੁਰਮਤੀ-ਅੱਖ ਦੀ ਰੌਸ਼ਨੀ ਇੰਨੀ ਕਮਜ਼ੋਰ ਪੈ ਗਈ ਹੈ ਕਿ ਗੁਰੂ ਦੇ ਵਿਹੜੇ ਵਿਚ ਬਿਪਰਵਾਦ ਦੇ ਜਨਮੇ ਨਿਆਣਿਆਂ ਨੂੰ ਅਸੀਂ ਪਛਾਣ ਨਹੀਂ ਸਕਦੇ ਅਤੇ ਆਪਣੇ ਜਾਣਦਿਆਂ ਹੋਇਆਂ ਗਲ ਨਾਲ ਲਾ ਕੇ ਮੂੰਹ ਮੱਥਾ ਚੱਟੀ ਜਾਂਦੇ ਹਾਂ। ਇਹ ਭੁੱਲ ਹੀ ਗਏ ਹਾਂ ਕਿ ਕੀ ਸਾਰੀ ਬਾਣੀ ਵਿਚ ਗੁਰੂ ਸਾਹਿਬ ਨੇ ਕਿਤੇ ਵੀ ਪਾਣੀ ਦੇ ਕੁੰਭ, ਘਿਉ ਦੀ ਜੋਤ ਜਾਂ ਨਾਰੀਅਲ ਆਦਿ ਦੀ ਮਹਿਮਾ ਲਿਖੀ ਹੈ?

**ਨਾਲ ਨਾਲ ਜਾਂ ਵਿਚ ਵਿਚ ਹੋਰ ਬਾਣੀ ਦਾ ਪਾਠ ਕਰਨਾ :** ਇਸੇ ਚਾਲ ਵਿਚ ਹੀ ਰਾਮਾਇਣ ਦਾ ਪਾਠ ਕਰਦਿਆਂ ਵਿਚ ਵਿਚ 'ਜਯ ਸੀਆ ਰਾਮ, ਜਯ ਸੀਆ ਰਾਮ' ਦੀ ਰੀਸੇ ਸਾਡੇ ਗੁਰਸਿੱਖ ਭਾਈ ਵੀ 'ਭਾਵਨਾ ਅਨੁਸਾਰ ਸ਼ਬਦ' ਮਿਥ ਕੇ ਅਖੰਡ ਪਾਠ ਵਿਚ ਸੰਪਟ ਦੇਣ ਲੱਗ ਪਏ ਹਨ। ਇਧਰ ਕਿਸੇ ਦਾ ਵੀ ਧਿਆਨ ਨਹੀਂ ਕਿ ਅਸੀਂ ਅਜਿਹਾ ਕਰ ਕੇ ਪੰਜਵੇਂ ਸਤਿਗੁਰਾਂ ਅਤੇ ਦਸਮੇਸ਼ ਜੀ ਵੱਲੋਂ ਲਿਖੀ ਗੁਰਬਾਣੀ ਦੀ ਤਰਤੀਬ ਭੰਗ ਕਰਨ ਦੇ ਮਹਾਂ ਦੋਸ਼ੀ ਬਣ ਜਾਂਦੇ ਹਾਂ, ਪਰ ਮਹਿੰਗੇ ਭਾਅ ਗੁਰੂ ਕੀਆਂ ਖ਼ੁਸ਼ੀਆਂ ਲੈ ਕੇ ਦੇਣ ਦੀ ਇਸ ਲੀਲ੍ਹਾ ਨੂੰ ਸਾਡੇ ਕੁਝ ਧਾਰਮਿਕ (?) ਆਗੂ 'ਪੂਰਨ ਗੁਰ ਮਰਯਾਦਾ ਅਨੁਸਾਰ ਗੁਰਬਾਣੀ ਦਾ ਮਹਾਨ ਯੱਗ (?)' ਕਹਿ ਕੇ ਪ੍ਰਚਾਰਨੋਂ ਨਹੀਂ ਥੱਕਦੇ। "ਉਜਰਤ ਦੇ ਪਾਠ ਕਰਾਉਣ, ਤੰਤ੍ਰ ਸ਼ਾਸਤ੍ਰ ਦੀ ਦੱਸੀ ਰੀਤਿ ਅਨੁਸਾਰ ਜਪ, ਵਰਣੀਆਂ, ਸਪਤਾਹ ਪਾਠ, ਸੰਪਟ ਪਾਠ, ਖ਼ਾਸ ਵੇਲੇ ਅੰਦਰ ਪਾਠ ਦੀ ਸਮਾਪਤੀ, ਨਲੇਰ, ਕਲਸ, ਦਿਨੇ ਦੀਵਾ ਆਦਿ ਸਭ ਕਰਮ ਹਿੰਦੂ ਰੀਤਿ ਦੀ ਨਕਲ ਹੈਨ।" *(ਗੁਰਮਤਿ ਮਾਰਤੰਡ, ਪੰਨੇ 423-24, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)*

## *ਸਾਧਾਰਨ ਪਾਠ/ਅਖੰਡ ਪਾਠ ਦਾ ਅਰੰਭ*

**ਸਾਧਾਰਨ ਪਾਠ ਦੇ ਅਰੰਭ ਵੇਲੇ ਪ੍ਰਸ਼ਾਦ ਲਿਆ ਕੇ ਅਨੰਦੁ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸ ਮਗਰੋਂ 'ਹੁਕਮ' ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦ ਹੋਵੇ, ਫੇਰ ਅਨੰਦੁ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਨ ਮਗਰੋਂ ਅਰਦਾਸ ਕਰ ਕੇ ਅਤੇ ਹੁਕਮ ਲੈ ਕੇ ਪਾਠ ਦਾ ਅਰੰਭ ਕੀਤਾ ਜਾਵੇ।**

***ਵਿਆਖਿਆ :***

ਸਾਧਾਰਨ ਪਾਠ ਅਤੇ ਅਖੰਡ ਪਾਠ ਦੀ ਅਰੰਭਤਾ ਸਮੇਂ ਦੀ ਮਰਯਾਦਾ ਵਿਚ ਕੇਵਲ ਇੰਨਾ ਕੁ ਅੰਤਰ ਅੰਕਿਤ ਹੈ ਕਿ ਅਖੰਡ ਪਾਠ ਦੀ ਅਰੰਭਤਾ ਸਮੇਂ ਕੜਾਹ ਪ੍ਰਸ਼ਾਦ ਹੋਣਾ ਜ਼ਰੂਰੀ ਹੈ। ਅਗਰ ਸਾਧਾਰਨ ਪਾਠ ਦੀ ਅਰੰਭਤਾ ਸਮੇਂ ਵੀ ਕੜਾਹ ਪ੍ਰਸ਼ਾਦ ਤਿਆਰ ਹੋ ਸਕੇ ਤਾਂ ਭਲਾ, ਜਿਵੇਂ ਅੱਜ-ਕੱਲ੍ਹ ਆਮ ਵਰਤਾਰਾ ਹੈ ਪਰ ਇਹ ਪਾਬੰਦੀ ਨਹੀਂ।



Sri Satguru Jagjit Singh Ji eLibrary NamdhariElibrary@gmail.com

**(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ ਵਿਚ ਅਜੇ ਤਕ ਮੱਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ।) ਇਸ ਤੋਂ ਉਪਰੰਤ ਅਨੰਦੁ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।**

*(ਸਿੱਖ ਰਹਿਤ ਮਰਯਾਦਾ, ਪੰਨਾ 18)*

*ਵਿਆਖਿਆ :*

**ਰਾਗਮਾਲਾ ਪੜ੍ਹਨੀ** : 12 ਅਕਤੂਬਰ, 1936 ਨੂੰ ਜੋ ਰਹਿਤ ਮਰਯਾਦਾ ਪ੍ਰਵਾਨ ਹੋਈ, ਉਸ ਵਿਚ ਇਹ ਨਿਯਮ ਇਸ ਪ੍ਰਕਾਰ ਅੰਕਿਤ ਸੀ : 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਵਾਣੀ ਉੱਤੇ ਪਾਇਆ ਜਾਵੇ (ਇਸ ਗੱਲ ਬਾਬਤ ਪੰਥ ਵਿਚ ਅਜੇ ਤੱਕ ਮੱਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦੁ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ। (ਪੰਨਾ 7, ਪਹਿਲੀ ਐਡੀਸ਼ਨ 1937) ਪਰ, ਸਾਨੂੰ ਜਾਪਦਾ ਹੈ ਕਿ ਪਹਿਲਾਂ ਰਾਗਮਾਲਾ ਆਮ ਤੌਰ 'ਤੇ ਪੜ੍ਹੀ ਜਾਇਆ ਕਰਦੀ ਸੀ, ਇਸ ਕਰਕੇ ਕੁਝ ਵਿਵਾਦ ਪੈਦਾ ਹੋ ਜਾਣਾ ਕੁਦਰਤੀ ਸੀ। ਇਸ ਦੇ ਨਾਲ ਨਾਲ ਕੁਝ ਸੰਪਰਦਾਵਾਂ ਜਾਂ ਵਿਅਕਤੀ ਅਜਿਹੇ ਵੀ ਸਨ ਜੋ ਰਾਗਮਾਲਾ ਪੜ੍ਹਨ ਬਾਬਤ ਸਖ਼ਤੀ ਨਾਲ ਪਹਿਰਾ ਦੇਣ ਦੇ ਹੱਕ ਵਿਚ ਸਨ। ਅਜਿਹਾ ਧਿਆਨ ਵਿਚ ਰੱਖਦਿਆਂ ਧਾਰਮਿਕ ਸਲਾਹਕਾਰ ਕਮੇਟੀ ਨੇ 27-5-1945 ਨੂੰ ਆਪਣੀ ਪੰਦਰ੍ਹਵੀਂ ਇਕੱਤਰਤਾ ਵਿਚ ਰਾਗਮਾਲਾ ਬਾਬਤ ਇਸ ਪ੍ਰਕਾਰ ਦਾ ਮਤਾ ਕੀਤਾ :

> "ਇਹ ਵੀ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਕਿ ਜਦ ਤਕ ਧਾਰਮਿਕ ਸਲਾਹਕਾਰ ਕਮੇਟੀ ਇਸ ਸੰਬੰਧੀ ਫ਼ੈਸਲਾ ਨਹੀਂ ਕਰਦੀ ਤਦ ਤਕ ਇਹੋ ਪੋਜ਼ੀਸ਼ਨ ਰੱਖੀ ਜਾਵੇ ਕਿ ਜਿਸ ਜਗ੍ਹਾ ਭੋਗ ਮੁੰਦਾਵਣੀ 'ਤੇ ਪਾਇਆ ਜਾਂਦਾ ਹੈ, ਉਥੇ ਨਵੇਂ ਫ਼ੈਸਲੇ ਤਕ ਭੋਗ ਮੁੰਦਾਵਣੀ 'ਤੇ ਹੀ ਪਾਇਆ ਜਾਇਆ ਕਰੇ ਅਤੇ ਜਿਥੇ ਰਾਗਮਾਲਾ ਪੜ੍ਹੀ ਜਾਂਦੀ ਹੈ, ਉਨ੍ਹਾਂ ਨੂੰ ਪੜ੍ਹਨ ਤੋਂ ਨਾ ਰੋਕਿਆ ਜਾਵੇ।"

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ' ਅਨੁਸਾਰ ਰਾਗਮਾਲਾ ਬਾਬਤ 29 ਅਕਤੂਬਰ, 1945 ਦੀ ਜਨਰਲ ਇਕੱਤਰਤਾ ਵਿਚ ਫਿਰ ਵੀਚਾਰ ਹੋਈ। ਇਸ ਇਕੱਤਰਤਾ ਦੀ ਪ੍ਰਧਾਨਗੀ ਸਿੰਘ ਸਾਹਿਬ ਮੋਹਨ ਸਿੰਘ ਜੀ ਕਰ ਰਹੇ ਸਨ ਜੋ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਸਨ। ਪੂਰੀ ਰਿਪੋਰਟ ਇਉਂ ਹੈ :


Sri Satguru Jagjit Singh Ji eLibrary NamdhariElibrary@gmail.com

## 'ਰਾਗਮਾਲਾ ਦਾ ਸਵਾਲ ਤੇ ਉਸ ਬਾਰੇ ਮਤਾ'

ਸਰਦਾਰ ਅਮਰ ਸਿੰਘ (ਸ਼ੇਰ-ਏ-ਪੰਜਾਬ) ਵੱਲੋਂ ਰਾਗਮਾਲਾ ਬਾਰੇ ਇਹ ਮਤਾ ਪੇਸ਼ ਕੀਤਾ ਗਿਆ ਜਿਸ ਸੰਬੰਧੀ ਪ੍ਰਧਾਨ ਸਾਹਿਬ ਨੇ ਦੱਸਿਆ ਕਿ ਸੰਨ 1936 ਈਸਵੀ ਵਿਚ ਧਾਰਮਿਕ ਸਲਾਹਕਾਰ ਕਮੇਟੀ ਨੇ ਫ਼ੈਸਲਾ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ 'ਤੇ ਪਾਇਆ ਜਾਵੇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਰਾਗਮਾਲਾ ਨੂੰ ਕੱਢਣ ਦਾ ਹੀਆ ਕੋਈ ਨਾ ਕਰੇ। ਇਸ ਫ਼ੈਸਲੇ 'ਤੇ ਕਿਸੇ ਥਾਂ ਅਮਲ ਹੋਇਆ ਅਤੇ ਕਿਸੇ ਥਾਂ 'ਤੇ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਪੰਜਾ ਸਾਹਿਬ ਵਿਚ ਉਦੋਂ ਤੋਂ ਹੀ ਭੋਗ ਮੁੰਦਾਵਣੀ 'ਤੇ ਪਾਇਆ ਜਾਂਦਾ ਹੈ, ਜਦੋਂ ਤੋਂ ਇਹ ਪਵਿੱਤਰ ਅਸਥਾਨ ਮੁੜ ਪੰਥਕ ਪ੍ਰਬੰਧ ਵਿਚ ਆਏ ਹਨ। ਧਾਰਮਿਕ ਸਲਾਹਕਾਰ ਕਮੇਟੀ ਦੇ ਇਕ ਮੈਂਬਰ ਸਾਹਿਬ ਵੱਲੋਂ ਇਹ ਮਾਮਲਾ ਦੁਬਾਰਾ ਵਿਚਾਰ ਹਿਤ ਪੇਸ਼ ਹੋਣ 'ਤੇ ਇਕ ਸਬ-ਕਮੇਟੀ ਪੁਰਾਤਨ ਪਵਿੱਤਰ ਬੀੜਾਂ ਦੇ ਦਰਸ਼ਨ ਕਰ ਕੇ ਰਿਪੋਰਟ ਕਰਨ ਹਿੱਤ ਨਿਯਤ ਕੀਤੀ ਗਈ ਹੈ, ਜਦ ਤਕ ਕੋਈ ਫ਼ੈਸਲਾ ਨਹੀਂ ਹੁੰਦਾ, ਰਾਗਮਾਲਾ ਸੰਬੰਧੀ ਸਟੇਟਸ-ਕੋ ਹੀ ਕਾਇਮ ਰਹੇਗਾ।

ਪਿੱਛੋਂ ਗਿਆਨੀ ਕਰਤਾਰ ਸਿੰਘ ਦੀ ਤਜਵੀਜ਼ 'ਤੇ ਜਥੇਦਾਰ ਊਧਮ ਸਿੰਘ ਦੀ ਤਾਇਦ ਨਾਲ ਸਰਬ-ਸੰਮਤੀ ਹੋਣ 'ਤੇ ਪਾਸ ਹੋਇਆ ਕਿ ਜਦ ਤਕ ਧਾਰਮਿਕ ਸਲਾਹਕਾਰ ਕਮੇਟੀ ਰਾਗਮਾਲਾ ਬਾਰੇ ਕੋਈ ਫ਼ੈਸਲਾ ਨਾ ਕਰੇ, ਤਦ ਤਕ ਪੰਥ ਵਿਚ ਵੱਖ ਵੱਖ ਥਾਵੀਂ ਉਨ੍ਹਾਂ ਦਾ ਉਹੋ ਪੁਰਾਣਾ ਬੰਧੇਜ ਹੀ ਕਾਇਮ ਰਹੇ ਤੇ ਉਸ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ। *(ਪੰਜਾਹ ਸਾਲਾ ਇਤਿਹਾਸ, ਪੰਨਾ 228)*

ਇਸ ਫ਼ੈਸਲੇ ਉਪਰੰਤ ਇਸ ਨਿਯਮ ਵਿਚ ਸੋਧ ਕਰ ਕੇ ਅਜੋਕਾ ਰੂਪ ਦਿੱਤਾ ਗਿਆ, ਜਿਸ ਅਨੁਸਾਰ ਬਾਣੀ ਦੇ ਪ੍ਰੇਮੀ ਸਿੰਘਾਂ ਨੂੰ ਰਾਗਮਾਲਾ ਪੜ੍ਹ ਕੇ ਜਾਂ ਮੁੰਦਾਵਣੀ 'ਤੇ ਭੋਗ ਪਾਉਣ ਦੀ ਖੁੱਲ੍ਹ ਦਿੱਤੀ ਗਈ। ਇਸ ਤੋਂ ਬਾਅਦ ਅਜੇ ਤਕ ਪੰਥਕ ਤੌਰ 'ਤੇ ਹੋਰ ਕੋਈ ਸੋਧ ਨਹੀਂ ਹੋਈ।

ਸਾਨੂੰ ਉਦੋਂ ਭਾਰੀ ਸ਼ੋਕ ਹੁੰਦਾ ਹੈ ਜਦੋਂ ਸਾਡੇ ਭਾਈ ਪੰਥਕ ਫ਼ੈਸਲੇ ਨੂੰ ਨਜ਼ਰ-ਅੰਦਾਜ਼ ਕਰ ਕੇ ਇਸ ਨਾਜ਼ਕ ਮਸਲੇ ਦੀ ਗੰਭੀਰਤਾ ਨੂੰ ਜਾਣੇ ਬਿਨਾਂ ਹੀ, ਆਪਸੀ ਧੜੇਬੰਦੀ ਦਾ ਸ਼ਿਕਾਰ ਹੋ ਕੇ ਅਣਹੋਂਦੇ ਝਗੜੇ ਆਪਣੇ ਗਲ ਵਿਚ ਪਾਉਂਦੇ ਹਨ ਅਤੇ ਸਮੁੱਚੇ ਪੰਥ ਵਿਚ ਬੇਰਸੀ ਪੈਦਾ ਕਰਨ ਦਾ ਕਾਰਨ ਬਣਦੇ ਹਨ।

ਕੁਝ ਥਾਵਾਂ 'ਤੇ ਵੇਖਣ ਵਿਚ ਆਇਆ ਹੈ ਕਿ ਮੁੰਦਾਵਣੀ ਜਾਂ ਰਾਗਮਾਲਾ ਪੜ੍ਹਨ ਉਪਰੰਤ ਫਿਰ 'ਜਪੁ' ਸਾਹਿਬ ਦਾ ਪੂਰਾ ਜਾਂ ਪੰਜ ਪਉੜੀਆਂ ਦਾ ਪਾਠ ਕੀਤਾ ਜਾਂਦਾ ਹੈ। ਕੁਝ ਪ੍ਰੇਮੀ 'ਹਜ਼ਾਰੇ' ਦੇ ਸ਼ਬਦਾਂ ਦੇ ਨਾਲ ਨਾਲ ਮਲਾਰ ਰਾਗ ਦਾ ਸ਼ਬਦ "ਕਿਆ ਤੂ ਸੋਚਹਿ ਕਿਆ ਤੂ ਚਿਤਵਹਿ" ਜਾਂ ਹੋਰ ਵੀ ਸ਼ਬਦ ਪੜ੍ਹ ਕੇ ਸਮਾਪਤੀ ਹੋਈ ਸਮਝਦੇ ਹਨ। ਇਸੇ ਤਰ੍ਹਾਂ ਕੁਝ ਪ੍ਰੇਮੀ ਪ੍ਰਾਣੀ ਦੇ ਚਲਾਣੇ ਸਮੇਂ ਰੱਖੇ ਪਾਠ ਦਾ ਭੋਗ ਰਾਮਕਲੀ ਰਾਗ ਵਿਚ ਅੰਕਿਤ 'ਸਦੁ' ਪੜ੍ਹ ਕੇ ਪਾਉਣਾ ਜ਼ਰੂਰੀ ਸਮਝਦੇ ਹਨ ਜਾਂ ਫਿਰ ਆਰਤੀ (?) ਦੇ ਸ਼ਬਦ ਪੜ੍ਹ ਕੇ ਜਾਂ ਗਾ ਕੇ ਵੀ। ਜਿਵੇਂ ਕਿ ਪਹਿਲਾਂ

Sri Satguru Jagjit Singh Ji eLibrary NamdhariElibrary@gmail.com 

ਵੀਚਾਰਿਆ ਜਾ ਚੁੱਕਾ ਹੈ 'ਪਾਠ ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚੱਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ'। ਇਸ ਤੋਂ ਸਪੱਸ਼ਟ ਹੈ ਕਿ ਸਾਰੀ ਬਾਣੀ ਦਾ ਪਾਠ '੧ੴ' ਤੋਂ ਲੈ ਕੇ "ਤਨੁ ਮਨੁ ਥੀਵੈ ਹਰਿਆ" ਜਾਂ "ਅਠਾਰਹ ਦਸ ਬੀਸ" 'ਤੇ ਸੰਪੂਰਨ ਹੋਇਆ ਮੰਨਿਆ ਗਿਆ ਹੈ। ਸੋ, ਸੰਖੇਪ ਰੂਪ ਵਿਚ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਇਸ ਉਪਰੰਤ ਫਿਰ ਕਿਸੇ ਹੋਰ ਬਾਣੀ ਦਾ ਪਾਠ ਕਰਨ ਨੂੰ ਭੋਗ (ਪਾਉਣ) ਦਾ ਅੰਗ ਮੰਨ ਲੈਣਾ 'ਕਲਪਤ ਰੀਤੀ' ਹੈ, ਜਿਸ ਨੂੰ ਪੰਥਕ ਪ੍ਰਵਾਨਗੀ ਨਹੀਂ।

**(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤਿ 'ਅਰਦਾਸ' ਕਰਾਈ ਜਾਵੇ।**

*(ਸਿੱਖ ਰਹਿਤ ਮਰਯਾਦਾ, ਪੰਨਾ 18)*

***ਵਿਆਖਿਆ :***

**ਯਥਾ-ਸ਼ਕਤਿ ਅਰਦਾਸ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਨੂੰ ਧਿਆਨ ਵਿਚ ਨਾ ਰੱਖ ਕੇ ਸਾਡੇ ਵੱਲੋਂ ਅਣਲੋੜੀਂਦੇ ਰੁਮਾਲੇ ਅਤੇ ਹੋਰ ਵਸਤੂਆਂ ਭੇਟ ਕਰੀ ਜਾਣ ਦੀ ਬਜਾਏ ਸੰਗਤ ਜਾਂ ਪੰਥਕ ਭਲਾਈ ਲਈ ਲੋੜੀਂਦੇ ਥਾਵਾਂ ਜਿਵੇਂ ਦੁਖੀਆਂ ਤੇ ਲੋੜਵੰਦਾਂ ਦੀ ਸੰਭਾਲ, ਧਰਮ ਪ੍ਰਚਾਰ ਵਿੱਦਿਆ ਦੇ ਪਸਾਰ ਆਦਿ ਉੱਤੇ ਦਸਵੰਧ ਲਾਉਣਾ ਸਫਲ ਸੇਵਾ ਆਖੀ ਗਈ ਹੈ :

**ਗੁਰੂ ਕਾ ਸਿਖ ਗ਼ਰੀਬ ਦੀ ਰਸਨਾ ਗੁਰੂ ਕੀ ਗੋਲਕ ਜਾਣੇ।**

*(ਰਹਿਤਨਾਮਾ ਭਾਈ ਚਉਪਾ ਸਿੰਘ ਜੀ)*

'ਜਿਸ ਗੁਰਦੁਆਰੇ ਬਹੁਤ ਸੁੰਦਰ ਰੁਮਾਲ ਗੁਰੂ ਗ੍ਰੰਥ ਸਾਹਿਬ ਲਈ ਮੌਜੂਦ ਹੋਣ, ਉਥੇ ਭੋਗ ਪੈਣ ਵੇਲੇ ਰੁਮਾਲ ਅਰਪਣਾ ਲਾਭਦਾਇਕ ਨਹੀਂ। ਜਿਥੇ ਰੁਮਾਲ ਦੀ ਜ਼ਰੂਰਤ ਹੋਵੇ ਉਥੇ ਭੇਟਾ ਕਰਨਾ ਚਾਹੀਏ। ਰੁਮਾਲ ਚੜ੍ਹਾਉਣਾ ਰਸਮ ਨਹੀਂ ਬਣਾ ਲੈਣੀ ਚਾਹੀਏ। ਸਤਿਗੁਰੂ ਰੁਮਾਲਾਂ ਨਾਲੋਂ ਯਤੀਮਾਂ ਨੂੰ ਵਸਤਰ ਦੇਣੇ ਜ਼ਿਆਦਾ ਪਸੰਦ ਕਰਦੇ ਹਨ। ਸਰ੍ਹਾਣੇ, ਗੁਦੈਲਾ, ਚਾਂਦਨੀ, ਦੂਹਰ ਆਦਿਕ ਸਾਮਾਨ ਪ੍ਰੇਮੀ ਘੱਟ ਹੀ ਭੇਟਾ ਕਰਦੇ ਦੇਖੇ ਹਨ।'

*(ਗੁਰਮਤ ਮਾਰਤੰਡ, ਪੰਨਾ 423)*

## *ਕੜਾਹ ਪ੍ਰਸ਼ਾਦ*

**ੳ) ਕੜਾਹ ਪ੍ਰਸ਼ਾਦ ਜੋ ਵਿਧੀ ਅਨੁਸਾਰ ਤਿਆਰ ਕਰ ਕੇ ਜਾਂ ਕਰਾ ਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।**

*(ਸਿੱਖ ਰਹਿਤ ਮਰਯਾਦਾ, ਪੰਨਾ 18)*

***ਵਿਆਖਿਆ :***

'ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ' ਅਧਿਆਇ ਦਾ ਇਹ ਅੰਤਿਮ ਸਿਰਲੇਖ ਹੈ, ਜਿਸ ਅਧੀਨ ਚਾਰ ਨਿਯਮਾਂ ਵਿਚ ਕੜਾਹ ਪ੍ਰਸ਼ਾਦ ਦਾ ਮਹੱਤਵ,



Sri Satguru Jagjit Singh Ji eLibrary NamdhariElibrary@gmail.com

ਉਸ ਦੀ ਤਿਆਰੀ, ਪ੍ਰਵਾਨਗੀ ਅਤੇ ਵਰਤਾਉਣ ਬਾਬਤ ਸੇਧ ਦਿੱਤੀ ਗਈ ਹੈ। ਆਮ ਤੌਰ 'ਤੇ ਹਰੇਕ ਸਮਾਗਮ ਦੀ ਸਮਾਪਤੀ 'ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਗੁਰੂ-ਘਰ ਵਿਚ ਘੁੰਗਣੀਆਂ, ਲੱਡੂ, ਸ਼ੀਰਨੀ ਆਦਿ ਨਹੀਂ ਸਗੋਂ ਕੜਾਹ ਹੀ ਪ੍ਰਸ਼ਾਦ ਰੂਪ ਵਿਚ ਵਰਤਾਉਣਾ ਪ੍ਰਵਾਨ ਹੈ, ਤਾਂ ਤੇ ਹਰ ਗੁਰਸਿੱਖ ਪਰਿਵਾਰ ਨੂੰ ਕੜਾਹ ਪ੍ਰਸ਼ਾਦ ਤਿਆਰ ਕਰਨਾ ਆਉਣਾ ਚਾਹੀਦਾ ਹੈ।

ਘਰ ਤੋਂ ਤਿਆਰ ਕਰ ਕੇ ਲਿਆਂਦਾ ਕੜਾਹ ਪ੍ਰਸ਼ਾਦ ਵੀ ਪ੍ਰਵਾਨ ਹੈ ਪਰ ਸੰਗਤ ਦੀ ਲੋੜ ਅਤੇ ਸਹੂਲਤ ਨੂੰ ਮੁੱਖ ਰੱਖਦਿਆਂ ਅਨੇਕਾਂ ਗੁਰਦੁਆਰਿਆਂ ਵਿਚ ਪ੍ਰਬੰਧ ਵੱਲੋਂ ਕੜਾਹ ਪ੍ਰਸ਼ਾਦ ਤਿਆਰ ਮਿਲਦਾ ਹੈ, ਜਿਥੋਂ ਪ੍ਰੇਮੀ ਲੈ ਕੇ, ਗੁਰੂ ਦਰਬਾਰ ਵਿਚ ਭੇਟ ਕਰ ਕੇ, ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਹਨ।

ਕੜਾਹ ਪ੍ਰਸ਼ਾਦ ਤਿਆਰ ਕਰਨ ਵਾਲਾ ਗੁਰਸਿੱਖ ਸਾਫ਼-ਸੁਥਰਾ ਤੇ ਤਿਆਰ-ਬਰ-ਤਿਆਰ ਹੋ ਕੇ ਤਿਆਰ ਕਰੇ।

**(ਅ) ਕੜਾਹ ਪ੍ਰਸ਼ਾਦ ਤਿਆਰ ਕਰਨ ਦੀ ਵਿਧੀ ਇਹ ਹੈ—ਸੁਅੱਛ ਭਾਂਡੇ ਵਿਚ ਤ੍ਰਿਭਾਵਲੀ (ਆਟਾ, ਉੱਤਮ ਮਿੱਠਾ ਤੇ ਘੀ ਇੱਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ। ਫਿਰ ਸੁਅੱਛ ਬਸਤਰ ਨਾਲ ਢੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੁਅੱਛ ਚੌਂਕੀ ਉਪਰ ਰੱਖਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ ਉੱਚੀ ਆਵਾਜ਼ ਵਿਚ ਸੁਣਾ ਕੇ ਅਨੰਦੁ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾਵੇ ਤੇ ਪ੍ਰਵਾਨਗੀ ਲਈ ਕ੍ਰਿਪਾਨ ਭੇਟ ਹੋਵੇ।**

*ਵਿਆਖਿਆ :*

**ਕੜਾਹ ਪ੍ਰਸ਼ਾਦ ਤਿਆਰ ਕਰਨ ਦੀ ਵਿਧੀ** : ਕੜਾਹ ਪ੍ਰਸ਼ਾਦ ਲਈ ਕੇਵਲ ਤਿੰਨ ਪਦਾਰਥ—ਆਟਾ, ਉੱਤਮ ਮਿੱਠਾ (ਖੰਡ ਆਦਿ) ਤੇ ਘਿਓ (ਨਮਕੀਨ ਨਹੀਂ) ਬਰਾਬਰ ਭਾਗ ਦੇ ਹੋਣੇ ਚਾਹੀਦੇ ਹਨ। ਪਹਿਲਾਂ ਸਾਫ਼ ਭਾਂਡੇ (ਕੜਾਹੀ) ਵਿਚ ਘਿਓ ਪਾ ਕੇ ਮੱਧਮ ਸੇਕ 'ਤੇ ਆਟਾ ਭੁੰਨਣਾ ਚਾਹੀਦਾ ਹੈ। ਠੀਕ ਪੱਕ ਜਾਣ 'ਤੇ ਉਸ ਵਿਚ ਗਰਮ ਗਰਮ ਚਾਸ/ਚਾਸਨੀ (ਖੰਡ ਪਾ ਕੇ ਉਬਾਲਿਆ ਜਲ) ਮਿਲਾਉਣੀ ਚਾਹੀਦੀ ਹੈ। ਕੜਾਹ ਪ੍ਰਸ਼ਾਦ ਤਿਆਰ ਕਰਨ ਸਮੇਂ ਪੂਰਾ ਧਿਆਨ ਰੱਖਣ ਦੀ ਜ਼ਰੂਰਤ ਹੁੰਦੀ ਹੈ ਕਿ ਨਾ ਜਲ ਵੱਧ ਜਾਂ ਘੱਟ ਹੋਵੇ ਤੇ ਨਾ ਹੀ ਆਟਾ ਕੱਚਾ ਰਹਿ ਜਾਵੇ ਜਾਂ ਸੜ ਜਾਵੇ। ਪ੍ਰਸ਼ਾਦ ਤਿਆਰ ਕਰਨ ਵਾਲੇ ਅੰਦਰ "ਗੁਰਸਿਖਾ ਅੰਦਰਿ ਸਤਿਗੁਰੁ ਵਰਤੈ" (ਗੁ: ਗ੍ਰੰ: ਸਾ:, ਪੰਨਾ 312) ਅਨੁਸਾਰ ਇਹ ਨਿਰਮਲ ਭੈ ਹੋਣਾ ਚਾਹੀਦਾ ਹੈ ਕਿ ਇਹ ਮੇਰੇ ਸਤਿਗੁਰੂ ਦੇ ਮੁਖ ਪੈਣਾ ਹੈ, ਜਿਸ ਦਾ ਨਿਵਾਸ ਗੁਰਸਿੱਖਾਂ ਅੰਦਰ ਹੈ, ਇਸ ਲਈ ਲਗਾਤਾਰ ਗੁਰਬਾਣੀ ਦਾ ਪਾਠ ਕਰਦਾ ਰਹੇ। ਆਟਾ, ਖੰਡ, ਘਿਓ, ਜਲ ਅਤੇ ਅਗਨੀ ਦੇ ਮੇਲ ਤੋਂ ਤਿਆਰ ਹੋਏ ਪ੍ਰਸ਼ਾਦ ਨੂੰ 'ਪੰਚਾਮ੍ਰਿਤ' ਵੀ ਲਿਖਿਆ ਹੈ :

**ਖਾਂਡ, ਘ੍ਰਿਤ, ਚੂਨ, ਜਲ, ਪਾਵਕ, ਇਕਤ੍ਰ ਭਏ**
**ਪੰਚ ਮਿਲਿ ਪ੍ਰਗਟ ਪੰਚਾਮ੍ਰਿਤ, ਪ੍ਰਗਾਸ ਹੈ ॥੧੨੪॥** *(ਕਬਿੱਤ ਭਾਈ ਗੁਰਦਾਸ ਜੀ)*

ਇਸੇ ਤਰ੍ਹਾਂ ਕੜਾਹ ਪ੍ਰਸ਼ਾਦ ਦਾ ਨਾਮ ਮਹਾਂ ਪ੍ਰਸ਼ਾਦ ਵੀ ਆਖਿਆ ਗਿਆ ਹੈ :

**ਆਣਿ ਮਹਾ ਪਰਸਾਦੁ ਵੰਡਿ ਖਵਾਇਆ ॥੧੦॥੨੦॥**

*(ਵਾਰਾਂ ਭਾਈ ਗੁਰਦਾਸ ਜੀ)*

ਪ੍ਰਸ਼ਾਦ ਤਿਆਰ ਹੋਣ ਉਪਰੰਤ ਵਰਤਾਉਣ ਯੋਗ (ਨਾ ਬਹੁਤਾ ਗਰਮ, ਨਾ ਠੰਢਾ) ਕਰ ਕੇ ਸੁਅੱਛ ਭਾਂਡੇ ਵਿਚ ਪਾ ਕੇ, ਉਪਰ ਸੁਅੱਛ ਰੁਮਾਲ ਦੇ ਕੇ, ਗੁਰੂ ਪਾਤਸ਼ਾਹ ਦੀ ਹਜ਼ੂਰੀ/ਸੰਗਤ ਵਿਚ ਲਿਆ ਕੇ ਸੁਅੱਛ ਚੌਂਕੀ ਉਪਰ ਸਜਾਇਆ ਜਾਵੇ। ਦੇਗ ਲਿਆਉਂਦਿਆਂ ਨਾ ਹੀ ਸੰਗਤ ਉਠ ਕੇ ਖੜੀ ਹੋਵੇ ਅਤੇ ਨਾ ਹੀ ਅੱਗੇ ਜਲ ਤ੍ਰੌਂਕਿਆ ਜਾਵੇ, ਇਹ ਗੁਰਮਤਿ ਅਨੁਸਾਰੀ ਨਹੀਂ।

## ਕ੍ਰਿਪਾਨ ਭੇਟ ਕਰਨੀ

ਅਰਦਾਸ ਦੌਰਾਨ ਕ੍ਰਿਪਾਨ ਸੂਤ ਕੇ ਖੜੋਣਾ ਅਤੇ ਅਰਦਾਸੀਏ ਵੱਲੋਂ "ਹੁਣਿ ਲਾਵਹੁ ਭੋਗੁ ਹਰਿ ਰਾਏ" ਕਹਿਣ 'ਤੇ ਉਸੇ ਵੇਲੇ ਪ੍ਰਸ਼ਾਦ ਕ੍ਰਿਪਾਨ ਭੇਟ ਕਰਨ ਨੂੰ ਗੁਰੂ ਪੰਥ ਨੇ ਨਹੀਂ ਪ੍ਰਵਾਨਿਆ। ਇਸ ਲਈ ਅਰਦਾਸ ਦੌਰਾਨ ਸਭਨਾਂ ਨੂੰ ਇਕਾਗਰ ਚਿੱਤ ਹੋ ਕੇ ਹੱਥ ਜੋੜ ਕੇ ਖੜੋਣ ਦਾ ਹੁਕਮ ਹੈ। ਅਰਦਾਸੀਏ ਵੱਲੋਂ 'ਦੇਗ ਆਪ ਦੇ ਦਰ ਤੇ ਪ੍ਰਵਾਨ ਹੋਵੇ' ਕਹਿਣਾ ਯੋਗ ਹੈ। ਕ੍ਰਿਪਾਨ ਭੇਟ ਹਮੇਸ਼ਾ ਅਰਦਾਸ ਤੋਂ ਬਾਅਦ ਪ੍ਰਸ਼ਾਦ ਵਰਤਾਉਣ ਲੱਗਿਆਂ ਹੋਵੇ। ਧਾਰਮਿਕ ਸਲਾਹਕਾਰ ਕਮੇਟੀ ਦੀ ਅਠਾਰ੍ਹਵੀਂ ਇਕੱਤਰਤਾ ਮਿਤੀ 6-4-1950 ਦੀ ਕਾਰਵਾਈ ਦੌਰਾਨ ਇਕ ਪੁੱਛ ਦੇ ਉੱਤਰ ਵਿਚ ਇਉਂ ਸੇਧ ਦਿੱਤੀ ਗਈ :

'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਰੱਖੇ ਗਏ ਪ੍ਰਸ਼ਾਦ ਨੂੰ ਕਿਰਪਾਨ ਭੇਟ ਕਿਸ ਵਕਤ ਕਰਨਾ ਚਾਹੀਦਾ ਹੈ, ਪ੍ਰਵਾਨ ਹੋਇਆ ਕਿ ਅਰਦਾਸ ਉਪਰੰਤ।'

ਕ੍ਰਿਪਾਨ ਨੂੰ ਗੁਰੂ-ਪ੍ਰਮੇਸ਼ਰ ਦੀ ਜੀਭ ਨਹੀਂ ਮੰਨਿਆ ਗਿਆ ਜਿਵੇਂ ਹਿੰਦੂ ਮੱਤ ਵਿਚ ਅਗਨਿ ਨੂੰ ਮੰਨਿਆ ਗਿਆ ਹੈ। ਇਹ ਤਾਂ ਕੇਵਲ ਗੁਰੂ ਪੰਥ ਵੱਲੋਂ ਪ੍ਰਵਾਨਗੀ ਦਾ ਥਾਪਿਆ ਚਿੰਨ੍ਹ ਹੈ। ਇਸ ਬਾਬਤ ਪ੍ਰੰਪਰਾ ਹੈ ਕਿ ਦੇਗ ਹਾਜ਼ਰ ਹੋਣ 'ਤੇ ਗੁਰੂ ਸਾਹਿਬ ਤੀਰ ਦੀ ਨੋਕ ਜਾਂ ਕ੍ਰਿਪਾਨ ਨਾਲ ਥੋੜ੍ਹਾ ਪ੍ਰਸ਼ਾਦ ਲੈ ਕੇ ਬਾਕੀ ਸੰਗਤ ਵਿਚ ਵਰਤਾਉਣ ਦਾ ਹੁਕਮ ਕਰਦੇ ਸਨ।

**ਅਨੰਦੁ ਸਾਹਿਬ ਦਾ ਪਾਠ ਮੁੜ ਮੁੜ ਕਰਨਾ** : ਇਸ ਨਿਯਮ ਦੀ ਪੈਰ-ਟੂਕ ਵਿਚ ਸੰਕੇਤ ਦਿੱਤਾ ਗਿਆ ਹੈ : ਇਕ ਵਾਰੀ ਅਨੰਦੁ ਸਾਹਿਬ ਦਾ ਪਾਠ ਹੋ ਚੁੱਕਣ ਮਗਰੋਂ ਫਿਰ ਕੜਾਹ ਪ੍ਰਸ਼ਾਦ ਦੀ ਦੇਗ ਆ ਜਾਵੇ ਤਾਂ ਅਨੰਦੁ ਸਾਹਿਬ ਦਾ ਪਾਠ ਮੁੜ ਮੁੜ ਨਹੀਂ ਕਰਨਾ, ਕ੍ਰਿਪਾਨ ਭੇਟ ਕਰਨਾ ਹੀ ਕਾਫ਼ੀ ਹੈ।

**ੲ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦ ਵਿੱਚੋਂ ਪੰਜ ਪਿਆਰਿਆਂ ਦਾ ਗੱਫਾ ਕੱਢ ਕੇ ਵਰਤਾਇਆ ਜਾਵੇ। ਉਪਰੰਤ ਸੰਗਤ ਵਿਚ**



Sri Satguru Jagjit Singh Ji eLibrary NamdhariElibrary@gmail.com

**ਵਰਤਾਉਣ ਲੱਗਿਆਂ ਪਹਿਲਾਂ ਤਾਬਿਆ ਬੈਠੇ ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਵਿਚ ਵਰਤਾਏ। ਕਿਸੇ ਲਿਹਾਜ਼ ਜਾਂ ਘ੍ਰਿਣਾ ਕਰਕੇ ਵਿਤਕਰਾ ਨਾ ਕਰੇ। ਸਭ ਸਿੱਖ, ਗ਼ੈਰ ਸਿੱਖ, ਨੀਚ-ਊਚ ਜਾਤਿ ਵਾਲੇ ਨੂੰ ਇੱਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦ ਵਰਤਾਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜਾਤ-ਪਾਤ, ਛੂਤ-ਛਾਤ ਦਾ ਖ਼ਿਆਲ ਕਰ ਕੇ ਗਿਲਾਨੀ ਨਹੀਂ ਕਰਨੀ ਚਾਹੀਦੀ।**

***ਵਿਆਖਿਆ :***

**ਪੰਜ ਪਿਆਰਿਆਂ ਦਾ ਗੱਫਾ:** ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਪੰਜਾਂ ਪਿਆਰਿਆਂ ਨੂੰ ਗੱਫਾ ਦੇਣ ਦੀ ਪ੍ਰੰਪਰਾ ਦਸਮ ਪਾਤਸ਼ਾਹ ਸਮੇਂ ਸ਼ੁਰੂ ਹੋਈ, ਜਿਹੜੀ ਅੱਜ ਤਕ ਜਾਰੀ ਹੈ। ਪੰਜ ਪਿਆਰੇ ਗੁਰੂ-ਪੰਥ ਦਾ ਪ੍ਰਤੀਨਿਧ ਰੂਪ ਹਨ। 1699 ਈ: ਦੀ ਵਿਸਾਖੀ ਨੂੰ ਸਿੰਘ ਸਜਾਉਣ (ਅੰਮ੍ਰਿਤ ਛਕਾਉਣ) ਦਾ ਅਧਿਕਾਰ ਸਦਾ ਲਈ ਪੰਜਾਂ ਨੂੰ ਸੌਂਪਣਾ ਅਸਲ ਵਿਚ ਗੁਰੂ ਦੇ ਸਰੀਰਕ-ਕਰਤੱਵ ਦਾ ਅਧਿਕਾਰ ਪੰਜਾਂ ਨੂੰ ਸੌਂਪਣਾ ਸੀ। ਇਸ ਮਹੱਤਵ ਨੂੰ ਦ੍ਰਿੜ੍ਹ ਕਰਾਉਂਦੇ ਰਹਿਣ ਦੇ ਯਤਨ ਵਜੋਂ ਹੀ ਸਦਾ ਲਈ ਪ੍ਰਸ਼ਾਦ ਵਰਤਾਉਣ ਤੋਂ ਪਹਿਲਾਂ ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਵਰਤਾਉਣ ਦਾ ਨਿਯਮ ਪੰਥ ਨੇ ਅਪਣਾ ਲਿਆ ਹੈ।

ਪੰਜਾਂ ਪਿਆਰਿਆਂ ਦਾ ਗੱਫਾ ਵਰਤਾਉਣ ਉਪਰੰਤ ਗੁਰੂ ਸਾਹਿਬ ਦੀ ਤਾਬਿਆ ਬੈਠੇ ਲਈ ਬਰਾਬਰ ਵਰਤਾਰਾ ਕੌਲ ਜਾਂ ਕਟੋਰੇ ਵਿਚ ਪਾ ਕੇ ਰੱਖਣਾ ਚਾਹੀਦਾ ਹੈ। ਤਾਬਿਆ ਬੈਠੇ ਸਿੰਘ ਕੋਲ ਉਸ ਦਾ ਵਰਤਾਰਾ ਰੱਖਣਾ ਗੁਰੂ ਸਾਹਿਬ ਨੂੰ ਭੋਗ ਲੁਆਉਣ ਵਾਲੀ ਕਿਰਿਆ ਨਹੀਂ। ਧਿਆਨ ਕਰਨ ਦੀ ਜ਼ਰੂਰਤ ਹੈ ਕਿ ਅਜਿਹਾ ਕਰਨਾ ਹੋਵੇ ਤਾਂ ਪ੍ਰਸ਼ਾਦ ਪਰੋਸ ਗੁਰੂ ਸਾਹਿਬ ਦੇ ਸਨਮੁਖ ਰੱਖਣਾ ਯੋਗ ਹੈ ਨਾ ਕਿ ਉਨ੍ਹਾਂ ਦੀ ਮੰਜੀ ਸਾਹਿਬ ਦੇ ਥੱਲੇ ਰੱਖਣਾ।

ਸੰਗਤ ਵਿਚ ਵਰਤਾਉਣ ਲੱਗਿਆਂ ਕਿਸੇ ਦੀ ਵੀ ਪਦਵੀ, ਪਦਾਰਥ, ਆਪਣਾ ਜਾਂ ਪਰਾਇਆ ਜਾਣਦਿਆਂ ਵਿਤਕਰਾ ਕਰਨਾ ਭਾਰੀ ਭੁੱਲ ਹੈ। ਭਾਈ ਨੰਦ ਲਾਲ ਜੀ ਦੀ ਤਾਗੀਦ ਦਾ ਧਿਆਨ ਕੀਤਾ ਜਾਏ :

> **ਜੋ ਪਰਸਾਦ ਕੋ ਬਾਂਟ ਹੈ, ਮਨ ਮੈਂ ਧਾਰੇ ਲੋਭ ॥**
> **ਕਿਸੈ ਥੋੜਾ ਕਿਸੇ ਅਗਲਾ (ਬਹੁਤਾ), ਸਦਾ ਰਹੇ ਤਿਸ ਸੋਗ ॥੯॥**

**(ਸ) ਕੜਾਹ ਪ੍ਰਸ਼ਾਦ ਭੇਟ ਕਰਨ ਵੇਲੇ ਘੱਟ ਤੋਂ ਘੱਟ ਇਕ ਟਕਾ ਨਕਦ ਅਰਦਾਸ ਵੀ ਹੋਵੇ।**

***ਵਿਆਖਿਆ :***

ਇਸ ਨਿਯਮ ਦਾ ਭਾਵ ਹੈ ਕਿ ਪ੍ਰਸ਼ਾਦ ਭੇਟ ਕਰਨ ਦੇ ਨਾਲ ਨਾਲ ਹੋਰ ਪੰਥਕ ਅਤੇ ਲੋਕ ਭਲਾਈ ਦੇ ਕਾਰਜਾਂ ਲਈ ਯਥਾ-ਸ਼ਕਤਿ ਮਾਇਆ, ਵੀ ਅਰਪਨ ਕਰਨੀ ਚਾਹੀਦੀ ਹੈ।


Sri Satguru Jagjit Singh Ji eLibrary NamdhariElibrary@gmail.com

# 5. ਗੁਰਬਾਣੀ ਦੀ ਕਥਾ

**ੳ) ਸੰਗਤ ਵਿਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ।**
**ਅ) ਕਥਾ ਦਾ ਮਨੋਰਥ ਗੁਰਮਤਿ ਦ੍ਰਿੜ੍ਹਾਉਣਾ ਹੀ ਹੋਵੇ।**

*(ਸਿੱਖ ਰਹਿਤ ਮਰਯਾਦਾ, ਪੰਨਾ 19)*

***ਵਿਆਖਿਆ :***

**ਗੁਰਬਾਣੀ ਦੀ ਕਥਾ ਸਿੱਖ ਹੀ ਕਰੇ** : ਇਸ ਨਿਯਮ ਅਨੁਸਾਰ ਸਪੱਸ਼ਟ ਹੈ ਕਿ ਸੰਗਤ ਵਿਚ ਗੁਰਬਾਣੀ ਦੀ ਕਥਾ ਕੋਈ ਗ਼ੈਰ-ਸਿੱਖ ਵੀ ਆ ਕੇ ਸੁਣ ਸਕਦਾ ਹੈ ਪਰ ਪਾਠ ਅਤੇ ਕੀਰਤਨ ਸੁਣਾਉਣ ਵਾਂਗ ਸੰਗਤ ਵਿਚ ਕਥਾ ਕਰਨ ਦਾ ਅਧਿਕਾਰੀ ਕੇਵਲ ਸਿੱਖ ਹੀ ਮੰਨਿਆ ਗਿਆ ਹੈ। ਇਸ ਭੇਤ ਨੂੰ ਸਮਝਣ ਲਈ ਸਾਨੂੰ (ਅ) ਨਿਯਮ ਨੂੰ ਧਿਆਨ ਵਿਚ ਲਿਆਉਣ ਦੀ ਲੋੜ ਹੈ ਕਿ ਕਥਾ ਕਰਨ ਦਾ ਮਨੋਰਥ ਗੁਰਮਤਿ ਦ੍ਰਿੜ੍ਹਾਉਣਾ ਹੀ ਹੋਵੇ ਨਾ ਕਿ ਸਰੋਤਿਆਂ ਦੀ ਵਾਹ ਵਾਹ ਲੈਣ ਲਈ ਕਲਾਕਾਰੀ ਦਾ ਪ੍ਰਗਟਾਅ ਜਾਂ ਫਿਰ ਧਨ ਇਕੱਠਾ ਕਰਨ ਦਾ ਸਾਧਨ। ਕਥਾਕਾਰ ਦਾ ਧਿਆਨ ਹੋਵੇ ਕਿ ਉਸ ਨੇ ਗੁਰਮਤਿ ਸਿਧਾਂਤ ਦੀ ਵਿਆਖਿਆ ਨਾਲ ਸਰੋਤੇ ਅੰਦਰਲੀ ਭਰਮਾਂ ਦੀ ਮੈਲ ਨੂੰ ਧੋਣਾ ਅਤੇ ਹਿਰਦੇ ਅੰਦਰ ਗੁਰੂ-ਪ੍ਰਮੇਸ਼ਰ ਦਾ ਪਿਆਰ ਦ੍ਰਿੜ੍ਹਾਉਣਾ ਹੈ ਪਰ, ਅਜਿਹਾ ਯਤਨ ਤਦ ਹੀ ਸਫਲ ਹੋ ਸਕਦਾ ਹੈ ਜੇ ਕਥਾ ਕਰਨ ਵਾਲਾ ਪਹਿਲਾਂ ਆਪ ਭਰਮਾਂ ਤੋਂ ਮੁਕਤ ਹੋ ਕੇ ਗੁਰੂ ਪਿਆਰ ਵਿਚ ਸਮੋਇਆ ਹੋਇਆ ਸਿੱਖ ਹੋਵੇਗਾ, ਨਹੀਂ ਤਾਂ ਉਸ ਦੀ ਸੁੰਦਰ ਕਥਨੀ ਵੀ ਫਲੀ-ਭੂਤ ਨਹੀਂ ਹੋ ਸਕੇਗੀ। ਗੁਰੂ ਵਾਕ ਹੈ :

**ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥**
**ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥**

*(ਗੁ: ਗ੍ਰੰ: ਸਾ:, ਪੰਨਾ 140)*

**ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥**
**ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ ॥**

*(ਗੁ: ਗ੍ਰੰ: ਸਾ:, ਪੰਨਾ 311)*

ਗੁਰੂ ਪਾਤਸ਼ਾਹ ਫ਼ੁਰਮਾਉਂਦੇ ਹਨ, ਧਿਆਨ ਰੱਖੋ :

**ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥**
**ਲੋਕ ਸਮਝਾਵਹੁ ਸੁਣੇ ਨ ਕੋਈ ॥**
**ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥** *(ਗੁ: ਗ੍ਰੰ: ਸਾ:, ਪੰਨਾ 230)*

ਜੇ ਆਪਣਾ ਮਨ ਪਰਬੋਧਨ (ਸੰਵਾਰਨ) ਤੋਂ ਪਹਿਲਾਂ ਲੋਕਾਂ ਨੂੰ ਸਮਝਾਉਣ ਦਾ ਯਤਨ ਹੋਵੇਗਾ ਤਾਂ ਸਫਲ ਨਹੀਂ ਹੋਵੇਗਾ, ਕੋਈ ਨਹੀਂ ਸੁਣੇਗਾ। ਇਥੇ ਤਾਂ :

**ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥**
**ਤਿਸ ਕੀ ਸੀਖ ਤਰੈ ਸੰਸਾਰੁ ॥** *(ਗੁ: ਗ੍ਰੰ: ਸਾ:, ਪੰਨਾ 269)*

ਪੰਜਵੇਂ ਸਤਿਗੁਰਾਂ ਪਾਸ ਸਿੱਖਾਂ ਨੇ ਸੁਆਲ ਕੀਤਾ ਕਿ ਹੋਰਨਾਂ ਪਾਸੋਂ ਵੀ ਕੀਰਤਨ ਕਥਾ ਸੁਣੀਂਦੀ ਹੈ, ਪਰ ਜਦੋਂ ਅਸੀਂ ਭਾਈ ਲਾਲੂ ਜੀ ਤੇ ਭਾਈ ਨਿਹਾਲੂ ਜੀ ਪਾਸੋਂ


Sri Satguru Jagjit Singh Ji eLibrary NamdhariElibrary@gmail.com

ਸੁਣਦੇ ਹਾਂ ਤਾਂ ਸਾਡਾ ਮਨ ਸ਼ਾਂਤ ਅਤੇ ਇਕਾਗਰ ਕਿਉਂ ਹੋ ਜਾਂਦਾ ਹੈ ? ਤਾਂ ਗੁਰੂ ਪਾਤਿਸ਼ਾਹ ਜੀ ਨੇ ਸ਼ੰਕਾ ਨਵਿਰਤ ਕਰਦਿਆਂ ਭਾਈ ਲਾਲੂ ਤੇ ਨਿਹਾਲੂ ਜੀ ਦੇ ਨਿਰਮਲ ਸਿੱਖੀ ਜੀਵਨ ਵੱਲ ਧਿਆਨ ਦਿਵਾਇਆ। ਮਹਾਂਕਵੀ ਭਾਈ ਸੰਤੋਖ ਸਿੰਘ ਜੀ ਗੁਰੂ ਪਾਤਿਸ਼ਾਹ ਜੀ ਦੇ ਭਾਵਾਂ ਨੂੰ ਇਉਂ ਅੰਕਿਤ ਕਰਦੇ ਹਨ ਕਿ ਜੋ ਉਪਦੇਸ਼ਕ ਆਪ ਸਿੱਖੀ ਦੇ ਧਾਰਨੀ ਹੁੰਦੇ ਹਨ, ਉਹ ਅਜਿਹੇ ਛਾਂ-ਦਾਰ ਰੁੱਖ ਵਾਂਗ ਹਨ, ਜੋ ਥੱਕੇ ਤੇ ਨਿਢਾਲ ਰਾਹੀਆਂ ਨੂੰ ਛਾਂ ਦੇ ਕੇ ਆਰਾਮ ਪਹੁੰਚਾਂਦਾ ਹੈ:

**ਤਿਸ ਕੀ ਛਾਯਾ ਸਭ ਪਰ ਜਾਇ॥**
**ਸੁਨਹਿ ਬਾਕ ਜੇ ਰਿਦੈ ਬਸਾਇ॥**

ਪਰ ਸਿੱਖੀ ਪਿਆਰ ਤੋਂ ਕੋਰੇ ਉਪਦੇਸ਼ਕ ਪੱਤਿਆਂ ਤੋਂ ਸੱਖਣੇ ਅਜਿਹੇ ਸੁੱਕੇ ਰੁੱਖ ਵਾਂਗ ਹਨ, ਜਿਨ੍ਹਾਂ ਤੋਂ ਕਿਸੇ ਨੂੰ ਨਾ ਛਾਂ ਮਿਲਦੀ ਹੈ, ਨਾ ਆਰਾਮ:

**ਜੋ ਪਢ ਕਰਿ ਉਪਦੇਸ਼ ਬਤਾਵੈ॥**
**ਆਪ ਨਹੀਂ ਸ਼ੁਭ ਕਰਮ ਕਮਾਵੈ॥**
**ਤਿਸ ਕੀ ਛਾਯਾ ਪਰੈ ਨ ਕਿਸ ਪੈ॥**
**ਸ੍ਰਵਣ ਕਰੇ, ਕਿਛੁ ਹੋਇ ਨਾ ਤਿਸ ਪੈ॥** *(ਗੁਰ ਪ੍ਰਤਾਪ ਸੂਰਜ)*

ਮਹਾਤਮਾ ਸਾਅਦੀ ਜੀ ਦਾ ਕਥਨ ਹੈ:

**ਆਲਮੇ ਰਾ ਕਿ ਗੁਫ਼ਤ ਬਾਸ਼ਦੋ ਬਸ,**
**ਹਰ ਚਿ: ਗੋਯਦ ਨ ਗੀਰਦ ਅੰਦਰ ਕਸ॥੬॥**
[ਜਿਸ ਵਿਦਵਾਨ ਦੀ ਕੇਵਲ ਕਥਨੀ ਹੀ ਕਥਨੀ ਹੈ, ਉਹ ਜੋ ਕੁਝ ਕਰੇਗਾ ਉਸ ਦਾ ਅਸਰ ਕਿਸੇ ਉੱਤੇ ਵੀ ਨਹੀਂ ਹੋਵੇਗਾ।]

ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਅਜਿਹੇ ਵਿਅਕਤੀ ਜੋ ਪਹਿਲਾਂ ਆਪ ਸਤਿਗੁਰਾਂ ਦੀ ਸਿੱਖਿਆ ਦੇ ਧਾਰਨੀ ਹਨ, ਉਹ ਜਿਥੇ ਆਪ ਗੁਰੂ ਪੰਥ ਦੀਆਂ ਖ਼ੁਸ਼ੀਆਂ ਨਾਲ ਝੋਲੀਆਂ ਭਰਦੇ ਹਨ, ਉਥੇ ਉਨ੍ਹਾਂ ਪਾਸੋਂ ਗੁਰੂ ਉਪਦੇਸ਼ ਸ੍ਰਵਣ ਕਰਨ ਵਾਲਿਆਂ ਦਾ ਵੀ ਲੋਕ-ਪ੍ਰਲੋਕ ਸਫਲਾ ਹੋ ਜਾਂਦਾ ਹੈ:

**ਸਤਿਗੁਰ ਚਰਨ ਸਰਨਿ ਚਲਿ ਜਾਇ ਸਿਖ**
**ਤਾ ਚਰਨ ਸਰਨਿ ਜਗਤੁ ਚਲਿ ਆਵਈ॥**
**ਸਤਿਗੁਰ ਆਗਿਆ ਸਤਿ ਸਤਿ ਕਰਿ ਮਾਨੈ ਸਿਖ**
**ਆਗਿਆ ਤਾਹਿ ਸਕਲ ਸੰਸਾਰਹਿ ਹਿਤਾਵਈ॥**
**ਸਤਿਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿਖ**
**ਸਰਬ ਨਿਧਾਨ ਅਗ੍ਰਭਾਗ ਲਿਵ ਲਾਵਈ॥**
**ਸਤਿਗੁਰ ਸੀਖਿਆ ਦੀਖਿਆ ਹਿਰਦੈ ਪ੍ਰਵੇਸ ਜਾਹਿ**
**ਤਾ ਕੀ ਸੀਖ ਸੁਨਤ ਪਰਮ ਪਦ ਪਾਵਈ॥੮੭॥** *(ਕਬਿੱਤ ਭਾਈ ਗੁਰਦਾਸ ਜੀ)*

**(ੲ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣਿਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ**

Sri Satguru Jagjit Singh Ji eLibrary NamdhariElibrary@gmail.com

**(ਜੋ ਗੁਰਮਤਿ ਅਨੁਕੂਲ ਹੋਣ) ਦੀ ਹੋ ਸਕਦੀ ਹੈ, ਪਰ ਅਨਮਤ ਦੀ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ, ਪ੍ਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉੱਤਮ ਸਿੱਖਿਆ ਦਾ ਲਿਆ ਜਾ ਸਕਦਾ ਹੈ।**

***ਵਿਆਖਿਆ :***

ਜਿਵੇਂ ਕਿ ਪਹਿਲੇ ਨਿਯਮਾਂ ਵਿਚ ਵੀਚਾਰ ਚੁੱਕੇ ਹਾਂ ਕਿ ਕਥਾ ਕਰਨ ਦਾ ਮਕਸਦ ਹੈ: 'ਸਿੱਖੀ (ਗੁਰਮਤਿ) ਦ੍ਰਿੜ੍ਹਾਉਣ ਦਾ ਯਤਨ।' ਇਸ ਲਈ ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਣੀ ਚਾਹੀਦੀ ਹੈ ਜਾਂ ਫਿਰ ਗੁਰਮਤਿ ਸਿਧਾਂਤ ਦੀ ਵਿਆਖਿਆ ਸਰੂਪ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦੀ। ਇਸ ਦੇ ਨਾਲ ਨਾਲ ਸਾਨੂੰ ਇਤਿਹਾਸਕ ਗ੍ਰੰਥਾਂ ਦੀ ਕਥਾ ਕਰਨ ਦੀ ਵੀ ਸਖ਼ਤ ਜ਼ਰੂਰਤ ਹੈ ਤਾਂ ਜੁ ਜਾਣੂੰ ਹੋਇਆ ਜਾ ਸਕੇ ਕਿ ਗੁਰੂ ਪਾਤਸ਼ਾਹ ਜੀ ਨੇ ਜਾਂ ਸਾਡੇ ਬਜ਼ੁਰਗ ਗੁਰਸਿੱਖਾਂ ਨੇ ਇਨ੍ਹਾਂ ਸਿਧਾਂਤਾਂ ਨੂੰ ਆਪਣੇ ਜੀਵਨ ਵਿਚ ਕਿਵੇਂ ਕਮਾਇਆ ਪਰ, *ਗੁਰ ਪ੍ਰਤਾਪ ਸੂਰਜ* ਅਤੇ *ਪੰਥ ਪ੍ਰਕਾਸ਼* ਆਦਿ ਗ੍ਰੰਥਾਂ ਦੀ ਕਥਾ ਕਰਦਿਆਂ ਉਪਦੇਸ਼ਕ/ਕਥਾਕਾਰ ਨੂੰ ਭਾਰੀ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ ਕਿ ਉਹ ਕੇਵਲ ਸੰਗਤ ਨੂੰ ਉਹੀ ਇਤਿਹਾਸ ਸੁਣਾਵੇ ਜੋ ਗੁਰਬਾਣੀ ਸਿਧਾਂਤ ਦੇ ਅਨੁਕੂਲ ਹੋਵੇ, ਜੋ ਗੁਰੂ ਪਰਮੇਸ਼ਰ ਪ੍ਰਤੀ ਸਿੱਖ ਦੀ ਸ਼ਰਧਾ ਤੇ ਸਿਦਕ ਦ੍ਰਿੜ੍ਹ ਕਰਾਉਂਦਾ ਹੋਵੇ।

ਬਾਬਿਆਂ ਦੀਆਂ ਮਨੋ-ਕਲਪਿਤ ਜੀਵਨ ਘਟਨਾਵਾਂ ਜਾਂ ਅਟਕਲ ਪੱਚੂ ਕਹਾਣੀਆਂ ਦੀ ਥਾਂ 'ਤੇ ਗ੍ਰਿਹਸਥੀ ਕਿਰਤੀ ਸਿੱਖਾਂ, ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ, ਤੇਗ਼ ਵਾਹੀ ਅਤੇ ਵੇਖ ਕੇ ਅਣਡਿੱਠ ਕਰਨ ਵਾਲੇ ਕਰਮ ਯੋਗੀਆਂ ਦੇ ਸਿਦਕੀ ਜੀਵਨ ਦੀਆਂ ਚਮਤਕਾਰੀ ਘਟਨਾਵਾਂ ਦਾ ਵਰਨਣ ਹੀ ਗੁਰੂ ਦਰਬਾਰ ਵਿਚ ਸ਼ੋਭਨੀਕ ਹੈ।

ਗੁਰੂ ਘਰ ਦੇ ਪ੍ਰਬੰਧਕਾਂ ਅਤੇ ਪ੍ਰਚਾਰਕਾਂ ਸਾਹਮਣੇ ਸਪੱਸ਼ਟ ਹੈ ਕਿ ਗੁਰਦੁਆਰਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਥਵਾ ਪ੍ਰਚਾਰ ਸਥਾਨ ਹੈ ਜਿਥੇ ਕੇਵਲ ਤੇ ਕੇਵਲ ਗੁਰੂ ਕੇ ਮੱਤ ਦਾ ਪ੍ਰਚਾਰ ਕੀਤਾ ਜਾਣਾ ਵਿਧਾਨ ਹੈ। ਇਥੇ ਹੋਰ ਕਿਸੇ ਮੱਤ ਦੇ ਗ੍ਰੰਥਾਂ—ਵੇਦ, ਬਾਈਬਲ ਤੇ ਕੁਰਾਨ—ਦੀ ਕਥਾ ਨਹੀਂ ਹੋ ਸਕਦੀ।

ਪ੍ਰਮਾਣ (ਉਦਾਹਰਣ) ਕਿਸੇ ਵੀ ਧਰਮ ਗ੍ਰੰਥ ਅਥਵਾ ਧਾਰਮਿਕ ਆਗੂ ਦੀ ਜੀਵਨ ਘਟਨਾ ਦਾ ਟੂਕ-ਮਾਤਰ ਦੇਣਾ ਪ੍ਰਵਾਨ ਹੈ ਪਰ ਧਿਆਨ ਰਹੇ ਕਿ ਟੂਕ ਕੇਵਲ ਟੂਕ ਮਾਤਰ ਹੀ ਹੋਵੇ, ਨਾ ਕਿ ਟੂਕ ਦੀ ਹੀ ਕਥਾ ਬਣ ਜਾਵੇ।

## *6. ਵਖਿਆਨ*

**ਗੁਰਦੁਆਰੇ ਵਿਚ ਗੁਰਮਤਿ ਤੋਂ ਵਿਰੁੱਧ ਕੋਈ ਵਖਿਆਨ ਨਹੀਂ ਹੋ ਸਕਦਾ।**


Sri Satguru Jagjit Singh Ji eLibrary NamdhariElibrary@gmail.com

## 7. ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ

**ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ ਆਮ ਤੌਰ 'ਤੇ ਇਉਂ ਹੁੰਦਾ ਹੈ : ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦੁ ਸਾਹਿਬ, ਅਰਦਾਸ, ਫ਼ਤਹ, ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ ਹੁਕਮ।**

*ਵਿਆਖਿਆ :*

ਸਾਡੇ ਧਰਮ ਸਥਾਨਾਂ 'ਤੇ ਲੋੜ ਅਨੁਸਾਰ ਰਾਜਨੀਤਕ, ਵਿਦਿਅਕ, ਆਰਥਿਕ ਅਤੇ ਸਮਾਜਿਕ ਮਸਲਿਆਂ ਨੂੰ ਗੁਰਮਤਿ ਦੀ ਰੋਸ਼ਨੀ ਵਿਚ ਵਿਚਾਰਿਆ ਜਾ ਸਕਦਾ ਹੈ। ਪਰ ਵਖਿਆਨ/ਲੈਕਚਰ (Lecture) ਗੁਰਵਾਕ : "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥" ਵਾਲੇ ਮਹਾਨ ਆਦਰਸ਼ ਨੂੰ ਧਿਆਨ ਵਿਚ ਰੱਖ ਕੇ ਹੋਣੇ ਚਾਹੀਦੇ ਹਨ।

Sri Satguru Jagjit Singh Ji eLibrary NamdhariElibrary@gmail.com

## ੨. ਗੁਰਮਤਿ ਦੀ ਰਹਿਣੀ

**ਸਿੱਖ ਦੀ ਆਮ ਰਹਿਣੀ, ਕ੍ਰਿਤ, ਵਿਰਤ, ਗੁਰਮਤਿ ਅਨੁਸਾਰ ਹੋਵੇ।**

*(ਸਿੱਖ ਰਹਿਤ ਮਰਯਾਦਾ, ਪੰਨਾ 19)*

***ਵਿਆਖਿਆ :***

**ਸਿੱਖ ਦੀ ਰਹਿਣੀ ਅਤੇ ਕ੍ਰਿਤ :** ਸ਼ਖ਼ਸੀ ਰਹਿਣੀ ਦੇ ਇਸ ਪਹਿਲੇ ਵਾਕ ਤੋਂ ਸਪੱਸ਼ਟ ਹੈ ਕਿ ਸਿੱਖ ਦਾ ਆਮ ਜੀਵਨ ਗੁਰਮਤੀ ਹੋਣਾ ਚਾਹੀਦਾ ਹੈ। ਸਿੱਖ ਆਪਣੇ ਜੀਵਨ ਦੇ ਹਰ ਪੜਾਅ 'ਤੇ ਸਿੱਖ ਹੈ। ਉਹ ਗੁਰਦੁਆਰੇ ਬੈਠਾ ਤਾਂ ਸਿੱਖ ਹੈ, ਸਰਹੱਦ ਦੀ ਰਾਖੀ ਕਰਦਾ ਵੀ ਸਿੱਖ ਹੈ, ਲੰਗਰ ਛਕਦਾ ਤਾਂ ਸਿੱਖ ਹੈ, ਵਪਾਰ ਕਰਦਾ ਵੀ ਸਿੱਖ ਹੈ। ਇਹ ਨਹੀਂ ਕਿ ਕੇਵਲ ਗੁਰਦੁਆਰੇ ਬੈਠ ਲੰਗਰ ਛਕਦਿਆਂ ਤੇ ਵਿਚਾਰ ਕਰਦਿਆਂ ਸੁਣਦਿਆਂ ਹੀ ਬਿਰਤੀ ਸਿੱਖ ਹੋਵੇ ਸਗੋਂ ਸਰਹੱਦ ਦੀ ਰਾਖੀ ਕਰਦਿਆਂ, ਹਲ ਚਲਾਉਂਦਿਆਂ ਜਾਂ ਵਪਾਰ-ਵਿਹਾਰ ਕਰਦਿਆਂ ਵੀ ਬਿਰਤੀ ਸਿੱਖ ਹੀ ਹੋਵੇ। ਸਿੱਖੀ ਕਿਉਂਕਿ ਜੀਵਨ ਜਾਚ ਹੈ, ਇਸ ਲਈ ਜੀਵਨ ਦੀ ਹਰ ਹਰਕਤ ਵਿੱਚੋਂ ਸਿੱਖੀ ਦੇ ਝਲਕਾਰੇ ਪ੍ਰਤੱਖ ਨਜ਼ਰ ਆਉਣ। 'ਕਿਰਤ ਵਿਰਤ ਕਰਿ ਧਰਮ ਦੀ' ਅਨੁਸਾਰ ਸਿੱਖ ਕਿਰਤ ਕੋਈ ਵੀ ਕਰੇ, ਪ੍ਰਵਾਨ ਹੈ, ਪਰ ਕੋਈ ਵੀ ਕਿਰਤ ਧਰਮ ਤੋਂ ਬੇਮੁੱਖ ਹੋਣ ਵਾਲੀ ਨਾ ਕਰੇ, ਤਿਆਗ ਦੇਵੇ। ਇਥੋਂ ਤਕ ਕਿ ਚਾਕਰੀ/ਨੌਕਰੀ ਕਰਦਾ ਵੀ ਚੇਤੰਨ ਰਹੇ।

> **ਜਿ ਵਿਣੁ ਸਤਿਗੁਰ ਕੇ ਮਨ ਮੰਨੇ ਗੁਰਸਿਖਾ ਪਾਸੋਂ ਕੰਮ ਕਰਾਇਆ ਲੋੜੈ,**
> **ਤਿਸੁ ਨੇੜੈ ਗੁਰਸਿਖ ਮੂਲੁ ਨ ਜਾਵੈ॥** *(ਗੁ: ਗ੍ਰੰ: ਸਾ:, ਪੰਨਾ 317)*

**ਗੁਰਮਤਿ ਇਹ ਹੈ**

**(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ।**

***ਵਿਆਖਿਆ :***

**ਉਪਾਸਨਾ ਕੇਵਲ ਅਕਾਲ ਪੁਰਖ ਦੀ :** ਗੁਰੂ ਨਾਨਕ ਸੰਕਲਪ ਵਿਚ ਅਕਾਲ ਪੁਰਖ ਜੋ 'ਬ੍ਰਹਮ ਅਜੋਨੀ ਹੈ ਭੀ ਹੋਨੀ' ਹੁੰਦਾ ਸਭਨਾਂ ਵਿਚ ਸਮਾਇਆ ਹੋਇਆ ਹੈ, ਕੇਵਲ 'ਇਕ' ਹੈ। ਗੁਰਵਾਕ :

> **ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ॥** *(ਗੁ: ਗ੍ਰੰ: ਸ:, ਪੰਨਾ 592)*

> **ਗੁਣੁ ਏਹੋ ਹੋਰੁ ਨਾਹੀ ਕੋਇ॥**
> **ਨਾ ਕੋ ਹੋਆ ਨਾ ਕੋ ਹੋਇ॥** *(ਗੁ: ਗ੍ਰੰ: ਸ:, ਪੰਨਾ 349)*

ਦਿਵਯ ਰੂਪ ਕਹੇ ਜਾਂਦੇ ਦੇਵੀ ਦੇਵਤੇ ਫ਼ਰਿਸ਼ਤੇ ਆਦਿ ਸਭ, ਉਸ ਅਕਾਲ ਪੁਰਖ/ਕਰਤਾਰ ਦੀ ਕਿਰਤ ਹੈਨ, ਜਿਨ੍ਹਾਂ ਨੂੰ ਬਣਾਉਣਾ ਤੇ ਮਿਟਾਉਣਾ ਉਸ ਦੀ ਮਹਾਨ ਸ਼ਕਤੀ ਦੀ ਇਕ ਮਾਮੂਲੀ ਹਰਕਤ ਹੈ। ਕਿਸੇ ਦੇਵੀ ਦੇਵਤੇ ਆਦਿ ਦੀ ਅਰਾਧਨਾ ਉਸ ਕਰਤਾਰ ਦੀ ਕਿਰਤ ਦੀ ਅਰਾਧਨਾ ਹੈ ਅਤੇ ਕਿਰਤ ਕਦੇ ਕਰਤੇ ਦੀ ਸਮਾਨਤਾ


Sri Satguru Jagjit Singh Ji eLibrary NamdhariElibrary@gmail.com

(ਸ਼ਰੀਕ) ਨਹੀਂ ਕਰ ਸਕਦੀ। ਇਸ ਲਈ ਗੁਰੂ ਸਾਹਿਬ ਨੇ ਸਿੱਖ ਨੂੰ ਸਦਾ ਕੇਵਲ ਕਰਤਾਰ (ਅਕਾਲ ਪੁਰਖ) ਨਾਲ ਹੀ ਜੁੜਨ ਦੀ ਤਾਗੀਦ ਕਰਦਿਆਂ ਇਨ੍ਹਾਂ ਵਾਕਾਂ ਨਾਲ ਚੇਤੰਨ ਵੀ ਕੀਤਾ ਹੈ।

**ਨਾਰਦ ਸਾਰਦ ਸੇਵਕ ਤੇਰੇ ॥**
**ਤ੍ਰਿਭਵਣਿ ਸੇਵਕ ਵਡਹੁ ਵਡੇਰੇ ॥**
**ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ ਸਭੁ ਤੇਰੋ ਕਾਰਣੁ ਕੀਨਾ ਹੇ ॥**

*(ਗੁ: ਗ੍ਰੰ: ਸਾ:, ਪੰਨਾ 1028)*

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥** *(ਗੁ: ਗ੍ਰੰ: ਸਾ:, ਪੰਨਾ 470)*

**ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥**

*(ਗੁ: ਗ੍ਰੰ: ਸਾ:, ਪੰਨਾ 1138)*

ਸਤਿਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਨੂੰ 'ਇਕ' ਕਰਤਾਰ ਦਾ ਹੀ ਸਿਧਾਂਤ ਦਿੱਤਾ ਹੈ, ਜਿਸ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਪ੍ਰਥਮ ਕਰਤੱਵ ਹੈ। ਇਸ ਲਈ ਗੁਰੂ ਪੰਥ ਦਾ ਹੁਕਮ ਹੈ ਕਿ ਸਿੱਖ ਸਦਾ "ਸਾਹਿਬੁ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ ॥" ਦੀ ਟੇਕ ਹੀ ਜੀਵਨ ਵਿਚ ਰੱਖ ਕੇ ਵਿਚਰੇ।

### (ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

*(ਸਿੱਖ ਰਹਿਤ ਮਰਯਾਦਾ, ਪੰਨਾ 20)*

***ਵਿਆਖਿਆ :***

**ਮੁਕਤੀ ਦਾਤਾ ਤੇ ਇਸ਼ਟ** : ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸੇਧ ਨੂੰ ਹੀ ਮੰਨਣ ਦਾ ਹੁਕਮ ਹੈ। ਇਸ ਤੋਂ ਅੱਗੇ ਫਿਰ ਇਹ ਅੰਕਿਤ ਕਰਨਾ ਕਿ, ਗੁਰੂ ਸਾਹਿਬਾਨ ਦੀ ਬਾਣੀ ਨੂੰ ਹੀ ਮੰਨਣਾ, ਸਾਡੀ ਜਾਚੇ ਇਸ ਲਈ ਜ਼ਰੂਰੀ ਸਮਝਿਆ ਗਿਆ ਹੈ ਕਿ ਸਿੱਖ ਕੇਵਲ ਗੁਰੂ ਨਾਨਕ ਸਿਧਾਂਤ ਦਾ ਧਾਰਨੀ ਹੈ। ਇਸ ਲਈ ਜੇ ਮਨ ਵਿਚ ਭਗਤ ਬਾਣੀ ਜਾਂ ਹੋਰ ਮਹਾਂਪੁਰਖਾਂ ਦੀ ਦਰਜ ਬਾਣੀ ਬਾਬਤ ਕੋਈ ਸ਼ੰਕਾ ਉਤਪੰਨ ਹੋਵੇ ਤਾਂ ਉਸ ਦੀ ਨਵਿਰਤੀ ਦਾ ਆਧਾਰ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਨੂੰ ਹੀ ਮੰਨਣਾ। ਉਦਾਹਰਣ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਸੀਂ ਅਨੇਕ ਜਗ੍ਹਾ ਦੇਖਦੇ ਹਾਂ ਜਦੋਂ ਭਗਤ ਜਨਾਂ ਵੱਲੋਂ ਪ੍ਰਗਟ ਕੀਤੇ ਖ਼ਿਆਲ ਪ੍ਰਤੀ ਗੁਰੂ ਸਾਹਿਬਾਨ ਨੇ ਹੋਰ ਸਪੱਸ਼ਟਤਾ ਦੇ ਕੇ ਗੁਰਮਤਿ ਸਿਧਾਂਤ ਨੂੰ ਦ੍ਰਿੜ ਕਰਵਾਇਆ ਹੈ।

### (ੲ) ਦਸ ਗੁਰੂ ਸਾਹਿਬਾਨ ਨੂੰ ਇੱਕੋ ਜੋਤ ਦੇ ਪ੍ਰਕਾਸ਼ ਰੂਪ ਕਰ ਕੇ ਮੰਨਣਾ।

***ਵਿਆਖਿਆ :***

**ਦਸ ਗੁਰੂ ਸਾਹਿਬਾਨ ਇਕ ਜੋਤ** : ਜੋਤ ਤੋਂ ਭਾਵ ਹੈ, ਵਿਚਾਰਧਾਰਾ, ਸ਼ਕਤੀ,


Sri Satguru Jagjit Singh Ji eLibrary NamdhariElibrary@gmail.com

ਅਧਿਕਾਰ, ਪ੍ਰਕਾਸ਼। ਗੁਰਵਾਕ ਹੈ: "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥" (ਗੁ: ਗ੍ਰੰ: ਸਾ:, ਪੰਨਾ 646) ਅਤੇ "ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥" (ਗੁ: ਗ੍ਰੰ: ਸਾ:, ਪੰਨਾ 966) ਅਨੁਸਾਰ ਦਸ ਗੁਰੂ ਸਾਹਿਬਾਨ ਕੇਵਲ ਇਕ ਜੋਤ ਦੇ ਵੱਖ ਵੱਖ ਰੂਪ ਹਨ। ਸਿੱਖ ਮੱਤ ਦੇ ਮੋਢੀ ਧੰਨ ਗੁਰੂ ਨਾਨਕ ਸਾਹਿਬ ਜੀ ਹਨ, ਜਿਨ੍ਹਾਂ ਦੇ ਚਿਤਵੇ ਹੋਏ ਆਦਰਸ਼ ਨੂੰ ਬਾਕੀ ਨੌਂ ਗੁਰੂ ਸਾਹਿਬਾਨ ਨੇ ਸਿਰੇ ਚਾੜ੍ਹਿਆ। ਜੇ ਕੋਈ ਇਉਂ ਕਹਿਣ ਦਾ ਯਤਨ ਕਰੇ, ਕਿ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਹੋਰ ਹੈ ਅਤੇ ਦਸਮੇਸ਼ ਜੀ ਅਥਵਾ ਬਾਕੀ ਗੁਰੂ ਸਾਹਿਬਾਨ ਦੀ ਵੀਚਾਰਧਾਰਾ ਹੋਰ ਹੈ ਤਾਂ ਇਹ ਭਾਰੀ ਅਗਿਆਨਤਾ ਵਾਲੀ ਗੱਲ ਹੈ। ਇਸ ਟੱਪਲੇ ਤੋਂ ਬਚਣ ਲਈ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਆਦਿ ਗੁਰੂ ਕੇਵਲ ਸਤਿਗੁਰੂ ਨਾਨਕ ਸਾਹਿਬ ਹੀ ਹਨ, ਬਾਕੀ ਤਾਂ ਉਨ੍ਹਾਂ ਦੇ ਸਿੱਖ ਅਥਵਾ ਚੇਲਾ ਗੁਰੂ ਹਨ, ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਸਿੱਖੀ ਧਾਰਨ ਕਰਨ ਉਪਰੰਤ ਗੁਰਗੱਦੀ 'ਤੇ ਬੈਠ ਕੇ ਪ੍ਰਚਾਰ ਦੀ ਭਾਰੀ ਸੇਵਾ ਨਿਭਾਈ। ਇਸ ਭੇਤ ਨੂੰ ਸਤਿਕਾਰਯੋਗ ਭਾਈ ਗੁਰਦਾਸ ਜੀ ਇਉਂ ਸਮਝਾਉਂਦੇ ਹਨ:

**ਸਤਿਗੁਰ ਨਾਨਕ ਦੇਉ ਆਪੁ ਉਪਾਇਆ॥**
**ਗੁਰ ਅੰਗਦੁ 'ਗੁਰ ਸਿਖੁ' ਬਬਾਣੇ ਆਇਆ॥**
**'ਗੁਰ ਸਿਖੁ' ਹੈ ਗੁਰ ਅਮਰੁ ਸਤਿਗੁਰ ਭਾਇਆ॥**
**ਰਾਮਦਾਸੁ 'ਗੁਰ ਸਿਖੁ ਗੁਰ ਸਦਵਾਇਆ॥**
**ਗੁਰ ਅਰਜਨੁ 'ਗੁਰ ਸਿਖੁ' ਪਰਗਟੀ ਆਇਆ॥**
**'ਗੁਰ ਸਿਖੁ' ਹਰਿ ਗੋਵਿੰਦੁ ਨ ਲੁਕੈ ਲੁਕਾਇਆ॥੧॥੨੦॥**

ਇਸੇ ਸਿਧਾਂਤ ਦੀ ਸਪੱਸ਼ਟਤਾ ਅਤੇ ਪ੍ਰੋੜ੍ਹਤਾ 'ਤੇ ਭਾਈ ਨੰਦ ਲਾਲ ਸਾਹਿਬ ਜੀ *ਜੋਤਿ ਬਿਗਾਸ* ਵਿਚ ਇਉਂ ਬਲ ਦੇਂਦੇ ਹਨ:

**ਹਮੋ ਨਾਨਕ ਅਸਤ ਹਮੋ ਅੰਗਦ ਅਸਤ॥**
**ਹਮੋ ਅਮਰ ਦਾਸ ਅਫ਼ਜ਼ਲੋ ਅਮਜਦ ਅਸਤ॥੨੨॥**
**ਹਮੋ ਰਾਮ ਦਾਸੋ ਹਮੋ ਅਰਜਨ ਅਸਤ॥**
**ਹਮੋ ਹਰਗੋਬਿੰਦ ਅਕ਼੍ਰਮੋ ਅਹਸਨ ਅਸਤ॥੨੩॥**
**ਹਮੂ ਅਸਤ ਹਰਿਰਾਇ ਕਰਤਾ ਗੁਰੂ॥**
**ਬਦੋ ਆਸ਼ਕਾਰਾ ਹਮਹੁ ਪੁਸ਼ਤ ਰੂ॥੨੪॥**
**ਹਮੂ ਹਰਿ ਕ੍ਰਿਸ਼ਨ ਆਮਦਹ ਸਰ ਬੁਲੰਦ॥**
**ਅਜ਼ੋ ਹਾਸਿਲ ਉਮੀਦਿ ਹਰ ਮੁਸਤ ਮੰਦ॥੨੫॥**
**ਹਮੂ ਅਸਤ ਤੇਗ਼ੋ ਬਹਾਦਰ ਗੁਰੂ॥**
**ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਉ॥੨੬॥**
**ਹਮੂ ਗੁਰ ਗੋਬਿੰਦ ਸਿੰਘ ਹਮੂ ਨਾਨਕ ਅਸਤ॥**
**ਹਮੂ ਰਤਨ ਜੌਹਰ ਹਮੂ ਮਾਣਕ ਅਸਤ॥੨੭॥**

**"ਸਭ ਏਕੈ ਏਕੈ ਏਕਨੰ॥"**


Sri Satguru Jagjit Singh Ji eLibrary NamdhariElibrary@gmail.com

**(ਸ) ਜਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ ਰਾਸ਼ਿ, ਸ਼ਰਾਧ, ਪਿੱਤਰ, ਖਿਆਹ, ਪਿੰਡ ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉੱਤੇ ਨਿਸ਼ਚਾ ਨਹੀਂ ਕਰਨਾ। ਗੁਰ ਅਸਥਾਨ ਤੋਂ ਬਿਨਾਂ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ। ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸ਼ੀਰਨੀ, ਵੇਦ ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉੱਤੇ ਨਿਸ਼ਚਾ ਨਹੀਂ ਕਰਨਾ। ਹਾਂ, ਆਮ ਵਾਕਫ਼ੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।**

*ਵਿਆਖਿਆ :*

'ਗੁਰਮਤਿ ਦੀ ਰਹਿਣੀ' ਅਧਿਆਇ ਦੇ 20 ਨਿਯਮਾਂ ਵਿੱਚੋਂ ਇਹ ਜੋ ਤੀਜਾ ਨਿਯਮ ਹੈ ਇਸ ਵਿਚ ਦੂਜੇ ਮੱਤਾਂ ਖ਼ਾਸ ਕਰਕੇ ਬ੍ਰਾਹਮਣੀ ਮੱਤ ਦੇ ਪ੍ਰਭਾਵ ਹੇਠ ਆ ਕੇ ਲੱਗਣ ਵਾਲੇ ਟਪਲਿਆਂ ਤੋਂ ਸਿੱਖ ਨੂੰ ਸੁਚੇਤ ਕੀਤਾ ਗਿਆ ਹੈ। ਇਹ ਠੀਕ ਹੈ ਕਿ ਸਿੰਘਾਂ ਦੀ ਭਾਰੀ ਗਿਣਤੀ ਇਨ੍ਹਾਂ ਲੱਗਣ ਵਾਲੇ ਟਪਲਿਆਂ ਤੋਂ ਸਾਵਧਾਨ ਹੈ ਪਰ ਜਦੋਂ ਅਸੀਂ ਇਨ੍ਹਾਂ ਨੁਕਤਿਆਂ ਦੀ ਵਿਆਖਿਆ ਕਰਾਂਗੇ ਤਾਂ ਪ੍ਰਤੀਤ ਹੋਵੇਗਾ ਕਿ ਅਜੇ ਵੀ ਕੁਝ ਸਿੱਖ ਅਜਿਹੇ ਕਰਮਾਂ ਦਾ ਪੂਰਨ ਤਿਆਗ ਨਹੀਂ ਕਰ ਸਕੇ ਜਿਨ੍ਹਾਂ ਦੀ ਗੁਰੂ-ਪੰਥ ਨੇ 'ਭਰਮ-ਰੂਪ' ਆਖ ਕੇ ਨਿਖੇਧੀ ਕੀਤੀ ਹੈ ਕਿਉਂਕਿ ਗੁਰਬਾਣੀ ਅਨੁਸਾਰ ਇਨ੍ਹਾਂ ਦੀ ਸਿੱਖ ਜੀਵਨ ਵਿਚ ਕੋਈ ਥਾਂ ਨਹੀਂ।

**ਜਾਤ-ਪਾਤ, ਛੂਤ-ਛਾਤ :** ਸਤਿਗੁਰੂ ਨਾਨਕ ਦੇਵ ਜੀ ਨੇ ਬਿਪਰ ਦੀ ਭਾਰਤੀ ਸਮਾਜ ਦੀ ਜਾਤਿ ਵਰਨ ਵਾਲੀ ਥਾਪੀ ਹੋਈ ਤਰਤੀਬ ਨੂੰ ਲਾਅਨਤ ਆਖ ਕੇ ਮੂਲੋਂ ਹੀ ਰੱਦ ਕੀਤਾ ਅਤੇ ਵਰਨ ਵੰਡ ਦੀਆਂ ਉਸਾਰੀਆਂ ਦੀਵਾਰਾਂ ਨੂੰ ਢਾਹ ਕੇ ਸਿੱਖ ਮੱਤ ਦੀ ਨੀਂਹ ਰੱਖੀ। ਸਿੱਖ ਮੱਤ ਦੇ ਧਾਰਨੀ ਕੇਵਲ ਕਰਤਾਰ (ਇਕ ਅਕਾਲ ਪੁਰਖ) ਨੂੰ ਮੰਨਦੇ ਹਨ ਅਤੇ ਉਸ ਦੀ ਪੈਦਾ ਕੀਤੀ ਸਾਰੀ ਮਨੁੱਖਤਾ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦੇ ਤੇ ਵਰਤਾਵ ਕਰਦੇ ਹਨ। ਇਸ ਨੁਕਤੇ ਦੀ ਵੀਚਾਰ ਕਰਦਿਆਂ ਹੋਇਆਂ ਜੇ ਅਸੀਂ ਇਉਂ ਸਮਝ ਲਈਏ ਤਾਂ ਸੌਖਾ ਹੋਵੇਗਾ ਕਿ ਜੋ ਮਨੁੱਖ ਜਾਤ-ਪਾਤ ਨਹੀਂ ਮੰਨਦਾ ਉਹ ਹਿੰਦੂ ਨਹੀਂ ਅਤੇ ਜੋ ਜਾਤ-ਪਾਤ ਮੰਨਦਾ ਹੈ ਉਹ ਸਿੱਖੀ ਸਿਧਾਂਤਾਂ ਤੋਂ ਅਨਜਾਣ ਹੈ ਜਾਂ ਦੂਜੇ ਲਫ਼ਜ਼ਾਂ ਵਿਚ ਇਉਂ ਕਿਹਾ ਜਾ ਸਕਦਾ ਹੈ ਕਿ ਜਾਤ-ਪਾਤ ਨੂੰ ਮੰਨਣ ਵਾਲਾ ਗੁਰੂ ਨਾਨਕ ਸਾਹਿਬ ਦੀ ਵੀਚਾਰਧਾਰਾ ਤੋਂ ਥਿੜਕਿਆ ਹੋਇਆ ਬ੍ਰਾਹਮਣੀ ਪ੍ਰਭਾਵ ਅਧੀਨ ਹੈ। ਜਗਤ ਗੁਰੂ ਜੀ ਨੇ ਸਿੱਖ ਮੱਤ ਦੀ ਨੀਂਹ ਇਸ ਵੀਚਾਰਧਾਰਾ 'ਤੇ ਰੱਖੀ ਹੈ :

**ਫਕੜ ਜਾਤੀ ਫਕੜੁ ਨਾਉ ॥**
**ਸਭਨਾ ਜੀਆ ਇਕਾ ਛਾਉ ॥** *(ਗੁ: ਗ੍ਰੰ: ਸਾ:, ਪੰਨਾ 83)*

**ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥**
**ਮਹੁਰਾ ਹੋਵੈ ਹਥਿ ਮਰੀਐ ਚਖੀਐ ॥** *(ਗੁ: ਗ੍ਰੰ: ਸਾ:, ਪੰਨਾ 142)*



Sri Satguru Jagjit Singh Ji eLibrary NamdhariElibrary@gmail.com

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥** *(ਗੁ: ਗ੍ਰੰ: ਸਾ:, ਪੰਨਾ 1330)*

ਸੋ, ਬਿਪਰ ਦੀ ਇਸ ਵੀਚਾਰਧਾਰਾ 'ਸੇਵੀਐ ਬਿਪ੍ਰ ਗਯਾਨ ਗੁਨ ਹੀਨਾ ॥ ਸ਼ੂਦ੍ਰ ਨ ਸੇਵੀਐ ਗਯਾਨ ਪ੍ਰਬੀਨਾ ॥" (ਤੁਲਸੀ ਰਾਮਾਇਣ) ਨੂੰ ਰੱਦ ਕਰ ਕੇ ਮਨੁੱਖ ਦੇ ਗੁਣ ਅਤੇ ਕਰਮਾਂ (ਕੰਮਾਂ) ਅਨੁਸਾਰ ਉਸ ਦਾ ਸਤਿਕਾਰ ਵਰਣਨ ਕੀਤਾ ਹੈ:

**ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ,**
**ਜੋ ਹਰਿ ਧਿਆਵੈ ਸੋ ਪਰਧਾਨੁ ॥...**
**ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥**
*(ਗੁ: ਗ੍ਰੰ: ਸਾ:, ਪੰਨਾ 861)*

**ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥**
**ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥**
*(ਗੁ: ਗ੍ਰੰ: ਸਾ:, ਪੰਨਾ 1124)*

ਭਾਈ ਸਾਹਿਬ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਸਾਰੇ ਗੁਰਸਿੱਖਾਂ ਦੀ ਇੱਕੋ ਹੀ ਗੋਤ ਹੈ:

**ਗੁਰਸਿੱਖ ਢੁੜੀਅਨ ਸਨਮੁਖ ਗੋਤੇ ॥**

ਅੱਜ ਸਾਰੇ ਸੰਸਾਰ ਸਾਹਮਣੇ ਸਿੱਖ ਆਪਣਾ ਸਿਰ ਉੱਚਾ ਕਰ ਕੇ ਕਹਿ ਸਕਦਾ ਹੈ ਕਿ ਸਿੱਖ ਧਰਮ ਹਿਊਮਨ ਰਾਈਟਸ ਦਾ ਮੁੱਖ ਝੰਡਾ ਬਰਦਾਰ ਹੈ ਜਿਥੇ "ਸਭੇ ਸਾਝੀਵਾਲ ਸਦਾਇਨਿ" ਦਾ ਨਾਅਰਾ ਬੁਲੰਦ ਕੀਤਾ ਜਾਂਦਾ ਹੈ। ਇੱਕੋ ਸਰੋਵਰ ਵਿਚ ਇਸ਼ਨਾਨ ਕਰਨ, ਇੱਕੋ ਸੰਗਤ ਵਿਚ ਬੈਠ ਕੇ ਸਤਸੰਗ ਕਰਨ, ਇੱਕੋ ਸੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣ ਅਤੇ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਣ ਉਪਰੰਤ ਸਿੱਖ ਮਨ ਵਿਚ ਜਾਤਿ-ਵਰਨ ਜਾਂ ਛੂਤ-ਛਾਤ ਦੀ ਕੋਈ ਥਾਂ ਨਹੀਂ ਰਹਿ ਜਾਂਦੀ ਪਰ ਸਾਨੂੰ ਸ਼ੋਕ ਨਾਲ ਲਿਖਣਾ ਪੈ ਰਿਹਾ ਹੈ ਕਿ ਗੁਰੂ ਸਾਹਿਬਾਨ ਦੇ ਇੰਨੇ ਯਤਨਾਂ ਦੇ ਬਾਵਜੂਦ ਵੀ ਕੁਝ ਸਿੱਖ ਮੁਕੰਮਲ ਤੌਰ 'ਤੇ ਜਾਤਿ ਵਰਨ ਦੇ ਬੰਧਨਾਂ ਨੂੰ ਤੋੜ ਨਹੀਂ ਸਕੇ। ਗੁਰੂ ਕ੍ਰਿਪਾ ਨਾਲ ਵਿਦਵਾਨ ਭਾਈ ਸਾਹਿਬ ਜੀ ਦਾ ਸੁਪਨਾ ਸਾਕਾਰ ਹੋ ਜਾਵੇ, ਅਰਦਾਸ ਹੈ:

**ਜਾਤਿ ਵਰਨ ਕੀ ਕਾਣਿ ਤਜਿ ਮਿਲੈ ਖਾਲਸੇ ਸੰਗ।**
**ਗੁਰਬਾਣੀ ਸੇ ਪ੍ਰੇਮ ਕਰਿ ਮਨ ਰਪ ਗੂੜ੍ਹਾ ਰੰਗ।** *(ਗੁਰ ਪ੍ਰਤਾਪ ਸੂਰਜ)*

**ਜੰਤ੍ਰ-ਮੰਤ੍ਰ-ਤੰਤ੍ਰ :** ਇਸ ਨੁਕਤੇ ਦੀ ਵੀਚਾਰ ਅਸੀਂ ਭਾਈ ਕਾਨ੍ਹ ਸਿੰਘ ਜੀ ਨਾਭਾ ਵੱਲੋਂ 'ਗੁਰਮਤ ਮਾਰਤੰਡ' ਦੇ ਪੰਨਾ 789 ਵਿਚ ਦਿੱਤੇ ਨੋਟ ਨਾਲ ਆਰੰਭ ਕਰਦੇ ਹਾਂ: "ਵਾਸਤਵ ਵਿਚ ਮੰਤ੍ਰ ਦਾ ਅਰਥ ਸਲਾਹ-ਮਸ਼ਵਰਾ, ਜੰਤ੍ਰ ਦਾ ਅਰਥ ਕਲ/ਮਸ਼ੀਨ ਅਰ ਤੰਤ੍ਰ ਦਾ ਅਰਥ ਪਦਾਰਥਾਂ ਦਾ ਮਿਲਾਪ ਹੈ। ਪਰ ਤਾਂਤ੍ਰਿਕਾਂ ਨੇ ਕਿਸੇ ਖ਼ਾਸ ਸ਼ਬਦ ਜਾਂ ਵਾਕ ਦੇ ਜਪੁ ਦਾ ਨਾਉਂ ਮੰਤ੍ਰ, ਭੋਜ ਪੱਤ੍ਰਾਂ ਤੇ ਕਾਗ਼ਜ਼ਾਂ ਆਦਿ ਪੁਰ ਲੇਖ ਦਾ ਨਾਉਂ ਜੰਤ੍ਰ ਅਰ ਟੂਣਿਆਂ ਦਾ ਨਾਉਂ ਤੰਤ੍ਰ ਕਲਪ ਲਿਆ ਹੈ। ਗੁਰਮਤਿ ਵਿਚ ਐਸੇ ਤੰਤ੍ਰ-ਮੰਤ੍ਰ ਨਿਸ਼ੇਧ ਕੀਤੇ ਗਏ ਹਨ।"

Sri Satguru Jagjit Singh Ji eLibrary NamdhariElibrary@gmail.com

ਜਗਤ ਗੁਰੂ ਨਾਨਕ ਸਾਹਿਬ ਜੀ ਨੇ ਐਸੇ ਪਾਖੰਡ ਕਰਮਾਂ ਦਾ ਤਿਆਗ ਕਰ ਕੇ ਕੇਵਲ ਕਰਤਾਰ ਨਾਲ ਜੁੜਨ ਨੂੰ ਹੀ ਲੋਕ-ਪਰਲੋਕ ਦੇ ਸੁੱਖਾਂ ਦਾ ਸਾਧਨ ਮੰਨਿਆ ਹੈ। ਗੁਰਵਾਕ :

**ਤੰਤ੍ਰ ਮੰਤ੍ਰ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥**

*(ਗੁ: ਗ੍ਰੰ: ਸਾ:, ਪੰਨਾ 766)*

**ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ॥**
**ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ॥** *(ਗੁ: ਗ੍ਰੰ: ਸਾ:, ਪੰਨਾ 814)*

ਗੁਰੂ ਪਾਤਸ਼ਾਹ ਜੀ ਦੀ ਉਚਾਰਨ ਕੀਤੀ ਬਾਣੀ ਖ਼ੁਦ-ਬ-ਖ਼ੁਦ ਮਹਾਂ-ਮੰਤ੍ਰ/ਮੂਲ-ਮੰਤ੍ਰ ਹੈ ਅਰ ਮਹਾਨ ਉਪਦੇਸ਼ ਹੈ। ਜੋ ਵੀ ਪ੍ਰੇਮੀ ਪਿਆਰ ਨਾਲ ਗੁਰਬਾਣੀ ਦਾ ਪਾਠ ਕਰਦਾ ਸੁਣਦਾ ਹੈ, ਨਾ ਤਾਂ ਉਸ ਉਪਰ ਕਿਸੇ ਹੋਰ ਟੂਣੇ, ਜਾਦੂ ਦਾ ਅਸਰ ਹੀ ਹੋ ਸਕਦਾ ਹੈ ਅਤੇ ਨਾ ਹੀ ਮਲੀਨ ਆਤਮਾਵਾਂ (ਪ੍ਰੇਤ ਆਦਿਕ) ਦਾ ਪ੍ਰਭਾਵ ਉਸ ਉਪਰ ਪੈ ਸਕਦਾ ਹੈ। ਇਸ ਦੇ ਨਾਲ ਹੀ ਨਾਲ ਗੁਰਬਾਣੀ ਨੂੰ ਵੀਚਾਰ ਕੇ ਪੜ੍ਹਨ ਵਾਲੇ ਅੰਦਰ ਇਹ ਗਿਆਨ ਪ੍ਰਗਟ ਹੋ ਜਾਂਦਾ ਹੈ ਕਿ ਰਜ਼ਾ ਦੇ ਮਾਲਕ ਦੇ ਹੁਕਮ ਵਿਚ ਰਾਜ਼ੀ ਰਹਿਣਾ ਸਿੱਖੀ ਦੀ ਸੇਧ ਹੈ ਅਤੇ ਦੁੱਖ ਸੁੱਖ ਤਾਂ ਧੁੱਪ ਛਾਂ ਵਾਂਗ ਜਾਂ ਕੇਵਲ ਸਾਡੇ ਨਿੱਤ ਬਦਲਦੇ ਲਿਬਾਸ ਵਾਂਗ ਹਨ। ਅਜਿਹੀ ਸੋਚ ਸ਼ਕਤੀ ਪੈਦਾ ਹੋਣ ਉਪਰੰਤ ਸਿੱਖ ਅੰਦਰ ਕਰਤਾਰ ਦੀ ਰਜ਼ਾ ਨੂੰ ਬਦਲਣ ਦੀ ਭਾਵਨਾ ਹੀ ਪੈਦਾ ਨਹੀਂ ਹੁੰਦੀ, ਹੋਰ ਮੰਤ੍ਰਾਂ ਤੰਤ੍ਰਾਂ ਦਾ ਆਸਰਾ ਲੈਣਾ ਤਾਂ ਦੂਰ ਦੀ ਗੱਲ ਹੈ। ਗੁਰਵਾਕ :

**ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ ਤਾ ਮੇਰੇ ਮਨ ਕਾਇਤੁ ਕਲਪੀਐ ॥੧॥**

*(ਗੁ: ਗ੍ਰੰ: ਸਾ:, ਪੰਨਾ 861)*

ਮਹਾਂ-ਮੰਤ੍ਰ/ਮੂਲ-ਮੰਤ੍ਰ ਰੂਪੀ ਗੁਰਬਾਣੀ ਦਾ ਪਾਠ ਕਰਨ ਸੁਣਨ ਤੋਂ ਜੀਅ ਚੁਰਾਉਣ ਵਾਲੇ ਸਿੱਖ ਜਾਦੂ ਟੂਣੇ ਕਰਨ ਵਾਲੇ ਪਾਖੰਡੀ ਤਾਂਤ੍ਰਿਕਾਂ ਪਿੱਛੇ ਦੌੜ ਕੇ ਜਿਥੇ ਧਨ, ਸਮੇਂ ਅਤੇ ਸਿਹਤ ਦੀ ਬਰਬਾਦੀ ਕਰਦੇ ਹਨ, ਉਥੇ ਜਗਤ ਗੁਰੂ ਜੀ ਦੇ ਦਰਸਾਏ ਗੁਰਮਤਿ ਮਾਰਗ ਤੋਂ ਭਟਕ ਕੇ ਤਨਖ਼ਾਹੀਏ ਵੀ ਹੁੰਦੇ ਹਨ ਅਤੇ ਆਤਮਿਕ ਸ਼ਾਂਤੀ ਵੀ ਗੁਆਉਂਦੇ ਹਨ। ਭਾਈ ਗੁਰਦਾਸ ਜੀ ਦੀ ਚਿਤਾਵਨੀ ਸਦਾ ਚੇਤੇ ਰੱਖੀਏ :

**ਸਤਿਗੁਰ ਸਬਦੁ ਸੁਰਤਿ ਲਿਵ ਮੂਲ ਮੰਤ੍ਰ,**
**ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ ॥੧੮੩॥**

**ਸ਼ਗਨ** : ਸ਼ਗਨ/ਸ਼ਗੁਨ/ਸਕੁਨ/ਸਕੁਨਿ ਸਾਰੇ ਰੂਪ ਇਕ ਹੀ ਅਰਥ ਦੇ ਬੋਧਕ ਹਨ। ਸਕੁਨ ਦਾ ਅਰਥ ਹੈ : ਪੰਛੀ, ਪਰਿੰਦਾ। ਪੁਰਾਤਨ ਸਮੇਂ ਵਿਚ ਕੁਝ ਲੋਕ ਪੰਛੀਆਂ ਦੇ ਬੋਲਣ ਅਥਵਾ ਚਾਲ ਤੋਂ ਭਲੇ ਜਾਂ ਬੁਰੇ ਸਮੇਂ ਦਾ ਅਨੁਮਾਨ ਕਰਨ ਲੱਗੇ। ਹੌਲੀ ਹੌਲੀ ਪੰਛੀਆਂ ਤੋਂ ਵਧ ਕੇ ਇਹ ਭਰਮ ਕੁੱਤੇ, ਬਿੱਲੀ, ਗਧੇ ਆਦਿ ਜਾਨਵਰਾਂ ਨਾਲ ਵੀ ਜੁੜ ਗਿਆ। ਫਿਰ ਕੁਝ ਲੋਕ ਹਵਾ ਦਾ ਵੇਗ, ਪਾਣੀ ਲੈ ਕੇ ਮਿਲਣ, ਛਿੱਕ ਮਾਰਨ, ਵਿਧਵਾ ਇਸਤਰੀ ਅੱਗੋਂ ਮਿਲ ਪੈਣ ਅਤੇ ਹੋਰ ਹਰਕਤਾਂ ਵੱਲ ਧਿਆਨ ਦੇ ਕੇ ਉਨ੍ਹਾਂ ਦੇ ਭਲੇ ਬੁਰੇ ਅਰਥ ਕੱਢਣ ਲੱਗ ਪਏ। ਗੁਰੂ ਪਾਤਸ਼ਾਹ ਜੀ ਨੇ ਸਿੱਖ ਨੂੰ ਕਰਤਾਰ


Sri Satguru Jagjit Singh Ji eLibrary NamdhariElibrary@gmail.com

ਨਾਲ ਜੋੜਿਆ ਅਤੇ ਸਮਝਾਇਆ ਕਿ ਹਵਾ, ਪਾਣੀ, ਮਨੁੱਖ ਅਤੇ ਪਸ਼ੂ-ਪੰਛੀ ਆਦਿ ਸਭ ਜੀਵ-ਜੰਤ ਕਰਤੇ ਦੀ ਕੇਵਲ ਕਿਰਤ ਹਨ। ਕਿਰਤ ਨੂੰ ਕਦੇ ਵੀ ਕਰਤੇ ਦੀ ਮੌਜ ਦਾ ਭੇਤ ਨਹੀਂ ਆ ਸਕਦਾ, ਕਿਉਂਕਿ:

**ਬੀਓ ਪੂਛਿ ਨ ਮਸਲਤਿ ਧਰੈ ॥**
**ਜੋ ਕਿਛੁ ਕਰੈ ਸੁ ਆਪਹਿ ਕਰੈ ॥** *(ਗੁ: ਗ੍ਰੰ: ਸਾ:, ਪੰਨਾ 863)*

ਇਸੇ ਕਰਕੇ ਗੁਰੂ ਪਾਤਸ਼ਾਹ ਜੀ ਨੇ ਆਪਣੇ ਨਾਲ ਪਿਆਰ ਕਰਨ ਵਾਲੇ ਸਿੱਖ ਜੀਵ-ਜੰਤ ਦੀਆਂ ਹਰਕਤਾਂ ਦੇ ਪ੍ਰਭਾਵ ਕਬੂਲਣ ਦੇ ਭਰਮ ਤੋਂ ਕੱਢਦਿਆਂ ਇਹ ਵੀ ਦ੍ਰਿੜ ਕਰਾਇਆ ਕਿ ਕਰਤਾਰ ਨਾਲ ਜੁੜੇ ਹੋਏ ਮਨੁੱਖ ਉਪਰ ਕਿਰਤਮ ਦੀਆਂ ਹਰਕਤਾਂ ਅਸਰ ਹੀ ਨਹੀਂ ਕਰ ਸਕਦੀਆਂ। ਗੁਰਵਾਕ:

**ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥**
*(ਗੁ: ਗ੍ਰੰ: ਸਾ:, ਪੰਨਾ 401)*

**ਪ੍ਰਭੁ ਹਮਾਰੈ ਸਾਸਤ੍ਰ ਸਉਣ ॥**
**ਸੂਖ ਸਹਜ ਆਨੰਦ ਗ੍ਰਿਹ ਭਉਣ ॥** *(ਗੁ: ਗ੍ਰੰ: ਸਾ:, ਪੰਨਾ 1137)*

ਗੁਰਮਤਿ ਦੇ ਵਿਆਖਿਆਕਾਰ ਮਾਨਯੋਗ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਗੁਰੂ ਕੀ ਮਤਿ ਦੀ ਸੇਧ ਚੱਲਣ ਵਾਲਾ ਸਿੱਖ ਅਜਿਹੇ ਭੰਬਲਭੂਸੇ ਵਿਚ ਕਦੇ ਨਹੀਂ ਪੈਂਦਾ:

**ਸਜਾ ਖਬਾ ਸਉਣ ਨ ਮੰਨਿ ਵਸਾਇਆ ॥**
**ਨਾਰਿ ਪੁਰਖ ਨੋ ਵੇਖਿ ਨ ਪੈਰੁ ਹਟਾਇਆ ॥**
**ਭਾਖ ਸੁਭਾਖ ਵੀਚਾਰਿ ਨ ਛਿਕ ਮਨਾਇਆ ॥**
**ਦੇਵੀ ਦੇਵ ਨ ਸੇਵ ਨ ਪੂਜ ਕਰਾਇਆ ॥**
**ਗੁਰਸਿਖ ਸਚਾ ਖੇਤੁ ਬੀਜੁ ਫਲਾਇਆ ॥੮॥੨੦॥**

ਫਿਰ ਇਕ ਕਬਿੱਤ ਵਿਚ ਵੀ ਇਉਂ ਹੀ ਦ੍ਰਿੜ ਕਰਾਉਂਦੇ ਹਨ:

**ਜਾਨਤ ਨ ਸਗਨ ਲਗਨ ਆਨ ਦੇਵ ਸੇਵ,**
**ਸਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ ॥੪੪੮॥**

**ਤਿਥ:** ਤਿਥੀ ਜਾਂ ਥਿੱਤ ਜਾਂ ਅਰਥ ਮਿਤੀ/ਤਾਰੀਖ਼। ਇਹ ਚੰਦਰਮਾ ਦੀ ਕਲਾ ਵਧਣ ਘਟਣ ਨਾਲ ਸੰਬੰਧ ਰੱਖਦੀ ਹੈ। ਮੱਸਿਆ ਤੋਂ ਪੂਰਨਮਾਸ਼ੀ ਦੇ ਪੱਖ ਨੂੰ ਸ਼ਕੁਲ (ਚਿੱਟਾ)/ਸ਼ੁਦਿ/ਸੁਦੀ ਅਤੇ ਪੂਰਨਮਾਸ਼ੀ ਤੋਂ ਮੱਸਿਆ ਦੇ ਪੱਖ ਨੂੰ ਬਹੁਲ (ਕਾਲਾ)/ਬਦਿ/ਵਦੀ ਪੱਖ ਆਖਦੇ ਹਨ। ਗੁਰਮਤਿ ਅਨੁਸਾਰ ਪੰਚਮੀ, ਦਸਮੀ, ਅਮਾਵਸ ਜਾਂ ਪੂਰਨਮਾਸ਼ੀ ਆਦਿ ਕਿਸੇ ਵੀ ਤਿਥ ਨੂੰ ਸ਼ੁੱਭ ਜਾਂ ਅਸ਼ੁੱਭ ਮੰਨਣਾ ਭਰਮ ਜਾਲ ਵਿਚ ਪੈਣਾ ਹੈ।

ਇਸੇ ਪ੍ਰਕਾਰ ਦਿਨ (ਵਾਰ) ਦੀ ਵੀਚਾਰ ਹੈ। ਬੀਤੇ ਸਮੇਂ ਵਿਚ ਸਮਾਜ ਪ੍ਰਬੰਧ ਠੀਕ ਚੱਲਦਾ ਰੱਖਣ ਲਈ ਕੈਲੰਡਰ ਬਣਾਏ ਗਏ। ਜਿਥੇ ਭਾਰਤੀ ਜੋਤਿਸ਼ ਵਿਦਵਾਨਾਂ ਨੇ ਵਿਸੁਏ, ਚਸਿਆਂ, ਪਲਾਂ, ਘੜੀਆਂ, ਪਹਿਰਾਂ, ਥਿਤਾਂ, ਵਾਰਾਂ, ਮਹੀਨਿਆਂ ਅਤੇ ਰੁੱਤਾਂ 'ਤੇ ਆਧਾਰਿਤ ਕੈਲੰਡਰ ਤਿਆਰ ਕੀਤੇ ਉਥੇ ਪੱਛਮੀ ਵੀਚਾਰਵਾਨਾਂ ਨੇ ਸਕਿੰਟਾਂ,



Sri Satguru Jagjit Singh Ji eLibrary NamdhariElibrary@gmail.com

ਮਿੰਟਾਂ, ਘੰਟਿਆਂ, ਹਫ਼ਤਿਆਂ ਅਤੇ ਮਹੀਨਿਆਂ 'ਤੇ ਆਧਾਰਿਤ ਕੈਲੰਡਰ ਤਿਆਰ ਕੀਤੇ। ਆਪੋ ਆਪਣੇ ਦੇਸਵਾਸੀਆਂ ਦੇ ਝੁਕਾਅ ਨੂੰ ਧਿਆਨ 'ਚ ਰੱਖਦਿਆਂ ਦੇਵਤਿਆਂ ਅਤੇ ਗ੍ਰਹਿਆਂ ਆਦਿ ਦੇ ਨਾਂ 'ਤੇ ਦਿਨਾਂ ਦੇ ਨਾਂ ਰੱਖੇ ਗਏ। ਜਿਸ ਤਰ੍ਹਾਂ ਰਵੀ Sun ਦੇਵਤਾ ਦੇ ਨਾਂ 'ਤੇ ਰਵੀਵਾਰ ਅਥਵਾ Sunday ਅਤੇ ਚੰਦ Moon ਦੇਵਤਾ ਦੇ ਨਾਂ 'ਤੇ ਸੋਮਵਾਰ ਅਥਵਾ Monday। ਇਸੇ ਤਰ੍ਹਾਂ ਹੀ ਹਫ਼ਤੇ ਦੇ ਬਾਕੀ ਦਿਨਾਂ ਦੇ ਨਾਮ ਮੰਗਲ Mars, ਬੁਧ Mercury, ਬ੍ਰਹਸਪਤਿ/ਵੀਰ Jupiter, ਸ਼ੁਕ੍ਰ Venus ਅਤੇ ਸ਼ਨੀ Saturn। ਅਜੋਕੇ ਸਮੇਂ ਵਿਚ ਕੁਲ ਦੁਨੀਆਂ ਦਾ ਬਹੁਤ ਵੱਡਾ ਹਿੱਸਾ ਇਸੇ ਹਿਸਾਬ ਨਾਲ ਚੱਲਦਾ ਹੈ। ਭਾਵੇਂ ਜੋਤਿਸ਼ ਜਾਂ ਗਣਿਤ ਵਿਗਿਆਨੀਆਂ ਨੇ ਕੇਵਲ ਪ੍ਰਬੰਧ ਨੂੰ ਚਲਾਉਣ ਵਾਸਤੇ ਹੀ ਦਿਨਾਂ ਦੀ ਵੰਡ ਕਰ ਕੇ ਇਨ੍ਹਾਂ ਦੇ ਨਾਂ ਰੱਖੇ ਸਨ ਪਰ ਭਾਰਤੀਆਂ ਦੇ 'ਚੰਗੇ ਭਾਗਾਂ' ਨੂੰ ਬਿਪਰ ਨੇ 'ਫਲਿਤ ਸ਼ਾਸਤ੍ਰ' ਦੀ ਰਚਨਾ ਕਰ ਕੇ ਦਿਨਾਂ ਦੇ ਸ਼ੁਭ ਜਾਂ ਅਸ਼ੁੱਭ ਹੋਣ ਦਾ ਭਰਮ ਸਾਧਾਰਨ ਜਨਤਾ ਵਿਚ ਪੈਦਾ ਕਰ ਦਿੱਤਾ ਅਤੇ ਇਸ ਬਹਾਨੇ ਆਪਣੇ 'ਪ੍ਰਸ਼ਾਦੇ' ਦਾ ਪ੍ਰਬੰਧ ਪੱਕਾ ਕਰ ਲਿਆ। ਗੁਰੂ ਸਾਹਿਬ ਜੀ ਨੇ ਮੰਗਲ ਸ਼ਨਿਚਰ ਦੇ ਨਾਮ 'ਤੇ ਤੇਲ ਮੰਗਣ ਵਾਲੀਆਂ ਬਿਰਤੀਆਂ ਤੋਂ ਇਸ ਪ੍ਰਕਾਰ ਸਿੱਖ ਸਿਧਾਂਤ ਉਲੀਕ ਕੇ ਸਾਵਧਾਨ ਕੀਤਾ ਹੈ:

**ਸੋਈ ਦਿਵਸੁ ਭਲਾ ਮੇਰੇ ਭਾਈ॥**
**ਹਰਿ ਗੁਨ ਗਾਇ ਪਰਮ ਗਤਿ ਪਾਈ॥** *(ਗੁ: ਗ੍ਰੰ: ਸਾ:, ਪੰਨਾ 395)*

**ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ॥**
*(ਗੁ: ਗ੍ਰੰ: ਸਾ:, ਪੰਨਾ 432)*

**ਆਪੇ ਪੂਰਾ ਕਰੇ ਸੁ ਹੋਇ॥**
**ਏਹਿ ਥਿਤੀ ਵਾਰ ਦੂਜਾ ਦੋਇ॥**
**ਸਤਿਗੁਰ ਬਾਝਹੁ ਅੰਧੁ ਗੁਬਾਰੁ॥**
**ਥਿਤੀ ਵਾਰ ਸੇਵਹਿ ਮੁਗਧ ਗਵਾਰ॥** *(ਗੁ: ਗ੍ਰੰ: ਸਾ:, ਪੰਨਾ 843)*

ਭਗਤ ਕਬੀਰ ਜੀ ਦੇ ਇਨ੍ਹਾਂ ਬਚਨਾਂ ਨੂੰ ਵੀ ਗੁਰੂ ਪਾਤਸ਼ਾਹ ਨੇ ਪਿਆਰ ਸਹਿਤ ਦਰਜ ਕੀਤਾ ਹੈ:

**ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ॥...**
**ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ॥**
*(ਗੁ: ਗ੍ਰੰ: ਸਾ:, ਪੰਨਾ 970)*

**ਰਾਸ਼ਿ:** ਭਾਵ ਰਾਸ਼ਿ/ਰਾਸ਼ੀ/ਰਾਸ ਹੈ। ਜੋਤਿਸ਼ ਵਿਗਿਆਨੀਆਂ ਨੇ ਚੰਦਰਮਾ ਵਾਂਗ ਹੀ ਸੂਰਜ ਦੀ ਚਾਲ ਨੂੰ ਪਰਖਦਿਆਂ ਆਮ ਤੌਰ 'ਤੇ ਇਕ ਸਾਲ ਦੀ ਬਾਰਾਂ ਮਹੀਨਿਆਂ ਵਿਚ ਵੰਡ ਕੀਤੀ ਭਾਵੇਂ ਕੁਝ ਤੇਰਾਂ ਵੀ ਆਖਦੇ ਹਨ। ਇਹ ਵੰਡ ਬਾਰਾਂ ਰਾਸ਼ਾਂ/ਰਾਸ਼ੀਆਂ ਦੇ ਨਾਂ 'ਤੇ ਕੀਤੀ ਗਈ। ਜਿਸ ਸਮੇਂ ਸੂਰਜ ਇਕ ਰਾਸ਼ਿ ਵਿੱਚੋਂ ਨਿਕਲ ਕੇ ਦੂਜੀ ਰਾਸ਼ਿ ਵਿਚ ਪ੍ਰਵੇਸ਼ ਕਰਦਾ ਹੈ, ਭਾਰਤੀ ਜੋਤਸ਼ੀਆਂ ਨੇ ਉਸ ਦਾ ਨਾਂ 'ਸੰਕ੍ਰਾਂਤਿ' ਰੱਖਿਆ (ਧਿਆਨ ਰਹੇ ਸਾਰੀ ਬਾਣੀ ਵਿਚ ਕਿਧਰੇ ਵੀ ਸੰਕ੍ਰਾਂਤਿ ਜਾਂ ਸੰਗਰਾਂਦ ਲਫ਼ਜ਼


Sri Satguru Jagjit Singh Ji eLibrary NamdhariElibrary@gmail.com

ਦੀ ਵਰਤੋਂ ਨਹੀਂ ਹੈ) ਬਾਰਾਂ ਰਾਸ਼ਾਂ/ਰਾਸ਼ੀਆਂ ਦੇ ਨਾਂ 'ਤੇ ਬਾਰਾਂ ਮਹੀਨਿਆਂ ਦੇ ਨਾਂ ਇਸ ਪ੍ਰਕਾਰ ਪ੍ਰਚਲਿਤ ਹੋਏ :

| | | | |
|---|---|---|---|
| ਮੇਖ | Aries | ਵੈਸਾਖ | April |
| ਬ੍ਰਿਖ | Touris | ਜੇਠ | May |
| ਮਿਥੁਨ | Gemini | ਹਾੜ | June |
| ਕਰਕ | Cancer | ਸਾਵਣ | July |
| ਸਿੰਘ | Leo | ਭਾਦਰੋਂ | August |
| ਕੰਨਿਆ | Virgo | ਅੱਸੂ | September |
| ਤੁਲਾ | Libra | ਕੱਤਕ | October |
| ਬ੍ਰਿਸ਼ਚਿਕ | Scorpio | ਮੱਘਰ | November |
| ਧਨੁ | Sagittarius | ਪੋਹ | December |
| ਮਕਰ | Capricornus | ਮਾਘ | January |
| ਕੁੰਭ | Aquarius | ਫੱਗਣ | February |
| ਮੀਨ | Pisces | ਚੇਤ | March |

ਕੇਵਲ ਸਮਾਂ ਪ੍ਰਬੰਧ ਦੀ ਵਿਗਿਆਨੀਆਂ ਦੀ ਕੀਤੀ ਇਸ ਵੰਡ ਨੂੰ ਸ਼ੁਭ ਜਾਂ ਅਸ਼ੁਭ ਕਹਿ ਕੇ ਭੋਲੀ ਭਾਲੀ ਜਨਤਾ ਤੋਂ ਆਪਣਾ ਉੱਲੂ ਸਿੱਧਾ ਕਰਨਾ 'ਬਿਪ੍ਰ ਚਲਿਤ੍' ਹੈ, ਜਿਸ ਤੋਂ ਗੁਰੂ ਪਾਤਸ਼ਾਹ ਜੀ ਨੇ ਸਿੱਖ ਨੂੰ ਭਲੀ ਪ੍ਰਕਾਰ ਸਾਵਧਾਨ ਕੀਤਾ ਹੈ। ਤੁਖਾਰੀ ਰਾਗ ਵਿਚ ਉਚਾਰਨ ਕੀਤੇ ਬਾਰਹਮਾਹ ਵਿਚ ਧੰਨ ਗੁਰੂ ਨਾਨਕ ਸਾਹਿਬ ਜੀ ਸਾਰੇ ਮਹੀਨਿਆਂ ਨੂੰ ਹੀ ਭਲਾ ਆਖਦੇ ਹਨ ਜੇ ਕਰਤਾਰ ਚਿਤਿ ਆਵੇ ਤਾਂ। ਗੁਰਵਾਕ :

**ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥...**
**ਵੈਸਾਖੁ ਭਲਾ ਸਾਖਾ ਵੇਸ ਕਰੇ ॥...**
**ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥...**
**ਆਸਾੜੁ ਭਲਾ ਸੂਰਜੁ ਗਗਨਿ ਤਪੈ ॥...**
**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥...** *(ਗੁ: ਗ੍ਰੰ: ਸਾ:, ਪੰਨਾ 1107-8)*

ਇਸੇ ਤਰ੍ਹਾਂ ਹੀ ਗੁਰੂ ਸਾਹਿਬ ਨੇ 'ਮੰਘਰ ਮਾਹੁ ਭਲਾ; ਮਾਘਿ ਪੁਨੀਤ ਭਈ; ਫਲਗੁਣਿ ਮਨਿ ਰਹਸੀ' ਕਹਿਣ ਉਪਰੰਤ ਇਹ ਕਹਿ ਕੇ ਸਾਰੇ ਸ਼ੰਕੇ ਗੁਰਸਿੱਖਾਂ ਦੇ ਨਵਿਰਤ ਕਰ ਦਿੱਤੇ :

**ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥**
**ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥** *(ਗੁ: ਗ੍ਰੰ: ਸਾ:, ਪੰਨਾ 1109)*

ਸਿੱਖ ਨੂੰ ਸਦਾ ਚੇਤੰਨ ਰਹਿਣਾ ਚਾਹੀਦਾ ਹੈ ਕਿ ਗੁਰੂ ਸਾਹਿਬਾਨ ਨੇ ਸਤਵਾਰੇ, ਥਿਤੀਆਂ, ਬਾਰਹਮਾਹ ਜਾਂ ਰੁੱਤਾਂ ਦੇ ਸਿਰਲੇਖ ਹੇਠ ਵਾਰਾਂ, ਮਿਤੀਆਂ, ਮਹੀਨਿਆਂ ਜਾਂ ਰੁੱਤਾਂ ਦੀ ਮਹਿਮਾ ਨਹੀਂ ਗਾਈ ਸਗੋਂ ਆਪਣੇ ਸਮੇਂ ਦੇ ਪ੍ਰਚਲਿਤ ਲੋਕ-ਕਾਵਿ ਦੇ ਰੂਪਾਂ


Sri Satguru Jagjit Singh Ji eLibrary NamdhariElibrary@gmail.com

ਨੂੰ ਅਪਣਾ ਕੇ ਹਰ ਦਿਨ, ਮਿਤੀ, ਮਹੀਨੇ ਅਤੇ ਰੁੱਤ ਨੂੰ ਉਦੋਂ ਹੀ ਚੰਗਾ ਕਿਹਾ ਹੈ ਜਦੋਂ ਕਰਤਾਰ, ਪ੍ਰਭੂ ਚੇਤੇ ਆਵੇ। ਗੁਰਵਾਕ :

**ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ ॥** *(ਗੁ: ਗ੍ਰੰ: ਸਾ:, ਪੰਨਾ 522)*

**ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥**
**ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥**
*(ਗੁ: ਗ੍ਰੰ: ਸਾ:, ਪੰਨਾ 318)*

**ਗ੍ਰਹਿ** : ਜੋਤਿਸ਼ ਵਿਗਿਆਨੀਆਂ ਨੇ ਨੌਂ ਗ੍ਰਹਿਆਂ ਦਾ ਜ਼ਿਕਰ ਕੀਤਾ ਹੈ, ਹੁਣ ਭਾਵੇਂ ਹੋਰ ਵੀ ਗ੍ਰਹਿ ਲੱਭੇ ਜਾ ਚੁੱਕੇ ਹਨ। ਸੂਰਜ Sun, ਚੰਦ੍ਰ Moon, ਮੰਗਲ Mars, ਬੁਧ Marcury, ਬ੍ਰਹਸਪਤੀ Jupiter, ਸ਼ੁਕ੍ਰ Venus, ਸ਼ਨੈਸਚਰ Saturn, ਰਾਹੁ Seizer ਅਤੇ ਕੇਤੁ The dregon's tail। ਸ੍ਵਾਰਥ ਸਿੱਧੀ ਵਾਸਤੇ ਇਨ੍ਹਾਂ ਨੌਂ ਗ੍ਰਹਿਆਂ ਦੇ ਸ਼ੁਭ ਅਸ਼ੁਭ ਫਲ ਕਲਪ ਕੇ ਲੋਕਾਂ ਨੂੰ ਸੁਖ ਦੁਖ ਦਾ ਕਾਰਨ ਨਿਸਚੈ ਕਰਵਾ ਕੇ ਦਾਨ ਅਤੇ ਜਪ ਆਦਿ ਕਰਮਾਂ ਨਾਲ ਗ੍ਰਹਿਆਂ ਦੀ ਖੋਟੀ ਦਸ਼ਾ ਦੀ ਨਵਿਰਤੀ ਮੰਨਦੇ ਹਨ। ਗੁਰੂ ਪਾਤਸ਼ਾਹ ਫ਼ੁਰਮਾਂਦੇ ਹਨ ਕਿ ਸਿੱਖਾ! ਅਸੀਂ ਤੈਨੂੰ ਐਸੇ ਕਰਤਾਰ ਦੇ ਲੜ ਲਗਾਇਆ ਹੈ ਜਿਸ ਦੇ ਦਰ 'ਤੇ ਕਰੋੜਾਂ ਹੀ ਅਜਿਹੇ ਗ੍ਰਹਿ ਹੱਥ ਜੋੜ ਕੇ ਖੜ੍ਹੇ ਹਨ :

**ਸੁਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥**
**ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥** *(ਗੁ: ਗ੍ਰੰ: ਸਾ:, ਪੰਨਾ 400)*

**ਨਵ ਗ੍ਰਹ ਕੋਟਿ ਠਾਢੇ ਦਰਬਾਰ ॥** *(ਗੁ: ਗ੍ਰੰ: ਸਾ:, ਪੰਨਾ 1163)*

ਭਾਈ ਨੰਦ ਲਾਲ ਜੀ ਦੱਸਦੇ ਹਨ ਕਿ ਦੋਵੇਂ ਲੋਕ ਕੇਵਲ ਉਸ ਕਰਤਾਰ ਦੇ ਜਲਾਲ ਨਾਲ ਪ੍ਰਕਾਸ਼ਮਾਨ ਹਨ, ਸੂਰਜ ਚੰਦਰਮਾ ਆਦਿ ਤਾਂ ਕਰਤਾਰ ਦੇ ਮਸ਼ਾਲਚੀ (ਸੇਵਕ) ਹਨ :

**ਈਂ ਦੋ ਆਲਮ ਜੁਮਲਾ ਪੁਰ ਅਜ਼ ਨੂਰਿ ਓਸਤ।**
**ਮਿਹਰੋ ਮਹ ਮਸ਼ਅਲ ਕਸ਼ੇ ਮਜ਼ਦੂਰਿ ਓਸਤ ॥੨੯॥**

ਗਿਆਨੀ ਗਿਆਨ ਸਿੰਘ ਜੀ 'ਸਿੱਖ ਚਰਿੱਤਰ' ਦਾ ਵਰਣਨ ਕਰਦਿਆਂ ਇਉਂ ਲਿਖਦੇ ਹਨ :

**ਪ੍ਰੇਤ ਪੀੜ ਗ੍ਰਹਿ ਪੀੜ ਨ ਮਾਨਤ।**
**ਮੜ੍ਹੀ ਮਸਾਣੀ ਕੋ ਨ ਪਛਾਨਤ।** *(ਨਵੀਨ ਪੰਥ ਪ੍ਰਕਾਸ਼, ਅਧਿਆਇ 74)*

ਸਾਨੂੰ ਉਦੋਂ ਭਾਰੀ ਖ਼ੇਦ ਹੁੰਦਾ ਹੈ ਜਦੋਂ ਗੁਰਬਾਣੀ ਦਾ ਪਾਠ, ਕੀਰਤਨ, ਵਖਿਆਣ ਕਰਨ, ਸੁਣਨ ਉਪਰੰਤ ਗਿਆਨੀ ਤੇ ਭਰਮੀ ਲੋਕ ਬੱਚਿਆਂ ਨੂੰ 'ਮਾਈਏਂ' ਪਾਉਣ ਲੱਗਿਆਂ ਜਾਣੇ ਅਣਜਾਣੇ ਨੌਂ-ਗ੍ਰਹਿ ਬਣਾ ਕੇ ਉਨ੍ਹਾਂ ਦੀ ਪੂਜਾ ਕਰਦੇ ਕਰਾਉਂਦੇ ਹਨ।

**ਮਹੂਰਤ** : ਦੋ ਘੜੀਆਂ ਅਤੇ ਬਾਰਾਂ ਛਿਨਾਂ (ਲਗਭਗ ਪੰਜਾਹ ਮਿੰਟ ਦਾ ਸਮਾਂ) ਦਾ ਨਾਮ ਮਹੂਰਤ ਹੈ ਪਰ ਜੋਤਸ਼ੀਆਂ ਵੱਲੋਂ ਕਿਸੇ ਕੰਮ ਕਰਨ ਲਈ ਸ਼ੁਭ ਸਮਾਂ


Sri Satguru Jagjit Singh Ji eLibrary NamdhariElibrary@gmail.com

ਹਿਰਾਇਆ ਜਾਣਾ, ਸ਼ੁਭ ਮਹੂਰਤ ਕਿਹਾ ਜਾਂਦਾ ਹੈ। ਗੁਰੂ ਪਾਤਸ਼ਾਹ ਜੀ ਨੇ ਉਸ ਮੇਂ ਨੂੰ ਕੇਵਲ ਸ਼ੁਭ ਆਖਿਆ ਹੈ ਜਦੋਂ ਕਰਤਾਰ ਚਿਤ ਆਵੇ। ਗੁਰਵਾਕ :

**ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੜੀਏ,**
**ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥** *(ਗੁ: ਗ੍ਰੰ: ਸਾ:, ਪੰਨਾ 540)*

ਇਸੇ ਪ੍ਰਕਾਰ ਦੇ ਬਚਨ ਅਨੇਕਾਂ ਵਾਰ ਕਰ ਕੇ ਗੁਰੂ ਪਾਤਸ਼ਾਹ ਜੀ ਨੇ ਤਿੱਥ, ਾਰ, ਗ੍ਰਹਿ, ਰਾਸ਼ਿ, ਮਹੂਰਤ ਆਦਿ ਦੇ ਸ਼ੁਭ ਅਸ਼ੁਭ ਮੰਨਣ ਦੇ ਭਰਮ ਤੋਂ ਸਿੱਖ ਨੂੰ ਜ਼ਾਦ ਕੀਤਾ ਹੈ।

**ਪਿੱਤਰ ਕਰਮ** : ਕੁਝ ਹੋਰ ਮੱਤਾਂ ਵਾਂਗ ਬਿਪਰ ਵੱਲੋਂ ਵੀ ਮਨੁੱਖ ਨੂੰ ਮੌਤ ਬਾਅਦ ਜੀਵਨ-ਪੰਧ ਦੇ ਭੁਲੇਵਿਆਂ ਵਿਚ ਪਾ ਕੇ ਆਪਣੇ ਪ੍ਰਸ਼ਾਦੇ-ਪਾਣੀ ਦੇ ਪ੍ਰਬੰਧ ਉਪਰ ਧਰਮ ਦਾ ਪਰਦਾ ਪਾਇਆ ਹੋਇਆ ਹੈ, ਗੁਰੂ ਪਾਤਸ਼ਾਹ ਨੇ ਉਸ ਪਰਦੇ ਨੂੰ ਤਾਰ-ਤਾਰ ਰ ਕੇ ਮਨੁੱਖ ਨੂੰ ਬਿਪਰਵਾਦੀ ਬੰਧਨਾਂ ਤੋਂ ਆਜ਼ਾਦ ਕੀਤਾ ਹੈ ਅਤੇ ਫ਼ੁਰਮਾਇਆ ਕਿ ਮਨੁੱਖ ਜੋ ਕੁਝ ਆਪ ਕਰਦਾ ਹੈ ਕੇਵਲ ਉਸ ਦਾ ਹੀ ਲਾਭ-ਹਾਨੀ ਪ੍ਰਾਪਤ ਰਦਾ ਹੈ। ਕਿਸੇ ਹੋਰ ਦੇ ਕਰਨ ਨਾਲ ਧਰਮ ਦੇ ਖੇਤਰ ਵਿਚ ਉਸ ਨੂੰ ਕੁਝ ਪ੍ਰਾਪਤ ਹੀਂ ਹੁੰਦਾ। ਗੁਰਵਾਕ :

**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥** *(ਗੁ: ਗ੍ਰੰ: ਸਾ:, ਪੰਨਾ 471)*

**ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥**
*(ਗੁ: ਗ੍ਰੰ: ਸਾ:, ਪੰਨਾ 4)*

**ਆਪਣ ਹਥੀਂ ਆਪਣਾ ਆਪੇ ਹੀ ਕਾਜ ਸਵਾਰੀਐ ॥** *(ਗੁ: ਗ੍ਰੰ: ਸਾ:, ਪੰਨਾ 472)*

ਇਸ ਦੇ ਨਾਲ ਹੀ ਇਸ ਖ਼ਿਆਲ ਦਾ ਵੀ ਖੰਡਨ ਕੀਤਾ ਹੈ ਕਿ ਆਪਣੇ ਹੱਥੀਂ ਜਸ ਮ੍ਰਿਤ-ਸਰੀਰ ਨੂੰ ਅਸੀਂ ਅਗਨ ਭੇਟ ਕਰ ਚੁੱਕੇ ਹੁੰਦੇ ਹਾਂ, ਕੀ ਫਿਰ ਵੀ ਉਸ ਸਰੀਰ ਵਚ ਰਹਿ ਚੁੱਕੀ ਜੀਵ-ਆਤਮਾ ਨੂੰ ਖਾਣ ਪੀਣ ਪਹਿਰਾਣ ਤੇ ਰੌਸ਼ਨੀ ਆਦਿ ਦੀ ੜ ਰਹਿੰਦੀ ਹੈ ? ਗੁਰੂ ਪਾਤਸ਼ਾਹ ਦਾ ਫ਼ੁਰਮਾਨ ਹੈ ਕਿ ਜਿਸ ਸਮੇਂ ਜੀਵ ਆਤਮਾ ਰੀਰ ਵਿੱਚੋਂ ਨਿਕਲ ਜਾਂਦੀ ਹੈ ਤਾਂ ਫਿਰ ਮੁਰਦਾ (ਮ੍ਰਿਤ) ਸਰੀਰ ਨੂੰ ਪਦਾਰਥਾਂ ਦੀ ਜ਼ਰੂਰਤ ਨਹੀਂ ਹੁੰਦੀ। ਉਸ ਸਮੇਂ ਮ੍ਰਿਤ ਸਰੀਰ ਨੂੰ ਜ਼ਰੂਰਤ ਹੁੰਦੀ ਹੈ, ਕੇਵਲ ਯੋਗ ਸੰਭਾਲ ਈ, ਜਿਸ ਲਈ ਜਗਤ ਵਿਚ ਕੁਝ ਢੰਗ ਪ੍ਰਚਲਿਤ ਹਨ ਸੰਭਾਲ ਦੇ : ਪਸ਼ੂ ਪੰਛੀਆਂ ੂ ਖੁਆ ਦੇਣਾ, ਜਲ ਪ੍ਰਵਾਹ ਕਰ ਦੇਣਾ, ਜ਼ਮੀਨ ਵਿਚ ਦਬਾ ਦੇਣਾ ਜਾਂ ਅਗਨਿ ਟ ਕਰ ਕੇ ਭਸਮ ਕਰ ਦੇਣਾ। ਗੁਰਵਾਕ :

**ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥**
*(ਗੁ: ਗ੍ਰੰ: ਸਾ:, ਪੰਨਾ 648)*

ਧਿਆਨ ਰਹੇ ਕਿ ਸਿੱਖਾਂ ਦਾ ਇਹ ਵੀ ਕੋਈ ਵਿਸ਼ਵਾਸ ਨਹੀਂ ਕਿ ਮ੍ਰਿਤ ਸਰੀਰ ੂ ਅਗਨਿ ਭੇਟ ਕਰਨ (ਫੂਕਨ) ਨਾਲ ਹੀ ਜੀਵ ਆਤਮਾ ਦੀ ਗਤੀ ਹੁੰਦੀ ਹੈ, ਹੋਰ


Sri Satguru Jagjit Singh Ji eLibrary NamdhariElibrary@gmail.com

ਕਿਸੇ ਤਰ੍ਹਾਂ ਨਹੀਂ। ਸਗੋਂ ਇਹ ਤਾਂ ਕੇਵਲ ਸਿਹਤ ਦੇ ਨਿਯਮਾਂ ਨੂੰ ਧਿਆਨ 'ਚ ਰੱਖ ਕੇ ਕੀਤਾ ਜਾਂਦਾ ਹੈ। ਗੁਰਵਾਕ ਹੈ :

**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥** *(ਗੁ: ਗ੍ਰੰ: ਸਾ:, ਪੰਨਾ 648)*

ਜਿਥੋਂ ਤਕ ਜੀਵ ਆਤਮਾ ਦਾ ਸੰਬੰਧ ਹੈ ਇਸ ਦੀ ਅਵਸਥਾ ਰੌਸ਼ਨੀ ਦੀ ਇਕ ਕਿਰਨ ਵਾਂਗ ਹੈ ਜੋ ਸੂਰਜ ਦੀ ਬੇਅੰਤ ਰੌਸ਼ਨੀ ਵਿਚ ਅਭੇਦ ਹੋ ਜਾਂਦੀ ਹੈ ਜਾਂ ਫਿਰ ਜਲ ਦੀ ਇਕ ਬੂੰਦ ਵਾਂਗ ਹੈ ਜੋ ਸਮੁੰਦਰ ਦੇ ਬੇਅੰਤ ਜਲ ਵਿਚ ਸਮਾਅ ਜਾਂਦੀ ਹੈ। ਜਿਸ ਤਰ੍ਹਾਂ ਨਾ ਹੀ ਕਿਰਨ ਦੀ ਕੋਈ ਵੱਖਰੀ ਹੋਂਦ ਰਹਿੰਦੀ ਹੈ ਅਤੇ ਨਾ ਹੀ ਬੂੰਦ ਦੀ, ਇਸੇ ਤਰ੍ਹਾਂ ਸਰੀਰ ਛੁਟਦਿਆਂ ਹੀ ਜੀਵ ਆਤਮਾ ਦੀ ਵੀ ਕੋਈ ਵੱਖਰੀ ਹੋਂਦ ਨਹੀਂ ਰਹਿ ਜਾਂਦੀ ਅਤੇ ਇਹ ਪਰਮਾਤਮਾ ਨਾਲ ਅਭੇਦ ਹੋ ਜਾਂਦੀ ਹੈ। ਗੁਰਵਾਕ :

**ਪਵਨੈ ਮਹਿ ਪਵਨੁ ਸਮਾਇਆ ॥**
**ਜੋਤੀ ਮਹਿ ਜੋਤਿ ਰਲਿ ਜਾਇਆ ॥** *(ਗੁ: ਗ੍ਰੰ: ਸਾ:, ਪੰਨਾ 885)*

ਇਥੇ ਵੀਚਾਰਨਯੋਗ ਨੁਕਤਾ ਇਹ ਹੈ ਕਿ ਜੋ ਜੀਵਾਤਮਾ ਸਰੀਰ ਛੁਟਦਿਆਂ ਹੀ ਪ੍ਰਮਾਤਮਾ ਵਿਚ ਵਿਲੀਨ ਜੋ ਜਾਂਦੀ ਹੈ, ਉਸ ਲਈ (ਨਮਿਤ) ਪਿੱਛੋਂ ਹਰ ਮਹੀਨੇ ਜਾਂ ਹਰ ਸਾਲ ਪੰਡਿਤ ਜੀ ਜਾਂ ਭਾਈ ਜੀ ਨੂੰ ਛਕਾਏ ਪ੍ਰਸ਼ਾਦਿਆਂ ਦਾ ਕਿਸ ਨੂੰ ਕੀ ਲਾਭ ਮਿਲਦਾ ਹੈ ? ਇਸ ਦਾ ਨਿਰਣਾ ਭਲੇ ਹੀ ਅਸੀਂ ਆਪ ਕਰ ਸਕਦੇ ਹਾਂ।

ਜੇ ਇਹ ਦਲੀਲ ਮੰਨ ਲਈ ਜਾਵੇ ਕਿ ਜੀਵਾਤਮਾ ਉਤਨਾ ਚਿਰ ਤਕ ਪ੍ਰਮਾਤਮਾ ਵਿਚ ਵਿਲੀਨ ਨਹੀਂ ਹੁੰਦੀ ਜਿੰਨਾ ਚਿਰ ਇਹ ਨਿਰਮਲ ਨਹੀਂ ਹੁੰਦੀ। ਤਾਂ ਵੀ, ਜੀਵ ਆਤਮਾ ਪਦਾਰਥਾਂ ਦੀ ਮੁਹਤਾਜ ਨਹੀਂ ਹੁੰਦੀ। ਪਦਾਰਥਾਂ ਦੀ ਲੋੜ ਕੇਵਲ ਸਰੀਰ ਨੂੰ ਹੀ ਹੁੰਦੀ ਹੈ, ਜੀਵ ਆਤਮਾ ਤਾਂ ਅਦਿੱਸ ਹੈ ਕਿਉਂਕਿ ਇਹ ਨਿਰਾਕਾਰ ਹੈ। ਵੈਸੇ ਦਲੀਲਾਂ ਨਾਲ ਇਹ ਗੱਲ ਵੀ ਸਿੱਧ ਨਹੀਂ ਹੁੰਦੀ ਕਿ ਜੀਵ-ਆਤਮਾ ਮੈਲੀ ਹੁੰਦੀ ਹੈ, ਉਸ ਨੂੰ ਭੁੱਖ ਲੱਗਦੀ ਹੈ, ਡਰਦੀ ਹੈ, ਜਾਂ ਮਰਦੀ ਹੈ ਕਿਉਂਕਿ ਗੁਰਵਾਕ ਹੈ :

**ਅਚਰਜ ਕਥਾ ਮਹਾ ਅਨੂਪ ॥**
**ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥...**
**ਨਾ ਇਸੁ ਹਰਖੁ ਨਹੀ ਇਸੁ ਸੋਗੁ ॥**
**ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥**
**ਨਾ ਇਸੁ ਬਾਪੁ ਨਹੀ ਇਸੁ ਮਾਇਆ ॥**
**ਇਹੁ ਅਪਰੰਪਰੁ ਹੋਤਾ ਆਇਆ ॥**
**ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥**
**ਘਟ ਘਟ ਅੰਤਰਿ ਸਦ ਹੀ ਜਾਗੈ ॥** *(ਗੁ: ਗ੍ਰੰ: ਸਾ:, ਪੰਨਾ 868)*

ਸੋ ਪ੍ਰਾਣੀ ਦੇ ਚਲਾਣਾ ਕਰਨ ਉਪਰੰਤ ਸੰਬੰਧੀਆਂ ਜਾਂ ਮਿੱਤਰਾਂ ਆਦਿ ਵੱਲੋਂ ਉਸ ਨਮਿਤ ਕੁਝ ਕੀਤਾ ਜਾਂ ਨਾ ਕੀਤਾ (ਪਦਾਰਥਾਂ ਆਦਿ ਦਾ ਦਾਨ ਪੁੰਨ) ਉਸ ਲਈ ਕੁਝ ਵੀ ਅਰਥ ਨਹੀਂ ਰੱਖਦਾ। ਇਹ ਕੇਵਲ ਬਿਪਰ ਲੀਲ੍ਹਾ ਹੈ, ਜਿਸ ਵਿੱਚੋਂ ਕੱਢਣ ਲਈ ਗੁਰੂ ਸਾਹਿਬਾਨ ਤੇ ਭਗਤ ਜਨਾਂ ਨੇ ਹਰ ਸੰਬੰਧਤ ਵੀਚਾਰ ਵਰਤਿਆ


Sri Satguru Jagjit Singh Ji eLibrary NamdhariElibrary@gmail.com

ਹੈ। ਹਾਂ, ਸਰਬ ਸ਼ਕਤੀਮਾਨ ਕਰਤਾਰ ਦੇ ਖੇਲ ਦਾ ਇਹ ਹਿੱਸਾ ਹੈ ਕਿ ਉਹ ਕਿਸੇ ਜੀਵਾਤਮਾ ਨੂੰ ਆਪਣੇ ਆਪ ਵਿਚ ਅਭੇਦ ਕਰ ਲਵੇ ਜਾਂ ਬ੍ਰਹਿਮੰਡ ਦੇ ਕਿਸੇ ਹਿੱਸੇ ਵਿਚ, ਕਿਸੇ ਵੀ ਜੂਨੀ ਵਿਚ ਫਿਰ ਭੇਜ ਦੇਵੇ।

**ਪਿੱਤਰ** : ਮੋਏ ਹੋਏ ਵਿਅਕਤੀ ਨੂੰ ਪਿੱਤਰ (ਪ੍ਰੇਤ) ਕਹਿ ਕੇ ਯਾਦ ਕਰਦੇ ਹਨ।

**ਸ਼ਰਾਧ, ਖਿਆਹ** : ਸ਼ਰਾਧ ਦਾ ਅਰਥ ਹੈ ਸ਼ਰਧਾ ਨਾਲ ਕੀਤਾ ਕਰਮ। ਮੋਏ ਹੋਏ ਪਿੱਤਰਾਂ ਨੂੰ ਤ੍ਰਿਪਤ ਅਤੇ ਪ੍ਰਸੰਨ ਕਰਨ ਵਾਸਤੇ ਬ੍ਰਾਹਮਣ ਨੂੰ ਭੋਜਨ ਖੁਆਉਣ ਅਤੇ ਬਸਤਰ ਜਾਂ ਹੋਰ ਸਮੱਗਰੀ ਦੇਣ ਦਾ ਨਾਮ ਪੁਰਾਣਾਂ ਅਤੇ ਸਿਮ੍ਰਿਤੀਆਂ ਵਿਚ ਸ਼ਰਾਧ ਹੈ। ਇਸ ਦੇ ਤਿੰਨ ਭੇਦ ਹਨ—ਕਯਾਹ (ਖਿਆਹੀ), ਪਾਰਵਣ ਅਤੇ ਮਹਾਲਯਾ। ਪਿੱਤਰ ਦੇ ਮਰਨ ਵਾਲੇ ਮਹੀਨੇ ਅਤੇ ਤਿਥਿ (ਮਿਤੀ) ਵਿਚ ਸ਼ਰਾਧ ਕਰਨਾ ਖਿਆਹੀ; ਅਮਾਵਸ, ਪੂਰਨਮਾਸ਼ੀ ਆਦਿਕ ਪਰਵਾਂ ਵਿਚ ਸ਼ਰਧਾ ਕਰਨਾ ਪਾਰਵਣ ਅਤੇ ਅੱਸੂ ਦੇ ਹਨੇਰੇ ਪੱਖ ਵਿਚ ਪਿੱਤਰਾਂ ਨੂੰ ਤ੍ਰਿਪਤ ਕਰਨਾ ਮਹਾਲਯ ਸ਼ਰਾਧ ਹੈ।

ਸ਼ਰਾਧਾਂ ਵਿਚ ਕਾਵਾਂ ਨੂੰ ਬੁਲਾ ਕੇ ਭੋਜਨ ਦੇਂਦੇ ਹਨ ਜਿਸ ਨੂੰ ਬਹੁਤ ਮਹਾਤਮ ਵਾਲਾ ਕਰਮ ਮੰਨਦੇ ਹਨ। ਸਤਿਗੁਰ ਸੱਚੇ ਪਾਤਸ਼ਾਹ ਜਗਤ ਗੁਰੂ ਨਾਨਕ ਸਾਹਿਬ ਜੀ ਸ਼ਰਾਧਾਂ ਬਾਰੇ ਸਿੱਖਾਂ ਨੂੰ ਇਉਂ ਚੇਤੰਨ ਕਰਦੇ ਹਨ :

**ਆਇਆ ਗਇਆ ਮੁਇਆ ਨਾਉ ॥**
**ਪਿਛੈ ਪਤਲਿ ਸਦਿਹੁ ਕਾਵ ॥**
**ਨਾਨਕ ਮਨਮੁਖਿ ਅੰਧੁ ਪਿਆਰੁ ॥**
**ਬਾਝੁ ਗੁਰੂ ਡੁਬਾ ਸੰਸਾਰੁ ॥** *(ਗੁ: ਗ੍ਰੰ: ਸਾ:, ਪੰਨਾ 138)*

*ਉਸ਼ਟ ਲਸ਼ਟਿਕਾ ਨਯਾਇ* ਅਨੁਸਾਰ ਸ਼ਰਾਧ ਛਕਣ ਵਾਲਿਆਂ ਦੀ 'ਸੇਵਾ' ਵਿਚ ਵੀ ਇਹ ਸੱਚਾਈ ਇਉਂ ਪ੍ਰਗਟ ਕਰਦੇ ਹਨ :

**ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥**
**ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥**
**ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥**
**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥** *(ਗੁ: ਗ੍ਰੰ: ਸਾ:, ਪੰਨਾ 472)*

ਭਗਤ ਕਬੀਰ ਜੀ ਦਾ ਕਥਨ ਹੈ :

**ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ ॥**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥**
*(ਗੁ: ਗ੍ਰੰ: ਸਾ:, ਪੰਨਾ 332)*

**ਪਿੰਡ ਪੱਤਲ** : ਮੋਏ ਹੋਏ (ਪ੍ਰੇਤ) ਦੀ ਤ੍ਰਿਪਤੀ ਲਈ ਜੌਂ ਦੇ ਆਟੇ ਦੀਆਂ ਪਿੰਨੀਆਂ (ਪਿੰਡ) ਬਣਾ ਕੇ ਪੱਤਲਾਂ ਉੱਤੇ ਰੱਖ ਕੇ ਦਾਨ ਦੇਣੀਆਂ ਜਾਂ ਪਾਣੀ ਵਿਚ ਜੀਅ-ਜੰਤਾਂ ਲਈ ਤਾਰਨ ਦਾ ਨਾਂ ਪਿੰਡ ਪੱਤਲ ਹੈ। ਜਗਤ ਗੁਰੂ ਜੀ ਦਾ ਵਾਕ ਹੈ ਕਿ ਕੇਸਾਧਾਰੀ ਕਰਤਾਰ ਦਾ ਚਿੰਤਨ ਕਰਨ ਵਾਲੇ ਲਈ ਅਜਿਹਾ ਕੁਝ ਵੀ ਕਰਨਾ ਲੋੜੀਂਦਾ ਨਹੀਂ। ਗੁਰਵਾਕ :

**ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥**
**ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥** *(ਗੁ: ਗ੍ਰੰ: ਸਾ:, ਪੰਨਾ 358)*

'ਸਦੁ' (ਰਾਮਕਲੀ) ਵਿਚ ਤੀਜੇ ਪਾਤਸ਼ਾਹ ਜੀ ਦੀ ਭਾਵਨਾ ਹੈ ਕਿ ਹਰੀ ਦਾ ਜਸ ਕਰਨ ਵਾਲੇ ਸਤਸੰਗੀਆਂ ਵਿਚ ਜੁੜ ਬੈਠਣਾ ਹੀ ਸਾਰਾ ਕੁਝ ਹੈ।

**ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥**
*(ਗੁ: ਗ੍ਰੰ: ਸਾ:, ਪੰਨਾ 923)*

**ਦੀਵਾ** : 'ਗਰੁੜ ਪੁਰਾਣ' ਦੀ ਕਥਾ ਅਨੁਸਾਰ ਜੀਵ ਨੂੰ ਧਰਮ/ਯਮ ਰਾਜ ਦੀ ਕਚਹਿਰੀ ਤਕ ਪਹੁੰਚਣ ਲਈ 360 ਦਿਨਾਂ ਦੇ ਲਗਭਗ ਸਮਾਂ ਲੱਗ ਜਾਂਦਾ ਹੈ। ਆਪਣੀ ਆਪਣੀ ਅਵਸਥਾ ਅਨੁਸਾਰ ਜੀਵ ਨੂੰ ਅਨੇਕਾਂ ਲੰਬੇ, ਬਿਖੜੇ ਤੇ ਘੁੱਪ ਹਨੇਰੇ ਰਾਹਾਂ ਵਿੱਚੋਂ ਲੰਘਣਾ ਪੈਂਦਾ ਹੈ। ਇਸ ਲਈ ਮਰਨ ਲੱਗਿਆਂ ਉਸ ਦੇ ਕੋਲ ਬਾਲ ਕੇ ਰੱਖਿਆ ਅਤੇ ਮਰਨ ਪਿੱਛੋਂ ਰੋਜ਼ ਰਾਤ ਨੂੰ ਬਾਲਿਆ ਦੀਵਾ ਭਯਾਨਕ ਯਮ ਮਾਰਗ ਵਿਚ ਉਸ ਦੀ ਸਹਾਇਤਾ ਕਰਦੇ ਹਨ। ਕੈਸੀ ਅਦਭੁਤ ਜੁਗਤੀ ਦੱਸੀ ਹੈ ਬਿਪਰ ਜੀ ਨੇ, ਯਮ ਮਾਰਗ ਰੌਸ਼ਨ ਕਰਨ ਦੀ ? ਦੀਵਾ ਇਸ ਲੋਕ ਵਿਚ ਬਾਲਿਆ ਜਾ ਰਿਹਾ ਹੈ, ਚਾਨਣ ਪ੍ਰਲੋਕ (ਪਤਾ ਹੀ ਨਹੀਂ ਕਿਥੇ) ਵਿਚ ਹੋ ਰਿਹਾ ਹੈ। ਗੁਰੂ ਨਾਨਕ ਸਾਹਿਬ ਇਸ ਬਿਪਰ ਲੀਲ੍ਹਾ ਦਾ ਖੰਡਨ ਇਉਂ ਕਰਦੇ ਹਨ ਕਿ ਸਾਡਾ (ਸਿੱਖ ਦਾ) ਦੀਵਾ ਤਾਂ ਕੇਵਲ ਕਰਤਾਰ ਦਾ ਨਾਮ ਹੀ ਹੈ, ਜਿਸ ਵਿਚ ਸਰੀਰਕ ਅਤੇ ਮਾਨਸਿਕ ਦੁਖ ਰੂਪੀ ਤੇਲ ਪਾਇਆ ਹੈ। ਐਸੇ ਦੀਵੇ ਦੇ ਪ੍ਰਕਾਸ਼ ਨਾਲ ਦੁਖ ਜਲ ਜਾਂਦੇ ਹਨ ਅਤੇ ਜਮ ਨਾਲ ਮੇਲ ਨਹੀਂ ਹੁੰਦਾ ਭਾਵ ਸਿੱਖ ਯਮ ਮਾਰਗ 'ਤੇ ਨਹੀਂ ਪੈਂਦਾ। ਗੁਰਵਾਕ :

**ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥**
**ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥**
**ਲੋਕਾ ਮਤ ਕੋ ਫਕੜਿ ਪਾਇ ॥**
**ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥** *(ਗੁ: ਗ੍ਰੰ: ਸਾ:, ਪੰਨਾ 358)*

**ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥**
**ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥**
*(ਗੁ: ਗ੍ਰੰ: ਸਾ:, ਪੰਨਾ 86)*

**ਹੋਮ** : ਹੋਮ ਜਾਂ ਹਵਨ ਕਰਨਾ ਦੇਵਤਿਆਂ ਦੀ ਪ੍ਰਸੰਨਤਾ ਲਈ ਅੱਗ ਵਿਚ ਘਿਉ, ਜੌਂ ਤੇ ਹੋਰ ਸਮੱਗਰੀ ਦੀਆਂ ਅਹੂਤੀਆਂ ਦੇਣ ਦਾ ਨਾਮ ਹੈ ਕਿਉਂਕਿ ਹਿੰਦੂ ਧਰਮ ਗ੍ਰੰਥਾਂ, ਵੇਦਾਂ ਅਨੁਸਾਰ ਅਗਨਿ ਨੂੰ ਦੇਵਤਿਆਂ ਦੀ ਜੀਭ ਮੰਨਿਆ ਗਿਆ ਹੈ। ਅਜਿਹਾ ਕਰਨ ਵਾਲੇ ਨੂੰ ਲੋਕ ਪ੍ਰਲੋਕ ਦੇ ਸੁਖਾਂ ਦੀ ਪ੍ਰਾਪਤੀ ਹੋਣੀ ਮੰਨੀ ਗਈ ਹੈ। ਗੁਰੂ-ਪੰਥ ਨੇ ਗੁਰਬਾਣੀ ਸਿਧਾਂਤ ਅਨੁਸਾਰ ਇਸ ਭਰਮ ਰੂਪੀ ਕਰਮ ਦਾ ਤਿਆਗ ਕਰਨ ਲਈ ਕਿਉਂ ਕਿਹਾ ਹੈ ? ਸਾਡੇ ਧਿਆਨ ਅਨੁਸਾਰ ਇਹ ਜਾਨਣ ਲਈ ਸਾਨੂੰ ਹੋਮ ਦੇ ਪ੍ਰੇਮੀਆਂ ਲਈ ਸਾਧੂ ਦਯਾ ਨੰਦ ਦਾ ਲਿਖਿਆ *ਸਤਿਆਰਥ ਪ੍ਰਕਾਸ਼* ਦਾ ਹਵਾਲਾ ਪੜ੍ਹਨਾ ਅਯੋਗ ਨਹੀਂ ਹੋਵੇਗਾ :

"ਜੰਗਲ ਵਿਚ ਨਦੀ ਦੇ ਕਿਨਾਰੇ ਸਵੇਰੇ ਅਤੇ ਆਥਣੇ ਇਕ ਬਰਤਨ ਵਿਚ

ਜੋ ਸੋਲਾਂ ਉਂਗਲ ਚੌੜਾ ਅਰ ਇਤਨਾ ਹੀ ਡੂੰਘਾ ਹੋਵੇ, ਲਕੜਾਂ ਬਾਲ ਕੇ ਹਵਨ ਕਰੇ, ਮੰਤਰ ਪੜ੍ਹ ਕੇ ਅਹੂਤੀਆਂ ਦੇਵੇ, ਹਵਨ ਤੋਂ ਪਵਨ ਸ਼ੁੱਧ ਹੁੰਦੀ ਹੈ, ਹੋਮ ਨਾ ਕਰਨ ਤੋਂ ਇਸ ਲਈ ਪਾਪ ਹੁੰਦਾ ਹੈ ਕਿ ਪੁਰਸ਼ ਤੋਂ ਦੁਰਗੰਧ ਪੈਦਾ ਹੋ ਕੇ ਹਵਾ ਅਸ਼ੁਧ ਹੁੰਦੀ ਹੈ, ਜਿਸ ਤੋਂ ਬੀਮਾਰੀਆਂ ਫੈਲਦੀਆਂ ਹਨ, ਜੇ ਪੁਰਾਣੇ ਸਮੇਂ ਦੀ ਤਰ੍ਹਾਂ ਹੁਣ ਹੋਮ ਹੋਵੇ ਤਾਂ ਹਿੰਦੁਸਤਾਨ ਦੇ ਸਾਰੇ ਰੋਗ ਚਲੇ ਜਾਣ, ਖਾਣ ਨਾਲੋਂ ਹੋਮ ਵਿਚ ਘੀ ਜ਼ਿਆਦਾ ਵਰਤਣਾ ਚਾਹੀਏ, ਹਰੇਕ ਆਦਮੀ ਘੱਟ ਤੋਂ ਘੱਟ ਛੇ-ਛੇ ਮਾਸੇ ਘੀ ਦੀਆਂ ਸੋਲਾਂ ਅਹੂਤੀਆਂ ਦੇਵੇ।"
*(ਅਧਿਆਇ ਤੀਜਾ)*

ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਇਸ ਬਾਬਤ ਪ੍ਰਗਟ ਕੀਤੇ ਵੀਚਾਰ ਵੀ ਜਾਨਣਯੋਗ ਹਨ। ਆਪ ਜੀ ਲਿਖਦੇ ਹਨ:

"ਜੇ ਹਵਾ ਸ਼ੁਧ ਕਰਨੀ ਹੈ ਤਾਂ ਹਵਨ ਘਰ ਵਿਚ ਕਿਉਂ ਨਹੀਂ ਕੀਤਾ ਜਾਂਦਾ, ਜੰਗਲ ਦੀ ਹਵਾ ਤਾਂ ਪਹਿਲਾਂ ਹੀ ਸਾਫ਼ ਹੈ। ਔਰ ਹਵਨ ਪਾਤਰ ਦੇ ਖ਼ਾਸ ਮਾਪ ਦੀ ਕੀ ਲੋੜ ਹੈ ? ਔਰ ਕਿਆ ਮੰਤਰਾਂ ਨਾਲ ਹਵਾ ਪਰ ਜ਼ਿਆਦਾ ਅਸਰ ਹੁੰਦਾ ਹੈ, ਔਰ ਬਿਨਾਂ ਮੰਤਰਾਂ ਘੱਟ ਹਵਾ ਸਾਫ਼ ਹੁੰਦੀ ਹੈ ? ਜਿਨ੍ਹਾਂ ਦੇਸ਼ਾਂ ਵਿਚ ਹੋਮ ਨਹੀਂ ਹੁੰਦਾ ਉਨ੍ਹਾਂ ਨਾਲ ਹੋਮੀਆਂ ਦੀ ਸਿਹਤ ਦਾ ਮੁਕਾਬਲਾ ਕਰ ਕੇ ਵੇਖੋ; ਜਿਸ ਤੋਂ ਇਸ ਅਨੋਖੇ ਮੰਤਰ ਦੀ ਕਦਰ ਆਪ ਨੂੰ ਮਲੂਮ ਹੋਵੇ। ਜੇ ਘਰ ਦਾ ਇਕ ਇਕ ਆਦਮੀ ਉਗਣ ਅਤੇ ਆਥਣ ਅੱਠ-ਅੱਠ ਪੈਸੇ ਭਰ ਘੀ ਫੂਕੇ ਤਾਂ ਟੱਬਰ ਦੇ 10 ਆਦਮੀਆਂ ਨੂੰ 160 ਤੋਲੇ (ਦੋ ਸੇਰ/ਕਿਲੋ) ਘੀ ਨਿੱਤ ਹਵਨ ਕਰਨ ਲਈ ਲੋੜੀਦੇ, ਅਰ ਖਾਣ ਲਈ ਇਸ ਤੋਂ ਵੱਧ ਰਿਹਾ। ਪੰਡਤ ਦਯਾ ਨੰਦ ਜੀ ਹੋਮ ਵਿਧੀ ਨਾਲ ਜੋ ਹਿੰਦੁਸਤਾਨ ਦਾ ਭਲਾ ਸੋਚਿਆ ਹੈ, ਸਾਥੋਂ ਇਸ ਦੀ ਹਜ਼ਾਰ ਰਸਨਾ ਨਾਲ ਵੀ ਵਡਿਆਈ ਨਹੀਂ ਕੀਤੀ ਜਾਂਦੀ। ਖ਼ਾਸ ਕਰਕੇ ਵਰਤਮਾਨ ਕਾਲ ਵਿਚ ਜਦ ਕਿ ਘੀ ਦੁਰਲੱਭ ਹੋ ਗਿਆ ਹੈ। ਅਸੀਂ ਹੈਰਾਨ ਹੁੰਦੇ ਹਾਂ ਉਨ੍ਹਾਂ ਸਿੱਖਾਂ ਦੀ ਬੁੱਧੀ 'ਤੇ ਜੋ ਗੁਰਮਤ ਦੇ ਅਸੂਲਾਂ ਨੂੰ ਪੜ੍ਹ ਕੇ ਵੀ ਹਵਨ ਕਰ ਕੇ ਘੀ ਵਰਗੇ ਉੱਤਮ ਪਦਾਰਥਾਂ ਨੂੰ ਨਿਰਾਰਥਕ ਭਸਮ ਕਰਦੇ ਹਨ।"

*(ਗੁਰਮਤ ਮਾਰਤੰਡ, ਪੰਨਾ 223)*

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਗੁਰਬਾਣੀ ਵਿਚ ਦੇਵੀ ਦੇਵਤਿਆਂ ਦੀ ਸ਼ਰਨ ਤੋਂ ਸਿੱਖ ਨੂੰ ਆਜ਼ਾਦ ਕਰ ਕੇ ਇਕ ਕਰਤਾਰ ਦੀ ਪ੍ਰਸੰਨਤਾ ਪ੍ਰਾਪਤ ਕਰਨ ਵੱਲ ਧਿਆਨ ਦਿਵਾਇਆ ਹੈ ਅਤੇ ਦੱਸਿਆ ਹੈ ਕਿ ਤੁਹਾਡਾ ਕਰਤਾਰ 'ਨਿਰੰਕਾਰ' ਹੈ ਜੋ ਜਨਮ ਤੋਂ ਰਹਿਤ ਹੈ। ਅਜਿਹੇ ਕਰਤਾਰ ਦੀ ਪ੍ਰਸੰਨਤਾ ਕਿਸੇ ਹੋਰ ਕਰਮ ਦੇ ਕਰਨ ਨਾਲ ਪ੍ਰਾਪਤ ਨਹੀਂ ਹੁੰਦੀ ਸਗੋਂ ਉਸ ਦੇ ਮਹਾਨ ਗੁਣਾਂ ਨੂੰ ਜੀਵਨ ਵਿਚ ਧਾਰਨ ਕਰਨ ਅਤੇ ਉਸ ਦੇ ਹੁਕਮ ਵਿਚ ਚੱਲਣ ਨਾਲ ਹੀ ਹੁੰਦੀ ਹੈ। ਗੁਰਵਾਕ:

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥** *(ਗੁ: ਗ੍ਰੰ: ਸਾ:, ਪੰਨਾ 1)*


Sri Satguru Jagjit Singh Ji eLibrary NamdhariElibrary@gmail.com

ਇਸ ਦੇ ਨਾਲ ਹੀ ਗੁਰਬਾਣੀ ਵਿਚ ਥਾਂ ਥਾਂ 'ਤੇ ਹੋਮ ਆਦਿ ਕਰਨ ਨੂੰ ਸਮਾਂ ਅਤੇ ਧਨ ਨਸ਼ਟ ਕਰਨਾ ਹੀ ਦੱਸਿਆ ਹੈ। ਇਸ ਨਾਲ ਮਨੁੱਖ ਅੰਦਰ ਧਰਮ ਬਿਰਤੀ ਵਿਚ ਵਾਧਾ ਹੋਣ ਦੀ ਬਜਾਏ ਹਉਮੈ ਦਾ ਵਾਧਾ ਹੋਣਾ ਹੀ ਬਿਆਨਿਆ ਹੈ, ਜਿਸ ਨਾਲ ਲੋਕ ਅਤੇ ਪ੍ਰਲੋਕ ਦੋਵੇਂ ਵਿਗੜਦੇ ਹਨ। ਗੁਰਵਾਕ :

**ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥**
**ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥**

*(ਗੁ: ਗ੍ਰੰ: ਸਾ:, ਪੰਨਾ 214)*

**ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ॥**
**ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ॥**
**ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ॥**
**ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ॥**

*(ਗੁ: ਗ੍ਰੰ: ਸਾ:, ਪੰਨਾ 1417)*

**ਜੱਗ** : ਜੱਗ ਕਰਨਾ ਵੀ ਵੇਦਾਂ ਅਨੁਸਾਰ ਦੇਵਤਿਆਂ ਨੂੰ ਪ੍ਰਸੰਨ ਕਰਨ ਦਾ ਇਕ ਸਾਧਨ ਮੰਨਿਆ ਗਿਆ ਹੈ। ਅਸੁਮੇਧ ਜੱਗ ਵਿਚ ਘੋੜੇ, ਗੋਮੇਧ/ਗੋਸਵ ਵਿਚ ਬੈਲ, ਨ੍ਰਿਮੇਧ ਜਾਂ ਪੁਰਸ਼ਮੇਧ ਵਿਚ ਨਰ ਅਤੇ ਹੋਰ ਜੱਗਾਂ ਵਿਚ ਗੈਂਡਾ ਆਦਿ ਜਾਨਵਰਾਂ ਦੀ ਬਲੀ ਦੇਣ ਦਾ ਵਿਧਾਨ ਹੈ। ਗੁਰਮਤਿ ਵਿਚ ਇਨ੍ਹਾਂ ਸਾਰੇ ਯਤਨਾਂ ਨੂੰ ਭਰਮ ਰੂਪੀ ਕਰਮ ਕਹਿ ਕੇ ਸਿੱਖ ਨੂੰ ਸਖ਼ਤੀ ਨਾਲ ਅਜਿਹਾ ਕਰਨੋਂ ਵਰਜਿਆ ਹੈ। ਕਈ ਅਗਿਆਨੀ ਆਗੂ ਅਖੰਡ ਪਾਠ ਜਾਂ ਲੰਗਰ ਨੂੰ ਅਸੁਮੇਧ ਜੱਗ ਨਾਲ ਤੁਲਨਾ ਦੇਂਦੇ ਹਨ। ਉਨ੍ਹਾਂ ਭਾਈਆਂ ਦੀ ਜਾਣਕਾਰੀ ਲਈ ਅਸੀਂ *ਮਹਾਨ ਕੋਸ਼* ਵਿੱਚੋਂ ਅਸੁਮੇਧ ਜੱਗ ਦੀ 'ਮਹਿਮਾ' ਇਥੇ ਅੰਕਤ ਕਰਦੇ ਹਾਂ :

"**ਅਸ੍ਵਮੇਧ** : ਉਹ ਜੱਗ ਵਿਚ ਅਸ਼੍ਵ (ਘੋੜਾ) ਮੇਧ (ਮਾਰਿਆ) ਜਾਵੇ, ਜਿਸ ਜੱਗ ਵਿਚ ਘੋੜੇ ਦੀ ਕੁਰਬਾਨੀ ਹੋਵੇ, ਪੁਰਾਣੇ ਸਮੇਂ ਵਿਚ ਇਹ ਜੱਗ ਦੋ ਸੰਕਲਪ ਧਾਰ ਕੇ ਕੀਤਾ ਜਾਂਦਾ ਸੀ, ਅਰਥਾਤ ਸਾਰੇ ਦੇਸ਼ ਵਿਚ ਆਪਣੀ ਹਕੂਮਤ ਸਿੱਧ ਕਰਨ ਲਈ ਜਾਂ ਔਲਾਦ ਵਾਸਤੇ। ਜੱਗ ਦੀ ਵਿਧੀ ਇਉਂ ਹੈ : ਇਕ ਚਿੱਟੇ ਰੰਗ ਦਾ ਘੋੜਾ ਵੇਦ ਮੰਤ੍ਰਾਂ ਨਾਲ ਅਤਿਮੰਤ੍ਰਿਤ ਕਰ ਕੇ ਖੁੱਲ੍ਹਾ ਛੱਡ ਦਿੱਤਾ ਜਾਂਦਾ ਸੀ, ਜਿਸ ਦੇ ਮੱਥੇ ਪੁਰ ਜੱਗ ਕਰਨ ਵਾਲੇ ਰਾਜੇ ਦਾ ਨਾਮ ਅਤੇ ਪ੍ਰਤਾਪ ਲਿਖਿਆ ਹੁੰਦਾ ਸੀ, ਘੋੜੇ ਦੇ ਪਿੱਛੇ ਪਿੱਛੇ ਫ਼ੌਜ ਦਾ ਸਰਦਾਰ ਫ਼ੌਜ ਲੈ ਕੇ ਚੱਲਦੇ ਸਨ, ਘੋੜਾ ਆਪਣੀ ਇੱਛਾ ਅਨੁਸਾਰ ਇਕ ਵਰ੍ਹਾ ਦੇਸ਼ ਦੇਸ਼ਾਂਤਰਾਂ ਵਿਚ ਫਿਰਦਾ ਰਹਿੰਦਾ ਸੀ। ਜੋ ਰਾਜਾ ਘੋੜੇ ਦੇ ਸੁਆਮੀ ਦੀ ਹਕੂਮਤ ਮੰਨਣੀ ਪਸੰਦ ਨਹੀਂ ਕਰਦਾ ਸੀ, ਉਹ ਆਪਣੇ ਇਲਾਕੇ ਵਿਚ ਆਏ ਘੋੜੇ ਨੂੰ ਬੰਨ੍ਹ ਲੈਂਦਾ ਸੀ। ਇਸ ਪੁਰ ਦੋਹੀਂ ਪਾਸੀਂ ਘੋਰ ਯੁੱਧ ਛਿੜ ਪੈਂਦਾ ਸੀ, ਜੇ ਘੋੜਾ ਛੁਡਾਇਆ ਨਾ ਜਾਂਦਾ ਤਾਂ ਜੱਗ ਨਹੀਂ ਹੋ ਸਕਦਾ ਸੀ ਅਤੇ ਜੇ ਘੋੜਾ ਲੈ ਲਿਆ ਜਾਂਦਾ, ਤਦ ਹਾਰੇ ਹੋਏ ਰਾਜੇ ਨੂੰ ਜੱਗ ਕਰਨ ਵਾਲੇ ਦੀ ਈਨ ਮੰਨਣੀ ਪੈਂਦੀ ਸੀ। ਇਕ ਸਾਲ ਦੇ ਸਫ਼ਰ

ਪਿੱਛੋਂ ਘੋੜੇ ਨੂੰ ਰਾਜਧਾਨੀ ਵਿਚ ਵਾਪਸ ਲੈ ਆਉਂਦੇ ਹਨ ਅਤੇ ਜਿਨ੍ਹਾਂ ਰਾਜਿਆਂ ਦੇ ਦੇਸ਼ ਥਾਣੀਂ ਘੋੜਾ ਬੇਰੋਕ ਫਿਰ ਆਇਆ ਹੈ, ਉਹ ਸਭਨਾਂ ਨੂੰ ਜੱਗ ਵਿਚ ਹਾਜ਼ਰ ਹੋਣਾ ਪੈਂਦਾ ਸੀ। ਬ੍ਰਾਹਮਣਾਂ ਦੀ ਦੱਸੀ ਵਿਧੀ ਅਨੁਸਾਰ ਇਕ ਭਾਰੀ ਜੱਗ ਮੰਡਪ ਰਚਿਆ ਜਾਂਦਾ ਸੀ ਜਿਸ ਦੇ ਵਿਚਕਾਰ ਇਕ ਵੇਦੀ, ਸਵਾ ਸਵਾ ਗਜ ਚੌੜੇ ਅਤੇ ਸੱਤ ਸੱਤ ਗਜ ਲੰਮੇ 21 ਖੰਭਿਆਂ ਉਪਰ ਰਚੀ ਜਾਂਦੀ ਸੀ ਅਤੇ ਹਵਨ ਲਈ 18 ਕੁੰਭ ਬਣਾਏ ਜਾਂਦੇ ਸਨ, ਜਿਨ੍ਹਾਂ ਵਿਚ ਅਨੇਕ ਪੰਛੀ ਅਤੇ ਚੁਪਾਏ ਕੱਟ ਕੇ ਹੋਮ ਕੀਤੇ ਜਾਂਦੇ ਸਨ, ਜਿਨ੍ਹਾਂ ਦੀ ਗੰਧ (ਬੂ) ਰਾਣੀ ਸਮੇਤ ਰਾਜਾ ਲੈਂਦਾ ਸੀ। ਅੰਤ ਨੂੰ ਵੇਦ-ਮੰਤ੍ਰਾਂ ਦਾ ਪਾਠ ਕਰਦੇ ਹੋਏ, ਘੋੜੇ ਨੂੰ ਸ਼ਨਾਨ ਕਰਾ ਕੇ ਬੈਂਤ ਦੀ ਚਟਾਈ ਉਪਰ ਖੜਾ ਕਰ ਕੇ, ਰਾਜੇ ਤੇ ਰਾਣੀ ਦੇ ਹੱਥੋਂ ਝਟਕਵਾਇਆ ਜਾਂਦਾ ਸੀ, ਇਸ ਵੇਲੇ ਸਭ ਪਾਸਿਉਂ ਜੈ ਜੈਕਾਰ ਦੀ ਧੁਨੀ ਮੱਚ ਉਠਦੀ ਸੀ।

"ਜੇ ਸੰਤਾਨ ਦੀ ਇੱਛਾ ਲਈ ਅਸ਼੍ਵਮੇਧ ਕੀਤਾ ਜਾਂਦਾ ਤਾਂ ਰਾਤ ਨੂੰ ਘੋੜੇ ਦੀ ਲੋਥ ਨਾਲ ਰਾਣੀ ਸੌਂਦੀ ਸੀ। ਹਿੰਦੂਆਂ ਦਾ ਨਿਸ਼ਚਾ ਸੀ ਕਿ 100 ਅਸ਼੍ਵਮੇਧ ਜੱਗ ਕਰਨ ਨਾਲ ਇੰਦਰ ਦੀ ਪਦਵੀ ਪ੍ਰਾਪਤ ਹੁੰਦੀ ਹੈ, ਏਸੇ ਲਈ ਪੁਰਾਣਾਂ ਵਿਚ ਦੇਖੀਦਾ ਹੈ ਕਿ ਇੰਦਰ ਨੇ ਜੱਗਾਂ ਵਿਚ ਅਕਸਰ ਵਿਘਨ ਪਾਏ।

"ਵਾਲਮੀਕ ਰਾਮਾਇਣ ਬਾਲਕਾਂਡ ਦੇ 14ਵੇਂ ਅਧਿਆਇ ਵਿਚ ਜ਼ਿਕਰ ਆਉਂਦਾ ਹੈ ਕਿ ਦਸ਼ਰਥ ਦੇ ਅਸ਼੍ਵਮੇਧ ਜੱਗ ਵਿਚ ਤਿੰਨ ਸੌ ਪਸ਼ੂ ਬਲੀਦਾਨ ਲਈ ਖੂੰਟਿਆਂ ਨਾਲ ਬੰਨ੍ਹੇ ਗਏ ਸਨ ਅਤੇ ਘੋੜੇ ਨੂੰ ਕੌਸ਼ਲਯਾ ਆਦਿ ਰਾਣੀਆਂ ਨੇ ਖੜਕ ਨਾਲ ਝਟਕਾਇਆ ਸੀ ਅਰ ਰਾਤ ਨੂੰ ਇਸ ਨਾਲ ਸੁੱਤੀਆਂ ਸਨ।" *(ਪੰਨਾ 32)*

ਉਪਰੋਕਤ ਵਿਸਥਾਰ ਪੜ੍ਹ ਕੇ ਸਾਰੇ ਭਾਈ ਆਪ ਹੀ ਬਿਬੇਕ ਬੁੱਧੀ ਨਾਲ ਜਾਣ ਸਕਦੇ ਹਨ ਕਿ ਅਸੁਮੇਧ ਜਾਂ ਹੋਰ ਅਜਿਹੇ ਜੱਗ ਕਰਨ ਨਾਲ ਰੂਹਾਨੀਅਤ ਦਾ ਕੀ ਸੰਬੰਧ ਹੈ ਜਿਸ ਨਾਲ ਮਨੁੱਖੀ ਜੀਵਨ ਉਚੇਰਾ ਹੋਵੇ ? ਜਦੋਂ ਕਿ ਗੁਰਬਾਣੀ ਦਾ ਪਾਠ ਕਰਨਾ-ਸੁਣਨਾ ਅਤੇ ਲੰਗਰ ਛਕਾਉਣਾ ਮਨੁੱਖ-ਮਾਤਰ ਨੂੰ ਅਧਿਆਤਮਿਕ ਅਤੇ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਕਰਨ ਦੇ ਯਤਨ ਹਨ। ਇਸ ਕਰਕੇ ਸਾਡੀ ਬੇਨਤੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਸਿੱਖਾਂ ਨੂੰ ਅਜਿਹੀ ਸ਼ਬਦਾਵਲੀ ਵੀ ਗੁਰੂ ਦਰਬਾਰਾਂ ਵਿਚ ਵਰਤਣੋਂ ਸੰਕੋਚ ਕਰਨਾ ਚਾਹੀਦਾ ਹੈ ਜੋ ਸੰਗਤਾਂ ਨੂੰ ਟਪਲਾ ਲਾਉਣ ਦਾ ਕਾਰਨ ਬਣੇ। ਆਓ, ਧਿਆਨ ਕਰੀਏ ਗੁਰੂ ਪਾਤਸ਼ਾਹ ਹੀ ਵੱਲੋਂ ਬਖ਼ਸ਼ੇ ਹੋਏ ਸਿਧਾਂਤ ਵੱਲ :

**ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥੧॥**
**ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥**
**ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥** *(ਗੁ: ਗ੍ਰੰ: ਸਾ:, ਪੰਨਾ 873)*

**ਹੋਮ ਜਗ ਜਪ ਤਪ ਘਣੇ ਕਰਿ ਕਰਿ ਕਰਮ ਧਰਮ ਦੁਖ ਰੋਈ ॥**
**ਵਸਿ ਨ ਆਵੈ ਧਾਵਦਾ ਅਠੁ ਖੰਡਿ ਪਾਖੰਡ ਵਿਗੋਈ ॥੧੭॥੨੯॥**


Sri Satguru Jagjit Singh Ji eLibrary NamdhariElibrary@gmail.com

**ਹੋਮ ਜਗ ਨਈਵੇਦ ਭੋਗ ਲਗਾਵਣਾ॥...**
**ਲਉਬਾਲੀ ਦਰਗਾਹਿ ਪਖੰਡ ਨ ਜਾਵਣਾ॥੧੫॥੨੧॥** *(ਵਾਰਾਂ ਭਾਈ ਗੁਰਦਾਸ ਜੀ)*

ਉਪਰੋਕਤ ਪਿਛਲੇ ਦੋ ਪ੍ਰਮਾਣਾਂ ਵਿਚ ਇਉਂ ਭਾਈ ਗੁਰਦਾਸ ਜੀ ਅਜਿਹੇ ਕਰਮਾਂ ਨੂੰ ਪਾਖੰਡ ਨਾਲ ਤੁਲਨਾ ਦੇਂਦੇ ਹਨ, ਜਿਨ੍ਹਾਂ ਦੇ ਕਰਨ ਨਾਲ ਮਨੁੱਖੀ ਮਨ ਹੋਰ ਧਰਮੀ ਬਣਨ ਦੀ ਬਜਾਏ ਹਉਮੈ ਵਿਚ ਫਸ ਕੇ ਉਲਟਾ ਹੋਰ ਭਟਕਣ ਲੱਗ ਪਵੇ। ਇਸ ਪ੍ਰਸੰਗ ਦੇ ਅੰਤ ਵਿਚ ਅਸੀਂ ਭਾਈ ਮਨੀ ਸਿੰਘ ਜੀ ਰਚਿਤ *ਗਿਆਨ ਰਤਨਾਵਲੀ* ਵਿੱਚੋਂ ਇਹ ਹਵਾਲਾ ਦੇਣਾ ਯੋਗ ਸਮਝਦੇ ਹਾਂ :

'ਹੋਮ ਜਗ ਕਲਿਜੁਗ ਕੇ ਇਹ ਹੈਨ ਕਿ ਅੰਮ੍ਰਿਤ ਪ੍ਰਸਾਦ ਗੁਰ-ਭਾਈਆਂ ਅਰੁ ਸਿੱਖਾਂ ਕਉ ਖਲਾਵਣਾ ਅਰੁ ਆਪ ਕਉ ਨੀਚ ਸਦਾਵਣਾ।'

**ਤਰਪਣ** : ਮੋਇਆਂ (ਪਿੱਤਰਾਂ) ਅਤੇ ਦੇਵਤਿਆਂ ਨੂੰ ਜਲ ਦੇ ਕੇ ਤ੍ਰਿਪਤ ਕਰਨ ਦੀ ਕਿਰਿਆ ਨੂੰ ਬਿਪਰ ਜੀ ਤਰਪਣ ਕਰਨਾ ਆਖਦੇ ਹਨ, ਜਿਸ ਕਰਮ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ। ਇਸੇ ਕਰਕੇ ਗੁਰੂ-ਪੰਥ ਨੇ ਅਜਿਹੇ ਭਰਮ ਰੂਪੀ ਕਰਮ ਕਰਨ ਤੋਂ ਗੁਰਸਿੱਖਾਂ ਨੂੰ ਵਰਜਿਆ ਹੈ।

**ਸਿਖਾ** : ਬਾਕੀ ਸਿਰ ਮੁਨਾ ਕੇ ਕੇਵਲ ਚੋਟੀ ਅਥਵਾ ਸਿਖਰ ਦੇ ਵਾਲਾਂ ਦੇ ਲਿੱਟ ਨੂੰ ਕਾਇਮ ਰੱਖਣਾ ਚੋਟੀ, ਸਿਖਾ, ਬੋਦੀ, ਅਥਵਾ ਸਿਖਾ ਰੱਖਣਾ ਕਿਹਾ ਜਾਂਦਾ ਹੈ। ਜਿਸ ਦੀ ਗੁਰਮਤਿ ਮਾਰਗ ਵਿਚ ਕੋਈ ਥਾਂ ਨਹੀਂ।

**ਸੂਤ** : ਜਨੇਊ/ਜੰਞੂ/ਤਗ। ਮਨੂੰ ਰਿਸ਼ੀ ਦੀ ਵੰਡ ਅਨੁਸਾਰ ਸ਼ੂਦਰ ਤੋਂ ਬਿਨਾਂ ਹਰੇਕ ਹਿੰਦੂ ਬ੍ਰਾਹਮਣ, ਖਤਰੀ ਅਤੇ ਵੈਸ਼ ਨੂੰ ਜਨੇਊ ਪਹਿਨਣਾ ਹੁਕਮ ਹੈ, ਜਿਸ ਅਨੁਸਾਰ ਬ੍ਰਾਹਮਣ ਨੂੰ ਕਪਾਹ, ਖੱਤਰੀ ਨੂੰ ਸਣ ਅਤੇ ਵੈਸ਼ ਨੂੰ ਭੇਡ ਦੀ ਉੱਨ ਦਾ ਬਣਿਆ ਜਨੇਊ ਪਹਿਨਣਾ ਹੀ ਵਿਧਾਨ ਹੈ। ਬ੍ਰਾਹਮਣ ਦੇ ਜਨੇਊ ਨੂੰ ਛਿਆਨਵੇਂ ਚੱਪੇ ਮਿਣ ਕੇ 'ਬ੍ਰਹਮ' ਗੰਢ, ਖੱਤਰੀ ਦੇ ਜਨੇਊ ਨੂੰ ਚੌਰਾਨਵੇਂ ਚੱਪੇ ਮਿਣ ਕੇ 'ਸ਼ਿਵ' ਗੰਢ, ਵੈਸ਼ ਦੇ ਜਨੇਊ ਨੂੰ ਬਾਨਵੇਂ ਚੱਪੇ ਮਿਣ ਕੇ 'ਵਿਸ਼ਨ' ਗੰਢ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਜਨੇਊ ਵੇਖ ਕੇ ਹੀ ਕਿਸੇ ਦੇ ਵਰਨ ਦਾ ਪਤਾ ਵੀ ਲੱਗ ਜਾਂਦਾ ਸੀ। ਜਗਤ ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਦੀ ਬੁਨਿਆਦ ਹੀ ਵਰਨ-ਵੰਡ ਨੂੰ ਮਿਟਾ ਕੇ ਰੱਖੀ, ਜਿਸ ਕਰਕੇ ਸਿੱਖ ਨੂੰ ਜਨੇਊ/ਜੰਞੂ ਅਥਵਾ ਸੂਤ ਪਹਿਨਣ ਦੀ ਕਾਣ ਹੀ ਨਾ ਰਹੀ। ਗੁਰੂ ਨਾਨਕ ਸਾਹਿਬ ਜੀ ਨੇ ਹਰੇਕ ਪ੍ਰੇਮੀ ਨੂੰ ਹਿਰਦੇ ਵਿਚ ਦਇਆ, ਸੰਤੋਖ, ਜਤ, ਸਤ ਆਦਿ ਸ਼ੁਭ ਗੁਣਾਂ ਨੂੰ ਧਾਰਨ ਕਰਨਾ ਸੱਚਾ ਜਨੇਊ ਪਹਿਨਣਾ ਦੱਸਿਆ ਹੈ ਜੋ ਆਪ ਨਿਰਮਲ ਤੇ ਨਰੋਆ ਹੁੰਦਾ ਮਨੁੱਖੀ ਜੀਵਨ ਨੂੰ ਵੀ ਸਦਾ ਨਿਰਮਲ ਅਤੇ ਨਰੋਆ ਰੱਖਦਾ ਹੈ। ਗੁਰਵਾਕ :

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥** *(ਗੁ: ਗ੍ਰੰ: ਸਾ:, ਪੰਨਾ 471)*

ਪਰ ਕਪਾਹ ਆਦਿ ਦਾ ਜਨੇਊ ਮੈਲਾ ਹੋ ਕੇ ਵਾਰ ਵਾਰ ਟੁੱਟਦਾ ਹੈ:

**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥**
**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥**
**ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥** *(ਗੁ: ਗ੍ਰੰ: ਸਾ:, ਪੰਨਾ 471)*

ਕਰਤਾਰ ਦੀ ਭਗਤੀ ਕਰਨ ਵਾਲੇ ਨੂੰ ਜਗਤ ਗੁਰੂ ਨੇ ਬ੍ਰਹਮਚਾਰੀ, ਜੋਗੀ, ਸੰਨਿਆਸੀ, ਮੁਸਲਮਾਨ ਫ਼ਕੀਰ ਅਤੇ ਕਰਮਕਾਂਡੀ ਬ੍ਰਾਹਮਣ ਵਾਲੇ ਭੇਖਾਂ ਤੋਂ ਨਿਆਰਾ ਰਹਿਣਾ ਇਉਂ ਦੱਸਿਆ ਹੈ:

**ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ॥**
**ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥**

*(ਗੁ: ਗ੍ਰੰ: ਸਾ:, ਪੰਨਾ 358)*

ਫਿਰ ਇਹ ਵੀ ਫ਼ੁਰਮਾਇਆ ਕਿ ਅਜਿਹੇ ਭੇਖੀ ਕਰਮ ਕਰਨ ਨਾਲ ਜੀਵਨ ਸਫਲ ਵੀ ਨਹੀਂ ਹੁੰਦਾ। ਗੁਰਵਾਕ:

**ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ॥**
**ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ॥੩॥**

*(ਗੁ: ਗ੍ਰੰ: ਸਾ:, ਪੰਨਾ 1127)*

ਭਾਈ ਚੌਪਾ ਸਿੰਘ ਜੀ ਜੰਞੂ ਬਾਬਤ ਸਤਿਗੁਰੂ ਦੀ ਸਿੱਖਿਆ ਇਨ੍ਹਾਂ ਲਫ਼ਜ਼ਾਂ ਵਿਚ ਲਿਖਦੇ ਹਨ:

**ਗੁਰੂ ਕਾ ਸਿਖ ਜੰਞੂ ਟਿੱਕੇ ਦੀ ਕਾਣ ਨਾ ਕਰੇ।**

ਸਿੱਖ ਆਚਾਰ ਦਾ ਵਰਣਨ ਗਿਆਨੀ ਗਿਆਨ ਸਿੰਘ ਜੀ ਇਉਂ ਲਿਖਦੇ ਹਨ:

**ਗੰਗਾਦਿਕ ਤੀਰਥ ਨਹਿ ਜਾਵੈਂ।**
**ਸੂਤਕ ਪਾਤਕ ਨਾਹਿ ਮਨਾਵੈਂ।**
**ਜੰਞੂ ਤਿਲਕ ਨ ਛਾਪਾ ਧਾਰੈਂ।**
**ਸ਼ਰ੍ਹਾ ਹਿੰਦੂਆਂ ਕੀ ਨਹਿ ਪਾਰੈ॥੭੪॥** *(ਨਵੀਨ ਪੰਥ ਪ੍ਰਕਾਸ਼)*

ਇਹਿਤਾਸ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਪਹਾੜੀ ਰਾਜਿਆਂ ਨੇ ਰਵਾਲਸਰ ਦੇ ਸਥਾਨ 'ਤੇ ਦਸਮੇਸ਼ ਜੀ ਪਾਸ ਖੰਡੇ ਦੀ ਪਾਹੁਲ ਲੈ ਕੇ ਸਿੱਖੀ ਧਾਰਨ ਕਰਨੀ ਚਾਹੀ ਪਰ ਇਸ ਸ਼ਰਤ 'ਤੇ ਕਿ ਉਹ ਵਰਨਾਸ਼੍ਰਮ ਦੀ ਰਹਿਤ ਧੋਤੀ, ਬੋਦੀ ਤੇ ਜਨੇਊ ਨਹੀਂ ਤਿਆਗਣਗੇ ਤਾਂ, ਦਸਮੇਸ਼ ਜੀ ਨੇ ਵਰਨਾਸ਼੍ਰਮ ਦੀ ਵੰਡ ਤੋਂ ਮੁਕਤ ਸਿੱਖ ਧਰਮ ਦੀ ਸੋਝੀ ਦੇ ਕੇ ਉਨ੍ਹਾਂ ਦੀ ਸ਼ਰਤ ਨੂੰ ਠੁਕਰਾ ਦਿੱਤਾ।

**ਭੱਦਣ**: ਇਸ ਨੂੰ ਮੁੰਡਨ ਵੀ ਕਿਹਾ ਜਾਂਦਾ ਹੈ। ਭਾਵੇਂ ਪੁਰਾਣੇ ਸਮੇਂ ਸਭ ਲੋਕ ਸਦਾ ਕੇਸਾਧਾਰੀ ਹੀ ਹੋਇਆ ਕਰਦੇ ਸਨ ਅਤੇ ਕੇਸ ਮੁੰਨਣੇ ਭਾਰੀ ਪਾਪ ਸਮਝਿਆ ਜਾਂਦਾ ਸੀ ਪਰ ਇਕ ਸਮੇਂ ਬ੍ਰਾਹਮਣ ਨੇ ਛੋਟੀ ਉਮਰ ਦੇ ਬੱਚੇ ਦਾ ਸਿਰ ਮੁੰਡਨ ਕਰਨ ਅਤੇ ਮਾਤਾ ਪਿਤਾ ਦੇ ਮਰਨ 'ਤੇ ਵੱਡੇ ਪੁੱਤਰ ਨੂੰ ਸਿਰ ਮੁੰਡਨ ਅਥਵਾ ਭੱਦਣ ਕਰਨ ਦੀ ਮਰਯਾਦਾ ਥਾਪ ਦਿੱਤੀ। ਕੇਸਾਧਾਰੀ ਜਗਤ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖੀ

 Sri Satguru Jagjit Singh Ji eLibrary NamdhariElibrary@gmail.com

ਆਕਾਰ ਦਾ ਅੰਗ ਕੇਸ ਵੀ ਉਸ ਦੇ ਹੁਕਮ ਵਿਚ ਆਉਣੇ ਸਮਝਾ ਕੇ ਆਪਣੇ ਸਿੱਖਾਂ ਨੂੰ ਕੇਸ ਕਤਲ ਕਰਨ ਤੋਂ ਵਰਜਿਆ। ਗੁਰਵਾਕ :

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥** *(ਗੁ: ਗ੍ਰੰ: ਸਾ:, ਪੰਨਾ 1)*

ਪਹਿਲੀ ਵੈਸਾਖ, 1756 ਬਿਕ੍ਰਮੀ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੱਖਾਂ ਨੂੰ ਕੇਸ--ਗੁਰੂ ਕੀ ਮੋਹਰ ਕਹਿ ਕੇ ਸੰਭਾਲ ਕਰਨਾ ਅਤੀ ਜ਼ਰੂਰੀ ਹੁਕਮ ਕੀਤਾ ਅਤੇ ਅੰਮ੍ਰਿਤਧਾਰੀ ਲਈ ਕੇਸਾਂ ਨੂੰ ਕਤਲ ਕਰਨਾ ਬੱਜਰ ਕੁਰਹਿਤ ਕਰਾਰ ਦਿੱਤਾ। ਸਿੱਖ ਬੱਚੇ ਦੇ ਜਮਾਂਦਰੂ ਕੇਸਾਂ ਨੂੰ ਕਾਇਮ ਰੱਖਣ ਦਾ ਹੁਕਮ ਕੀਤਾ ਅਤੇ ਕੇਸਾਂ ਦੀ ਬੇਅਦਬੀ ਕਰਨ ਵਾਲੇ ਨੂੰ 'ਸਿਰ-ਗੁੰਮ' ਜਾਂ ਭਾਦਣੀ ਕਹਿ ਕੇ ਉਸ ਨਾਲੋਂ ਵਰਤਣੋਂ ਮਨ੍ਹਾ ਕੀਤਾ। ਦਸਮੇਸ਼ ਜੀ ਦੇ ਦਰਬਾਰੀ ਕਵੀ ਸੈਨਾ ਸਿੰਘ ਜੀ 'ਗੁਰ ਸੋਭਾ' ਗ੍ਰੰਥ ਵਿਚ ਇਉਂ ਲਿਖਦੇ ਹਨ ਕਿ ਮਾਂ-ਬਾਪ ਦੇ ਮਰਨ 'ਤੇ ਵੀ ਕੇਸਾਂ ਨੂੰ ਕਤਲ ਕਰਨ (ਭੱਦਣ ਕਰਨ) 'ਤੇ ਗੁਰਦੇਵ ਜੀ ਨੇ ਸਖ਼ਤੀ ਨਾਲ ਮਨ੍ਹਾ ਕੀਤਾ :

**ਸੰਗਤ ਭੱਦਣ ਮਤ ਕਰੇ, ਖੁਰ ਨ ਲਗਾਵੇ ਸੀਸ।**
**ਮਾਤ ਪਿਤਾ ਕੋਈ ਮਰੇ, ਸਤਿਗੁਰ ਕਰੀ ਹਦੀਸ।**

ਭਾਈ ਸੁੱਖਾ ਸਿੰਘ ਜੀ *ਗੁਰਬਿਲਾਸ ਪਾਤਸ਼ਾਹੀ ਦਸਵੀਂ* ਵਿਚ ਇਉਂ ਲਿਖਦੇ ਹਨ :

**ਇਹੈ ਮੋਰ ਆਗਿਆ ਸੁਨਹੁ ਹੇ ਪਿਆਰੇ।**
**ਬਿਨਾ ਕੇਸ ਤੇਰੀ ਦਿਵੋਂ ਨਾ ਦਿਦਾਰੇ।**
**ਇਹੈ ਮੋਰ ਬੈਨਾ ਮੰਨੈ ਸੁ ਜੋਈ।**
**ਤਿਸੈ ਇਛ ਪੂਰੀ ਸਭੈ ਜਾਨ ਸੋਈ।**

ਕਾਬਲ ਦੀ ਸੰਗਤ ਦੇ ਨਾਂ ਹੁਕਮਨਾਮੇ ਵਿਚ ਦਸਮੇਸ਼ ਜੀ ਸਿੱਖਾਂ ਨੂੰ 'ਭਾਦਨੀ' ਦੀ ਸੰਗਤ ਬੈਠਣ ਤੋਂ ਵੀ ਮਨ੍ਹਾ ਕਰਦੇ ਹਨ।

**ਇਕਾਦਸ਼ੀ ਅਤੇ ਪੂਰਨਮਾਸ਼ੀ ਆਦਿ ਦੇ ਵਰਤ** : ਦੇਵੀ ਦੇਵਤੇ ਜਾਂ ਆਪਣੇ ਪੂਜਯ ਲਈ ਕਿਸੇ ਖ਼ਾਸ ਦਿਨ ਅੰਨ ਨਾ ਖਾਣਾ ਬਰਤ/ਵ੍ਰਤ ਜਾਂ ਵਰਤ ਰੱਖਣਾ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਯਹੂਦੀ ਸਾਲ ਵਿਚ 40 ਦਿਨ, ਮੁਸਲਮਾਨ 30 ਦਿਨ ਰੋਜ਼ੇ ਰੱਖਦੇ ਹਨ, ਹਿੰਦੂ ਭਾਈ ਤਾਂ ਹਰੇਕ ਮਹੀਨੇ ਹੀ ਅਨੇਕ ਦਿਨ ਵਰਤ ਰੱਖਦੇ ਹਨ। ਇਸ ਤਰ੍ਹਾਂ ਕਰਨਾ ਗੁਰਮਤਿ ਵਿਚ ਸਖ਼ਤ ਮਨ੍ਹਾ ਕੀਤਾ ਹੈ। ਗੁਰੂ ਪਾਤਸ਼ਾਹ ਜੀ ਨੇ ਪ੍ਰਭੂ ਭਗਤੀ ਕਰਨ ਵਾਲਿਆਂ ਨੂੰ ਹਰ ਸਮੇਂ ਚੇਤੰਨ ਅਤੇ ਤੰਦਰੁਸਤ ਰਹਿਣ ਲਈ ਸਦਾ ਹੀ ਸੰਜਮ ਨਾਲ ਅੰਨ ਪਾਣੀ ਦੀ ਵਰਤੋਂ ਕਰਨ ਲਈ ਸੰਕੇਤ ਕੀਤਾ ਹੈ। ਗੁਰਵਾਕ :

**ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥**
**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥**

*(ਗੁ: ਗ੍ਰੰ: ਸਾ:, ਪੰਨਾ 466)*

ਪਰ ਅੰਨ ਦਾ ਪੂਰਨ ਤਿਆਗ ਸਖ਼ਤ ਮਨ੍ਹਾ ਕੀਤਾ ਹੈ। ਇਹ ਇਸ ਲਈ ਹੈ

ਕਿ ਕਿਰਤੀ ਗ੍ਰਿਹਸਥੀ ਲਈ ਤੰਦਰੁਸਤੀ ਵਾਸਤੇ ਅੰਨ ਜਲ ਦੀ ਵਰਤੋਂ ਜ਼ਰੂਰੀ ਹੈ। ਜੋ ਲੋਕ ਧਰਮ ਦੇ ਨਾਂ 'ਤੇ ਹਠ ਪਾਲਦੇ ਅਤੇ ਆਪਣੀ ਦੇਹ ਨੂੰ ਦੁਖੀ ਕਰਦੇ ਹਨ, ਸਤਿਗੁਰਾਂ ਦਾ ਕਥਨ ਹੈ ਅਜਿਹਾ ਕਰਨ ਨਾਲ ਨਾ ਤਾਂ ਆਪਣੀ ਹੀ ਆਤਮਕ ਅਵਸਥਾ ਉਚੇਰੀ ਹੁੰਦੀ ਹੈ ਨਾ ਹੀ ਕਿਸੇ ਦਾ ਕੁਝ ਭਲਾ ਹੁੰਦਾ ਹੈ। ਇਹ ਤਾਂ ਸਿਰਫ਼ ਅਗਿਆਨਤਾ ਵਿਚ ਕੀਤਾ ਹੋਇਆ ਭਰਮ ਰੂਪੀ ਕਰਮ ਹੈ। ਗੁਰਵਾਕ :

**ਅੰਨੁ ਨ ਖਾਇਆ ਸਾਦੁ ਗਵਾਇਆ॥**
**ਬਹੁ ਦੁਖੁ ਪਾਇਆ ਦੂਜਾ ਭਾਇਆ॥** *(ਗੁ: ਗ੍ਰੰ: ਸਾ:, ਪੰਨਾ 467)*

**ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥**
**ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥** *(ਗੁ: ਗ੍ਰੰ: ਸਾ:, ਪੰਨਾ 905)*

**ਅੰਨੈ ਬਿਨਾ ਨ ਹੋਇ ਸੁਕਾਲੁ॥**
**ਤਜਿਐ ਅੰਨਿ ਨ ਮਿਲੈ ਗੁਪਾਲੁ॥** *(ਗੁ: ਗ੍ਰੰ: ਸਾ:, ਪੰਨਾ 873)*

ਗੁਰੂ ਪਾਤਸ਼ਾਹ ਦੀ ਖ਼ੁਸ਼ੀ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" ਅਨੁਸਾਰ ਕਿਰਤ ਕਰ ਕੇ ਲੋੜਵੰਦਾਂ ਨੂੰ ਲੰਗਰ ਛਕਾ ਕੇ ਅਤੇ ਆਪ ਛਕ ਕੇ, ਪ੍ਰਾਪਤ ਕਰਨ ਦਾ ਗੁਰਮਤਿ ਮਾਰਗ ਹੈ ਨਾ ਕਿ ਭੁੱਖਾਂ ਕੱਟਣ ਦਾ। ਭਾਈ ਗੁਰਦਾਸ ਜੀ ਲਿਖਦੇ ਹਨ :

**ਇਕ ਮਨਿ ਹੋਇ ਇਕਾਦਸ਼ੀ ਗੁਰਮੁਖਿ ਵਰਤੁ ਪਤਿਬ੍ਰਤਿ ਭਾਇਆ॥੧੧॥੭॥**

**ਵਰਤ ਨੇਮ ਲਖ ਦਾਨ ਕਰਮ ਕਮਾਵਣਾ॥**
**ਲਉਬਾਲੀ ਦਰਗਾਹਿ ਪਖੰਡ ਨ ਜਾਵਣਾ॥॥੧੫॥੨੧॥**

**ਲਖ ਜਪ ਲਖ ਸੰਜਮਾ ਹੋਮ ਜਗ ਲਖ ਵਰਤ ਕਰੰਦੇ॥...**
**ਗੁਰ ਸਿਖੀ ਸੁਖੁ ਤਿਲੁ ਨ ਲਹੰਦੇ॥੧੮॥੨੮॥** *(ਵਾਰਾਂ ਭਾਈ ਗੁਰਦਾਸ ਜੀ)*

ਜੀਵਨ ਨੂੰ ਉਚੇਰਾ ਚੁੱਕਣ ਲਈ 'ਸਦਾ ਸੱਚ ਧਾਰਨ ਕਰਨ' ਦਾ ਵਰਤ ਰੱਖਣਾ ਆਦੇਸ਼ ਕੀਤਾ ਹੈ। *ਪ੍ਰੇਮ ਸੁਮਾਰਗ* ਰਹਿਤਨਾਮੇ ਦੇ ਕਰਤਾ ਜੀ ਇਉਂ ਵਿਆਖਿਆ ਕਰਦੇ ਹਨ :

"ਅੱਖਾਂ ਕਾ, ਜਿਹਬਾ ਕਾ, ਸ੍ਰਵਣੋਂ ਕਾ, ਹਥੋਂ ਕਾ, ਪੈਰੋਂ ਕਾ, ਇੰਦ੍ਰੀ ਕਾ, ਏਹ ਬਰਤ ਰਖੈ। ਜੋ ਅੱਖੀਆਂ ਕਰ ਪਰਤ੍ਰਿਯਾ ਪਰਦਰਬ ਨਾ ਦੇਖੈ। ਜਿਹਬਾ ਕਰ ਮਿਥਿਆ ਨਾ ਬੋਲੈ। ਨਿੰਦਿਆ ਨਾ ਕਰੈ ਅਰ ਬਹੁਤਾ ਸੁਆਦ ਨਾ ਚਖੇ, ਜੋ ਸਹਜ ਮੇਂ ਆਵੈ, ਅੰਗੀਕਾਰ ਕਰੇ, ਪਰ ਤ੍ਰਿਯਾ ਨੂੰ ਹੱਥ ਨਾ ਲਾਏ। ਪੈਰਾਂ ਕਰ ਬੁਰੇ ਕਰਮ ਨੂੰ ਨਾ ਧਾਏ, ਇੰਦ੍ਰੀ ਕੋ ਸਿਵਾਏ ਅਪਨੀ ਇਸਤ੍ਰੀ ਸਪਰਸ਼ ਨਾ ਦੇਇ ਅਰ ਧਿਆਨ ਸ੍ਰੀ ਗੁਰੂ ਪਰਮ ਗੁਰੂ ਕਾ ਕਰੈ, ਏਹ ਬ੍ਰਤ ਜੋ ਪ੍ਰਾਨੀ ਸਿੱਖ ਰਖੈਗਾ, ਅੰਤ ਕਾਲ ਸਾਸ ਸੁਖਾਲੇ ਨਿਕਲਣਗੇ ਅਰੁ ਗੁਰੂ ਸ੍ਰੀ ਅਕਾਲ ਪੁਰਖ ਚਿਤ ਆਵੇਗਾ॥

**ਹਮਰੇ ਗੁਰ ਕੇ ਸਿਖ ਹੈਂ ਜੇਈ। ਅਲਪ ਅਹਾਰ ਬਰਤਿ ਨਿੱਤ ਸੇਈ।**
**ਕਾਮ ਕ੍ਰੋਧ ਕੋ ਸੰਜਮ ਸਦਾ। ਪ੍ਰਭ ਸਿਮਰਨ ਮਹਿਂ ਲਾਗਯੋ ਰਿਦਾ॥੩੦॥**
*(ਗੁ: ਪ੍ਰ: ਸੂ: ਅੰਸੂ 30, ਰਾਸਿ 2)*

 Sri Satguru Jagjit Singh Ji eLibrary NamdhariElibrary@gmail.com

**ਤਿਲਕ** : ਗੁਰਮਤਿ ਮਾਰਗ ਵਿਚ ਜੋਗੀਆਂ, ਸੰਨਿਆਸੀਆਂ ਜਾਂ ਵੈਸ਼ਨਵਾਂ ਆਦਿ ਵਾਂਗ ਸਰੀਰ ਦੇ ਵੱਖ ਵੱਖ ਅੰਗਾਂ (ਹਿਰਦੇ, ਨਾਭੀ, ਬਾਂਹਾਂ, ਮੱਥੇ ਆਦਿ) ਉਪਰ ਚੰਦਨ, ਕੇਸਰ ਜਾਂ ਹੋਰ ਵਸਤੂ ਦਾ ਤਿਲਕ ਲਾਉਣ ਦਾ ਕੋਈ ਵਿਧਾਨ ਨਹੀਂ। ਸਿੱਖ ਦੇ ਮੱਥੇ 'ਤੇ ਤਿਲਕ ਕੇਵਲ ਗੁਰ-ਸੰਗਤ ਦੀ ਧੂੜ ਦਾ ਨਿਸ਼ਾਨ ਭਾਵ ਗੁਰਮੁਖਤਾਈ ਹੈ। ਭਾਈ ਗੁਰਦਾਸ ਜੀ ਆਪਣੀ ਰਚਨਾ ਵਿਚ ਤਿਲਕ ਦਾ ਜ਼ਿਕਰ ਇਉਂ ਕਰਦੇ ਹਨ :

> **ਚਰਨ ਸਰਣ ਮਸਤਕੁ ਧਰਨਿ ਚਰਨ ਰੇਣ ਮੁਖਿ ਤਿਲਕ ਸੁਹੰਦੇ ॥੭॥੬॥**
> [ਚਰਨਾਂ ਦੀ ਸ਼ਰਨ ਮੱਥੇ ਪੁਰ ਰੱਖਦੇ ਤੇ ਚਰਨ ਧੂੜਿ ਦਾ ਮੁਖ ਪੁਰ ਤਿਲਕ ਸੁਭਾਇਮਾਨ ਕਰਦੇ ਹਨ।]
>
> **ਬਾਰਹ ਤਿਲਕ ਮਿਟਾਇਕੈ ਗੁਰਮੁਖਿ ਤਿਲਕੁ ਨੀਸਾਣਿ ਚੜਾਇਆ ॥੧੨॥੭॥**
> [(ਜੋਗੀਆਂ ਦੇ ਬਾਰਾਂ ਪੰਥ ਦੇ) ਬਾਰਾਂ ਹੀ ਤਿਲਕ ਮਿਟਾ (ਤਿਆਗ) ਕੇ ਗੁਰਮੁਖਾਂ ਨੇ ਨੀਸ਼ਾਣ (ਚਿੰਨ ਅਥਵਾ ਉੱਜਲਤਾ) ਦਾ ਤਿਲਕ ਲਗਾਇਆ ਹੈ।]
>
> **ਚਰਣ ਰੇਣੁ ਮਸਤਕਿ ਤਿਲਕ ਭਰਮ ਕਰਮ ਦਾ ਲੇਖੁ ਮਿਟਾਏ ॥੧੯॥੧੬॥**
> [ਚਰਨਾਂ ਦੀ ਧੂੜੀ ਮੱਥੇ ਦਾ ਤਿਲਕ ਬਣ ਕੇ ਭਰਮ ਕਰਮ ਦੀ ਲਿਖਤ ਮਿਟਾ ਦੇਂਦੀ ਹੈ।]

ਸਿੱਖ ਜੀਵਨ ਦਾ ਹਵਾਲਾ ਗਿਆਨੀ ਗਿਆਨ ਸਿੰਘ ਜੀ ਇਉਂ ਵੀ ਕਰਦੇ ਹਨ :

> **ਜੰਞੂ ਤਿਲਕ ਨਾ ਛਾਪਾ ਧਾਰੈਂ।**
> **ਸ਼ਰਾ ਹਿੰਦੂਆਂ ਦੀ ਨਹਿ ਪਾਰੈ।** *(ਪੰਥ ਪ੍ਰਕਾਸ਼, ਅਧਿਆਇ 14)*

**ਜੰਞੂ** : ਇਹ ਹਿੰਦੂ ਧਰਮ ਦੇ ਧਾਰਨੀ ਲਈ ਗਲ ਵਿਚ ਪਹਿਨਣ ਦਾ ਇਕ ਚਿੰਨ੍ਹ ਹੈ, ਜੋ ਵਰਨ ਅਨੁਸਾਰ ਬ੍ਰਾਹਮਣ ਲਈ ਸੂਤਰ, ਖਤਰੀ ਲਈ ਸਣ ਅਤੇ ਵੈਸ਼ ਲਈ ਭੇਡ ਦੀ ਉੱਨ ਦੀਆਂ ਤਿਹਰੀਆਂ ਤਿਹਰੀਆਂ ਤੰਦਾਂ ਤੋਂ ਬਣਿਆ ਵਿਧਾਨ ਕੀਤਾ ਹੈ। ਸ਼ੂਦਰ ਨੂੰ ਜੰਞੂ ਪਹਿਨਣ ਦੀ ਆਗਿਆ ਨਹੀਂ।

ਗੁਰੂ ਪਾਤਸ਼ਾਹ ਜੀ ਨੇ ਸਿੱਖ ਨੂੰ ਹਿਰਦੇ ਵਿਚ ਸ਼ੁਭ ਗੁਣ ਧਾਰਨ ਕਰਨ ਅਤੇ ਧਰਮ ਰੱਖਿਆ ਲਈ ਗਲ (ਗਾਤਰੇ) ਵਿਚ ਸ਼ਸਤ੍ਰ (ਕ੍ਰਿਪਾਨ) ਪਹਿਨਣ ਦਾ ਵਿਧਾਨ ਕੀਤਾ ਹੈ। ਜੰਞੂ ਨੂੰ ਯਗਯੋਪਵੀਤ, ਜਨੇਊ, ਤਗ, ਬ੍ਰਹਮਸੂਤ੍ਰ ਜਾਂ ਸੂਤ ਵੀ ਆਖਿਆ ਗਿਆ ਹੈ, ਜਿਸ ਦੀ ਵਧੇਰੇ ਵੀਚਾਰ ਪਹਿਲਾਂ ਹੋ ਚੁੱਕੀ ਹੈ। ਦੇਖੋ—ਸੂਤ।

**ਤੁਲਸੀ** : ਤੁਲਸੀ ਰੋਗ ਨਾਸ਼ਕ ਬੂਟੀ ਹੋਣ ਕਰਕੇ ਇਸ ਦੀ ਵਰਤੋਂ ਬਹੁਤ ਸਾਰੀਆਂ ਦਵਾਈਆਂ ਵਿਚ ਕੀਤੀ ਜਾਂਦੀ ਹੈ। ਇਸ ਨਾਲ ਕਫ਼ ਅਤੇ ਪੇਟ ਦੀਆਂ ਅਨੇਕ ਬੀਮਾਰੀਆਂ ਤੋਂ ਮੁਕਤੀ ਮਿਲਦੀ ਹੈ। ਪਰ, ਬਹੁਤ ਸਾਰੇ ਲੋਕ ਜੋ ਇਸ ਦੇ ਵੈਦਕ ਪੱਖ ਤੋਂ ਅਣਜਾਣ ਹਨ, ਇਸ ਬੂਟੀ ਨੂੰ ਵਿਹੜੇ ਵਿਚ ਲਾ ਕੇ ਵੈਸ਼ਨਵਾਂ (ਵਿਸ਼ਨੂੰ ਦੇ ਪੁਜਾਰੀਆਂ) ਵਾਂਗ ਇਸ ਦੀ ਪੂਜਾ ਧਾਰਮਿਕ ਤੌਰ 'ਤੇ ਕਰਦੇ ਹਨ, ਜਿਸ ਦੀ ਗੁਰਮਤਿ ਵਿਚ ਕੋਈ ਥਾਂ ਨਹੀਂ। ਗੁਰੂ ਪਾਤਸ਼ਾਹ ਜੀ ਨੇ ਜੀਵਨ ਦੀ ਪਵਿੱਤਰਤਾ

(ਸੁੱਚ) ਲਈ ਤੁਲਸੀ ਦੇ ਪੱਤਿਆਂ ਜਾਂ ਲੱਕੜ ਨੂੰ ਇਹ ਕਹਿ ਕੇ ਕੋਈ ਮਹੱਤਵ ਨਹੀਂ ਦਿੱਤਾ :

**ਨਾ ਸੁਚਿ ਸੰਜਮੁ ਤੁਲਸੀ ਮਾਲਾ ॥** *(ਗੁ: ਗ੍ਰੰ: ਸਾ:, ਪੰਨਾ 1035)*

**ਮਾਲਾ** : ਇਸ ਨੂੰ ਜਪਮਾਲ, ਜਪਨੀ ਜਾਂ ਸਿਮਰਨੀ ਵੀ ਕਿਹਾ ਗਿਆ ਹੈ ਜੋ ਆਪਣੇ ਪੂਜਯ ਦੇ ਗੁਣਾਂ ਨੂੰ ਗਿਣ ਕੇ ਚੇਤੇ ਕਰਨ ਦਾ ਇਕ ਸਾਧਨ ਮੰਨਿਆ ਗਿਆ ਹੈ। ਵੱਖ ਵੱਖ ਮੱਤਾਂ ਵਿਚ ਇਸ ਦੇ ਮਣਕਿਆਂ ਦੀ ਗਿਣਤੀ ਵੱਖ ਵੱਖ ਹੈ। ਕੈਥੋਲਿਕ ਈਸਾਈਆਂ ਦੀ ਮਾਲਾ (Rosary) ਦੇ ਮਣਕਿਆਂ ਦੀ ਗਿਣਤੀ ਆਮ ਤੌਰ 'ਤੇ ਇਕ ਸੌ ਪੰਜਾਹ ਹੈ, ਮੁਸਲਮਾਨਾਂ ਦੀ ਮਾਲਾ (ਤੱਸਬੀ) ਦੇ ਮਣਕਿਆਂ ਦੀ ਗਿਣਤੀ ਇਕ ਸੌ ਜਾਂ ਇਕ ਸੌ ਇਕ ਹੁੰਦੀ ਹੈ, ਇਸੇ ਤਰ੍ਹਾਂ ਹਿੰਦੂਆਂ ਦੀ ਮਾਲਾ ਦੇ ਮਣਕਿਆਂ ਦੀ ਗਿਣਤੀ ਤੰਤ ਸ਼ਾਸਤਰ ਅਨੁਸਾਰ ਇਕ ਸੌ ਅੱਠ ਰੱਖੀ ਗਈ ਹੈ।

ਗੁਰੂ ਪਾਤਸ਼ਾਹ ਜੀ ਨੇ ਸਿੱਖ ਨੂੰ ਬੇਅੰਤ ਗੁਣਾਂ ਦੇ ਮਾਲਕ ਕਰਤਾਰ ਦੇ ਗੁਣਾਂ ਦਾ ਚਿੰਤਨ ਚਿਤ-ਬਿਰਤੀ ਨਾਲ ਕਰਨਾ ਵਿਧਾਨ ਕੀਤਾ ਹੈ, ਜਿਥੇ ਗਿਣਤੀ-ਮਿਣਤੀ ਦਾ ਕੋਈ ਲੇਖਾ ਨਹੀਂ। ਕੁਝ ਪ੍ਰੇਮੀ ਇਹ ਕਹਿੰਦੇ ਹਨ ਕਿ ਮਾਲਾ ਆਰੰਭ ਵਿਚ ਸੁਰਤੀ ਜੋੜਨ ਵਿਚ ਸਹਾਇਕ ਹੁੰਦੀ ਹੈ ਪਰ ਗੁਰੂ ਸਾਹਿਬ ਨੇ ਇਸ ਖ਼ਿਆਲ ਨੂੰ ਮੂਲੋਂ ਹੀ ਰੱਦ ਕੀਤਾ ਹੈ। ਉਨ੍ਹਾਂ ਨੇ ਤਾਂ ਆਰੰਭ ਤੋਂ ਹੀ ਸਿੱਖ ਨੂੰ ਨਾਮ-ਬਾਣੀ ਦਾ ਅਭਿਆਸ ਸੁਰਤੀ ਜੋੜ ਕੇ ਕਰਨ ਦਾ ਉਪਦੇਸ਼ ਦਿੱਤਾ ਹੈ, ਜਿਸ ਵਿਚ ਮਣਕਿਆਂ ਦੀ ਫੇਰ-ਬਦਲ ਕਰਨ ਨਾਲ ਅਟਕਾਅ ਹੀ ਪੈਦਾ ਹੁੰਦਾ ਹੈ। ਸੋ, ਸੁਰਤੀ ਜੁੜਨ ਪੱਖ ਤੋਂ ਲਾਭ ਦੀ ਬਜਾਏ ਅਭਿਆਸੀ ਨੂੰ ਨੁਕਸਾਨ ਹੀ ਹੁੰਦਾ ਹੈ ਅਤੇ ਇਕ ਪੱਖ ਨੁਕਸਾਨ ਦਾ ਇਹ ਵੀ ਹੈ ਕਿ ਮਾਲਾ ਦੇ ਆਧਾਰ 'ਤੇ ਟਿਕਣ ਵਾਲਾ ਮਨ ਸਦਾ ਆਧਾਰ ਵੱਲ ਹੀ ਝੁਕਿਆ ਰਹਿੰਦਾ ਹੈ। ਕਰਤਾਰ ਦੇ ਰੰਗ ਵਿਚ ਜੁੜਨਾ ਕਠਿਨ ਹੋ ਜਾਂਦਾ ਹੈ ਤਾਂ ਤੇ ਹਰ ਪ੍ਰਕਾਰ (ਲੋਹੇ, ਲੱਕੜ, ਪੱਥਰ ਅਤੇ ਉੱਨ ਆਦਿ) ਦੀ ਮਾਲਾ ਦਾ ਤਿਆਗ ਕਰ ਕੇ ਸਿੱਖ ਨੂੰ ਚਿਤ-ਬਿਰਤੀ ਨਾਲ ਕੇਵਲ ਕਰਤਾਰ ਦੇ ਬੇਅੰਤ ਗੁਣਾਂ ਦਾ ਹੀ ਚਿੰਤਨ ਕਰਨ ਦਾ ਗੁਰੂ-ਪੰਥ ਦਾ ਹੁਕਮ ਹੈ। ਗੁਰਵਾਕ :

**ਹਿਰਦੈ ਜਪਨੀ ਜਪਉ ਗੁਣਤਾਸਾ ॥**
**ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ,**
**ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥੧॥**

*(ਗੁ: ਗ੍ਰੰ: ਸਾ:, ਪੰਨਾ 841)*

**ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥**
**ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥** *(ਗੁ: ਗ੍ਰੰ: ਸਾ:, ਪੰਨਾ 1134)*

**ਹਿਰਦੈ ਸਮਾਲੇ ਮੁਖਿ ਹਰਿ ਹਰਿ ਬੋਲੈ ॥**
**ਸੋ ਜਨੁ ਇਤ ਉਤ ਕਤਹਿ ਨ ਡੋਲੈ ॥੩॥**
**ਕਹੁ ਨਾਨਕ ਜੋ ਰਾਚੈ ਨਾਇ ॥**
**ਹਰਿ ਮਾਲਾ ਤਾ ਕੈ ਸੰਗਿ ਜਾਇ ॥੪॥** *(ਗੁ: ਗ੍ਰੰ: ਸਾ:, ਪੰਨਾ 388)*

Sri Satguru Jagjit Singh Ji eLibrary NamdhariElibrary@gmail.com

ਕਬੀਰ ਜੀ ਦਾ ਕਹਿਣਾ ਹੈ ਕਿ ਹਿਰਦੇ ਵਿਚ ਕਰਤਾਰ ਦੀ ਯਾਦ ਹੀ ਅਸਲ ਜਪਨੀ (ਮਾਲਾ ਹੈ), ਬਾਹਰਲਾ ਤਾਂ ਕੇਵਲ ਨਿਗੁਣਾ ਲੋਕ-ਵਿਖਾਵਾ ਹੀ ਹੈ:

**ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ॥**
**ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ ॥੧॥**

*(ਗੁ: ਗ੍ਰੰ: ਸਾ:, ਪੰਨਾ 1364)*

**ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥**
**ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥੭੫॥**

*(ਗੁ: ਗ੍ਰੰ: ਸਾ:, ਪੰਨਾ 1368)*

ਭਾਈ ਗੁਰਦਾਸ ਜੀ ਗੁਰਮਤਿ ਸਿਧਾਂਤ ਦੀ ਵਿਆਖਿਆ ਇਉਂ ਕਰਦੇ ਹਨ:

**ਅਮਲੀ ਖਾਸੇ ਮਜਲਸੀ ਪਿਰਮ ਪਿਆਲਾ ਅਲਖੁ ਲਖਾਇਆ ॥**
**ਮਾਲਾ ਤਸਬੀ ਤੋੜਿਕੈ ਜਿਉ ਸਉ ਤਿਵੈ ਅਠੋਤਰੁ ਲਾਇਆ ॥**
**ਮੇਰੁ ਇਮਾਮ ਰਲਾਇਕੈ ਰਾਮੁ ਰਹੀਮੁ ਨ ਨਾਉ ਗਵਾਇਆ ॥...**
**ਸਚੁ ਸਬਦ ਪਰਗਾਸ ਕਰਿ ਸਬਦ ਸੁਰਤਿ ਸਚੁ ਸਚੁ ਮਿਲਾਇਆ ॥੧੧॥੩੯॥**

[ਸਤਿਗੁਰੂ ਦੇ ਸਿੱਖ ਵਾਹਿਗੁਰੂ ਦੇ ਦਰਬਾਰੀ ਹਨ, ਉਨ੍ਹਾਂ ਨੇ ਪ੍ਰੇਮ ਦਾ ਪਿਆਲਾ ਪੀਤਾ ਹੈ, ਮੁਸਲਮਾਨ ਸੌ ਅਤੇ ਹਿੰਦੂ ਇਕ ਸੌ ਅੱਠ ਮਣਕੇ ਦੀ ਮਾਲਾ ਬਣਾ ਕੇ ਉਪਰ ਇਮਾਮ ਅਤੇ ਮੇਰੁ (ਵਡਾ ਮਣਕਾ) ਲਾ ਕੇ (ਰਹੀਮ ਅਤੇ ਰਾਮ ਦਾ ਨਾਮ ਜਪਦੇ ਹਨ) ਪਰ ਗੁਰਸਿੱਖਾਂ ਨੇ ਦੋਵੇਂ ਮਾਲਾ ਤਿਆਗ ਕੇ ਨਾਮ ਦਾ ਜਾਪ ਗਿਣਤੀ ਨਾਲ ਨਹੀਂ ਕੀਤਾ, ਉਹ ਸੁਆਸ ਸੁਆਸ (**ਊਠਤ ਬੈਠਤ ਸੋਵਤ** ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥) ਅਤੇ ਰੋਮ ਰੋਮ ਕਰਤਾਰ ਨੂੰ ਆਰਾਧਦੇ ਹਨ (ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥) ਅਤੇ ਸਚੇ ਸ਼ਬਦ ਦਾ ਪ੍ਰਕਾਸ਼ ਕਰ ਕੇ ਅਰ ਸ਼ਬਦ ਵਿਖੇ ਸੁਰਤਿ ਲਾ ਕੇ ਸੱਚ ਵਿਚ ਸੱਚ ਮਿਲਾਉਂਦੇ ਹਨ।]

**ਗੋਰ, ਮੱਠ, ਮੜ੍ਹੀ ਤੇ ਮੂਰਤੀ ਪੂਜਾ :** ਖੰਡਾਂ ਬ੍ਰਹਮੰਡਾਂ ਦੀ ਸਾਰੀ ਰਚਨਾ ਨੂੰ ਅਕਸਰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ: ਚੇਤਨ ਅਤੇ ਜੜ੍ਹ: ਚੇਤਨ ਦਾ ਅਰਥ ਹੈ—ਸਜੀਵ/ਜਾਨਦਾਰ/ਹਰਕਤ ਸਹਿਤ/ਕਿਰਿਆਸ਼ੀਲ ਆਦਿ ਅਤੇ ਜੜ੍ਹ ਦਾ ਅਰਥ ਹੈ—ਨਿਰਜੀਵ/ਬੇਜਾਨ/ਹਰਕਤ ਰਹਿਤ/ਕਿਰਿਆ ਰਹਿਤ ਆਦਿ। ਧੰਨ ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਨੂੰ ਕੇਵਲ ਨਿਰੰਕਾਰ ਦੀ ਪੂਜਾ (ਸੇਵਾ ਭਗਤੀ) ਕਰਨ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਨਾਨਕ ਦਾ ਨਿਰੰਕਾਰ ਚੇਤਨ ਹੈ ਜੋ ਖੰਡਾਂ ਬ੍ਰਹਮੰਡਾਂ ਦੀ ਰਚਨਾ ਰਚ ਕੇ ਉਸ ਵਿਚ ਬਿਰਾਜਮਾਨ ਹੈ। ਇਸੇ ਕਰਕੇ ਹੀ ਗੁਰੂ ਸਾਹਿਬ ਜੀ ਨੇ ਸਿੱਖ ਨੂੰ ਅੱਗ, ਪਾਣੀ, ਹਵਾ, ਬਨਸਪਤੀ, ਪਹਾੜ ਦੇ ਨਾਲ ਨਾਲ ਮਨੁੱਖਾਂ ਦੀਆਂ ਬਣਾਈਆਂ ਥਾਵਾਂ ਅਤੇ ਵਸਤੂਆਂ ਦੀ ਮਾਨਤਾ ਤੋਂ ਮਨ੍ਹਾ ਕੀਤਾ ਹੈ, ਜੋ ਜੜ੍ਹ ਰੂਪ ਹਨ। ਕਾਰਨ ਸਪੱਸ਼ਟ ਹੈ ਕਿ ਚੇਤਨ (ਗਿਆਨ ਰੂਪ) ਨਾਲ ਜੁੜਿਆਂ ਹੀ ਮਨੁੱਖ ਅੰਤਰ ਚੇਤਨਤਾ (ਗਿਆਨ) ਆ ਸਕਦੀ ਹੈ ਜੋ ਜੀਵਨ ਮਾਰਗ ਨੂੰ ਰੌਸ਼ਨ ਕਰੇ ਪਰ ਜੋ ਆਪ ਹੀ ਜੜ੍ਹ (ਅੰਧੇਰਾ) ਹੈ, ਉਸ ਦੀ ਮਾਨਤਾ-ਪੂਜਾ ਨਾਲ ਮਨੁੱਖੀ ਜੀਵਨ ਦਾ ਵਿਕਾਸ ਅਸੰਭਵ ਹੈ। ਸਤਿਗੁਰੂ ਜੀ ਸਪੱਸ਼ਟ ਕਰਦੇ ਹਨ

Sri Satguru Jagjit Singh Ji eLibrary NamdhariElibrary@gmail.com

**ਨ ਪਾਥਰੁ ਬੋਲੈ ਨਾ ਕਿਛੁ ਦੇਇ॥**
**ਫੋਕਟ ਕਰਮ ਨਿਹਫਲ ਹੈ ਸੇਵ॥** *(ਗੁ: ਗ੍ਰੰ: ਸਾ:, ਪੰਨਾ 1160)*

ਇਸੇ ਲਈ ਗੁਰੂ ਸਾਹਿਬ ਨੇ ਨਾ ਤਾਂ ਅੱਗ ਪਾਣੀ ਹਵਾ ਬਨਸਪਤੀ ਆਦਿ ਦੀ ਪੂਜਾ ਮਾਨਤਾ ਨੂੰ ਪ੍ਰਵਾਨਿਆ ਹੈ ਅਤੇ ਨਾ ਹੀ ਜੜ੍ਹ ਰੂਪ ਗੋਰ (ਮੁਰਦਾ ਦਫ਼ਨ ਕੀਤੇ ਦੀ ਥਾਂ), ਮੜ੍ਹੀ (ਮੁਰਦਾ ਜਲਾਏ ਦੀ ਥਾਂ), ਮੱਠ (ਜੋਗੀ ਵੱਲੋਂ ਆਪਣੀ ਮਾਨਤਾ ਲਈ ਬਣਵਾਇਆ ਸਮਾਧੀ ਸਥਾਨ ਅਥਵਾ ਪਿੱਤਰਾਂ ਦੀ ਯਾਦ ਵਿਚ ਬਣੀ ਥਾਂ) ਅਤੇ ਮੂਰਤੀ (ਦੇਵੀ ਦੇਵਤੇ ਦਾ ਕਲਪਤ ਰੂਪ) ਆਦਿ ਦੀ ਪੂਜਾ ਮਾਨਤਾ ਕਰਨ ਨੂੰ ਪ੍ਰਵਾਨਿਆ ਹੈ।

ਭਾਰਤੀ ਸਮਾਜ ਵਿਚ ਜਿਊਂਦੇ ਮਨੁੱਖ ਦੀ ਮਾਨਤਾ ਤਾਂ ਇਕ ਪਾਸੇ, ਉਸ ਦੇ ਮਰ ਜਾਣ 'ਤੇ ਉਸ ਦੀ ਲਾਸ਼ ਨੂੰ ਦਫ਼ਨ ਕਰਨ ਜਾਂ ਦਾਹ ਦੇਣ ਦੀ ਥਾਂ ਨੂੰ ਵੀ ਪੂਜਿਆ ਮੰਨਿਆ ਜਾਣਾ ਆਮ ਹੈ। ਇਸ ਅੰਧ-ਵਿਸ਼ਵਾਸ ਨੂੰ ਹਵਾ ਦੇਂਦੇ ਹਨ ਸੁਆਰਥੀ ਲੋਕ, ਜੋ ਮਜਾਵਰ ਜਾਂ ਪੁਜਾਰੀ ਬਣ ਕੇ ਇਨ੍ਹਾਂ ਸਥਾਨਾਂ 'ਤੇ ਬੈਠ ਜਾਂਦੇ ਹਨ ਅਤੇ ਅਗਿਆਨੀਆਂ ਪਾਸੋਂ ਮੱਥੇ ਟਿਕਵਾ ਕੇ ਪੂਜਾ-ਧਨ ਪ੍ਰਾਪਤ ਕਰਦੇ ਹਨ। ਇਸ ਬਿਰਤੀ ਤੋਂ ਲਾਭ ਲੈਂਦੇ ਹਨ ਵਪਾਰੀ ਲੋਕ, ਜਿਨ੍ਹਾਂ ਦਾ ਧਰਮ ਸਿਧਾਂਤ ਨਾਲ ਕੋਈ ਵਾਹ-ਵਾਸਤਾ ਨਹੀਂ ਹੁੰਦਾ, ਉਹ ਲੋਕਾਂ ਦੀ ਭਾਵਨਾ ਨੂੰ ਵਰਗਲਾਉਣ ਲਈ ਦੇਵੀ ਦੇਵਤਿਆਂ ਆਦਿ ਦੀਆਂ ਮੂਰਤੀਆਂ ਬਜ਼ਾਰ ਵਿਚ ਲੈ ਆਉਂਦੇ ਹਨ ਜਿਨ੍ਹਾਂ ਨੂੰ ਅਗਿਆਨੀ ਲੋਕ ਘਰਾਂ ਜਾਂ ਮੰਦਰਾਂ ਵਿਚ ਭਗਵਾਨ (?) ਥਾਪ ਕੇ, ਉਨ੍ਹਾਂ ਨਾਲ ਜਿਊਂਦੇ ਜਾਗਦੇ ਮਨੁੱਖਾਂ ਵਾਲੇ ਵਿਹਾਰ ਕਰਦੇ ਹਨ, ਜਿਸ ਤਰ੍ਹਾਂ ਫੁੱਲਾਂ ਧੂਪ ਦੀਪ ਨਾਲ ਪੂਜਾ ਕਰਨੀ, ਬਸਤ੍ਰ ਪਹਿਨਾਉਣੇ ਤੇ ਭੋਜਨ ਦੇ ਭੋਗ ਲੁਆਉਣੇ ਆਦਿ। ਗੁਰੂ ਪਾਤਸ਼ਾਹ ਜੀ ਨੇ ਇਨ੍ਹਾਂ ਸਾਰੇ ਕਰਮਾਂ ਨੂੰ ਫੋਕਟ (ਵਿਅਰਥ) ਕਿਹਾ ਹੈ ਅਤੇ ਇਨ੍ਹਾਂ ਨੂੰ ਕਰਨ 'ਤੇ ਕੀਮਤੀ ਮਨੁੱਖਾ ਜੀਵਨ ਦਾ ਸਮਾਂ ਅਤੇ ਧਨ ਨਸ਼ਟ ਕਰਨਾ ਹੀ ਆਖਿਆ ਹੈ। ਦਸਮੇਸ਼ ਜੀ ਦਾ ਵਾਕ ਹੈ :

**ਕੋਊ ਬੁਤਾਨ ਕੋ ਪੂਜਤ ਹੈ ਪਸੁ,**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰ ਕ੍ਰਿਆ ਉਰਝਿਓ ਸਭ ਹੀ ਜਗ,**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥੧੦॥** *(ਸੁਧਾ ਸਵੈਯੇ)*

ਗੁਰੂ ਪਾਤਸ਼ਾਹ ਜੀ ਨੇ ਸਾਨੂੰ ਸਮਝਾਇਆ ਹੈ ਕਿ ਕੇਵਲ ਗੁਰਮਤਿ ਅਨੁਸਾਰ ਇਕ-ਕਰਤਾਰ ਦਾ ਆਰਾਧਨ ਅਤੇ ਮਨੁੱਖਤਾ ਦੀ ਸੇਵਾ ਕਰਨੀ ਹੀ ਮਨੁੱਖੀ ਜੀਵਨ ਦੀ ਸਫਲਤਾ ਦਾ ਸਹੀ ਮਾਰਗ ਹੈ। ਇਤਿਹਾਸਕ ਜ਼ਿਕਰ ਹੈ ਕਿ ਭਾਈ ਭਗੀਰਥ ਤੇ ਭਾਈ ਮੰਝ ਆਦਿ ਵਰਗੇ ਅਨੇਕਾਂ ਪ੍ਰੇਮੀਆਂ ਨੇ ਮੂਰਤੀ ਪੂਜਾ ਅਥਵਾ ਕਬਰਾਂ ਦੀ ਪੂਜਾ ਤਿਆਗ ਕੇ ਗੁਰੂ ਕੀ ਸਿੱਖੀ ਧਾਰਨ ਕੀਤੀ ਅਤੇ ਗੁਰਮਤਿ ਦਾ ਪ੍ਰਚਾਰ ਅਤੇ ਸੰਗਤ ਦੀ ਸੇਵਾ ਕਰ ਕੇ ਆਪਣਾ ਜੀਵਨ ਸਫਲ ਕੀਤਾ। ਗੁਰਵਾਕ :

**ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ,**
**ਮੜੈ ਮਸਾਣਿ ਨ ਜਾਈ॥** *(ਗੁ: ਗ੍ਰੰ: ਸਾ:, ਪੰਨਾ 634)*


Sri Satguru Jagjit Singh Ji eLibrary NamdhariElibrary@gmail.com

ਦਸਮੇਸ਼ ਜੀ ਦੇ ਬਚਨ ਹਨ :

**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨਾ ਮਾਨੈ ॥** *(੩੩ ਸ੍ਵੈਯੇ)*

**ਬਿਨ ਕਰਤਾਰ ਨ ਕਿਰਤਮ ਮਾਨੋ ॥**
**ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥**
*(ਸ਼ਬਦ ਹਜ਼ਾਰੇ ਪਾਤਸ਼ਾਹੀ ੧੦)*

ਇਹ ਜਾਨਣ ਲਈ ਕਿ ਗੁਰੂ ਕੇ ਅਖਵਾਉਣ ਵਾਲੇ ਭਲਾ ਇਸ ਸਿਧਾਂਤ ਪ੍ਰਤੀ ਕਿੰਨੇ ਕੁ ਜਾਗਰੂਕ ਹਨ, ਦਸਮੇਸ਼ ਜੀ ਨੇ ਦਾਦੂ ਦੀ ਸਮਾਧ ਪ੍ਰਤੀ ਸਤਿਕਾਰ ਪ੍ਰਗਟ ਕਰਨ ਵਾਲਾ ਕੌਤਕ ਵੀ ਕੀਤਾ। ਜਦੋਂ ਸਿੰਘਾਂ ਨੇ ਇਸ 'ਤੇ ਭਾਰੀ ਇਤਰਾਜ਼ ਕੀਤਾ ਤਾਂ ਗੁਰੂ ਪਾਤਸ਼ਾਹ ਸਿਧਾਂਤ ਪ੍ਰਤੀ ਉਨ੍ਹਾਂ ਦੀ ਦ੍ਰਿੜ੍ਹਤਾ ਦੇਖ ਕੇ ਬਹੁਤ ਪ੍ਰਸੰਨ ਹੋਏ।

**ਅਨ-ਧਰਮ ਦੇ ਤੀਰਥ ਜਾਂ ਧਾਮ** : ਮਨ ਬਚਨ ਕਰਮ ਕਰਕੇ ਗੁਰੂ ਕੀ ਆਗਿਆ ਵਿਚ ਰਹਿਣ ਵਾਲਾ ਸਿੱਖ ਕੇਵਲ ਕਰਤਾਰ ਦੀ ਸੇਵਾ ਭਗਤੀ ਵਿਚ ਦ੍ਰਿੜ੍ਹ ਹੁੰਦਾ ਹੈ। ਉਹ ਕਿਸੇ ਹੋਰ ਧਰਮ ਦੇ ਸਥਾਨ 'ਤੇ ਜਾ ਕੇ ਕਦੀ ਜੀਵਨ ਸੇਧ ਨਹੀਂ ਭਾਲਦਾ। ਉਸ ਨੂੰ ਗੁਰੂ ਪਾਤਸ਼ਾਹ ਪਾਸੋਂ ਗਿਆਨ ਹੋ ਜਾਂਦਾ ਹੈ ਕਿ ਦਰ ਦਰ 'ਤੇ ਭਟਕਣ ਵਾਲੇ ਅਸ਼ਾਂਤ ਮਨੁੱਖ ਦਾ ਜੀਵਨ ਕਦੀ ਇਕ ਸੇਧ ਵਿਚ ਨਹੀਂ ਹੋ ਸਕਦਾ। ਮਨ ਕਰਕੇ ਸ਼ਬਦ ਗੁਰੂ ਨੂੰ ਸਿਰ ਝੁਕਾਉਣ ਵਾਲਾ ਸਿੱਖ ਨਾ ਕਦੀ ਮੰਦਰਾਂ ਵਿਚ ਜਾ ਕੇ ਟੱਲੀਆਂ ਖੜਕਾਉਂਦਾ ਜਾਂ ਜਗਰਾਤੇ ਆਦਿ ਕਰਦਾ ਕਰਾਉਂਦਾ ਹੈ ਤੇ ਨਾ ਹੀ ਕਦੀ ਮਸੀਤਾਂ ਜਾਂ ਚਰਚਾਂ ਵਿਚ ਜਾ ਕੇ ਮੁਹੰਮਦ ਜਾਂ ਜੀਸਸ ਅੱਗੇ ਦੁਆਵਾਂ ਕਰਦਾ ਹੈ ਕਿਉਂਕਿ ਰਹਿਰਾਸ ਦੇ ਪਾਠ ਸਮੇਂ ਉਹ ਰੋਜ਼ ਆਪਣੇ ਸਤਿਗੁਰਾਂ ਦਾ ਇਹ ਵਾਕ ਚੇਤੇ ਕਰਦਾ ਹੈ :

**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥**

ਪਰ, ਸਥਾਨ ਦੀ ਵਾਕਫ਼ੀਅਤ ਲਈ ਕਿਤੇ ਵੀ ਜਾਣਾ ਅਯੋਗ ਨਹੀਂ।

**ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸ਼ੀਰਨੀ, ਵੇਦ-ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਗ੍ਰੰਥਾਂ ਉੱਤੇ ਨਿਸਚਾ ਜਾਂ ਉਨ੍ਹਾਂ ਦਾ ਪੜ੍ਹਨਾ** : ਵਿਚਾਰੇ ਜਾ ਰਹੇ ਇਸ ਨਿਯਮ ਦੀ ਅੰਤਲੀ ਪੰਗਤੀ ਵਿਚ ਦੂਜੇ ਮਤਾਂ ਦੀਆਂ ਰੀਤਾਂ ਅਤੇ ਗ੍ਰੰਥਾਂ ਦੀ ਮਾਨਤਾ ਉਪਰ ਨਿਸ਼ਚਾ ਨਾ ਕਰਨ ਪ੍ਰਤੀ ਸੁਚੇਤ ਕੀਤਾ ਗਿਆ ਹੈ। ਹਿੰਦੂ ਧਰਮ ਨਾਲ ਸੰਬੰਧਿਤ ਗ੍ਰੰਥ ਵੇਦ ਸ਼ਾਸਤ੍ਰ, ਗਾਇਤ੍ਰੀ, ਗੀਤਾ ਦੇ ਉਪਦੇਸ਼ ਉਪਰ ਵਿਸ਼ਵਾਸ ਕਰਨਾ ਅਤੇ ਉਨ੍ਹਾਂ ਦੇ ਧਾਰਮਿਕ ਆਗੂ ਬ੍ਰਾਹਮਣ ਪਾਸੋਂ ਪੁੱਛਣਾ ਲੈਣੀ ਅਤੇ ਇਸਲਾਮ ਦੇ ਧਰਮ ਗ੍ਰੰਥ 'ਕੁਰਾਨ' ਦੇ ਉਪਦੇਸ਼ ਉਪਰ ਵਿਸ਼ਵਾਸ ਕਰਨਾ ਅਤੇ ਉਨ੍ਹਾਂ ਦੇ ਧਾਰਮਿਕ ਆਗੂ ਕਾਜ਼ੀ ਜਾਂ ਪੀਰ ਆਦਿਕ ਪਾਸ ਸੁੱਖਣਾ ਸੁੱਖਣੀਆਂ ਗੁਰੂ ਕੇ ਸਿੱਖਾਂ ਲਈ ਮਨ੍ਹਾ ਹਨ। ਇਸੇ ਤਰ੍ਹਾਂ ਈਸਾਈਆਂ ਦੀ 'ਅੰਜੀਲ', ਯਹੂਦੀਆਂ ਦੀ 'ਤੌਰੇਤ' ਤੇ 'ਜੰਬੂਰ' ਗ੍ਰੰਥਾਂ ਉਪਰ ਨਿਸ਼ਚਾ ਲਿਆਉਣਾ ਸਿੱਖ ਲਈ ਮਨ੍ਹਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਗੁਰਮਤਿ ਅਨੁਸਾਰ ਇਸ ਦਾ ਕਾਰਨ ਇਹ ਵਰਣਨ ਕਰਦੇ ਹਨ :



Sri Satguru Jagjit Singh Ji eLibrary NamdhariElibrary@gmail.com

**ਦੋਇ ਦਰਪਨ ਦੇਖੈ ਏਕ ਸੈ ਅਨੇਕ ਰੂਪ,**
**ਦੋਇ ਨਾਵ ਪਾਵ ਧਰੈ ਪਹੁਚੈ ਨ ਪਾਰਿ ਹੈ॥**
**ਦੋਇ ਦਿਸਾ ਗਹੇ ਗਹਾਇ ਸੈ ਹਾਥ ਪਾਉ ਟੂਟੈ,**
**ਦੁਰਾਹੇ ਦੁਚਿਤ ਹੋਇ ਭੂਲਿ ਪਗੁ ਧਾਰਿ ਹੈ॥**
**ਦੋਇ ਭੂਪ ਤਾ ਕੋ ਗਾਉ ਪਰਜਾ ਨ ਸੁਖੀ ਹੋਤ,**
**ਦੋਇ ਪੁਰਖਨ ਕੀ ਨ ਕੁਲਾ ਬਧੂ ਨਾਰਿ ਹੈ॥**
**ਗੁਰਸਿਖ ਹੋਇ ਆਨ ਦੇਵ ਸੇਵ ਟੇਵ ਗਹੈ,**
**ਸਹੈ ਜਮ ਡੰਡੁ ਧ੍ਰਿਗ ਜੀਵਨੁ ਸੰਸਾਰ ਹੈ॥੪੬੭॥** *(ਕਬਿੱਤ ਭਾਈ ਗੁਰਦਾਸ ਜੀ)*

ਤੁਲਨਾਤਮਕ ਅਧਿਐਨ ਜਾਂ ਆਮ ਵਾਕਫ਼ੀ ਲਈ ਕਿਸੇ ਵੀ ਮੱਤ ਦਾ ਕੋਈ ਗ੍ਰੰਥ ਪੜ੍ਹਨਾ ਅਯੋਗ ਨਹੀਂ। ਗੁਰਬਾਣੀ ਵਿਚ ਹੋਰਨਾਂ ਮੱਤਾਂ ਮਤਾਂਤਰਾਂ ਦੇ ਮੰਨਣ ਵਾਲਿਆਂ ਦੀਆਂ ਕਮਜ਼ੋਰੀਆਂ ਬਾਬਤ ਧਿਆਨ ਅਤੇ ਗੁਰੂ-ਪਾਤਸ਼ਾਹ ਵੱਲੋਂ ਦੱਸੇ ਉਪਾਅ ਇਸ ਸਿਧਾਂਤ ਦਾ ਪ੍ਰਤੱਖ ਪ੍ਰਮਾਣ ਹਨ।

**(ਹ) ਖ਼ਾਲਸਾ ਸਾਰੇ ਮੱਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨ-ਧਰਮੀ ਦਾ ਦਿਲ ਨਾ ਦੁਖਾਵੇ।** *(ਸਿੱਖ ਰਹਿਤ ਮਰਯਾਦਾ, ਪੰਨਾ 20)*

*ਵਿਆਖਿਆ :*

**ਸਿੱਖ ਮੱਤ ਸਾਰਿਆਂ ਤੋਂ ਸੁਤੰਤਰ ਪਰ ਸਹਿਨਸ਼ੀਲ** : ਸਿੱਖ ਜਾਂ ਖ਼ਾਲਸਾ ਮੱਤ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਚਲਾਇਆ ਹੋਇਆ ਨਿਆਰਾ, ਨਿਰਮਲ, ਮੌਲਿਕ ਤੇ ਸੁਤੰਤਰ ਮੱਤ ਹੈ। ਇਹ ਨਾ ਕਿਸੇ ਹੋਰ ਮੱਤ ਦੀ ਸ਼ਾਖ਼ ਹੈ, ਨਾ ਹੀ ਮਿਲਗੋਭਾ। ਜੋ ਲੋਕ ਭਰਮ ਪੈਦਾ ਕਰਦੇ ਹਨ, ਉਹ ਸਿੱਖੀ ਦੇ ਮੂਲ ਸਿਧਾਂਤਾਂ ਤੋਂ ਅਣਜਾਣ ਹਨ। ਇਸ ਦੇ ਨਾਲ ਨਾਲ ਬਾਣੀ ਤੇ ਬਾਣੇ ਦੇ ਧਾਰਨੀ ਸਿੱਖ ਨੂੰ ਗੁਰੂ ਪੰਥ ਦਾ ਆਦੇਸ਼ ਹੈ ਕਿ ਉਹ ਹੰਕਾਰ ਵਿਚ ਆ ਕੇ ਕਦੇ ਵੀ ਕਿਸੇ ਦੂਜੇ ਧਰਮ ਦੇ ਧਾਰਨੀ ਦਾ ਦਿਲ ਨਾ ਦੁਖਾਵੇ। ਗੁਰੂ ਵਾਕ ਹਨ :

**ਨਾਨਕੁ ਵੇਚਾਰਾ ਕਿਆ ਕਹੈ॥**
**ਸਭੁ ਲੋਕੁ ਸਲਾਹੇ ਏਕਸੈ॥**
**ਸਿਰੁ ਨਾਨਕ ਲੋਕਾ ਪਾਵ ਹੈ॥**
**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥** *(ਗੁ: ਗ੍ਰੰ: ਸਾ:, ਪੰਨਾ 1168)*

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥**
**ਸੋ ਘਰੁ ਰਾਖੁ ਵਡਾਈ ਤੋਇ॥** *(ਗੁ: ਗ੍ਰੰ: ਸਾ:, ਪੰਨਾ 12)*

**(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ।**

*ਵਿਆਖਿਆ :*

ਅਰਦਾਸ ਸਿੱਖ ਜੀਵਨ ਦੀ ਥੰਮ੍ਹੀ ਹੈ। ਗੁਰੂ ਪੰਥ ਵੱਲੋਂ ਸਿੱਖ ਨੂੰ ਹੁਕਮ ਹੈ ਕਿ ਉਹ ਦਿਨ ਦੇ ਕਾਰ-ਵਿਹਾਰ ਅਰੰਭ ਕਰਨ ਤੋਂ ਪਹਿਲਾਂ ਸੁਬ੍ਹਾ-ਸਵੇਰੇ ਨਾਮ-ਬਾਣੀ ਦੇ


Sri Satguru Jagjit Singh Ji eLibrary NamdhariElibrary@gmail.com

ਅਭਿਆਸ ਉਪਰੰਤ ਵਾਹਿਗੁਰੂ ਅੱਗੇ ਅਰਦਾਸ ਕਰੇ ਅਤੇ ਇਸੇ ਤਰ੍ਹਾਂ ਕਾਰ-ਵਿਹਾਰ ਤੋਂ ਬਾਅਦ ਸ਼ਾਮ ਨੂੰ ਰਹਿਰਾਸ ਦਾ ਪਾਠ ਕਰਨ ਉਪਰੰਤ ਫਿਰ ਵਾਹਿਗੁਰੂ ਅੱਗੇ ਅਰਦਾਸ ਕਰੇ। ਇਸ ਤੋਂ ਬਿਨਾਂ ਇਹ ਵੀ ਉਚੇਚਾ ਅੰਕਿਤ ਕੀਤਾ ਗਿਆ ਹੈ, ਰੋਜ਼ਾਨਾ ਕਾਰ ਵਿਹਾਰ ਤੋਂ ਇਲਾਵਾ ਕੁਝ ਵੀ ਹੋਰ ਖ਼ਾਸ ਕੀਤਾ ਜਾਵੇ, ਉਸ ਤੋਂ ਪਹਿਲਾਂ ਅਰਦਾਸ ਕੀਤੀ ਜਾਵੇ। ਜਿਸ ਤਰ੍ਹਾਂ ਬੱਚੇ ਨੂੰ ਪੜ੍ਹਨੇ ਪਾਉਣ ਲੱਗਿਆਂ, ਨਵੇਂ ਘਰ ਦੀ ਨੀਂਹ ਰੱਖਣ ਲੱਗਿਆਂ ਜਾਂ ਪ੍ਰਵੇਸ਼ ਕਰਨ ਲੱਗਿਆਂ, ਸਫ਼ਰ ਆਰੰਭ ਕਰਨ ਲੱਗਿਆਂ ਜਾਂ ਵਿਆਹ ਆਦਿ ਕਾਰਜ ਕਰਨ ਲੱਗਿਆਂ। ਸਿੱਖ ਪਾਸੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਜ਼ਿੰਦਗੀ ਦਾ ਹਰ ਪੜਾਅ ਵਾਹਿਗੁਰੂ ਨਾਲ ਜੁੜ ਕੇ ਤਹਿ ਕਰੇ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਅਨੇਕ ਵਾਰ ਫ਼ੁਰਮਾਨ ਕੀਤਾ ਹੈ ਕਿ ਕਰਤਾਰ ਨਾਲ ਜੁੜੇ ਰਹਿਣ ਵਾਲੇ ਸੱਜਣਾਂ ਦੇ ਕਾਰਜ ਕਰਤਾਰ ਆਪ ਸਫਲ ਕਰਦਾ ਹੈ। ਅਜਿਹਾ ਕੌਤਕ ਕਿਵੇਂ ਵਰਤਦਾ ਹੈ? ਇਹ ਤਾਂ ਵਰਤਾਵਣਹਾਰ ਕੇਵਲ ਕਰਤਾਰ ਹੀ ਜਾਣਦਾ ਹੈ। ਗੁਰਵਾਕ ਹਨ:

**ਕੀਤਾ ਲੋੜੀਐ ਕੰਮੁ. ਸੁ ਹਰਿ ਪਹਿ ਆਖੀਐ॥**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥** *(ਗੁ: ਗ੍ਰੰ: ਸਾ:, ਪੰਨਾ 91)*

**ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥**
**ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥** *(ਗੁ: ਗ੍ਰੰ: ਸਾ:, ਪੰਨਾ 1093)*

**ਸਭ ਕਾਰਜੋਂ ਕੇ ਆਦਿ ਮੇਂ ਅਰਦਾਸ ਕਰੇਂ।** *(ਪ੍ਰੇਮ ਸੁਮਾਰਗ)*

**(ਖ) ਸਿੱਖ ਲਈ ਗੁਰਮੁਖੀ ਵਿੱਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿੱਦਿਆ ਵੀ ਪੜ੍ਹੇ।**

***ਵਿਆਖਿਆ :***

**ਗੁਰਮੁਖੀ ਵਿੱਦਿਆ ਪੜ੍ਹਨੀ :** ਇਥੇ ਗੁਰਮੁਖੀ ਵਿੱਦਿਆ ਤੋਂ ਭਾਵ ਗੁਰਮਤਿ ਅਤੇ ਪੰਜਾਬੀ ਦੀ ਵਿੱਦਿਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸਮੇਂ ਦੀ ਰਾਜ ਭਾਸ਼ਾ ਫ਼ਾਰਸੀ ਅਤੇ ਦੇਵ-ਭਾਸ਼ਾ ਸੰਸਕ੍ਰਿਤ ਤੋਂ ਹਟ ਕੇ ਪੰਜਾਬ ਦੇ ਲੋਕਾਂ ਦੀ ਬੋਲੀ ਪੰਜਾਬੀ ਅਤੇ ਇਸੇ ਬੋਲੀ ਦੀ ਵਿਸ਼ੇਸ਼ ਲਿਪੀ (ਵਰਣ-ਮਾਲਾ) ਨੂੰ ਸਿੱਖ ਧਰਮ ਦੇ ਪ੍ਰਚਾਰ ਦਾ ਮਾਧਿਅਮ (ਵਸੀਲਾ) ਬਣਾਇਆ। ਇਸ ਵਿਚ ਉਨ੍ਹਾਂ ਨੇ ਆਪਣੀ ਅਤੇ ਹੋਰ ਮਹਾਂਪੁਰਖਾਂ ਦੀ ਬਾਣੀ ਲਿਖੀ ਜੋ ਆਪਣੇ ਅੰਤ ਸਮੇਂ 'ਸ਼ਬਦ ਕਾ ਖ਼ਜ਼ਾਨਾ' ਦੇ ਰੂਪ ਵਿਚ ਗੁਰੂ ਅੰਗਦ ਸਾਹਿਬ ਜੀ ਦੇ ਹਵਾਲੇ ਕੀਤੀ। ਕਿਉਂਕਿ ਪੰਜਾਬੀ ਨੂੰ ਧਰਮ ਪ੍ਰਚਾਰ ਦਾ ਮਾਧਿਅਮ ਹੋਣ ਦਾ ਮਾਣ ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ ਦਿੱਤਾ, ਇਸ ਕਰਕੇ ਲੋੜ ਅਨੁਸਾਰ ਗੁਰੂ ਪਾਤਸ਼ਾਹ ਜੀ ਨੇ ਵਰਣ-ਮਾਲਾ ਦੇ ਰੂਪ ਨੂੰ ਕੁਝ ਮਾਂਜਿਆ ਸੰਵਾਰਿਆ ਵੀ। ਭਾਸ਼ਾ ਵਿਗਿਆਨੀ ਆਪਣੀ ਖੋਜ ਦੇ ਆਧਾਰ 'ਤੇ ਦੱਸਦੇ ਹਨ ਕਿ ਅਜਿਹਾ ਕਰਨਾ ਸੁਭਾਵਕ ਅਤੇ ਜ਼ਰੂਰੀ ਸੀ। ਇਹ ਸਾਰਾ ਕੁਝ ਗੁਰੂ ਪਾਤਸ਼ਾਹ ਜੀ ਦੇ ਮੁੱਖ ਤੋਂ ਉਚਾਰਨ ਹੋਈ ਬਾਣੀ ਨੂੰ ਲਿਖਤ ਰੂਪ ਦੇਣ ਲਈ ਕੀਤਾ ਗਿਆ ਯਤਨ

ਸੀ, ਜਿਸ ਕਰਕੇ ਸ਼ਰਧਾਵਾਨ ਪ੍ਰੇਮੀ ਸਿੱਖਾਂ ਵਿਚ ਇਸ ਭਾਸ਼ਾ ਦਾ ਨਾਂ ਪੰਜਾਬੀ ਤੇ ਲਿਪੀ ਦਾ ਨਾਂ ਗੁਰਮੁਖੀ ਪ੍ਰਚਲਿਤ ਹੋ ਗਿਆ।

ਗੁਰਬਾਣੀ, ਵਾਰਾਂ ਭਾਈ ਗੁਰਦਾਸ, ਜਨਮ ਸਾਖੀਆਂ ਅਤੇ ਹੋਰ ਬਹੁਤ ਸਾਰਾ ਸਿੱਖ ਸਾਹਿਤ ਮੁੱਢਲੇ ਤੌਰ 'ਤੇ ਇਸੇ ਲਿਪੀ ਵਿਚ ਹੀ ਲਿਖਿਆ ਗਿਆ, ਜਿਸ ਕਰਕੇ ਸਿੱਖੀ ਨਾਲ ਪਿਆਰ ਕਰਨ ਵਾਲੇ ਲਈ ਪੰਜਾਬੀ ਅਥਵਾ ਗੁਰਮੁਖੀ ਦਾ ਗਿਆਤਾ ਹੋਣਾ ਜ਼ਰੂਰੀ ਹੈ। ਗੁਰੂ ਸਾਹਿਬ ਆਰੰਭ ਤੋਂ ਹੀ ਸਿੱਖਾਂ ਨੂੰ ਪੰਜਾਬੀ ਪੜ੍ਹਨ, ਲਿਖਣ, ਬੋਲਣ ਲਈ ਲਗਾਤਾਰ ਪ੍ਰੇਰ ਰਹੇ ਸਨ। ਇਥੋਂ ਤਕ ਕਿ ਗੁਰੂ ਅੰਗਦ ਸਾਹਿਬ ਆਪ ਸਮਾਂ ਕੱਢ ਕੇ ਸਿੱਖ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਂਦੇ ਵੀ ਰਹੇ ਸਨ, ਖਡੂਰ ਸਾਹਿਬ ਵਿਚ ਇਸ ਯਾਦ ਵਿਚ ਇਤਿਹਾਸਕ ਗੁਰਦੁਆਰਾ ਮੌਜੂਦ ਹੈ। ਗੁਰੂ ਸਾਹਿਬਾਨ ਆਪਣੇ ਸਿੱਖਾਂ ਨੂੰ ਵਿਦਵਾਨ ਹੋਇਆ ਵੇਖਣਾ ਲੋਚਦੇ ਸਨ, ਇਸੇ ਕਰਕੇ ਉਨ੍ਹਾਂ ਨੇ 'ਗੁਰੂ ਕੀ ਕਾਸ਼ੀ' (ਦਮਦਮਾ ਸਾਹਿਬ) ਵਿਚ 'ਲਿਖਣਸਰ' ਦੀ ਰਚਨਾ ਵੀ ਕੀਤੀ। ਇਸ ਤੋਂ ਪਹਿਲਾਂ ਪਾਉਂਟਾ ਸਾਹਿਬ ਤੇ ਅਨੰਦਪੁਰ ਸਾਹਿਬ ਰਹਿੰਦਿਆਂ ਹੋਇਆਂ ਸੰਸਕ੍ਰਿਤ, ਫ਼ਾਰਸੀ ਅਤੇ ਹੋਰ ਭਾਸ਼ਾਵਾਂ ਵਿਚ ਲਿਖੇ ਗ੍ਰੰਥਾਂ ਦਾ ਪੰਜਾਬੀ/ਗੁਰਮੁਖੀ ਲਿਪੀ ਵਿਚ ਅਨੁਵਾਦ ਅਨੇਕਾਂ ਵਿਦਵਾਨਾਂ ਪਾਸੋਂ ਕਰਵਾਇਆ।

ਗੁਰੂ ਕੇ ਸਿੱਖਾਂ ਨੂੰ ਫ਼ਾਰਸੀ, ਸੰਸਕ੍ਰਿਤ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਸਿੱਖਣ 'ਤੇ ਕੋਈ ਪਾਬੰਦੀ ਨਹੀਂ ਹੈ, ਉਹ ਗੁਰਬਾਣੀ ਦੇ ਤਰਜਮੇ ਪੜ੍ਹ ਕੇ ਵੀ ਲਾਭ ਉਠਾ ਸਕਦੇ ਹਨ ਪਰ ਸਾਡਾ ਅਨੁਭਵ ਇਹ ਹੈ ਕਿ ਜਿੰਨਾ ਚਿਰ ਕੋਈ ਪੰਜਾਬੀ ਦਾ ਚੰਗਾ ਗਿਆਤਾ ਨਹੀਂ ਹੁੰਦਾ, ਓਨਾ ਚਿਰ ਤਕ ਉਹ ਗੁਰਬਾਣੀ ਦੀਆਂ ਡੂੰਘੀਆਂ ਰਮਜ਼ਾਂ ਨੂੰ ਜਾਣ ਨਹੀਂ ਸਕਦਾ। ਕਾਰਨ ਇਹ ਹੈ ਕਿ ਗੁਰੂ ਪਾਤਸ਼ਾਹ ਜੀ ਨੇ ਵਿਸ਼ੇਸ਼ ਨਿਯਮਾਵਲੀ (ਵਿਆਕਰਣ)'ਚ ਗੁਰਬਾਣੀ ਲਿਖੀ ਹੈ, ਜੋ ਕੇਵਲ ਪੰਜਾਬੀ ਵਿਚ ਹੀ ਸਹੀ ਪੜ੍ਹੀ ਅਤੇ ਲਿਖੀ ਜਾ ਸਕਦੀ ਹੈ, ਹੋਰ ਕਿਸੇ ਵੀ ਲਿਪੀ ਵਿਚ ਉਵੇਂ ਜਿਵੇਂ ਨਹੀਂ।

ਸਾਨੂੰ ਇਸ ਗੱਲ ਦੀ ਭਾਰੀ ਪ੍ਰਸੰਨਤਾ ਹੈ ਕਿ ਜਿਥੇ ਜਿਥੇ ਵੀ ਗੁਰਸਿੱਖਾਂ ਨੇ ਗੁਰਦੁਆਰੇ ਬਣਾਏ (ਖ਼ਾਸ ਤੌਰ 'ਤੇ ਵਿਦੇਸ਼ਾਂ ਵਿਚ), ਉਥੇ ਪੰਜਾਬੀ ਦੀ ਪੜ੍ਹਾਈ ਦਾ ਵੀ ਯਥਾ-ਸ਼ਕਤਿ ਪ੍ਰਬੰਧ ਕੀਤਾ। ਗੁਰੂ ਪਾਤਸ਼ਾਹ ਦੀ ਕ੍ਰਿਪਾ ਸਦਕਾ ਅੱਜ ਪੰਜਾਬੀ ਨੂੰ ਪੰਜਾਬ ਦੀ ਰਾਜ-ਭਾਸ਼ਾ ਹੋਣ ਦਾ ਵੀ ਮਾਣ ਪ੍ਰਾਪਤ ਹੈ। *ਪ੍ਰੇਮ ਸੁਮਾਰਗ* ਦਾ ਇਹ ਕਥਨ ਸਾਡੇ ਮੁਖੀਆਂ ਦਾ ਧਿਆਨ ਮੰਗਦਾ ਹੈ:

> 'ਰਾਜੇ ਕੋ ਚਾਹੀਐ ਗੁਰਮੁਖੀ ਵਿਦਯਾ ਕਾ ਪ੍ਰਕਾਸ਼ ਅਰੁ ਹੋਰ ਵਿਦਿਆ ਕੀ ਤਾਗੀਦ ਕਰੈ ਜੋ ਖਾਲਸੇ ਸ੍ਰੀ ਅਕਾਲ ਪੁਰਖ ਕੇ ਸਿੱਖ ਲੜਕੇ ਲੜਕੀਆਂ ਪੜ੍ਹਨ।'

ਸਾਡੀ ਰੀਝ ਹੈ ਕਿ ਹੋਰ ਵਿਦਿਆ ਦਾ ਗਿਆਤਾ ਹੋਣ ਦੇ ਨਾਲ ਨਾਲ ਸਿੱਖ ਪੰਜਾਬੀ ਅਥਵਾ ਗੁਰਮੁਖੀ ਦਾ ਵੀ ਪੂਰਾ ਪੂਰਾ ਗਿਆਤਾ ਹੋਵੇ ਤਾਂ ਜੁ ਆਪਣੇ ਸਤਿਗੁਰਾਂ ਦੀ ਲਿਖੀ ਸਿੱਖਿਆ ਨੂੰ ਮੂਲ ਰੂਪ ਵਿਚ ਆਪ ਪੜ੍ਹ ਕੇ ਆਪਣੇ ਸਿੱਖ ਜੀਵਨ ਦੀਆਂ


Sri Satguru Jagjit Singh Ji eLibrary NamdhariElibrary@gmail.com

ਨੀਹਾਂ ਨੂੰ ਮਜ਼ਬੂਤ ਕਰ ਸਕੇ। ਇਹ ਸਮਝ ਲੈਣਾ ਬਿਹਤਰ ਹੋਵੇਗਾ ਕਿ ਪੰਜਾਬੀ/ਗੁਰਮੁਖੀ ਦੇ ਗਿਆਨ ਤੋਂ ਬਿਨਾਂ ਨਾ ਤਾਂ ਪੰਜਾਬੀ ਸਭਿਆਚਾਰ ਨਾਲ ਹੀ ਸਾਡੀ ਸਾਂਝ ਬਣ ਸਕਦੀ ਹੈ ਅਤੇ ਨਾ ਹੀ ਸਿੱਖ ਸਭਿਆਚਾਰ ਨਾਲ।

**ਗੁਰਮੁਖੀ ਅੱਖਰ ਜੇ ਹੈਂ ਭਾਈ॥**
**ਸਿੰਘ ਸਿੰਘ ਤੇ ਸੀਖਹਿ ਜਾਈ॥੩੯॥** *(ਰਹਿਤਨਾਮਾ ਭਾਈ ਦੇਸਾ ਸਿੰਘ)*

**(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫ਼ਰਜ਼ ਹੈ।**

*ਵਿਆਖਿਆ :*

**ਗੁਰਸਿੱਖੀ ਦੀ ਵਿਦਿਆ**: ਸੰਤਾਨ ਪ੍ਰਾਪਤੀ ਹੀ ਗ੍ਰਿਹਸਥੀ ਸਿੱਖ ਦੀ ਜੀਵਨ-ਪ੍ਰਾਪਤੀ ਨਹੀਂ ਸਗੋਂ ਪ੍ਰਾਪਤੀ ਹੈ : ਸੰਤਾਨ ਨੂੰ ਧਰਮੀ ਅਥਵਾ ਗੁਰੂ-ਪਰਮੇਸ਼ਰ ਵਾਲੀ ਬਣਾਉਣਾ। ਜੋ ਮਾਪੇ ਆਪਣੇ ਇਸ ਫ਼ਰਜ਼ ਨੂੰ ਨਹੀਂ ਪਛਾਣਦੇ, ਉਹ ਅੰਤ ਨੂੰ ਪਛਤਾਉਂਦੇ ਹਨ। ਮਾਪਿਆਂ ਦਾ ਫ਼ਰਜ਼ ਹੈ ਹੋਰ ਵਿਦਿਆ ਦੇ ਨਾਲ ਨਾਲ ਬਚਪਨ ਤੋਂ ਹੀ ਬੱਚਿਆਂ ਨੂੰ ਗੁਰਬਾਣੀ ਅਤੇ ਸ਼ਸਤਰ ਅਭਿਆਸ ਵਿਚ ਨਿਪੁੰਨ ਕਰਨ। ਸਮੇਂ ਅਨੁਸਾਰ ਗੁਰਬਾਣੀ ਦੀ ਕੀਤੀ ਵੀਚਾਰ ਜੀਵਨ ਨੂੰ ਸੋਧ ਸੰਜਮ ਵਿਚ ਰੱਖਦੀ ਹੈ ਅਤੇ ਸ਼ਸਤਰਾਂ ਦਾ ਕੀਤਾ ਅਭਿਆਸ ਜੀਵਨ ਦੀ ਰੱਖਿਆ ਕਰਨ ਦਾ ਸਾਧਨ ਬਣਦਾ ਹੈ।

ਗੁਰਬਾਣੀ ਅਭਿਆਸ ਲਈ ਗੁਰਦੁਆਰਿਆਂ ਅਤੇ ਸਿੱਖ ਵਿਦਿਆਲਿਆਂ ਵਿਚ ਬੱਚਿਆਂ ਲਈ ਵਿਸ਼ੇਸ਼ ਪ੍ਰਬੰਧ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਮਾਪਿਆਂ ਨੂੰ ਇਹ ਵੀ ਚਾਹੀਦਾ ਹੈ ਕਿ ਲੋੜ ਅਨੁਸਾਰ ਗੁਰਬਾਣੀ, ਗੁਰ/ਸਿੱਖ ਇਤਿਹਾਸ ਅਥਵਾ ਫ਼ਿਲਾਸਫ਼ੀ ਸੰਬੰਧੀ ਉੱਤਮ ਪੁਸਤਕਾਂ ਅਤੇ ਕੰਪਿਊਟਰ ਸੀਡੀਜ਼ ਆਦਿ, ਜੋ ਬੱਚਿਆਂ ਦੀ ਪੱਧਰ ਦਾ ਧਿਆਨ ਰੱਖ ਕੇ ਤਿਆਰ ਕੀਤੀਆਂ ਹੋਣ, ਬੱਚਿਆਂ ਨੂੰ ਚਾਅ ਨਾਲ ਖ਼ਰੀਦ ਕੇ ਦੇਣ।

ਸ਼ਸਤਰ ਅਭਿਆਸ ਸਿੱਖੀ-ਵਿਦਿਆ ਦਾ ਖ਼ਾਸ ਅੰਗ ਹੈ। ਇਸ ਪ੍ਰਤੀ ਐਸੇ ਉੱਤਮ ਵਾਕ ਸਾਨੂੰ ਪ੍ਰਾਪਤ ਹਨ :

**ਜੋ ਸਿੱਖ ਹਥੀਆਰ ਬੰਨਿ ਕੇ ਦਰਸ਼ਨ ਆਵਗੁ, ਨਿਹਾਲ ਹੋਗੁ।**
*(ਹੁਕਮਨਾਮਾ ਪਾਤਸ਼ਾਹੀ ੧੦)*

**ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥**
**ਸੈਫ਼ ਸਿਰੋਹੀ ਸੈਹਥੀ ਯਹੈ ਹਮਾਰੇ ਪੀਰ॥** *(ਸ਼ਸਤ੍ਰ ਨਾਮਮਾਲਾ, ਦਸਮ ਗ੍ਰੰਥ)*

**ਸ਼ਸਤ੍ਰਹੀਨ ਇਹ ਕਬਹੁ ਨ ਹੋਈ॥**
**ਰਹਿਤ ਵੰਤ ਖ਼ਾਲਸ ਹੈ ਸੋਈ॥** *(ਰਹਿਤਨਾਮਾ ਭਾਈ ਨੰਦ ਲਾਲ ਜੀ)*

**ਕੱਛ ਕ੍ਰਿਪਾਣ ਨ ਕਬਹੁੰ ਤਿਆਗੇ॥**
**ਸਨਮੁਖ ਲਰੈ ਨ ਰਣ ਤੇ ਭਾਗੈ॥** *(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

**ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ॥**
**ਬਿਨਾ ਤੇਗ ਤੀਰੰ ਰਹੋ ਨਾਹ ਭਾਈ॥**

Sri Satguru Jagjit Singh Ji eLibrary NamdhariElibrary@gmail.com

**ਬਿਨਾਂ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ ॥**
**ਗਹੇ ਕਾਨ ਤਾਕੇ ਕਿਧੈ ਲੈ ਸਿਧਾਨੋ ॥**
**ਇਹੈ ਮੋਰ ਆਗਿਆ ਸੁਨਹੁ ਹੇ ਪਿਆਰੇ ॥**
**ਬਿਨਾ ਕੇਸ ਤੇਗੰ ਦਿਵੋ ਨ ਦਿਦਾਰੇ ॥**

*(ਗੁਰਬਿਲਾਸ ਪਾਤਸ਼ਾਹੀ ੧੦, ਅਧਿਆਇ 23))*

**ਸ਼ਸਤਰਨ ਕੇ ਅਧੀਨ ਹੈ ਰਾਜ ॥**
**ਜੌ ਨ ਧਰਹਿ ਤਿਸ ਬਿਗਰਹਿ ਕਾਜ ॥**
**ਬਾਤੇ ਸਰਬ ਖਾਲਸਾ ਸੁਨੀਆਹ ॥**
**ਆਯੁੱਧ ਧਰਬੇ ਉਤਮ ਗੁਨੀਆਹ ॥** *(ਗੁ: ਪ੍ਰ: ਸ: ਰੁੱਤ 3, ਅਧਿਆਇ 23)*

ਸਿਖ ਜੀਵਨ ਦੀ ਸਫਲਤਾ ਦਾ ਅੰਗ ਗੁਰੂ ਘਰ ਵਿਚ ਸੇਵਾ ਨੂੰ ਮੰਨਿਆ ਗਿਆ ਹੈ। ਮਨੁੱਖਤਾ ਲਈ ਲੰਗਰ ਤਿਆਰ ਕਰਨਾ, ਸੰਗਤ ਦੇ ਸੱਜਣ ਲਈ ਜਗ੍ਹਾ ਦੀ ਸਫ਼ਾਈ ਕਰ ਕੇ ਵਿਛਾਈ ਕਰਨੀ ਅਤੇ ਰੁੱਤ ਅਨੁਸਾਰ ਪੱਖੇ-ਪਾਣੀ ਅਤੇ ਨਿੱਘ ਦੀ ਸੇਵਾ ਕਰਨੀ ਨਮੂਨੇ ਮਾਤਰ ਸੇਵਾ ਹੈ, ਜਿਸ ਦੀ ਸਿਖਲਾਈ ਦਾ ਪ੍ਰਬੰਧ ਸੁਭਾਵਕ ਹੀ ਹਰ ਗੁਰਦੁਆਰੇ ਵਿਚ ਹੁੰਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਪਰੋਕਤ ਸੇਵਾ ਕਰਨ ਲਈ ਪ੍ਰੇਰਤ ਕਰਨ ਤਾਂ ਜੁ ਉਨ੍ਹਾਂ ਦੇ ਆਮ ਜੀਵਨ ਵਿਚ ਸੇਵਾ ਭਾਵਨਾ ਪੈਦਾ ਹੋ ਸਕੇ।

**(ਘ) ਕੇਸ, ਲੜਕੇ ਕੇ ਜੋ ਹੋਏ, ਸੋ ਉਨ੍ਹਾਂ ਦਾ ਬੁਰਾ ਨਾ ਮੰਗੇ, ਕੇਸ ਉਹੀ (ਜਮਾਂਦਰੂ) ਰੱਖੇ, ਨਾਮ ਸਿੰਘ ਰੱਖੇ। ਸਿੱਖ ਆਪਣੇ ਲੜਕੀਆਂ ਦੇ ਕੇਸ ਸਾਬਤ ਰੱਖੇ।**

***ਵਿਆਖਿਆ :***

**ਕੇਸ ਜਮਾਂਦਰੂ ਰੱਖਣੇ** : ਕੇਸ ਗੁਰੂ ਕੀ ਮੋਹਰ ਹਨ। ਕੇਸਾਂ ਨਾਲ ਸਿੱਖ ਦੀ ਗੁਰੂ ਨਾਲ ਸਾਂਝ ਪ੍ਰਤੱਖ ਹੁੰਦੀ ਹੈ। ਇਸ ਲਈ ਸਿੱਖ ਮਾਪਿਆਂ ਪ੍ਰਤੀ ਗੁਰੂ-ਪੰਥ ਦਾ ਹੁਕਮ ਹੈ ਕਿ ਬੱਚੇ ਦੇ ਕੇਸ ਜਨਮ ਸਮੇਂ ਤੋਂ ਹੀ ਸਾਬਤ ਰੱਖੇ। ਹੋਰਨਾਂ ਦੀ ਰੀਸੇ ਕਦਾਚਿਤ ਬੱਚੇ ਦੇ ਕੇਸਾਂ ਨੂੰ ਕਤਲ ਨਾ ਕਰਨ। ਜੋ ਭੁੱਲੜ ਮਾਪੇ ਅਗਿਆਨਤਾ ਵੱਸ ਆਪਣੇ ਬੱਚਿਆਂ ਦੇ ਕੇਸ ਕਤਲ ਕਰ ਦੇਂਦੇ ਹਨ, ਉਹ ਪ੍ਰਤੱਖ ਤੌਰ 'ਤੇ ਬੱਚਿਆਂ ਦਾ ਸਿੱਖੀ ਰਿਸ਼ਤਾ ਗੁਰੂ ਨਾਲੋਂ ਕਤਲ ਕਰ ਕੇ ਸਿੱਖੀ ਦੇ ਕਾਤਲ ਹੋਣ ਦਾ ਗੁਨਾਹ ਕਰਦੇ ਹਨ।

ਇਸ ਦੇ ਨਾਲ ਹੀ ਹੁਕਮ ਹੋਇਆ ਕਿ ਬਚਪਨ ਤੋਂ ਹੀ ਲੜਕੇ ਦੇ ਨਾਮ ਨਾਲ 'ਸਿੰਘ' ਅਤੇ ਲੜਕੀ ਦੇ ਨਾਮ ਨਾਲ 'ਕੌਰ' ਲਗਾਇਆ ਜਾਵੇ।

**(ਙ) ਸਿੱਖ ਭੰਗ ਅਫ਼ੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।**

***ਵਿਆਖਿਆ***

**ਨਸ਼ਿਆਂ ਦੀ ਮਨਾਹੀ** : ਭੰਗ, ਅਫ਼ੀਮ, ਸ਼ਰਾਬ ਤਮਾਕੂ ਤੇ ਹੋਰ ਨਸ਼ੇ ਜਿਥੇ ਨਸਾਂ ਅਤੇ ਪੱਠਿਆਂ ਨੂੰ ਵਕਤੀ ਉਤੇਜਨਾ ਦੇ ਕੇ ਸਦਾ ਲਈ ਕਮਜ਼ੋਰ ਕਰ ਦੇਂਦੇ ਹਨ,

ਜਿਸ ਕਾਰਨ ਸਰੀਰ ਅਨੇਕ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ, ਉਥੇ ਅਮਲਾਂ ਨਾਲ ਨਕਾਰਾ ਹੋਏ ਮਨੁੱਖ ਨੂੰ ਨਾ ਪਰਿਵਾਰ ਵਿਚ ਅਤੇ ਨਾ ਹੀ ਸਮਾਜ ਵਿਚ ਸਤਿਕਾਰਯੋਗ ਥਾਂ ਮਿਲਦੀ ਹੈ। ਅਮਲੀਆਂ ਦੇ ਤਨ ਅਤੇ ਧਨ ਦੀ ਬਰਬਾਦੀ ਕਾਰਨ ਪੈਦਾ ਹੋਈ ਅਸ਼ਾਂਤੀ ਦੀ ਵਜ੍ਹਾ ਕਰਕੇ ਪਰਿਵਾਰਕ ਰਿਸ਼ਤੇ ਟੁੱਟਦੇ ਵੇਖੇ ਜਾਂਦੇ ਹਨ। ਗੁਰੂ ਪਾਤਸ਼ਾਹ ਜੀ ਆਪਣੇ ਸਿੱਖਾਂ ਨੂੰ ਸਫਲ ਸੰਸਾਰੀ ਦੇ ਤੌਰ 'ਤੇ ਵੀ ਵੇਖਣਾ ਚਾਹੁੰਦੇ ਹਨ ਅਤੇ ਸੰਸਾਰੀ ਸਫਲਤਾ ਦਾ ਆਧਾਰ ਹੈ : ਅਰੋਗ ਸਰੀਰ। ਸਾਰੇ ਨਸ਼ੇ ਸਰੀਰ ਨੂੰ ਕਮਜ਼ੋਰ ਕਰ ਕੇ ਰੋਗੀ ਬਣਾਉਂਦੇ ਹਨ। ਇਨ੍ਹਾਂ ਘਾਤਕ ਨਸ਼ਿਆਂ ਬਾਬਤ ਗੁਰਬਾਣੀ ਅਤੇ ਰਹਿਤਨਾਮਿਆਂ ਵਿਚ ਇਉਂ ਵਰਣਨ ਹੈ :

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥**

*(ਗੁ: ਗ੍ਰੰ: ਸਾ:, ਪੰਨਾ 554)*

**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥**

*(ਗੁ: ਗ੍ਰੰ: ਸਾ:, ਪੰਨਾ 553)*

**ਪੋਸਤ, ਭੰਗ, ਸਰਾਬ ਦਾ ਚਲੈ ਪਿਆਰਾ ਭਗਤ ਭੁੰਚਾਇਆ ॥...**
**ਸਾਧ ਸੰਗਤਿ ਵਿਣ ਭਰਮ ਭੁਲਾਇਆ ॥੧੬॥੩੬॥** *(ਵਾਰਾਂ ਭਾਈ ਗੁਰਦਾਸ ਜੀ)*

**ਪਰਨਾਰੀ ਜੂਆ ਅਸਤ ਚੋਰੀ ਮਦਿਰਾ ਜਾਨ।**
**ਪਾਂਚ ਐਬ ਏ ਜਗਤ ਮੇਂ ਤਜੈ ਸੁ ਸਿੰਘ ਸੁਜਾਨ।**
**ਗੁਰੂ ਕਾ ਸਿੱਖ ਸ਼ਰਾਬ ਕਬੀ ਨ ਪੀਵੇ।** *(ਰਹਿਤਨਾਮਾ ਭਾਈ ਚੌਪਾ ਸਿੰਘ)*

**ਕੁੱਠਾ ਹੁੱਕਾ ਚਰਸ ਤਮਾਕੂ।**
**ਗਾਂਜਾ ਟੋਪੀ ਤਾੜੀ ਖਾਕੂ।**
**ਇਨ ਕੀ ਓਰ ਨ ਕਬਹੂੰ ਦੇਖੈ।**
**ਰਹਤਵੰਤ ਜੋ ਸਿੰਘ ਵਿਸੇਖੈ ॥** *(ਰਹਿਤਨਾਮਾ ਭਾਈ ਦੇਸਾ ਸਿੰਘ)*

'ਅਮਲ ਕੋਈ ਖਾਏ ਨਾਹੀਂ, ਅਮਲ ਖਾਣਾ ਇਸ ਬਾਸਤੇ ਮਨਹਿ ਹੈ ਜੋ ਦੇਹ ਨੂੰ ਸੁਸਤੀ ਕਰਦਾ ਹੈ, ਸਿਮਰਣ ਤੇ ਦੁਨੀਆ ਦੀ ਕਿਰਤ ਸੇ ਫੇਰ ਰੱਖਦਾ ਹੈ, ਕਰਣੇ ਨਾਹੀਂ ਦੇਂਦਾ, ਅਰੁ ਬਦਅਮਲਾਂ ਨੂੰ ਦੌੜਾਉਂਦਾ ਹੈ, ਸਵਾਦਾਂ ਨੂੰ ਚਾਹੁੰਦਾ ਹੈ, ਸਵਾਦ ਕਰ ਕੇ ਬਦਅਮਲ ਹੁੰਦੇ ਹੈਨ।' *(ਪ੍ਰੇਮ ਸੁਮਾਰਗ)*

ਨਸ਼ਿਆਂ ਦੇ ਪ੍ਰੇਮੀ ਸੱਜਣਾਂ ਨੂੰ ਭਾਈ ਨੰਦ ਲਾਲ ਜੀ ਦੀ ਮਸਤੀ ਦਾ ਭੇਤ ਜਾਨਣ ਦੀ ਸਾਡੀ ਸਲਾਹ ਹੈ :

**ਗੋਯਾ ਨਿਗਾਹੇ ਯਾਰ ਕਿ ਮਖ਼ਮੂਰ ਗਸ਼ਤਹ ਏਮ।**
**ਕਿ ਖ਼੍ਵਾਹਸ਼ੇ ਮਯ ਰੰਗੀਨ ਪੁਰ ਅਸਰਾਰ ਮੇ ਕੁਨੇਮ ॥੫੯॥**

[ਪਿਆਰੇ ਦੀ ਕ੍ਰਿਪਾ ਦ੍ਰਿਸ਼ਟਿ ਨਾਲ ਅਸੀਂ ਮਸਤ ਹੋ ਗਏ ਹਾਂ, ਰੰਗੀਨ ਅਤੇ ਗੁਪਤ

ਵਿਕਾਰਾਂ ਨਾਲ ਭਰੀ ਸ਼ਰਾਬ ਦੀ ਸਾਨੂੰ ਕੀ ਇੱਛਾ ਰਹੀ ਹੈ ? ਭਾਵ ਇਹ ਹੈ ਕਿ ਗੁਰਬਾਣੀ—ਗੁਰੂ ਨਾਲ ਪਿਆਰ ਕਰਨ ਵਾਲੇ ਸਿੱਖ ਕਦੇ ਲਾਹਣਤੀ ਸ਼ਰਾਬ ਦੀ ਇੱਛਾ ਨਹੀਂ ਕਰਦੇ।]

## (ਚ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ, ਕੰਨ ਛੇਦਨਾ ਮਨ੍ਹਾ ਹੈ।

***ਵਿਆਖਿਆ :***

**ਅੰਗ ਛੇਦਨਾ** : ਜੋਗ ਮੱਤ ਦੇ ਪ੍ਰਭਾਵ ਕਾਰਨ ਕੰਨ ਵਿੰਨ੍ਹਣਾ (ਛੇਦਨ) ਅਤੇ ਬਾਹਰਲੇ ਹਮਲਾਵਰਾਂ ਵੱਲੋਂ ਗ਼ੁਲਾਮਾਂ ਦੇ ਨੱਕ ਨੱਥ ਪਾਉਣ ਦੇ ਕੁਹਜ ਨੂੰ ਭਾਵੇਂ ਭਾਰਤੀਆਂ ਨੇ ਸ਼ਿੰਗਾਰ ਦਾ ਅੰਗ ਬਣਾ ਕੇ ਅਪਣਾ ਲਿਆ ਪਰ ਗੁਰੂ ਪਾਤਸ਼ਾਹ ਜੀ ਨੇ ਕਰਤਾਰ ਵੱਲੋਂ ਬਖ਼ਸ਼ੀ 'ਸਾਬਤ ਸੂਰਤ' ਨੂੰ ਭੰਗ ਕਰਨ ਅਤੇ ਹਾਕਮਾਂ ਦੇ ਧੱਕੇ ਸਾਹਵੇਂ ਸਿਰ ਸੁੱਟਣ ਨੂੰ ਕਿਸੇ ਰੂਪ ਵਿਚ ਵੀ ਪ੍ਰਵਾਨ ਨਹੀਂ ਕੀਤਾ। ਬਿਬੇਕੀ ਤੇ ਅਣਖੀ ਗੁਰੂ ਪਾਤਸ਼ਾਹ ਜੀ ਦੀਆਂ ਇਨ੍ਹਾਂ ਭਾਵਨਾਵਾਂ ਨੂੰ ਸਾਡੇ ਬਜ਼ੁਰਗਾਂ ਨੇ ਰਹਿਤਨਾਮਿਆਂ ਵਿਚ ਇਉਂ ਉਲੀਕਿਆ ਹੈ :

> **ਬੇਧੇ ਨਾਕ ਨ ਕਾਨ ਕੌ ਸਤਿਗੁਰ ਕੀ ਮਰਯਾਦ॥**
> **ਨਾਕ ਕਾਨ ਨ ਛੇਦੇ ਅਖੰਡ ਰਹੇ॥** *(ਰਹਿਤਨਾਮਾ ਭਾਈ ਦਯਾ ਸਿੰਘ ਜੀ)*

## (ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ ਮਾਰ ਨਾਲ ਨਾ ਵਰਤੇ।

*ਵਿਆਖਿਆ :*

**ਕੁੜੀਮਾਰਾਂ ਨਾਲ ਵਰਤਣਾ** : ਭਾਰਤ ਵਿਚ ਪਹਿਲਾਂ ਹੀ ਬਿਪਰਵਾਦੀ ਪ੍ਰਭਾਵ ਕਰਕੇ ਇਸਤ੍ਰੀ ਨੂੰ ਸ਼ੂਦਰ ਜਾਣ ਕੇ ਸਮਾਜ ਦਾ ਅਪਮਾਣਿਤ ਅੰਗ ਸਮਝਿਆ ਜਾਂਦਾ ਸੀ, ਰਹਿੰਦੀ ਕਸਰ ਬਦੇਸ਼ੀ ਹਮਲਾਵਰਾਂ ਦੇ ਧੱਕਿਆਂ ਨੇ ਕੱਢ ਦਿੱਤੀ, ਜਿਹੜੇ ਇਥੋਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਨਾਲ ਖਿਲਵਾੜ ਕਰਨਾ 'ਮੁਹੰਮਦੀ ਅਧਿਕਾਰ' ਸਮਝਦੇ ਸਨ। ਅਜਿਹੇ ਕਾਰਨਾਂ ਕਰਕੇ ਸਾਧਾਰਨ ਲੋਕਾਂ ਦੀ ਤਾਂ ਕੀ ਗੱਲ, ਸਮਾਜ ਦੇ ਮੁਖੀ ਅਖਵਾਉਣ ਵਾਲੇ ਵੀ ਧੀ ਦੇ ਜਨਮ ਨੂੰ ਰੱਬੀ ਦਾਤ ਸਮਝਣ ਦੀ ਬਜਾਏ 'ਕ੍ਰੋਪੀ' ਸਮਝ ਕੇ ਇਸ ਤੋਂ ਹਰ ਮੌਕੇ ਖਹਿੜਾ ਛੁਡਾਉਣ ਦਾ ਯਤਨ ਕਰਨ ਲੱਗ ਪਏ। ਨਤੀਜੇ ਵਜੋਂ ਕੰਨਿਆ ਨੂੰ ਜੰਮਦੀ ਨੂੰ ਮਾਰ ਦੇਣਾ ਆਮ ਰਿਵਾਜ ਹੋ ਗਿਆ। ਗੁਰੂ ਪਾਤਸ਼ਾਹ ਨੇ ਸਮਾਜ ਵਿਚ ਪਸਰੀਆਂ ਹੋਰ ਕੁਰੀਤੀਆਂ ਨੂੰ ਰੋਕਣ ਦੇ ਨਾਲ ਨਾਲ ਇਸ ਕੁਰੀਤੀ ਨੂੰ ਵੀ ਰੋਕਣ ਲਈ ਸਖ਼ਤੀ ਨਾਲ ਪਹਿਰਾ ਦਿੱਤਾ। ਗੁਰੂ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਸਮਝਾਇਆ ਕਿ ਨਰ ਅਤੇ ਮਾਦਾ ਦੀ ਹੋਂਦ ਹੋਣੀ ਕਰਤਾਰ ਦੀ ਆਪਣੀ ਰਜ਼ਾ ਅਨੁਸਾਰ ਹੈ, ਦੋਹਾਂ ਦੀ ਹੋਂਦ ਨਾਲ ਹੀ ਸੰਸਾਰ ਦਾ ਖੇਲ ਅੱਗੇ ਵਧ ਸਕਦਾ ਹੈ। ਕੇਵਲ ਨਰ ਨੂੰ ਪਿਆਰਨਾ ਅਤੇ ਮਾਦਾ ਨੂੰ ਤ੍ਰਿਸਕਾਰਨਾ ਕਰਤਾਰੀ ਰਜ਼ਾ ਨੂੰ ਮੰਨਣ ਤੋਂ ਇਨਕਾਰੀ ਹੋਣਾ ਹੈ ਜੋ ਗੁਰਮਤਿ ਵਿਚ ਕੱਤਈ ਪ੍ਰਵਾਨ ਨਹੀਂ। ਅਜਿਹੀ ਅਦੂਲੀ ਨਾਲ ਸੰਸਾਰੀ ਖੇਲ ਵਿਚ ਵਿਗਾੜ ਪੈਦਾ ਹੁੰਦਾ ਹੈ, ਜੋ ਸਮਾਜ ਵਿਚ ਅਨੇਕਾਂ ਬਖੇੜਿਆਂ ਨੂੰ ਜਨਮ ਦੇਣ ਦਾ ਕਾਰਨ ਬਣਦਾ ਹੈ। ਇਸ ਕਰਕੇ ਸਤਿਗੁਰਾਂ ਨੇ ਸੰਸਾਰੀਆਂ ਲਈ


Sri Satguru Jagjit Singh Ji eLibrary NamdhariElibrary@gmail.com

ਲੜਕਿਆਂ ਵਾਂਗ ਹੀ ਲੜਕੀਆਂ ਨੂੰ ਵੀ ਮਹੱਤਵਪੂਰਨ ਸਮਝ ਕੇ ਇਸ ਰੱਬੀ ਦਾਤ ਨੂੰ ਖਿੜੇ ਮੱਥੇ ਸਵੀਕਾਰਨ ਲਈ ਹੁਕਮ ਦਿੱਤਾ ਪਰ ਜਿਨ੍ਹਾਂ ਨੇ ਇਨ੍ਹਾਂ ਹੁਕਮਾਂ ਦੀ ਕਦੀ ਉਲੰਘਣਾ ਕਰਨ ਦਾ ਕਿਸੇ ਰੂਪ ਵਿਚ ਹੀ ਹੀਆ ਕੀਤਾ, ਉਨ੍ਹਾਂ ਨਾਲ ਸਮਾਜਿਕ ਨਾ ਮਿਲਵਰਤਣ ਕਰਨ ਲਈ ਦੂਜੇ ਸਿੱਖਾਂ ਨੂੰ ਹੁਕਮ ਕੀਤਾ, ਤਾਂ ਜੁ, ਇਸ ਕੁਰੀਤੀ ਨੂੰ ਹਰ ਹਾਲਤ ਵਿਚ ਠੱਲ੍ਹ ਪਾਈ ਜਾ ਸਕੇ।

ਨਵੀਆਂ ਕਾਢਾਂ ਨੇ ਜਿਥੇ ਸਮਾਜ ਨੂੰ ਸੋਹਣਾ ਬਣਾਉਣ ਦੇ ਸਾਧਨ ਦਿੱਤੇ ਹਨ, ਉਥੇ ਕਮਜ਼ੋਰ ਬਿਰਤੀਆਂ ਵੱਲੋਂ ਇਨ੍ਹਾਂ ਸਾਧਨਾਂ ਦੀ ਗ਼ਲਤ ਵਰਤੋਂ ਕਰਨ ਦੇ ਯਤਨ ਵੀ ਨਜ਼ਰ ਆਉਂਦੇ ਹਨ। ਇਹ ਸੰਤੋਖਜਨਕ ਲੱਛਣ ਹੈ ਕਿ ਅਜੋਕੇ ਸਮੇਂ ਜਦੋਂ ਗੁਰੂ-ਪੰਥ ਨੇ ਕਮਜ਼ੋਰ ਬਿਰਤੀਆਂ ਵੱਲੋਂ ਇਨ੍ਹਾਂ ਸਾਧਨਾਂ ਦੀ ਗ਼ਲਤ ਵਰਤੋਂ ਕਰ ਕੇ ਜਨਮ ਤੋਂ ਪਹਿਲਾਂ ਹੀ ਮਾਦਾ-ਭਰੂਣ ਨੂੰ ਖ਼ਤਮ ਕਰਨ ਦੀਆਂ ਸ਼ਿਕਾਇਤਾਂ ਸੁਣੀਆਂ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਭਾਵ ਦਾ ਹੁਕਮਨਾਮਾ ਜਾਰੀ ਹੋਇਆ ਕਿ ਗੁਰਸਿੱਖਾਂ ਨੂੰ ਭਰੂਣ ਹੱਤਿਆ ਨਹੀਂ ਕਰਨੀ ਚਾਹੀਦੀ। ਗੁਰਵਾਕ ਹਨ :

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥** *(ਗੁ: ਗ੍ਰੰ: ਸਾ:, ਪੰਨਾ 473)*

**ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ ॥** *(ਗੁ: ਗ੍ਰੰ: ਸਾ:, ਪੰਨਾ 1349)*

## (ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰੇ।

*ਵਿਆਖਿਆ :*

**ਧਰਮ ਦੀ ਕਿਰਤ** : ਸਤਿਗੁਰਾਂ ਨੇ ਸੈਭੰ ਕਰਤੇ ਦੀ ਕੀਰਤ ਕਰਨ ਵਾਲੇ ਨੂੰ ਸ੍ਵੈ-ਨਿਰਭਰ ਬਣਾਉਣ ਲਈ ਸਦਾ ਕਿਰਤ ਕਰ ਕੇ ਵੰਡ ਖਾਣ ਦਾ ਉਪਦੇਸ਼ ਦਿੱਤਾ। ਸਾਰੇ ਜਗਤ ਵਿਚ ਸਿੱਖਾਂ ਦੀ ਚੜ੍ਹਦੀ ਕਲਾ ਦਾ ਰਾਜ਼ ਇਨ੍ਹਾਂ ਗੁਰਵਾਕਾਂ ਵਿਚ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥੧॥** *(ਗੁ: ਗ੍ਰੰ: ਸਾ:, ਪੰਨਾ 1245)*

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
*(ਗੁ: ਗ੍ਰੰ: ਸਾ:, ਪੰਨਾ 522)*

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥**
*(ਗੁ: ਗ੍ਰੰ: ਸਾ:, ਪੰਨਾ 1376)*

## (ਝ) ਗੁਰੂ ਕਾ ਸਿੱਖ ਗ਼ਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

*ਵਿਆਖਿਆ :*

**ਗ਼ਰੀਬ ਦੀ ਰਸਨਾ ਗੁਰੂ ਕੀ ਗੋਲਕ** : ਸਤਿਗੁਰਾਂ ਦੀ ਆਗਿਆ ਅਨੁਸਾਰ ਗੁਰੂ

ਕੇ ਸਿੱਖ ਆਪਣੀ ਕਿਰਤ ਕਮਾਈ ਦੇ ਨਫ਼ੇ ਵਿੱਚੋਂ ਦਸਵਾਂ ਹਿੱਸਾ ਗੁਰੂ ਪੰਥ ਦੀ ਸੇਵਾ ਲਈ ਕੱਢਿਆ ਕਰਦੇ ਸਨ। ਨਿਤਾਪ੍ਰਤੀ ਜਿਸ ਭਾਂਡੇ ਵਿਚ ਇਹ ਮਾਇਆ ਇਕੱਤਰ ਹੁੰਦੀ ਸੀ, ਉਸ ਨੂੰ ਗੋਲਕ ਆਖਿਆ ਜਾਂਦਾ ਸੀ। ਪਹਿਲਾਂ ਪਹਿਲ ਗੁਰੂ ਕੇ ਮਸੰਦ ਜਾਂ ਮੇਵੜੇ ਗੁਰਸਿੱਖਾਂ ਪਾਸ ਜਾ ਕੇ ਇਹ ਮਾਇਆ ਇਕੱਤਰ ਕਰ ਕੇ ਗੁਰੂ ਹਜ਼ੂਰੀ ਵਿਚ ਪੁਚਾਇਆ ਕਰਦੇ ਸਨ, ਫਿਰ ਦਸਮੇਸ਼ ਜੀ ਨੇ ਜਦੋਂ ਮਸੰਦਾਂ ਨੂੰ ਦੂਰ ਕਰ ਦਿੱਤਾ ਤਾਂ ਗੁਰਸਿੱਖ ਦਸਵੰਧ ਦੀ ਮਾਇਆ ਆਪ ਗੁਰੂ ਦਰਬਾਰ ਵਰ੍ਹੇ, ਛਿਮਾਹੀ ਲਿਆਉਣ ਲੱਗ ਪਏ। ਅੱਜ ਗੁਰਦੁਆਰਿਆਂ ਵਿਚ ਸੰਗਤਾਂ ਵੱਲੋਂ ਆਈ ਮਾਇਆ ਸਾਂਭਣ ਵਾਸਤੇ ਗਾਗਰ ਜਾਂ ਬਕਸਾ (ਸੰਦੂਕ) ਆਦਿ ਵੇਖੇ ਜਾਂਦੇ ਹਨ।

ਗੁਰੂ ਪਾਤਸ਼ਾਹ ਜੀ ਨੇ ਦਸਵੰਧ ਕੱਢਣ ਦੀ ਰੀਤੀ ਸਿੱਖਾਂ ਵਿਚ ਮੁੱਖ ਰੂਪ ਵਿਚ ਇਸ ਲਈ ਆਰੰਭ ਕੀਤੀ ਸੀ ਕਿ ਇਸ ਸਾਂਝੀ ਮਾਇਆ ਨਾਲ ਲੋੜਵੰਦਾਂ ਦੀ ਆਰਥਿਕ ਸਹਾਇਤਾ ਕਰ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਇਆ ਜਾ ਸਕੇ। ਇਤਿਹਾਸਕ ਹਵਾਲੇ ਮਿਲਦੇ ਹਨ ਜਦੋਂ ਗੁਰੂ ਸਾਹਿਬਾਨ ਨੇ 'ਗੁਰੂ ਕੀ ਗੋਲਕ' ਵਿੱਚੋਂ ਗ਼ਰੀਬ ਸਿੱਖਾਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਸਹਾਇਤਾ ਕੀਤੀ, ਪਾਣੀ ਲਈ ਖੂਹ ਲੁਆਏ, ਤਾਲ ਖੁਦਾਏ, ਦਵਾਖ਼ਾਨੇ ਚਲਾਏ, ਰੋਗੀਆਂ ਦੀ ਸੰਭਾਲ ਲਈ ਕੋਹੜੀ ਆਸ਼ਰਮ ਚਲਾਏ ਅਤੇ ਲੋੜਵੰਦਾਂ ਲਈ ਹਰ ਸਮੇਂ ਗੁਰੂ ਕਾ ਲੰਗਰ ਮੁਹੱਈਆ ਕੀਤਾ, ਆਦਿ, ਆਦਿ। ਭਾਵੇਂ ਅੱਜ ਵੀ ਕਿਤੇ ਕਿਤੇ ਗੁਰੂ ਕੀ ਗੋਲਕ ਦੀ ਯੋਗ ਵਰਤੋਂ ਦੀ ਚੇਤਨਾ ਮੌਜੂਦ ਹੈ ਪਰ ਆਮ ਤੌਰ 'ਤੇ 'ਗੁਰੂ ਕੀ ਗੋਲਕ' ਦੇ ਮਹੱਤਵ ਨੂੰ ਜਾਣੇ ਬਿਨਾਂ ਕਿਰਤੀ ਸਿੱਖਾਂ ਵੱਲੋਂ ਸ਼ਰਧਾ ਸਤਿਕਾਰ ਨਾਲ ਭੇਟ ਕੀਤੀ ਮਾਇਆ ਨੂੰ ਕੇਵਲ ਚੌਧਰ ਦੀ ਹਵਸ ਪੂਰੀ ਕਰਨ ਲਈ ਅਜਾਈਂ ਗੁਆਇਆ ਜਾਂਦਾ ਹੈ। ਅਸੀਂ ਧਿਆਨ ਕਰ ਸਕਦੇ ਹਾਂ ਕਿ ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ ਅਤੇ ਸਰਾਵਾਂ ਬਣਾਉਣ ਤੋਂ ਬਿਨਾਂ ਕਿਤਨੇ ਹਨ ਜੋ ਗੁਰੂ ਕੀ ਗੋਲਕ ਨੂੰ ਪੰਜਾਬੀ ਅਥਵਾ ਗੁਰਮੁਖੀ ਤੇ ਗੁਰਬਾਣੀ ਦੀ ਪੜ੍ਹਾਈ ਲਈ ਵਰਤ ਰਹੇ ਹਨ; ਦੂਜੀਆਂ ਕੌਮਾਂ ਵਿਚ ਸਿੱਖੀ ਪ੍ਰਚਾਰ ਲਈ ਵਰਤ ਰਹੇ ਹਨ; ਬੇਰੁਜ਼ਗਾਰ ਸਿੱਖਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਵਿਚ ਮਦਦ ਕਰਦੇ ਹਨ; ਜਾਂ ਹਕੂਮਤੀ ਜ਼ੁਲਮਾਂ ਦੇ ਸ਼ਿਕਾਰ ਹੋਈਆਂ ਵਿਧਵਾਵਾਂ, ਯਤੀਮਾਂ, ਬੇਸਹਾਰਾ ਬੱਚਿਆਂ, ਬੁੱਢੀਆਂ ਜਾਂ ਅਪਾਹਜਾਂ ਦੀ ਸੰਭਾਲ ਕਰਨਾ ਆਪਣਾ ਕੌਮੀ ਫ਼ਰਜ਼ ਸਮਝਦੇ ਹਨ ?

ਇਸ ਬਾਰੇ ਸਾਡੀ ਕੋਈ ਦੂਜੀ ਰਾਇ ਨਹੀਂ ਕਿ ਗੁਰਧਾਮ ਅਤੇ ਸਰਾਵਾਂ ਸੁੰਦਰ ਅਤੇ ਮਜ਼ਬੂਤ ਹੋਣੇ ਚਾਹੀਦੇ ਹਨ ਕਿਉਂਕਿ ਇਹ ਕੌਮੀ ਸ਼ਾਨ ਦਾ ਪ੍ਰਤੀਕ ਹਨ ਪਰ ਯਾਦ ਰੱਖਣ ਦੀ ਲੋੜ ਹੈ ਕਿ ਜੇ ਇਨ੍ਹਾਂ ਗੁਰਧਾਮਾਂ ਦੀ ਰੌਣਕ ਬਣਨ ਵਾਲਿਆਂ ਦੀ ਅਸੀਂ ਯੋਗ ਸੰਭਾਲ ਨਾ ਕੀਤੀ ਤਾਂ ਇਨ੍ਹਾਂ ਸੁੰਦਰ ਇਮਾਰਤਾਂ ਵਿੱਚੋਂ ਪ੍ਰਚਾਰੇ ਜਾਣ ਵਾਲੇ ਸ੍ਰੇਸ਼ਟ ਸਿਧਾਂਤ ਸਮੇਂ ਦਾ ਮਜ਼ਾਕ ਬਣ ਕੇ ਰਹਿ ਜਾਣਗੇ। ਇਸ ਲਈ ਸਦਾ ਯਾਦ ਰੱਖੀਏ ਕਿ ਗੁਰੂ ਕੀ ਗੋਲਕ ਰੱਖਣੀ ਭਾਵ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਣਾ ਗੁਰੂ ਪੰਥ ਦਾ ਹੁਕਮ ਹੈ, ਪਰ ਇਸ ਚੇਤਨਾ ਨਾਲ ਕਿ ਗੁਰੂ ਕੀ ਗੋਲਕ ਦੀ


Sri Satguru Jagjit Singh Ji eLibrary NamdhariElibrary@gmail.com

ਵਰਤੋਂ ਕੇਵਲ ਕੌਮੀ ਉਪਕਾਰ ਹਿੱਤ ਜਾਂ ਦੂਜੇ ਲਫ਼ਜ਼ਾਂ ਵਿਚ ਮਨੁੱਖਤਾ ਦੇ ਭਲੇ ਲਈ ਹੋਣੀ ਚਾਹੀਦੀ ਹੈ। ਇਸ ਬਾਬਤ ਸਾਡੇ ਬਜ਼ੁਰਗਾਂ ਦੀਆਂ ਕੁਝ ਲਿਖਤਾਂ ਇਸ ਪ੍ਰਕਾਰ ਹਨ :

**ਧਰਮ ਕਿਰਤ ਕੇ ਨ.ਫ਼ੇ ਵਿੱਚੋਂ ਗੁਰੂ ਅਰਥ ਦਸਵੰਧ ਦੇਵੇ।**

*(ਰਹਿਤਨਾਮਾ ਭਾਈ ਚਉਪਾ ਸਿੰਘ ਜੀ)*

**ਦੇ ਦਸਵੰਧ ਗੁਰੂ ਹਿਤ ਜੋ ਤਿਨ ਕੋ ਕਮੀ ਧਨ ਕੀ ਸਫਲੀਜੈ।**

*(ਗੁਰ ਸੋਭਾ ਕਵਿ ਸੈਨਾਪਤਿ)*

**(ਵ) ਚੋਰੀ, ਯਾਰੀ ਨਾ ਕਰੇ; ਜੂਆ ਨਾ ਖੇਡੇ।**

*ਵਿਆਖਿਆ :*

**ਚੋਰੀ** : ਜੋ ਸਿੱਖ ਕਿਸੇ ਸਮੇਂ ਆਰਥਿਕ ਤੰਗੀ ਵਿੱਚੋਂ ਵੀ ਲੰਘ ਰਿਹਾ ਹੋਵੇ, ਉਸ ਨੂੰ ਵੀ ਗੁਰੂ ਪਾਤਸ਼ਾਹ ਜੀ ਨੇ ਸੁਚੇਤ ਕੀਤਾ ਹੈ ਕਿ ਪਰਾਏ ਧਨ ਨੂੰ ਕਿਸੇ ਵੀ ਅਵਸਥਾ ਵਿਚ, ਕਿਸੇ ਵੀ ਤਰ੍ਹਾਂ ਚੁਰਾ (ਹਥਿਆ) ਕੇ ਖਾਣਾ ਇਸ ਤਰ੍ਹਾਂ ਮਨ੍ਹਾ ਹੈ, ਜਿਸ ਤਰ੍ਹਾਂ ਕਿਸੇ ਵੀ ਅਵਸਥਾ ਵਿਚ ਹਿੰਦੂ ਲਈ ਗਊ ਦਾ ਮਾਸ ਖਾਣਾ ਅਤੇ ਮੁਸਲਮਾਨ ਲਈ ਸੂਰ ਦਾ ਮਾਸ ਖਾਣਾ। ਗੁਰੂ ਵਾਕ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥** *(ਗੁ: ਗ੍ਰੰ: ਸਾ:, ਪੰਨਾ 141)*

ਜੇ ਕੋਈ ਅਗਿਆਨੀ ਚੁਰਾਏ ਮਾਲ ਦਾ ਕੁਝ ਹਿੱਸਾ ਧਰਮ ਨਮਿੱਤ ਖ਼ਰਚ ਕਰ ਕੇ ਧਾਰਮਿਕ ਤੌਰ 'ਤੇ ਪ੍ਰਵਾਨ ਹੋ ਗਿਆ ਸਮਝੇ ਤਾਂ ਵੀ ਸਤਿਗੁਰੂ ਇਸ ਨੂੰ ਭਾਰੀ ਭੁੱਲ ਆਖਦੇ ਹਨ। ਗੁਰਵਾਕ :

**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥** *(ਗੁ: ਗ੍ਰੰ: ਸਾ:, ਪੰਨਾ 141)*

**ਚੋਰ ਕੀ ਹਾਮਾ ਭਰੇ ਨ ਕੋਇ॥**
**ਚੋਰੁ ਕੀਆ ਚੰਗਾ ਕਿਉ ਹੋਇ॥** *(ਗੁ: ਗ੍ਰੰ: ਸਾ:, ਪੰਨਾ 662)*

ਇਸੇ ਤਰ੍ਹਾਂ ਹੀ ਸਾਡੇ ਰਹਿਤਨਾਮਿਆਂ ਵਿਚ ਵੀ ਇਸੇ ਸਿਧਾਂਤ ਦੀ ਪੈਰਵੀ ਕੀਤੀ ਗਈ ਹੈ :

**ਖੇਤੀ ਵਣਜ ਸ਼ਿਲਪ ਬਣਾਵੈ॥**
**ਚੋਰੀ ਡਾਕੇ ਕਬਹੁ ਨਾ ਜਾਵੈ॥** *(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

**ਯਾਰੀ** : ਇਥੇ ਯਾਰੀ ਤੋਂ ਭਾਵ ਦੋਸਤੀ/ਮਿੱਤਰਤਾ ਨਹੀਂ ਸਗੋਂ ਜਾਰੀ/ਬਦਕਾਰੀ ਹੈ, ਜਿਸ ਤੋਂ ਭਾਵ ਹੈ ਕਿਸੇ ਇਸਤਰੀ ਨਾਲ ਨਜਾਇਜ਼ ਸੰਬੰਧ ਕਾਇਮ ਕਰਨੇ। ਗੁਰੂ ਪਾਤਸ਼ਾਹ ਜੀ ਆਪਣੇ ਸਿੱਖਾਂ ਨੂੰ ਉਚ ਇਖ਼ਲਾਕ (ਆਚਰਨ) ਵਾਲੇ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਫ਼ੁਰਮਾਇਆ ਕਿ ਪਰਾਈਆਂ ਇਸਤਰੀਆਂ ਇਸ ਸੰਸਾਰ ਰੂਪੀ ਬਾਗ਼ ਵਿਚ ਫੁੱਲਾਂ ਦੀ ਵਾੜੀ ਹਨ ਪਰ ਇਨ੍ਹਾਂ ਫੁੱਲਾਂ ਦੀ ਸੁੰਦਰਤਾ, ਸੁਹਜ ਤੇ ਸੁਗੰਧੀ ਵੇਖ ਕੇ ਗ੍ਰਿਹਸਥੀ ਸਿੱਖ ਨੂੰ ਤੋੜਨੇ ਸਖ਼ਤ ਮਨ੍ਹਾ ਹਨ। ਗੁਰੂ ਵਾਕ :

**ਨਾਨਕ ਢੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥੩॥**

*(ਗੁ: ਗ੍ਰੰ: ਸਾ:, ਪੰਨਾ 1095)*

ਪਹਿਲਾਂ ਪਹਿਲ ਵੇਸਵਾਵਾਂ ਆਮ ਤੌਰ 'ਤੇ ਮੁਸਲਮਾਨੀਆਂ ਹੁੰਦੀਆਂ ਸਨ ਜਿਸ ਕਰਕੇ ਰਹਿਤਨਾਮਿਆਂ ਵਿਚ 'ਮੁਸਲੀ' ਜਾਂ 'ਤੁਰਕਨੀ' ਦਾ ਸੰਗ ਕਰਨ ਤੋਂ ਮਨ੍ਹਾ ਲਿਖਿਆ ਮਿਲਦਾ ਹੈ :

**ਜੋ ਮਲੇਛਣੀ ਵੇਸਵਾ ਕਾ ਸੰਗ ਕਰੇ, ਸੋ ਤਨਖਾਹੀਆ ॥**

*(ਰਹਿਤਨਾਮਾ ਭਾਈ ਚਉਪਾ ਸਿੰਘ ਜੀ)*

**ਵੇਸ੍ਵਾ ਦੁਆਰੇ ਸਿਖ ਜੋ ਜਾਵੈ ॥**
**ਪਰ ਇਸਤ੍ਰੀ ਸੋਂ ਨੇਹੁ ਲਗਾਵੈ ॥**
**ਸੋ ਤਨਖਾਹੀ ਮੂਲਿ ਕਹਾਵੈ ॥** *(ਰਹਿਤਨਾਮਾ ਭਾਈ ਨੰਦ ਲਾਲ ਜੀ)*

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜੇਕਰ ਧਨ ਲੈ ਕੇ ਸਰੀਰ ਅਰਪਨ ਕਰਨ ਵਾਲੀ ਇਸਤ੍ਰੀ ਦਾ ਸੰਗ ਕਰਨਾ ਸਿੱਖ ਲਈ ਸਖ਼ਤ ਮਨ੍ਹਾ ਹੈ ਜਿਸ ਪਰ ਕਿਸੇ ਪੁਰਸ਼ ਦਾ ਵੀ ਖ਼ਾਸ ਅਧਿਕਾਰ ਨਹੀਂ ਹੁੰਦਾ ਤਾਂ ਅਸੀਂ ਅਨੁਮਾਨ ਕਰ ਸਕਦੇ ਹਾਂ ਕਿ ਪਰਾਈ ਇਸਤ੍ਰੀ ਨਾਲ ਯਾਰੀ ਕਰਨੀ ਕਿਤਨਾ ਬੱਜਰ ਗੁਨਾਹ ਹੈ। ਇਸੇ ਲਈ ਸਤਿਗੁਰਾਂ ਨੇ ਇਸ ਹਰਕਤ ਨੂੰ ਸੱਪ ਦੀ ਸੰਗਤ ਕਰਨ ਤੁੱਲ ਆਖਿਆ ਹੈ। ਗੁਰਵਾਕ :

**ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥**

*(ਗੁ: ਗ੍ਰੰ: ਸਾ:, ਪੰਨਾ 403)*

ਗੁਰੂ ਪਾਤਸ਼ਾਹ ਜੀ ਦੇ ਅਜਿਹੇ ਉਪਦੇਸ਼ ਦੀ ਬਰਕਤ ਹੈ ਕਿ ਅੱਜ ਸਿੱਖ ਭਾਵੇਂ ਖੇਤੀਬਾੜੀ ਕਰਦਾ ਹੈ; ਵਪਾਰ ਜਾਂ ਨੌਕਰੀ, ਕੀ ਦੋਸਤ ਤੇ ਕੀ ਦੁਸ਼ਮਨ, ਸਿੱਖਾਂ ਦੇ ਉਚ ਅਖ਼ਲਾਕ ਦੇ ਗੁਣ ਗਾਉਣੋਂ ਨਹੀਂ ਰਹਿ ਸਕੇ :

**ਜ਼ਨਾਹਮ ਨ ਬਾਸ਼ਦ ਮਿਆਨਿ ਸਗਾਂ ॥੪॥** *(ਜੰਗਨਾਮਾ ਕਾਜ਼ੀ ਨੂਰ ਮੁਹੰਮਦ)*
[ਕੁੱਤਿਆਂ ਦੇ ਟੋਲੇ ਵਿਚ ਨਹੀਂ ਰਹਿੰਦਾ ਕੋਈ ਜ਼ਨਾਹੀ ਏ।]

**ਜੂਆ** : ਜੂਆ ਖੇਡਣਾ ਸਦਾ ਹੀ ਦੁਖਦਾਈ ਹੋ ਨਿਬੜਦਾ ਹੈ। ਜੁਆਰੀਆ ਹੋਰ ਹੋਰ ਦੇ ਲਾਲਚ ਵਿਚ ਆਰਥਿਕ ਤੌਰ 'ਤੇ ਕੰਗਾਲ ਹੋ ਜਾਂਦਾ ਹੈ। ਇਸ ਕਰਕੇ ਉਸ ਦਾ ਪਰਿਵਾਰ ਵੀ ਦੁਖ ਭੋਗਦਾ ਹੈ ਅਤੇ ਉਹ ਸਮਾਜ ਵਿਚ ਵੀ ਅਪਮਾਨਿਤ ਹੁੰਦਾ ਹੈ। ਗੁਰੂ ਪਾਤਸ਼ਾਹ ਆਪਣੇ ਸਿੱਖਾਂ ਨੂੰ ਖ਼ੁਸ਼ਹਾਲ ਹੋਇਆ ਵੇਖਣਾ ਲੋੜਦੇ ਸਨ। ਇਸ ਕਰਕੇ ਉਨ੍ਹਾਂ ਨੇ ਜੂਆ ਖੇਡਣ ਤੋਂ ਸਿੱਖਾਂ ਨੂੰ ਸਖ਼ਤ ਤਾੜਨਾ ਕੀਤੀ। ਗੁਰਵਾਕ :

**ਜੂਐ ਖੇਲਣੁ ਕਾਚੀ ਸਾਰੀ ॥**
[ਭਾਵ ਜੂਆ ਹਾਰ ਦੀ ਖੇਡ ਹੈ।] *(ਗੁ: ਗ੍ਰੰ: ਸਾ:, ਪੰਨਾ 222)*

**ਚੋਰ ਜਾਰ ਜੂਆਰ ਪੀੜੇ ਘਾਣੀਐ ॥** *(ਗੁ: ਗ੍ਰੰ: ਸਾ:, ਪੰਨਾ 1288)*

**ਮਦੁ ਪੀ ਜੂਏ ਖੇਲਦੇ ਜੋਹਨਿ ਪਰਨਾਰੇ ॥...**
**ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ ॥੧੬॥੩੪॥**

*(ਵਾਰਾਂ ਭਾਈ ਗੁਰਦਾਸ ਜੀ)*

Sri Satguru Jagjit Singh Ji eLibrary NamdhariElibrary@gmail.com

**(ਟ) ਪਰ ਬੇਟੀ ਕੋ ਬੇਟੀ ਜਾਨੈ॥**
**ਪਰ ਇਸਤਰੀ ਕੋ ਮਾਤ ਬਖਾਨੇ॥**
**ਅਪਨਿ ਇਸਤਰੀ ਸੋਂ ਰਤਿ ਹੋਈ॥**
**ਰਹਿਤਵੰਤ ਸਿੰਘ ਹੈ ਸੋਈ॥**

**ਇਸੇ ਤਰ੍ਹਾਂ ਸਿੱਖ ਇਸਤਰੀ ਆਪਣੇ ਪਤੀ-ਬਰਤ ਧਰਮ ਵਿਚ ਰਹੇ।**

*(ਸਿੱਖ ਰਹਿਤ ਮਰਯਾਦਾ, ਪੰਨਾ 21)*

***ਵਿਆਖਿਆ :***

**ਇਸਤਰੀ-ਬਰਤਾ ਅਤੇ ਪਤੀ-ਬਰਤਾ**: ਉਪਰੋਕਤ ਚਾਰ ਤੁਕਾਂ ਦਾ ਪਦ 'ਰਹਿਤਨਾਮਾ ਭਾਈ ਦੇਸਾ ਸਿੰਘ ਜੀ' ਵਿਚ ਜਿਉਂ ਦਾ ਤਿਉਂ ਲਿਖਿਆ ਮਿਲਦਾ ਹੈ। ਇਸ ਦਾ ਭਾਵ ਹੈ 'ਜੋ ਪਰਾਈ ਧੀ ਨੂੰ ਆਪਣੀ ਧੀ, ਪਰਾਈ ਇਸਤਰੀ ਨੂੰ ਆਪਣੀ ਮਾਂ ਜਾਣਦਾ ਅਤੇ ਕੇਵਲ ਆਪਣੀ ਇਸਤਰੀ ਨਾਲ ਹੀ ਪਤਨੀ ਪਿਆਰ ਕਰਦਾ ਹੈ, ਉਸ ਨੂੰ ਗੁਰੂ ਕਾ ਰਹਿਤੀਆ ਸਿੰਘ ਆਖਿਆ ਜਾਂਦਾ ਹੈ ਪਰ, ਜੋ ਇਸ ਦਾ ਉਲੰਘਣ ਕਰਦਾ ਹੈ ਉਹ ਖ਼ੁਆਰ ਹੁੰਦਾ ਹੈ। ਗੁਰਵਾਕ ਹਨ:

**ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥**
**ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥**
**ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ॥**
**ਕਰਮੀ ਆਪੋ ਆਪਣੀ ਆਪੇ ਪਛੁਤਾਣੀ॥**
**ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥** *(ਗੁ: ਗ੍ਰੰ: ਸਾ:, ਪੰਨਾ 315)*

**ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ॥** *(ਗੁ: ਗ੍ਰੰ: ਸਾ:, ਪੰਨਾ 1362)*

ਇਸੇ ਸਿਧਾਂਤ ਦੀ ਵਿਆਖਿਆ ਮਾਨਯੋਗ ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ ਇਉਂ ਕੀਤੀ ਹੈ:

**ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥੮॥੬॥**
**ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥੮੧॥੨੯॥**

**ਪਰ ਤ੍ਰਿਅ ਦੀਰਘ, ਸਮਾਨਿ, ਲਘੁ ਜਾਵਦੇਕ,**
**ਜਨਨੀ, ਭਗਨੀ, ਸੁਤਾ ਰੂਪ ਕੈ ਨਿਹਾਰੀਐ॥੫੪੭॥** *(ਕਬਿੱਤ ਭਾਈ ਗੁਰਦਾਸ ਜੀ)*
[ਪਰਾਈ ਵੱਡੀ ਇਸਤਰੀ ਨੂੰ ਜਨਨੀ (ਮਾਂ), ਬਰਾਬਰ ਦੀ ਨੂੰ ਭਗਨੀ (ਭੈਣ) ਅਤੇ ਛੋਟੀ ਨੂੰ ਸੁਤਾ (ਧੀ) ਸਮਾਨ ਜਾਣੋ।]

ਜੋ ਉਪਰੋਕਤ ਵਾਕਾਂ 'ਤੇ ਪਹਿਰਾ ਦੇਂਦੇ ਹਨ ਉਨ੍ਹਾਂ ਪ੍ਰਤੀ ਭਾਈ ਸਾਹਿਬ ਆਪਣਾ ਸਤਿਕਾਰ ਵੀ ਭੇਟ ਕਰਦੇ ਹਨ:

**ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ॥੪॥੧੨॥**

ਭਾਈ ਨੰਦ ਲਾਲ ਜੀ ਵੀ 'ਸਾਖੀ ਰਹਿਤ ਕੀ' ਵਿਚ ਇਸੇ ਪ੍ਰਕਾਰ ਹੀ ਲਿਖ ਰਹੇ ਹਨ:

Sri Satguru Jagjit Singh Ji eLibrary NamdhariElibrary@gmail.com

**ਵੱਡੀ ਮਾਂ ਕਰਿ ਦੇਖਣੀ, ਹਾਣ ਦੀ ਭੈਣ ਕਰਿ ਦੇਖਣੀ।**
**ਪਰਾਈ ਧੀ ਭੈਣ ਨੂੰ ਬੁਰੀ ਦ੍ਰਿਸਟਿ ਨਾਲ ਨਹੀਂ ਦੇਖਣਾ।**

ਇਹੀ ਕਾਰਨ ਹੈ ਕਿ ਸੋਝੀ ਵਾਲੇ ਸਿੰਘ ਆਪਣੀ ਸਿੰਘਣੀ ਤੋਂ ਛੁੱਟ ਸਭਨਾਂ ਇਸਤਰੀਆਂ ਨੂੰ ਮਾਤਾ (ਮਾਈ), ਭੈਣ (ਬੀਬੀ) ਅਤੇ ਪੁੱਤਰੀ (ਧੀ) ਜਾਣ ਕੇ ਮਾਤਾ ਜੀ, ਭੈਣ ਜੀ ਅਤੇ ਪੁੱਤਰੀਏ ਜਾਂ ਧੀਏ ਕਹਿ ਕੇ ਸੰਬੋਧਨ ਕਰਦੇ ਹਨ। ਇਤਿਹਾਸਕ ਜ਼ਿਕਰ ਹੈ ਕਿ ਸਿੰਘ ਸਭਨਾਂ ਬੀਬੀਆਂ ਨੂੰ ਬੁੜ੍ਹੀ (ਬੁੱਢੀ) ਜਾਣਦੇ ਹੋਏ ਆਮ ਤੌਰ 'ਤੇ ਮਾਈ ਕਹਿ ਕੇ ਸੰਬੋਧਨ ਕਰਦੇ ਸਨ:

**ਕਿ ਜ਼ਨ ਗਰ ਜਵਾਂ ਹਸਤ ਵ ਹਸਤ ਪੀਰ।**
**ਬੁਗੋਯਦ ਬੁੜੀਆ ਬਿਰੋ ਗੋਸ਼ਹ-ਗੀਰ ॥੫॥** *(ਜੰਗਨਾਮਾ ਕਾਜ਼ੀ ਨੂਰ ਮੁਹੰਮਦ)*
[ਚਾਹੇ ਬੁੱਢੀ ਮਾਈ ਹੋਵੇ ਚਾਹੇ ਸੁੰਦਰ ਨਾਰੀ ਏ।
ਹਰ ਇਕ ਤਾਈਂ ਬੁੱਢੀ ਆਂਹਦੇ ਸੁੰਦਰ ਮਨੋਂ ਵਿਸਾਰੀ ਏ।]

'ਗੁਰਮਤਿ ਦੀ ਰਹਿਣੀ' ਦੀ ਇਸ ਧਾਰਾ ਵਿਚ ਸਿੱਖ ਇਸਤਰੀਆਂ ਪ੍ਰਤੀ ਵੀ ਪਤੀਬ੍ਰਤ ਧਰਮ 'ਤੇ ਦ੍ਰਿੜ੍ਹ ਰਹਿਣ ਲਈ ਹੁਕਮ ਹੈ। ਗੁਰਵਾਕ:

**ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥**
**ਤਿਤੁ ਘਰਿ ਸਖੀਏ ਮੰਗਲੁ ਗਾਇਆ ॥**
**ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥੧॥**
**ਸਾ ਗੁਣਵੰਤੀ ਸਾ ਵਡਭਾਗਣਿ ॥**
**ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥**
**ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥**
**ਅਚਾਰਵੰਤਿ ਸਾਈ ਪਰਧਾਨੇ ॥**
**ਸਭ ਸਿੰਗਾਰ ਬਣੇ ਤਿਸੁ ਗਿਆਨੇ ॥**
**ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥**
**ਮਹਿਮਾ ਤਿਸ ਕੀ ਕਹਣੁ ਨ ਜਾਏ ॥**
**ਜੋ ਪੀਰਿ ਮੇਲਿ ਲਈ ਅੰਗਿ ਲਾਏ ॥**
**ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥**
*(ਗੁ: ਗ੍ਰੰ: ਸਾ:, ਪੰਨਾ 97-98)*

ਸੋ, ਇਸ ਧਾਰਾ ਦੀ ਵਿਆਖਿਆ ਅਸੀਂ *ਪ੍ਰੇਮ ਸੁਮਾਰਗ* ਦੇ ਇਸ ਕਥਨ ਨਾਲ ਸੰਕੋਚਦੇ ਹਾਂ:

"ਸਭ ਤੋਂ ਵੱਡੀ ਰਹਿਤ ਇਹ ਹੈ—ਮਰਦ ਪਰ-ਨਾਰੀ ਦਾ ਸੰਗ ਨਾ ਕਰੇ, ਇਸਤਰੀ ਬਿਗਾਨੇ ਮਰਦ ਨੂੰ ਨਾ ਦੇਖੇ।"

## (ਠ) ਗੁਰੂ ਕਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤਕ ਗੁਰ-ਮਰਯਾਦਾ ਕਰੇ।

***ਵਿਆਖਿਆ:***

**ਸਦਾ ਮਰਯਾਦਾ ਅਨੁਸਾਰ ਚੱਲਣਾ:** ਗੁਰੂ ਕਾ ਅਖਵਾਉਣ ਵਾਲਾ ਜ਼ਿੰਦਗੀ ਦੇ


Sri Satguru Jagjit Singh Ji eLibrary NamdhariElibrary@gmail.com

ਹਰੇਕ ਮੋੜ 'ਤੇ ਸਿੱਖ ਹੈ। ਪੜ੍ਹਦਾ, ਕਾਰੋਬਾਰ ਕਰਦਾ, ਵਿਆਹ-ਖ਼ੁਸ਼ੀਆਂ ਨਿਭਾਉਂਦਾ ਭਾਵ ਜੀਵਨ ਦੇ ਹਰ ਪਲ ਹੰਢਾਉਂਦਾ ਹੋਇਆ, ਉਹ ਗੁਰੂ ਕਾ ਸਿੱਖ ਹੈ। ਇਸ ਤਰ੍ਹਾਂ ਗੁਰੂ ਕਾ ਅਖਵਾਉਣ ਵਾਲੇ ਲਈ ਇਹ ਜ਼ਰੂਰੀ ਹੈ ਕਿ ਉਹ ਜ਼ਿੰਦਗੀ ਦਾ ਹਰ ਪਲ ਗੁਰੂ ਆਗਿਆ ਵਿਚ ਰਹਿੰਦਾ ਹੋਇਆ ਹੰਢਾਵੇ, ਸੰਸਾਰੀ ਰੰਗਾਂ ਵਿਚ ਖਚਿਤ ਹੋ ਕੇ ਵੀ ਗੁਰਮਤਿ ਦੀਆਂ ਲੀਹਾਂ (ਮਰਯਾਦਾ) ਨੂੰ ਕਦੇ ਉਲੰਘੇ ਨਾਂਹ; ਅਤੇ ਕਦੇ ਭੁੱਲ ਕੇ ਵੀ 'ਰਾਮ ਰਹੀਮ ਪੁਰਾਨ ਕੁਰਾਨ' ਦੀ ਚਾਲ ਨਾ ਚੱਲੇ।

ਅਸੀਂ ਅੱਗੇ ਚੱਲ ਕੇ ਵਿਚਾਰਾਂਗੇ ਕਿ ਸਿੱਖ ਹੋ ਕੇ ਜੀਵਨ ਦੇ ਕਾਰਜ ਮਰਯਾਦਾ ਅਨੁਸਾਰ ਨਹੀਂ ਨਿਭਾਉਂਦਾ, ਗੁਰੂ ਪੰਥ ਨੇ ਉਸ ਨੂੰ ਤਨਖ਼ਾਹੀਆ ਕਰਾਰ ਦਿੱਤਾ ਹੈ। ਗੁਰੂ-ਪਾਤਸ਼ਾਹ ਜੀ ਨੇ ਜੀਵਨ ਦੇ ਇਸ ਪੱਖ ਬਾਬਤ ਇਉਂ ਫ਼ੁਰਮਾਇਆ ਹੈ:

> **ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
> **ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥**

*(ਗੁ: ਗ੍ਰੰ: ਸਾ:, ਪੰਨਾ 522)*

**(ਡ) ਸਿੱਖ, ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਵੇ। ਮਰਦ ਇਸਤ੍ਰੀ ਦੋਹਾਂ ਲਈ ਇਹੋ ਹੁਕਮ ਹੈ।**

***ਵਿਆਖਿਆ :***

**ਫ਼ਤਹ ਬੁਲਾਉਣੀ** : ਆਪੋ ਵਿਚ ਮਿਲਣ ਸਮੇਂ ਭਾਵੇਂ ਸਿੱਖ ਪਹਿਲਾਂ ਪਹਿਲ 'ਸਤਿ ਕਰਤਾਰ' 'ਪੈਰੀਂ ਪੈਣਾ' ਆਦਿ ਬੋਲਿਆ ਕਰਦੇ ਸਨ, ਪਰ ਦਸਮੇਸ਼ ਜੀ ਨੇ ਖ਼ਾਲਸਾ ਸਾਜਨਾ ਸਮੇਂ 'ਫ਼ਤਹ' ਬੁਲਾਉਣ ਦੀ ਰੀਤੀ ਠਹਿਰਾਈ। ਅੱਜ ਤਕ ਗੁਰੂ ਪੰਥ ਨੇ ਇਸ ਰੀਤੀ ਵਿਚ ਕੋਈ ਸੋਧ ਜਾਂ ਤਬਦੀਲੀ ਨਹੀਂ ਕੀਤੀ। ਸਾਨੂੰ ਖੇਦ ਹੈ ਕਿ ਸ੍ਰੀ ਦਸਮੇਸ਼ ਜੀ ਦੀ ਨਿਯਤ ਕੀਤੀ ਇਸ ਰੀਤੀ ਤੋਂ ਥਿੜਕੇ ਹੋਏ ਕੁਝ ਸਿੱਖ ਮਿਲਣ ਸਮੇਂ 'ਸਤਿ ਸ੍ਰੀ ਅਕਾਲ' ਬੋਲਣ ਲੱਗ ਪਏ ਹਨ। ਭਾਵੇਂ ਇਹ ਬੋਲਾ ਗੁਰਮਤਿ ਤੋਂ ਵਿਰੁੱਧ ਨਹੀਂ ਪਰ ਆਪੋ ਵਿਚ ਮਿਲਣ ਸਮੇਂ ਇਸ ਦੀ ਵਰਤੋਂ ਕਰਨੀ ਮਨੋਕਲਪਤ ਰੀਤੀ ਹੈ ਅਤੇ ਦਸਮੇਸ਼ ਜੀ ਵੱਲੋਂ ਠਹਿਰਾਈ ਮਰਯਾਦਾ ਦੀ ਉਲੰਘਣਾ ਹੈ, ਜੋ ਗੁਰੂ ਕੇ ਅਖਵਾਉਣ ਵਾਲਿਆਂ ਲਈ ਕਦਾਚਿਤ ਸ਼ੋਭਨੀਕ ਨਹੀਂ। *ਗਿਆਨ ਰਤਨਾਵਲੀ* ਵਿਚ 'ਫ਼ਤਹ' ਬਾਬਤ ਭਾਈ ਮਨੀ ਸਿੰਘ ਜੀ ਇਉਂ ਲਿਖਦੇ ਹਨ:

> 'ਸਾਹਿਬ ਦਸਵੇਂ ਪਾਤਸ਼ਾਹ ਬਚਨ ਕੀਤਾ, 'ਜੋ ਕੋਈ ਸਿੱਖਾਂ ਨੂੰ ਅੱਗੋਂ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਂਵਦਾ ਹੈ ਤਾਂ ਉਸ ਵੱਲ ਮੇਰਾ ਸੱਜਾ ਮੋਢਾ ਹੁੰਦਾ ਹੈ ਜੋ ਪਿੱਛੋਂ ਹੌਲੀ ਬੁਲਾਂਵਦਾ ਹੈ ਉਸ ਵੱਲ ਮੇਰਾ ਬਾਵਾਂ ਮੋਢਾ ਹੁੰਦਾ ਹੈ, ਅਰ ਜੋ ਪਿੱਛੋਂ ਵੀ ਨਹੀਂ ਬੁਲਾਂਵਦਾ ਉਸ ਵੱਲ ਮੇਰੀ ਪਿੱਠ ਹੁੰਦੀ ਹੈ।'

> **ਵਾਹਿਗੁਰੂ ਨਿਤ ਬਚਨ ਉਚਾਰੇ। ਵਾਹਿਗੁਰੂ ਕੋ ਹਿਰਦੈ ਧਾਰੇ।**
> **ਆਗੇ ਆਵਤ ਸਿੰਘ ਜੋ ਪਾਵੈ। ਵਾਹਿਗੁਰੂ ਕੀ ਫ਼ਤਹ ਬੁਲਾਵੈ ॥੧੦॥**

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

'ਸਤਿ ਸ੍ਰੀ ਅਕਾਲ' ਦਾ ਨਾਅਰਾ ਵੀ ਖ਼ਾਲਸਾ ਸਾਜਨਾ ਸਮੇਂ ਹੀ ਦਸਮੇਸ਼ ਜੀ

Sri Satguru Jagjit Singh Ji eLibrary NamdhariElibrary@gmail.com

ਨੇ ਪ੍ਰਚਲਿਤ ਕੀਤਾ। ਇਹ ਨਾਅਰਾ ਕੂਚ ਕਰਨ ਸਮੇਂ, ਜਿੱਤ ਪ੍ਰਾਪਤੀ 'ਤੇ, ਦੀਵਾਨ ਦੀ ਸਮਾਪਤੀ 'ਤੇ ਜਾਂ ਵਕਤਾ ਨਾਲ ਸੰਮਤੀ ਪ੍ਰਗਟ ਕਰਨ ਲਈ (ਤਾੜੀਆਂ ਮਾਰਨ ਦੀ ਥਾਵੇਂ) ਵਰਤਣਾ, ਸਿੱਖਾਂ ਵਿਚ ਪ੍ਰਚਲਿਤ ਹੈ ਪਰ, ਆਪੋ ਵਿਚੀਂ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਉਣੀ ਹੀ ਵਿਧਾਨ ਹੈ।

ਧਾਰਮਿਕ ਸਲਾਹਕਾਰ ਕਮੇਟੀ ਦੀ ਚੌਦ੍ਹਵੀਂ ਇਕੱਤਰਤਾ ਮਿਤੀ 13-5-1943 ਦੀ ਕਾਰਵਾਈ ਵਿਚ ਇਸ ਸੰਬੰਧੀ ਇਕ ਮਤਾ ਇਸ ਪ੍ਰਕਾਰ ਹੋਇਆ:

> "ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਖ਼ਾਲਸੇ ਨੂੰ ਇਕ ਦੂਜੇ ਨੂੰ ਮਿਲਣ ਵਕਤ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਹੀ ਬੁਲਾਉਣੀ ਚਾਹੀਦੀ ਹੈ।"

'ਮਰਦ ਇਸਤਰੀ ਦੋਹਾਂ ਲਈ ਇਹੋ ਹੁਕਮ ਹੈ' ਵਾਕ ਦੀ ਇਥੇ ਲੰਮੇਰੀ ਵਿਆਖਿਆ ਦੀ ਅਸੀਂ ਜ਼ਰੂਰਤ ਨਹੀਂ ਸਮਝਦੇ, ਕਿਉਂਕਿ ਅਸੀਂ ਪਹਿਲਾਂ ਵਿਚਾਰ ਆਏ ਹਾਂ ਕਿ ਰਹਿਤ ਮਰਯਾਦਾ ਵਿਚ ਸਿੱਖ ਨੂੰ ਸੰਬੋਧਨ ਕਰ ਕੇ ਕੀਤਾ ਹੁਕਮ 'ਮਰਦ ਅਤੇ ਇਸਤਰੀ' ਦੋਹਾਂ ਲਈ ਸਮਾਨ ਹੁੰਦਾ ਹੈ, ਇਸ ਤਰ੍ਹਾਂ ਇਥੇ ਵੀ।

**ਢ) ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।**

***ਵਿਆਖਿਆ :***

**ਪਰਦਾ ਕਰਨਾ ਜਾਂ ਘੁੰਡ ਕੱਢਣਾ** : ਸਤੀ ਦੀ ਰਸਮ ਦਾ ਵਿਰੋਧ ਅਤੇ ਵਿਧਵਾ ਇਸਤਰੀ ਦਾ ਪੁਨਰ-ਵਿਆਹ ਪ੍ਰਚਲਿਤ ਕਰਦਿਆਂ ਹੋਇਆਂ ਗੁਰੂ ਪਾਤਸ਼ਾਹ ਜੀ ਨੇ ਇਸਤ੍ਰੀ ਨੂੰ ਪਰਦੇ/ਘੁੰਡ ਦੀ ਕੈਦ ਤੋਂ ਵੀ ਆਜ਼ਾਦ ਕਰਨ ਦਾ ਭਰਪੂਰ ਯਤਨ ਕੀਤਾ ਤਾਂ ਜੁ ਸਿੱਖ ਇਸਤਰੀ ਇਨ੍ਹਾਂ ਵਿਖਾਵੇ ਮਾਤਰ ਪਰਦਿਆਂ ਤੋਂ ਆਜ਼ਾਦ ਹੋ ਕੇ ਆਪਣੇ ਸਿੱਖ ਭਰਾਵਾਂ ਦੇ ਬਰਾਬਰ ਮੋਢਾ ਡਾਹ ਕੇ ਨਰੋਏ ਸਮਾਜ ਦੀ ਉਸਾਰੀ ਕਰ ਸਕੇ। 'ਗੁਰਮਤਿ ਦੀ ਰਹਿਣੀ' ਦੀ ਧਾਰਾ (ਟ) ਅਧੀਨ ਅਸੀਂ ਵਿਚਾਰ ਕਰ ਚੁੱਕੇ ਹਾਂ ਕਿ ਸਿੱਖ ਮਰਦ ਨੇ ਇਸਤਰੀ ਨਾਲ ਅਰ ਸਿੱਖ ਇਸਤਰੀ ਨੇ ਮਰਦ ਨਾਲ ਕਿਸ ਤਰ੍ਹਾਂ ਕਰਮ-ਧਰਮ ਨੂੰ ਸੰਭਾਲਦਿਆਂ ਸਮਾਜਕ ਵਿਹਾਰ ਵਿਚ ਸਾਥ ਦੇਣਾ ਹੈ। ਗੁਰੂ ਪਾਤਸ਼ਾਹ ਜੀ ਨੇ ਭਗਤ ਕਬੀਰ ਜੀ ਦੇ ਇਨ੍ਹਾਂ ਬਚਨਾਂ ਨੂੰ ਪ੍ਰਵਾਨਿਆ ਹੈ ਜਿਨ੍ਹਾਂ ਵਿਚ ਉਨ੍ਹਾਂ ਨੇ ਪਰਦੇ/ਘੁੰਡ ਨੂੰ ਇਸਤਰੀ ਵੱਲੋਂ ਕੇਵਲ ਲੋਕਾਂ ਦੀ ਪ੍ਰਸੰਸਾ ਪ੍ਰਾਪਤੀ ਦਾ ਹੀ ਯਤਨ ਬਿਆਨ ਕੀਤਾ ਹੈ:

**ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥**
**ਅੰਤ ਕੀ ਬਾਰ ਲਹੈਗੀ ਨ ਆਢੈ ॥੧॥ਰਹਾਉ॥**
**ਘੂੰਘਟੁ ਕਾਢਿ ਗਈ ਤੇਰੀ ਆਗੈ ॥**
**ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥੧॥**
**ਘੂੰਘਟ ਕਾਢੇ ਕੀ ਇਹੈ ਬਡਾਈ ॥**
**ਦਿਨ ਦਸ ਪਾਂਚ ਬਹੂ ਭਲੇ ਆਈ ॥੨॥** *(ਗੁ: ਗ੍ਰੰ: ਸਾ:, ਪੰਨਾ 484)*

[ਠਹਿਰੋ, ਠਹਿਰੋ ਰੇ ਬਹੂ, ਘੁੰਡ ਨਾ ਕੱਢੋ, ਅੰਤ ਵੇਲੇ ਇਸ ਦਾ ਕੌਡੀ ਭਰ ਲਾਭ


Sri Satguru Jagjit Singh Ji eLibrary NamdhariElibrary@gmail.com

ਨਹੀਂ ਹੋਣਾ। ਤੇਰੀ ਅਗਲੀ ਘੁੰਡ ਕੱਢਦੀ ਮਰ ਗਈ, ਤੂੰ ਉਸ ਦੀ ਵੱਲ ਨਾ ਲੱਗ (ਉਸ ਦੀ ਰੀਸ ਨਾ ਕਰ) (ਘੁੰਡ ਕੱਢਣ ਦੀ), ਇਹੋ ਵਡਿਆਈ (ਫਲ) ਹੈ, ਪੰਜ ਦਸ ਦਿਨ (ਲੋਕੀਂ ਕਹਿਣਗੇ) ਬੜੀ ਚੰਗੀ ਨੂੰਹ ਆਈ ਹੈ।]

**(ਣ) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁੱਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।**

***ਵਿਆਖਿਆ :***

**ਪੁਸ਼ਾਕ ਦੀ ਪਾਬੰਦੀ** : ਸਮੇਂ, ਮੌਸਮ ਅਤੇ ਇਲਾਕਾਈ ਰਿਵਾਜ ਅਨੁਸਾਰ ਸਿੱਖ ਕੋਈ ਵੀ ਲਿਬਾਸ ਪਹਿਨ ਸਕਦਾ ਹੈ, ਜੋ ਤਨ-ਮਨ ਨੂੰ ਸੁਖਦਾਈ ਹੋਵੇ ਭਾਵ ਜਿਸ ਨਾਲ ਨਾ ਤਨ ਪੀੜਤ ਹੋਵੇ ਨਾ ਮਨ। ਗੁਰਵਾਕ :

**ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥**
**ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥** *(ਗੁ: ਗ੍ਰੰ: ਸਾ:, ਪੰਨਾ 16)*

ਸਿੱਖ ਨੂੰ ਕਿਸੇ ਵੀ ਸਮੇਂ ਅਜਿਹਾ ਲਿਬਾਸ ਨਹੀਂ ਪਹਿਨਣਾ ਚਾਹੀਦਾ ਜਿਸ ਨਾਲ ਆਪਣਾ ਜਾਂ ਹੋਰਨਾਂ ਦਾ ਮਨ ਪੀੜਤ ਹੁੰਦਾ ਹੋਵੇ। ਕਛਹਿਰਾ ਪਹਿਨ ਕੇ ਅਤੇ ਦਸਤਾਰ ਸਜਾ ਕੇ ਸਿੱਖ ਮਰਦ 'ਤੇੜ ਲੁੰਙੀ ਮੋਢੇ ਖੇਸ' ਵੀ ਪਹਿਨ ਸਕਦਾ ਹੈ ਅਰ ਕੁੜਤਾ ਪਜਾਮਾ ਅਤੇ ਸ਼ਰਟ ਪੈਂਟ ਆਦਿ ਵੀ। ਇਸੇ ਤਰ੍ਹਾਂ ਸਿੱਖ ਇਸਤਰੀ ਕਛਹਿਰਾ ਪਹਿਨ ਕੇ ਕੁੜਤੀ ਲਹਿੰਗਾ, ਕੁੜਤਾ ਪਜਾਮਾ, ਕਮੀਜ਼ ਸਲਵਾਰ ਅਤੇ ਸ਼ਰਟ-ਪੈਂਟ ਆਦਿ ਵੀ ਪਹਿਨ ਸਕਦੀ ਹੈ। ਸਿੱਖ ਇਸਤਰੀ ਨੂੰ ਪੁਸ਼ਾਕ ਨਾਲ ਦਸਤਾਰ ਸਜਾਉਣ ਜਾਂ ਨਾ ਸਜਾਉਣ ਦੀ ਪੰਥਕ ਖੁੱਲ੍ਹ ਦਿੱਤੀ ਗਈ ਹੈ। ਸਾਡੀ ਜਾਚੇ ਜੇ ਸਿੱਖ ਇਸਤਰੀ ਦਸਤਾਰ ਸਜਾਉਂਦੀ ਹੈ ਤਾਂ ਆਮ ਸੰਸਾਰੀ ਕਮਜ਼ੋਰੀਆਂ ਜਿਵੇਂ ਕੰਨ ਵਿੰਨ੍ਹਣ, ਭਰਵੱਟਿਆਂ ਦੇ ਰੋਮਾਂ ਦੀ ਬੇਅਦਬੀ ਕਰਨ ਜਾਂ ਘੁੰਡ ਕੱਢਣ ਆਦਿ ਤੋਂ ਜਿਥੇ ਸਹਿਜੇ ਹੀ ਬਚ ਜਾਂਦੀ ਹੈ ਉਥੇ ਕੇਸਾਂ ਦੀ ਸਹੀ ਸੰਭਾਲ ਕਰਦੀ ਨਿਰਾਲੀ ਰਹਿਣੀ ਰਹਿੰਦੀ, ਸਮਾਜਕ ਕੰਮ ਕਾਰ ਵਿਚ ਫੁਰਤੀ ਨਾਲ ਹਿੱਸਾ ਲੈਂਦੀ ਹੋਈ, ਘੋੜ ਸਵਾਰੀ ਆਦਿ ਫ਼ੌਜੀ ਕਰਤਬਾਂ ਵਿਚ ਵੀ ਸ਼ਾਮਲ ਹੋ ਸਕਦੀ ਹੈ। ਜੇ ਦਸਤਾਰ ਨਾ ਵੀ ਸਜਾਏ ਤਾਂ ਵੀ ਕੇਸਾਂ ਨੂੰ ਦੁਪੱਟੇ ਆਦਿ ਨਾਲ ਹਰ ਸਮੇਂ ਢੱਕ ਕੇ ਸਤਿਕਾਰ-ਸੰਭਾਲ ਕਰਨੀ ਜ਼ਰੂਰੀ ਹੈ।

## *1. ਜਨਮ ਤੇ ਨਾਮ ਸੰਸਕਾਰ*

**(ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉੱਠਣ-ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ ਅਤੇ**

Sri Satguru Jagjit Singh Ji eLibrary NamdhariElibrary@gmail.com

**ਗੁਰੂ ਜੀ ਦੇ ਹਜ਼ੂਰ "ਪਰਮੇਸਰਿ ਦਿਤਾ ਬੰਨਾ" (ਸੋਰਠਿ ਮ: ੫) "ਸਤਿਗੁਰ ਸਾਚੈ ਦੀਆ ਭੇਜਿ" (ਆਸਾ ਮਹਲਾ ੫) ਆਦਿ ਖ਼ੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਉਂ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ ਅਨੰਦੁ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦਾ ਨਾਮ ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।**

*(ਸਿੱਖ ਰਹਿਤ ਮਰਯਾਦਾ, ਪੰਨਾ 21)*

*ਵਿਆਖਿਆ :*

**ਸੰਸਕਾਰ :** ਇਸ ਸ਼ਬਦ ਦਾ ਅਰਥ ਹੈ ਧਰਮ ਰੀਤਿ ਨਾਲ ਕੀਤਾ ਹੋਇਆ ਉਹ ਕਰਮ ਜਿਸ ਦਾ ਅਸਰ ਚਿੱਤ 'ਤੇ ਬਣਿਆ ਰਹੇ। ਗੁਰਮਤਿ ਦੀ ਰਹਿਣੀ ਸਿਰਲੇਖ ਹੇਠ ਸਿੱਖ ਦੀ ਆਮ ਰਹਿਣੀ ਤੇ ਕਿਰਤ ਵਿਰਤ ਸੰਬੰਧੀ 20 ਨਿਯਮਾਂ ਵਿਚ ਜਾਣਕਾਰੀ ਦੇਣ ਉਪਰੰਤ ਅੱਗੇ ਚਾਰ ਧਾਰਾਵਾਂ ਵਿਚ ਵੱਖ ਵੱਖ ਸੰਸਕਾਰਾਂ ਸੰਬੰਧੀ ਨਿਯਮ ਉਲੀਕੇ ਹਨ। ਸਭ ਤੋਂ ਪਹਿਲੀ ਧਾਰਾ ਹੈ: ਜਨਮ ਤੇ ਨਾਮ ਸੰਸਕਾਰ।

ਬੱਚੇ ਦੇ ਜਨਮ ਤੋਂ ਕੁਝ ਦਿਨ (ਦਿਨਾਂ ਦੀ ਗਿਣਤੀ ਨਿਸ਼ਚਿਤ ਨਹੀਂ) ਬਾਅਦ ਜਦੋਂ ਬੱਚੇ ਦੀ ਮਾਤਾ ਤੰਦਰੁਸਤ ਮਹਿਸੂਸ ਕਰਦੀ ਉਠਣ-ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋ ਜਾਵੇ ਭਾਵ ਸਾਵਧਾਨ ਹੋ ਕੇ ਬੱਚੇ ਦੀ ਸੰਭਾਲ ਕਰ ਸਕਦੀ ਹੋਵੇ ਤਾਂ ਪਰਿਵਾਰ ਮਾਤਾ ਤੇ ਬੱਚੇ ਸਹਿਤ ਆਪਣੇ ਸ਼ੁਭ-ਚਿੰਤਕਾਂ (ਰਿਸ਼ਤੇਦਾਰਾਂ-ਮਿੱਤਰਾਂ) ਸਹਿਤ ਕੜਾਹ ਪ੍ਰਸ਼ਾਦ ਲੈ ਗੁਰਦੁਆਰੇ ਆਵੇ। ਗੁਰੂ ਸਾਹਿਬ ਦੇ ਹਜ਼ੂਰ ਪ੍ਰੀਤਿ ਨਾਲ ਕੁਝ ਸ਼ਬਦਾਂ ਦਾ ਪਾਠ ਅਥਵਾ ਕੀਰਤਨ ਸਾਰੇ ਮਿਲ ਕੇ ਕਰਨ। ਫਿਰ ਜੇ ਪਹਿਲਾਂ ਸਾਧਾਰਨ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾ ਕੇ ਵਾਕ ਲਿਆ ਜਾਵੇ। ਸ਼ਬਦ ਦੇ ਆਰੰਭ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਪਰਿਵਾਰਕ ਸੰਮਤੀ ਤੋਂ ਬਾਅਦ ਸੰਗਤ ਦੀ ਪ੍ਰਵਾਨਗੀ ਲਈ ਜਾਵੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਂ ਪਿੱਛੇ 'ਕੌਰ' ਸ਼ਬਦ ਲਾਇਆ ਜਾਵੇ। ਉਪਰੰਤ ਅਨੰਦੁ ਸਾਹਿਬ (ਛੇ ਪਉੜੀਆਂ) ਦੇ ਪਾਠ ਮਗਰੋਂ ਸ੍ਰੀ ਅਕਾਲ ਪੁਰਖ ਦੇ ਚਰਨਾਂ ਵਿਚ ਬੱਚੇ ਦੇ ਜਨਮ ਤੇ ਨਾਮ-ਸੰਸਕਾਰ ਖ਼ੁਸ਼ੀ ਵਿਚ ਧੰਨਵਾਦ ਅਰ ਮਾਤਾ ਤੇ ਬੱਚੇ ਦੀ ਤੰਦਰੁਸਤੀ ਦੀ ਅਰਦਾਸ ਇਸ ਭਾਵਨਾ "ਇਹ ਜੀਉ ਤੇਰਾ ਭੇਜਿਆ ਆਇਆ ਹੈ, ਤੇਰੀ ਸਰਣ ਹੈ, ਹਿੰਮਤ ਤੇ ਸੇਵਾ ਬਖ਼ਸ਼ੀਂ" (ਰਹਿਤਨਾਮਾ) ਨੂੰ ਧਿਆਨ ਵਿਚ ਰੱਖ ਕੇ ਯੋਗ ਸ਼ਬਦਾਂ ਵਿਚ ਕੀਤੀ ਜਾਵੇ ਅਰ ਮੁਖਵਾਕ ਲੈਣ ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

ਉਪਰੋਕਤ ਨਿਯਮ ਦੀ ਵਿਚਾਰ ਕਰਦਿਆਂ ਕੁਝ ਹੋਰ ਨੁਕਤੇ ਸਾਡੇ ਸਾਹਮਣੇ ਆਉਂਦੇ ਹਨ, ਜਿਵੇਂ :


Sri Satguru Jagjit Singh Ji eLibrary NamdhariElibrary@gmail.com

i. ਹਿੰਦੂ ਮੱਤ ਵਿਚ ਬੱਚੇ ਦੇ ਜਨਮ ਉਪਰੰਤ ਵਰਨ ਅਨੁਸਾਰ ਦਿਨਾਂ ਦੀ ਵੱਖ-ਵੱਖ ਗਿਣਤੀ ਪੂਰੀ ਹੋਣ 'ਤੇ ਹੀ ਜਨਮ ਸੰਸਕਾਰ ਕੀਤਾ ਜਾਂਦਾ ਹੈ, ਤਿਵੇਂ ਸਿੱਖ ਮੱਤ ਵਿਚ ਅਜਿਹਾ ਕੋਈ ਬੰਧਨ ਨਹੀਂ। ਇਥੇ ਨਾ ਤੇਰਾਂ ਦਿਨਾਂ ਦੀ ਕੋਈ ਵੀਚਾਰ ਹੈ ਅਤੇ ਨਾ ਹੀ ਚਾਲ੍ਹੀ ਦਿਨਾਂ ਦੀ। ਇਥੇ ਧਿਆਨ ਕੇਵਲ ਬੱਚੇ ਦੀ ਮਾਤਾ ਦੀ ਸਿਹਤ ਦਾ ਰੱਖਿਆ ਗਿਆ ਹੈ।

ii. ਇਹ ਆਸ ਕੀਤੀ ਜਾਂਦੀ ਹੈ ਕਿ ਹਰ ਮਾਤਾ ਬੱਚੇ ਦੇ ਜਨਮ ਤੋਂ ਪਹਿਲਾਂ ਪਹਿਲਾਂ ਆਪ ਸਾਧਾਰਨ ਪਾਠ ਕਰੇ, ਜਿਸ ਦਾ ਭੋਗ ਬੱਚੇ ਦੇ ਜਨਮ ਤੇ ਨਾਮ-ਸੰਸਕਾਰ ਸਮੇਂ ਪਾਇਆ ਜਾ ਸਕੇ। ਵੀਚਾਰਵਾਨਾਂ ਦਾ ਕਥਨ ਹੈ ਕਿ ਗਰਭ ਦੌਰਾਨ ਮਾਤਾ ਵੱਲੋਂ ਕੀਤੇ ਪਾਠ ਸਿਮਰਨ ਦਾ ਅਸਰ ਬੱਚੇ ਦੀ ਸ਼ਖ਼ਸੀਅਤ ਉਪਰ ਬਹੁਤ ਜ਼ਿਆਦਾ ਹੁੰਦਾ ਹੈ।

iii. ਭਾਵੇਂ ਕੁਝ ਪੁਰਾਤਨ ਗ੍ਰੰਥ ਇਸ ਸਮੇਂ ਬੱਚੇ ਨੂੰ ਪੰਜ ਪਉੜੀਆਂ 'ਜਪੁ ਜੀ' ਦੀਆਂ ਪੜ੍ਹ ਕੇ ਕ੍ਰਿਪਾਨ ਨਾਲ ਅੰਮ੍ਰਿਤ (?) ਤਿਆਰ ਕਰ ਕੇ ਤਿੰਨ ਜਾਂ ਪੰਜ ਬੂੰਦਾਂ ਬੱਚੇ ਨੂੰ ਪਿਲਾ ਕੇ ਬਾਕੀ ਉਸ ਦੀ ਮਾਤਾ ਨੂੰ ਪਿਲਾਉਣ ਦਾ ਜ਼ਿਕਰ ਕਰਦੇ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰਿੰ. ਸਤਿਬੀਰ ਸਿੰਘ ਜੀ ਅਤੇ ਕੁਝ ਸੰਪਰਦਾਈ ਗਿਆਨੀ ਵੀ ਏਸੇ ਮੱਤ ਦੇ ਹਨ ਅਰ 1936 (ਅਕਤੂਬਰ) ਵਿਚ ਪ੍ਰਵਾਨ ਹੋਈ 'ਸਿੱਖ ਰਹਿਤ ਮਰਯਾਦਾ' ਦੀ ਪਹਿਲੀ ਛਾਪ ਦੇ ਪੰਨਾ 10 ਉਪਰ ਵੀ ਇਸੇ ਭਾਵ ਦਾ ਵਾਕ ਦਰਜ ਹੈ, ਪਰ ਧਾਰਮਿਕ ਸਲਾਹਕਾਰ ਕਮੇਟੀ ਦੀ ਸਿਫ਼ਾਰਸ਼ ਅਨੁਸਾਰ 3-2-1945 ਦੀ ਵਿਸ਼ੇਸ਼ ਜਨਰਲ ਇਕੱਤਰਤਾ ਵਿਚ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਇਸ ਵਿਚ ਲੋੜੀਂਦੀ ਸੋਧ ਕਰ ਕੇ ਪੈਦਾ ਹੋਣ ਵਾਲੇ ਉਸ ਭਰਮ ਨੂੰ ਮੂਲੋਂ ਹੀ ਮਿਟਾ ਦਿੱਤਾ ਹੈ, ਜੋ ਹਿੰਦੂ ਮੱਤ ਵਿਚ ਬ੍ਰਾਹਮਣ ਰਾਹੀਂ ਗਊ ਦਾ ਗੋਹਾ-ਮੂਤ ਜਾਂ ਗੰਗਾ-ਜਲ ਮੰਤਰ ਪੜ੍ਹ ਕੇ ਪਿਲਾਉਣ ਨਾਲ, ਮਾਤਾ ਦੀ ਸ਼ੁੱਧੀ ਕਰਨ ਅਥਵਾ ਚੌਂਕੇ ਚਾੜ੍ਹਨ ਵਾਲਾ, ਪੈਦਾ ਹੁੰਦਾ ਹੈ।

iv. ਗ੍ਰੰਥੀ ਸਿੰਘ ਵੱਲੋਂ ਬੱਚੇ ਦਾ ਨਾਉਂ ਤਜਵੀਜ਼ ਕਰ ਕੇ ਸੰਗਤ ਦੀ ਪ੍ਰਵਾਨਗੀ ਲੈਣ ਦਾ ਕਾਰਨ ਇਹ ਹੈ ਕਿ ਬੱਚੇ ਦਾ ਨਾਮ 'ਸਿੱਖ ਸਭਿਆਚਾਰ' ਦੇ ਅਨੁਸਾਰ ਹੋਣਾ ਚਾਹੀਦਾ ਹੈ ਜਿਸ ਦੇ ਸੁਣਦਿਆਂ ਹੀ ਗੁਰੂ ਨਾਲ ਸਾਂਝ ਪ੍ਰਤੀਤ ਹੋਵੇ। ਕਈ ਵਾਰ ਅਣਜਾਣ ਮਾਪੇ ਬਾਹਰੀ ਪ੍ਰਭਾਵ ਕਾਰਨ ਜੇ ਬੱਚੇ ਦਾ ਨਾਮ ਜੌਹਨ/ਗੈਰੀ/ਮਾਇਕਲ ਆਦਿ ਜਾਂ ਐਨ/ਸੈਂਡੀ/ਜੂਲੀ ਆਦਿ ਚੁਣਦੇ ਹਨ ਤਾਂ ਸੂਝਵਾਨ ਗ੍ਰੰਥੀ ਸਿੰਘ ਜੀ ਬੱਚੇ ਦਾ ਨਾਮ ਸਿੱਖ ਸਭਿਆਚਾਰ ਅਨੁਸਾਰ ਜਰਨੈਲ/ਗੁਰਮੁਖ/ਮਹਾਂ ਸਿੰਘ ਜਾਂ ਅੰਮ੍ਰਿਤ/ਸਾਹਿਬ/ਜਸਬੀਰ ਕੌਰ ਆਦਿ ਤਜਵੀਜ਼ ਕਰਨ ਤਾਂ ਜੁ ਸੰਗਤ ਦੀ ਪ੍ਰਵਾਨਗੀ ਦੇ ਯੋਗ ਹੋਵੇ। ਜੇ ਬੱਚੇ ਦਾ ਨਾਮ ਸਿੱਖ ਸਭਿਆਚਾਰ ਦੇ ਅਨੁਕੂਲ ਨਾ ਹੋਵੇ ਤਾਂ ਗੁਰੂ ਕੀ ਸੰਗਤ ਬੱਚੇ ਦੇ ਨਾਂ ਵਿਚ ਲੋੜੀਂਦੀ ਸੋਧ ਕਰ ਕੇ ਪ੍ਰਵਾਨਗੀ ਦੇਣ ਦੀ ਅਧਿਕਾਰੀ ਹੈ।

v. ਗੁਰਮਤਿ ਦੀ ਰਹਿਣੀ ਦੇ ਨਿਯਮ (ਘ) ਵਿਚ ਅਸੀਂ ਵੀਚਾਰ ਚੁੱਕੇ ਹਾਂ ਕਿ

ਸਿੱਖ ਆਪਣੇ ਲੜਕੇ ਲੜਕੀਆਂ ਦੇ ਜਮਾਂਦਰੂ ਕੇਸਾਂ ਦੀ ਸੰਭਾਲ ਕਰੇ ਅਤੇ ਕਿਸੇ ਤਰ੍ਹਾਂ ਵੀ ਕੇਸਾਂ ਦੀ ਬੇਅਦਬੀ ਨਾ ਕਰੇ।

vi. ਇਸ ਨਿਯਮ ਦੀ ਵੀਚਾਰ ਕਰਦੇ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਜੇ ਗੁਰਸਿੱਖ ਮਾਪੇ ਨਵ-ਜਨਮੇ ਬੱਚੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲਿਆ ਕੇ ਮੱਥਾ ਟਿਕਾਉਂਦੇ, ਭਾਵ ਅਰਪਨ ਕਰਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਖਵਾਕ ਅਨੁਸਾਰ ਬੱਚੇ ਦਾ ਨਾਮ ਤਜਵੀਜ਼ ਕਰ ਕੇ ਸੰਗਤ ਰੂਪ ਵਿਚ ਪੰਥ ਦੀ ਪ੍ਰਵਾਨਗੀ ਲੈਂਦੇ ਹਨ ਅਤੇ ਬੱਚੇ ਨੂੰ ਕੇਸਾਧਾਰੀ ਰੱਖਦੇ ਹਨ ਤਾਂ ਅਜਿਹੇ ਬੱਚੇ ਨੂੰ 'ਸਿੱਖ' ਜਾਣਿਆ ਜਾਵੇਗਾ।

vii. ਧਿਆਨ ਕਰਨ ਯੋਗ ਹੈ ਕਿ ਪੰਥ ਪ੍ਰਵਾਨਿਤ ਮਰਯਾਦਾ ਵਿਚ ਗਰਭ ਧਾਰਨ ਸੰਸਕਾਰ; ਕੇਸ ਗੁੰਦਨ ਸੰਸਕਾਰ ਜਾਂ ਦਸਤਾਰ ਸਜਾਉਣ ਸੰਸਕਾਰ ਦਾ ਕੋਈ ਜ਼ਿਕਰ ਨਹੀਂ ਹੈ।

**(ਅ) ਜਨਮ ਦੇ ਸੰਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ "ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥"** *(ਸਿੱਖ ਰਹਿਤ ਮਰਯਾਦਾ, ਪੰਨਾ 22)*

***ਵਿਆਖਿਆ :***

**ਸੂਤਕ** : ਗੁਰੂ-ਪੰਥ ਨੇ ਗੁਰਬਾਣੀ ਸਿਧਾਂਤ ਅਨੁਸਾਰ ਸਪੱਸ਼ਟ ਤੌਰ 'ਤੇ ਹੁਕਮ ਕੀਤਾ ਕਿ ਹਿੰਦੂ ਮੱਤ ਵਾਂਗ ਸਿੱਖ ਮੱਤ ਵਿਚ ਸੂਤਕ ਦੀ ਕੋਈ ਥਾਂ ਨਹੀਂ। ਬਹੁਤ ਸਾਰੇ ਪ੍ਰੇਮੀਆਂ ਨੂੰ ਪਤਾ ਹੈ ਕਿ ਹਿੰਦੂ ਸ਼ਾਸਤਰਾਂ ਅਨੁਸਾਰ ਬੱਚੇ ਦੇ ਜਨਮ ਸਮੇਂ ਬ੍ਰਾਹਮਣ ਦੇ ਯਾਰਾਂ ਦਿਨ, ਛੱਤ੍ਰੀ ਦੇ ਤੇਰਾਂ ਦਿਨ, ਵੈਸ਼ ਦੇ ਸਤਾਰਾਂ ਦਿਨ ਅਤੇ ਸ਼ੂਦਰ ਦੇ ਤੀਹ ਦਿਨ ਅਸ਼ੁੱਧੀ ਰਹਿੰਦੀ ਹੈ। ਜਦ ਤਕ ਆਚਾਰੀਆ (ਬ੍ਰਾਹਮਣ) ਆ ਕੇ ਗਊ ਦੇ ਗੋਹੇ-ਮੂਤ ਅਥਵਾ ਗੰਗਾ-ਜਲ ਦੀਆਂ ਕੁਝ ਬੂੰਦਾਂ ਮਾਤਾ ਨੂੰ ਨਹੀਂ ਪਿਲਾਉਂਦੇ, ਤਦ ਤਕ ਮਾਤਾ ਨੂੰ ਅਸ਼ੁੱਧ ਜਾਣਿਆ ਜਾਂਦਾ ਹੈ, ਜਿਸ ਕਰਕੇ ਉਸ ਦੇ ਹੱਥੋਂ ਖਾਣਾ ਪੀਣਾ ਮਨ੍ਹਾ ਹੈ ਅਰ ਜਦ ਤਕ ਆਚਾਰੀਆ ਆ ਕੇ ਚੌਕੇ ਵਿਚ ਬੈਠ ਕੇ ਭੋਜਨ ਨਹੀਂ ਕਰਦਾ, ਤਦ ਤਕ ਘਰ ਵਿਚ ਸੂਤਕ ਦਾ ਪ੍ਰਭਾਵ ਜਾਣਿਆ ਜਾਂਦਾ ਹੈ। ਪਰਉਪਕਾਰੀ ਜਗਤ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸਿੱਖਾਂ ਨੂੰ ਬ੍ਰਾਹਮਣ ਦੇ ਇਸ ਭਰਮ-ਗੜ੍ਹ ਤੋਂ ਸੁਤੰਤਰ ਕੀਤਾ ਹੈ। ਗੁਰਵਾਕ :

**ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥**
**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥**
**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥**
**ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ॥**

*(ਗੁ: ਗ੍ਰੰ: ਸਾ:, ਪੰਨਾ 472)*

**ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥**
**ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ॥**

*(ਗੁ: ਗ੍ਰੰ: ਸਾ:, ਪੰਨਾ 331)*


Sri Satguru Jagjit Singh Ji eLibrary NamdhariElibrary@gmail.com

**(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।**

*ਵਿਆਖਿਆ :*

**ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ** : ਇਸ ਭਰਮ ਤੋਂ ਗੁਰਸਿੱਖਾਂ ਨੂੰ ਬਿਲਕੁਲ ਮੁਕਤ ਕੀਤਾ ਗਿਆ ਹੈ ਕਿ ਬੱਚੇ ਨੂੰ ਪਹਿਲਾ ਕੱਪੜਾ ਗੁਰੂ ਸਾਹਿਬ ਦੇ ਰੁਮਾਲੇ ਤੋਂ ਬਣਾ ਕੇ ਜੇ ਨਾ ਪਾਇਆ ਗਿਆ ਤਾਂ ਬੱਚੇ ਦੀ ਸਲਾਮਤੀ ਨੂੰ ਖ਼ਤਰਾ ਹੈ। ਗੁਰਸਿੱਖ ਨੂੰ ਗੁਰੂ ਸਾਹਿਬ ਨੇ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਸੰਸਾਰ ਕਰਤੇ ਦਾ ਖੇਲ ਹੈ, ਕਰਤਾਰ ਦੇ ਹੁਕਮ ਵਿਚ ਹੀ ਜੀਵ ਇਸ ਜਗਤ ਵਿਚ ਆਉਂਦਾ ਹੈ, ਕਰਤਾਰ ਦੇ ਹੁਕਮ ਵਿਚ ਹੀ ਸਾਰਾ ਜੀਵਨ ਬਿਤਾਉਂਦਾ ਹੈ ਅਤੇ ਕਰਤਾਰ ਦੇ ਹੁਕਮ ਅਨੁਸਾਰ ਹੀ ਜੀਵ ਇਸ ਜਗਤ ਤੋਂ ਵਿਦਾ ਹੁੰਦਾ ਹੈ, ਗੁਰ ਵਾਕ :

**ਡਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥**

*(ਗੁ: ਗ੍ਰੰ: ਸਾ:, ਪੰਨਾ 254)*

**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥...**
**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥**
**ਨਾਨਕ ਉਤਮੁ ਨੀਚੁ ਨ ਕੋਇ ॥** *(ਗੁ: ਗ੍ਰੰ: ਸਾ:, ਪੰਨਾ 7)*

## *2. ਆਨੰਦ ਸੰਸਕਾਰ*

ਸਿੱਖੀ ਵਿਚ ਗੁਰਮਤਿ ਰਹੁ-ਰੀਤਿ ਅਨੁਸਾਰ ਵਿਆਹ ਕਰਨ ਨੂੰ ਆਨੰਦ ਕਾਰਜ ਆਖਿਆ ਜਾਂਦਾ ਹੈ।

## ਅਨੰਦ ਕਾਰਜ ਦਾ ਇਤਿਹਾਸਕ ਪਿਛੋਕੜ

ਅਗਨੀ ਦੁਆਲੇ ਫੇਰੇ ਲੈਣ ਦੀ ਹਿੰਦੂ ਰੀਤਿ ਦਾ ਗੁਰੂ ਨਾਨਕ ਸਿਧਾਂਤ ਵਿਚ ਕੋਈ ਸਥਾਨ ਨਹੀਂ, ਕਿਉਂਕਿ ਗੁਰੂ ਹੁਕਮ ਅਨੁਸਾਰ ਸਿੱਖ ਨੂੰ ਤੱਤ ਅਤੇ ਬੁੱਤ ਦੀ ਉਪਾਸ਼ਨਾ ਕਰਨੀ ਮੁੱਢੋਂ ਹੀ ਮਨ੍ਹਾ ਹੈ। ਇਸ ਆਧਾਰ 'ਤੇ ਕੁਝ ਸ਼ਰਧਾਲੂ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਵੇਦੀ ਦੁਆਲੇ ਫੇਰੇ ਨਹੀਂ ਲਏ ਸਨ, ਸਗੋਂ ਆਪਣੇ ਉਚਾਰਨ ਕੀਤੇ ਮੂਲ ਮੰਤਰ ਦੁਆਲੇ ਫੇਰੇ ਲਏ ਸਨ; ਅਨੰਦ ਕਾਰਜ ਤੀਜੇ ਪਾਤਸ਼ਾਹ ਸਮੇਂ ਕਰਨਾ ਆਰੰਭ ਹੋਇਆ ਮਿਲਦਾ ਹੈ।

ਉੱਨੀਵੀਂ ਸਦੀ ਦੇ ਆਰੰਭ ਵਿਚ ਬਾਬਾ ਦਿਆਲ ਜੀ ਦਾ 'ਅਨੰਦ' ਰੀਤਿ ਪ੍ਰਚਲਿਤ ਕਰਨ ਲਈ ਪਾਇਆ ਯੋਗਦਾਨ ਮਹੱਤਵਪੂਰਨ ਜਾਪਦਾ ਹੈ, ਜਿਨ੍ਹਾਂ ਨੇ ਸਿੱਖਾਂ ਨੂੰ ਗੁਰੂ ਨਾਨਕ ਸਿਧਾਂਤ ਅਨੁਸਾਰ ਇਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਇਨ੍ਹਾਂ ਦੇ ਉੱਤਰਾਧਿਕਾਰੀ ਬਾਬਾ ਦਰਬਾਰਾ ਸਿੰਘ ਜੀ ਦੀ ਪ੍ਰੇਰਨਾ ਨਾਲ ਅਨੇਕਾਂ ਗੁਰਸਿੱਖ


Sri Satguru Jagjit Singh Ji eLibrary NamdhariElibrary@gmail.com

ਜੋੜਿਆਂ ਦੇ ਵਿਆਹ ਅਨੰਦ ਰੀਤਿ ਨਾਲ ਹੋਏ ਮਿਲਦੇ ਹਨ। ਫਿਰ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਟਿੱਕਾ ਰਿਪੁਦਮਨ ਸਿੰਘ ਨਾਭਾ ਦੇ ਯਤਨ ਵੀ ਬਹੁਤ ਸ਼ਲਾਘਾਯੋਗ ਹਨ, ਜਿਨ੍ਹਾਂ ਨੇ ਸਮੇਂ ਦੀ ਲੋੜ ਨੂੰ ਭਾਂਪਦਿਆਂ 'ਅਨੰਦ ਕਾਰਜ' ਨੂੰ ਕਾਨੂੰਨੀ ਰੂਪ ਦਿਵਾਉਣ ਦੀਆਂ ਕੋਸ਼ਿਸ਼ਾਂ ਆਰੰਭੀਆਂ, ਅਰ ਘਰੇਲੂ ਵਿਰੋਧ ਦਾ ਸਾਹਮਣਾ ਕਰ ਕੇ ਵੀ ਉਨ੍ਹਾਂ ਨੇ ਆਖ਼ਰ 22 ਅਕਤੂਬਰ, 1909 ਈਸਵੀ ਨੂੰ ਅੰਗਰੇਜ਼ ਸਰਕਾਰ ਪਾਸੋਂ 'ਅਨੰਦ ਮੈਰਿਜ ਐਕਟ' ਪਾਸ ਕਰਵਾ ਲਿਆ, ਜੋ ਨਿਆਰੇ ਪੰਥ ਦੀ ਨਿਆਰੀ ਚਾਲ ਲਈ ਸਮੇਂ ਅਨੁਸਾਰ ਅਤੀ ਮਹੱਤਵਪੂਰਨ ਸੀ। ਕਾਨੂੰਨੀ ਰੂਪ ਪ੍ਰਾਪਤ ਹੋਣ ਤੋਂ ਬਾਅਦ ਸਿੱਖਾਂ ਵਿਚ ਅਨੰਦ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਰਨਾ ਤੇਜ਼ੀ ਨਾਲ ਪ੍ਰਚਲਿਤ ਹੋ ਗਿਆ। ਅੱਜ ਸਿੱਖ ਬੱਚਿਆਂ ਦਾ ਅਨੰਦ ਕਾਰਜ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹੋਣਾ ਵਿਧਾਨ ਹੈ।

ਅਨੰਦ ਕਾਰਜ ਸੁਤੰਤਰ ਰੀਤਿ ਹੋਣ ਦੇ ਬਾਵਜੂਦ ਭਾਰਤੀ ਸੰਵਿਧਾਨ ਅਨੁਸਾਰ 1950 ਈਸਵੀ ਤੋਂ ਬਾਅਦ ਇਹ 'ਹਿੰਦੂ ਮੈਰਿਜ ਐਕਟ' ਅਧੀਨ ਰਜਿਸਟਰ ਕੀਤਾ ਜਾਂਦਾ ਹੈ। ਅੱਜ ਸਿੱਖ ਆਗੂਆਂ ਨੂੰ ਲੋੜੀਂਦੀ ਜੱਦੋ-ਜਹਿਦ ਕਰ ਕੇ ਸੰਵਿਧਾਨ ਦੀ ਇਸ ਧਾਰਾ ਵਿਚ ਲੋੜੀਂਦੀ ਸੋਧ ਕਰਵਾਉਣ ਦੀ ਲੋੜ ਹੈ।

**(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।** *(ਸਿੱਖ ਰਹਿਤ ਮਰਯਾਦਾ, ਪੰਨਾ 22)*

*ਵਿਆਖਿਆ :*

**ਵਿਆਹ ਸਮੇਂ ਜਾਤ ਗੋਤ ਦੀ ਵੀਚਾਰ** : ਸਿੱਖ ਸਿੱਖਣੀ ਦਾ ਵਿਆਹ ਸਰੀਰਕ ਅਵਸਥਾ ਅਤੇ ਗੁਣਾਂ ਨੂੰ ਧਿਆਨ ਵਿਚ ਰੱਖ ਕੇ ਹੋਵੇ। ਅਜਿਹਾ ਕਰਨ ਲੱਗਿਆਂ ਹਿੰਦੂ ਵਰਨ-ਵੰਡ, ਜਾਤ-ਪਾਤ, ਗੋਤਰ ਆਦਿ ਬਾਰੇ ਵੀਚਾਰ ਕਰਨੀ ਮਨਮੱਤ ਹੈ ਕਿਉਂਕਿ ਸਿੱਖ ਸਿਧਾਂਤ ਵਿਚ ਅਜਿਹੀ ਮਾਨਤਾ ਦੀ ਕੋਈ ਥਾਂ ਨਹੀਂ।

**(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।**

*ਵਿਆਖਿਆ :*

**ਸਿੱਖ ਪੁੱਤਰੀ ਦਾ ਵਿਆਹ ਸਿੱਖ ਨਾਲ** : ਅਜਿਹਾ ਕਰਨਾ ਸਾਨੂੰ ਇਸ ਕਰਕੇ ਮਹੱਤਵਪੂਰਨ ਜਾਪਦਾ ਹੈ ਕਿ ਮਾਪੇ ਸਦਾ ਹੀ ਆਪਣੇ ਬੱਚਿਆਂ ਨੂੰ ਸੁਖੀ ਵੱਸਦਾ ਵੇਖਣਾ ਚਾਹੁੰਦੇ ਹਨ। ਮਾਪੇ ਜਾਣਦੇ ਹਨ ਕਿ ਇਹ ਗੱਲ ਤਦ ਹੀ ਵਧੇਰੇ ਸੰਭਵ ਹੋ ਸਕਦੀ ਹੈ ਜੇ ਬੱਚਿਆਂ ਦੀ ਜੀਵਨ ਸੇਧ ਇਕ ਜੈਸੀ ਹੋਵੇ। ਜੀਵਨ ਸਾਥੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਚੱਲਣਾ ਭਾਰੀ ਮੁਸ਼ਕਲਾਂ ਪੈਦਾ ਕਰਦਾ ਹੈ, ਜਿਸ ਕਰਕੇ ਵਿਆਹੁਤਾ ਜੀਵਨ ਦੁਖਦਾਈ ਬਣ ਜਾਂਦਾ ਹੈ। ਇਸ ਕਰਕੇ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਦੋਵੇਂ ਬੱਚੇ ਸਿੱਖ ਧਰਮ ਦੇ ਹੀ ਧਾਰਨੀ ਹੋਣ। ਇਸ ਲਈ 'ਸੰਜੋਗ ਐਸੀ ਕੁਲ ਵਿਖੈ ਕਰੈ ਜਿਥੇ ਸਿੱਖੀ ਅਕਾਲ ਪੁਰਖ ਦੀ ਹੋਵੇ।'


Sri Satguru Jagjit Singh Ji eLibrary NamdhariElibrary@gmail.com

## (ੲ) ਸਿੱਖ ਦਾ ਵਿਆਹ 'ਆਨੰਦ' ਰੀਤੀ ਨਾਲ ਕਰਨਾ ਚਾਹੀਏ।

*ਵਿਆਖਿਆ :*

**ਵਿਆਹ ਕੇਵਲ ਆਨੰਦ ਰੀਤੀ ਨਾਲ** : ਸਿੱਖ ਦੇ ਵਿਆਹ ਦੀ ਧਾਰਮਿਕ ਰੀਤੀ ਕੇਵਲ ਧਰਮ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਅੱਗੇ ਦੱਸੀ ਮਰਯਾਦਾ ਅਨੁਸਾਰ ਕਰਨੀ ਪ੍ਰਵਾਨ ਹੈ। ਈਸਾਈ, ਇਸਲਾਮ ਜਾਂ ਹਿੰਦੂ ਮੱਤ ਅਨੁਸਾਰ ਕਰਨੀ, ਕਤੱਈ ਪ੍ਰਵਾਨ ਨਹੀਂ। 'ਆਨੰਦ ਕਾਰਜ' ਆਪਸੀ ਸਮਝੌਤਾ ਜਾਂ ਸੌਦਾ ਨਹੀਂ, ਇਹ ਤਾਂ ਆਪਣੇ ਧਰਮ ਗੁਰੂ ਦੇ ਸਨਮੁਖ ਹਾਜ਼ਰ ਹੋ ਕੇ ਮਨ-ਬਚਨ-ਕਰਮਾਂ ਕਰਕੇ ਜੀਵਨ ਭਰ ਸਾਥ ਨਿਭਾਉਣ ਦਾ ਬਚਨ ਕਰਦਿਆਂ ਗੁਰੂ-ਪਿਤਾ ਦੀ ਅਸੀਸ ਲੈਣੀ ਹੈ। ਇਸ ਲਈ ਸਿੱਖ ਧਰਮ ਵਿਚ ਸਿੱਖ ਦਾ ਵਿਆਹ ਕੇਵਲ ਆਨੰਦ ਰੀਤੀ ਨਾਲ ਹੀ ਕਰਨਾ ਪ੍ਰਵਾਨ ਹੈ।

ਈਸਾਈਆਂ ਵਾਂਗ ਮੁੰਦਰੀ ਪਾਉਣ ਜਾਂ ਹਿੰਦੂਆਂ ਵਾਂਗ 'ਜੈ ਮਾਲਾ' ਪਾਉਣੀ 'ਆਨੰਦ ਸੰਸਕਾਰ' ਦਾ ਹਿੱਸਾ ਨਹੀਂ, ਸਗੋਂ ਭਾਰੀ ਭੁੱਲ ਕਰਨੀ ਹੈ।

## (ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

*ਵਿਆਖਿਆ :*

**ਵਿਆਹ ਬਚਪਨ ਵਿਚ** : ਬਦੇਸ਼ੀ ਹਮਲਾਵਰਾਂ ਅਤੇ ਹਾਕਮਾਂ ਦੇ ਧੱਕੇ ਵਾਲੇ ਵਤੀਰੇ ਸਾਹਮਣੇ ਭਾਰਤੀਆਂ ਨੇ ਆਪਣੇ ਬਚਾਅ ਦਾ ਇਕ ਇਹ ਢੰਗ ਅਖ਼ਤਿਆਰ ਕੀਤਾ ਕਿ ਉਹ ਆਪਣੀਆਂ ਧੀਆਂ ਦਾ ਵਿਆਹ ਬਚਪਨ ਵਿਚ ਹੀ ਕਰਨ ਲੱਗ ਪਏ। ਗੱਲ ਵਧਦੀ ਵਧਦੀ ਇਥੋਂ ਤਕ ਵਧ ਗਈ ਕਿ 'ਕੁੜੀ ਪੇਟ, ਕਣਕ ਖੇਤ' ਵਾਲੀ ਕਹਾਵਤ ਪ੍ਰਚਲਿਤ ਹੋ ਗਈ, ਜਦੋਂ ਧੀ ਦਾ ਜਨਮ ਵੀ ਅਜੇ ਨਾ ਹੋਇਆ, ਰਿਸ਼ਤੇ ਤਹਿ ਹੋਣ ਲੱਗ ਪਏ। ਅਜਿਹੀ ਚਾਲ ਨਾਲ ਜਾਬਰਾਂ ਦੇ ਧੱਕੇ ਦਾ ਇਲਾਜ ਤਾਂ ਕੀ ਹੋਣਾ ਸੀ, ਆਮ ਤੌਰ 'ਤੇ ਛੋਟੀ ਉਮਰੇ ਬੱਚਿਆਂ ਦੀ ਮੌਤ ਹੋ ਜਾਣ ਕਾਰਨ ਕਈ ਵਾਰ ਮਾਪਿਆਂ ਨੂੰ ਅਰ ਧੀਆਂ ਪੁੱਤਰਾਂ ਨੂੰ ਅਣਹੋਂਦੀਆਂ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ।

## (ਹ) ਜਦ ਲੜਕੀ ਸਰੀਰ ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਆਨੰਦ' ਪੜ੍ਹਾਇਆ ਜਾਵੇ।

*ਵਿਆਖਿਆ :*

**ਲੜਕੀ ਦੀ ਯੋਗਤਾ** : ਕਈ ਵਾਰ ਸਥਾਨਕ ਪੌਣ-ਪਾਣੀ, ਖ਼ੁਰਾਕ ਜਾਂ ਹੋਰ ਕਿਸੇ ਕਾਰਨ ਸਰੀਰਕ ਵਾਧਾ ਹੋਣ ਪੁਰ ਵੀ ਲੜਕੀ ਦਾ ਮਨ ਅਤੇ ਆਚਾਰ ਪੱਖੋਂ ਜ਼ਿੰਮੇਵਾਰ ਹੋਣਾ ਭਾਰੀ ਲੋੜੀਂਦਾ ਹੈ। ਜਦ ਤਕ ਬੱਚਾ ਮਨ ਕਰਕੇ ਤਿਆਰ ਨਹੀਂ ਤਦ ਤਕ ਗ੍ਰਿਹਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਮੁਸ਼ਕਿਲ ਹੁੰਦਾ ਹੈ। ਮਾਨਸਿਕ ਤੌਰ 'ਤੇ ਬੱਚੇ ਨੂੰ ਤਿਆਰ ਕਰਨਾ ਮਾਪਿਆਂ ਦਾ ਫ਼ਰਜ਼ ਹੁੰਦਾ ਹੈ। ਇਸੇ ਪ੍ਰਕਾਰ ਹੀ


Sri Satguru Jagjit Singh Ji eLibrary NamdhariElibrary@gmail.com

ਗ੍ਰਿਹਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਤਾਂ ਹੀ ਖ਼ੂਬਸੂਰਤੀ ਨਾਲ ਨਿਭਾਈਆਂ ਜਾ ਸਕਦੀਆਂ ਹਨ ਜੇ ਲੜਕੀ ਘਰੇਲੂ ਕੰਮ ਕਾਜ (ਰਸੋਈ, ਸੀਣਾ-ਪ੍ਰੋਣਾ, ਬੱਚਿਆਂ ਦੀ ਸੰਭਾਲ), ਬਜ਼ੁਰਗਾਂ (ਸੱਸ-ਸਹੁਰੇ ਤੇ ਹੋਰ ਰਿਸ਼ਤੇਦਾਰਾਂ) ਦਾ ਸਨਮਾਨ ਅਤੇ ਲੋੜ ਪੈਣ 'ਤੇ ਪਤੀ ਨਾਲ ਕਾਰੋਬਾਰ ਵਿਚ ਹੱਥ ਵਟਾਉਣ ਵਿਚ ਨਿਪੁੰਨਤਾ ਪ੍ਰਾਪਤ ਹੋਵੇ। ਅਜਿਹੀ ਲੜਕੀ ਹੀ ਗ੍ਰਿਹਸਥੀ ਜੀਵਨ ਨੂੰ ਸੁਖੀ ਬਣਾ ਸਕਦੀ ਹੈ।

ਇਨ੍ਹਾਂ ਸਭ ਗੁਣਾਂ ਤੋਂ ਸ੍ਰੇਸ਼ਟ ਗੁਣ ਹੈ, ਧੀ ਨੂੰ ਧਾਰਮਿਕ ਸਿੱਖਿਆ। ਧਰਮੀ ਮਾਂ ਹੀ ਆਪਣੀ ਸੰਤਾਨ ਨੂੰ ਧਰਮ ਸਿਖਾ ਸਕਦੀ ਹੈ। ਸਿੱਖ ਲੜਕੀ ਪਾਸ ਕੇਵਲ ਮਾਂ ਬਣਨ ਦੀ ਹੀ ਯੋਗਤਾ ਪੂਰਨ ਨਹੀਂ ਹੈ, ਉਸ ਦੀ ਪੂਰਨ ਯੋਗਤਾ ਹੈ, ਸਿੱਖ ਮਾਂ ਬਣਨਾ। ਸੁਭਾਵਕ ਹੈ ਕਿ ਇਸ ਪਦਵੀ ਤਕ ਸਿੱਖ ਪਤਨੀ ਬਣ ਕੇ ਹੀ ਪਹੁੰਚਿਆ ਜਾ ਸਕਦਾ ਹੈ। ਸੋ ਜਦ ਤਕ ਲੜਕੀ ਧਾਰਮਿਕ ਆਚਾਰ ਵਾਲੀ ਨਹੀਂ ਹੁੰਦੀ, ਭਾਵ ਉਸ ਨੂੰ ਗ੍ਰਿਹਸਤ ਜੀਵਨ ਵਿਚ ਧਰਮ ਦੀ ਲੋੜ ਦਾ ਪੂਰਨ ਗਿਆਨ ਨਹੀਂ ਹੁੰਦਾ ਤਦ ਤਕ ਉਸ ਪਾਸੋਂ "ਮਤੀ ਦੇਵੀ ਦੇਵਰ ਜੇਸਟ॥" (ਪੰਨਾ 371) ਵਾਲਾ ਕਿਰਦਾਰ ਨਿਭਾਅ ਸਕਣਾ ਅਸੰਭਵ ਹੈ। ਇਸ ਲਈ ਲੋੜ ਹੈ ਕਿ ਲੜਕੀ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਤਿਆਰ ਅਤੇ ਰਿਸ਼ਟ-ਪੁਸ਼ਟ ਕਰਨ ਦੇ ਨਾਲ ਨਾਲ ਚੱਜ-ਆਚਾਰ ਪੱਖੋਂ ਵੀ ਯੋਗ ਬਣਾਇਆ ਜਾਵੇ। ਇਸ ਲਈ ਇਸ਼ਾਰੇ ਮਾਤਰ ਗੁਰਵਾਕ ਹਨ:

**ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ॥**
**ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ॥**

*(ਗੁ: ਗ੍ਰੰ: ਸਾ:, ਪੰਨਾ 1171)*

**(ਕ) 'ਆਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।**

***ਵਿਆਖਿਆ :***

**ਕੁੜਮਾਈ ਕਰਨੀ** : ਜਿਵੇਂ ਕਿ ਸਪੱਸ਼ਟ ਹੈ ਕਿ ਆਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ ਪਰ ਕੁਝ ਲੋਕ ਇਸ ਨੂੰ ਮਹੱਤਵਪੂਰਨ ਜਾਣਦਿਆਂ ਆਨੰਦ ਕਾਰਜ ਆਰੰਭ ਹੋਣ ਤੋਂ ਝੱਟ ਪਹਿਲਾਂ ਵੀ (ਜੇ ਪਹਿਲਾਂ ਸਬੱਬ ਨਾ ਬਣ ਸਕਿਆ ਹੋਵੇ ਤਾਂ) ਅਰਦਾਸ ਕਰ ਕੇ ਲੜਕੇ ਦੀ ਝੋਲੀ ਵਿਚ ਕੁੜਮਾਈ ਦਾ ਸਾਮਾਨ ਪਾ ਦੇਂਦੇ ਹਨ, ਜਿਹੜਾ ਉਸ ਸਮੇਂ ਕਰਨਾ ਬਿਲਕੁਲ ਹੀ ਅਣਲੋੜੀਂਦਾ ਯਤਨ ਹੈ। ਅਜਿਹਾ ਵੀ ਸੁਣਨ ਵਿਚ ਆਇਆ ਹੈ ਕਿ ਕੁਝ ਲੋਕ ਪਹਿਲਾਂ ਆਖਾ, ਫਿਰ ਠਾਕਾ, ਫਿਰ ਕੁੜਮਾਈ (ਸ਼ਗਨ ਜਾਂ ਟਿੱਕਾ) ਆਦਿ ਕਰਦੇ ਹਨ, ਮਰਯਾਦਾ ਦੀ ਸੇਧ ਵਿਚ ਇਸ ਸਭ ਕੁਝ ਨੂੰ ਅਸੀਂ ਵਾਧੂ ਜਿਹਾ ਲੋਕ ਵਿਖਾਵਾ ਕਹਿ ਸਕਦੇ ਹਾਂ। ਜੇ ਕੁੜਮਾਈ ਕਰਨੀ ਹੀ ਹੋਵੇ ਤਾਂ ਦੋਹਾਂ ਪਰਿਵਾਰਾਂ ਦੀ ਸਲਾਹ ਨਾਲ ਕਿਸੇ ਵੀ ਦਿਨ ਸੰਗਤ ਵਿਚ ਲੜਕੀ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸ ਕਰ ਕੇ ਲੜਕੇ ਦੇ ਪੱਲੇ ਵਿਚ ਕ੍ਰਿਪਾਨ (ਗਾਤਰੇ

 Sri Satguru Jagjit Singh Ji eLibrary NamdhariElibrary@gmail.com

ਵਾਲੀ), ਕੜਾ (ਸਰਬ ਲੋਹ ਦਾ) ਅਤੇ ਕੁਝ ਮਿੱਠਾ (ਗੁੜ, ਮਿਸ਼ਰੀ) ਆਦਿ ਪਾ ਦੇਣ। ਇਸ ਤੋਂ ਇਲਾਵਾ ਕੁਝ ਵੀ ਹੋਰ ਕਰਨਾ ਆਪਣੀ ਆਪਣੀ ਮੱਤ ਕਿਹਾ ਜਾ ਸਕਦਾ ਹੈ।

**(ਖ) 'ਆਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮੱਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਏ।**

*ਵਿਆਖਿਆ :*

**ਦਿਨ ਦੀ ਵੀਚਾਰ** : ਜੋ ਦਿਨ ਦੋਹਾਂ ਨੂੰ ਜ਼ਿਆਦਾ ਢੁੱਕਵਾਂ ਹੋਵੇ, ਨਿਯਤ ਕਰ ਲੈਣਾ ਚਾਹੀਦਾ ਹੈ, ਪਰ ਚੰਗੇ ਮਾੜੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਆਦਿ ਕਰਮ ਜਿਥੇ ਨਿਰੋਲ ਬਿਪਰਵਾਦ ਹੈ, ਉਥੇ ਜਾਣ ਬੁਝ ਕੇ ਖ਼ੁਆਰ ਹੋਣ ਵਾਲੇ ਪਾਸੇ ਤੁਰਨਾ ਹੈ। ਕੋਈ ਮਹੀਨਾ (ਚੇਤ, ਕੱਤੇ, ਪੋਹ ਆਦਿ) ਜਾਂ ਦਿਨ (ਮੰਗਲ, ਵੀਰ, ਸ਼ਨੀ) ਜਾਂ ਥਿਤਿ (ਪੰਚਮੀ ਆਦਿ) ਮਾੜੇ ਜਾਂ ਚੰਗੇ ਨਹੀਂ। ਉਦੋਂ ਸਾਨੂੰ ਭਾਰੀ ਸ਼ੋਕ ਹੁੰਦਾ ਹੈ ਜਦੋਂ ਗੁਰਬਾਣੀ ਨੂੰ ਗੁਰੂ ਆਖ ਕੇ ਮੱਥਾ ਟੇਕਣ ਵਾਲੇ ਪਰ ਗੁਰਬਾਣੀ ਸਿਧਾਂਤ ਤੋਂ ਬਿਲਕੁਲ ਕੋਰੇ ਕੁਝ ਸਿੱਖ ਅਖਵਾਉਣ ਵਾਲੇ ਬ੍ਰਾਹਮਣਾਂ ਕੋਲ ਜਾ ਕੇ ਆਪਣੇ ਬੱਚਿਆਂ ਦੇ ਆਨੰਦ ਲਈ ਪੱਤਰੀ ਵਾਚਦੇ ਹਨ ਅਤੇ ਉਨ੍ਹਾਂ ਦੇ ਦੱਸੇ ਅਨੁਸਾਰ ਬੱਚਿਆਂ ਦੇ ਆਨੰਦ ਦਾ ਦਿਨ ਨਿਯਤ ਕਰਦੇ ਹਨ। ਧਿਆਨ ਰਹੇ ਗੁਰਵਾਕ ਹਨ :

**ਸਾਹਾ ਗਣਹਿ ਨ ਕਰਹਿ ਬੀਚਾਰੁ ॥**
**ਸਾਹੇ ਊਪਰਿ ਏਕੰਕਾਰੁ ॥**
**ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥**
**ਗੁਰਮਤਿ ਹੋਇ ਤ ਹੁਕਮੁ ਪਛਾਣੈ ॥** *(ਗੁ: ਗ੍ਰੰ: ਸਾ:, ਪੰਨਾ 904)*

**ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ,**
**ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥** *(ਗੁ: ਗ੍ਰੰ: ਸਾ:, ਪੰਨਾ 540)*

**ਪੂਛਤ ਨ ਜੋਤਕ, ਅਉ ਥਿਤਿ ਵਾਰ ਕਛੁ,**
**ਗ੍ਰਿਹ ਅਉ ਨਖਤ੍ਰ ਕੀ, ਨ ਸੰਕਾ ਉਰਧਾਰੀ ਹੈ ॥੪੪੮॥**
*(ਕਬਿੱਤ ਭਾਈ ਗੁਰਦਾਸ ਜੀ)*

**(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁੱਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮੱਤ ਹੈ।**

*ਵਿਆਖਿਆ :*

**ਵਿਆਹ ਸਮੇਂ ਦੇ ਮਨਮਤੀ ਕਰਮਾਂ ਤੋਂ ਮਨਾਹੀ** : ਸ਼ਾਇਦ ਕਿਸੇ ਸਮੇਂ ਲੜਕੇ ਦਾ ਮੂੰਹ-ਮੱਥਾ ਸੋਹਣਾ ਨਾ ਹੋਣ ਕਰਕੇ ਢੰਗ ਨਾਲ ਕੁਝ ਸਮੇਂ ਲਈ ਓਹਲਾ ਕਰਨ ਲਈ


Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਸਿਹਰਾ ਬੰਨ੍ਹਿਆ ਗਿਆ ਹੋਵੇ ਪਰ ਹੌਲੀ ਹੌਲੀ ਇਹ ਰਿਵਾਜ ਹੀ ਬਣ ਗਿਆ। ਇਸੇ ਤਰ੍ਹਾਂ ਮੁਕਟ ਲਾਉਣਾ ਜਾਂ ਗਾਨਾ ਬੰਨ੍ਹਣਾ ਅਣਲੋੜੀਂਦੇ ਜਾਂ ਮਨਮਤੀ ਕਰਮ ਹਨ। ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁੱਸ ਕੇ ਜਾਣਾ ਅਤੇ ਛੰਦ ਪੜ੍ਹਨੇ (ਜੋ ਕਦੀ ਵਿਗਾੜ ਦਾ ਕਾਰਨ ਬਣਦੇ ਹਨ) ਵੀ ਗੁਰੂ-ਪੰਥ ਵੱਲੋਂ ਮਨ੍ਹਾ ਕੀਤੇ ਗਏ ਹਨ। ਪਿੱਤਰਾਂ (ਮਰ ਚੁੱਕੇ ਪ੍ਰਾਣੀਆਂ) ਜਾਂ ਜਠੇਰਿਆਂ ਦੀ ਪੂਜਾ ਕਰਨੀ, ਹਵਨ ਕਰਨਾ (ਸਾਂਤ ਕਰਵਾਉਣੀ), ਵੇਦੀ ਗੱਡਣੀ ਅਥਵਾ ਨੌਂ ਗ੍ਰਹਿਆਂ ਦੀ ਪੂਜਾ ਕਰਨੀ ਆਦਿ ਸਭ ਕਰਮ ਬਿਪਰਵਾਦੀ ਹਨ, ਜਿਨ੍ਹਾਂ ਦੀ ਗੁਰਮਤਿ ਵਿਚ ਕੋਈ ਥਾਂ ਨਹੀਂ।

ਵੇਸਵਾ ਦਾ ਨਾਚ ਅਤੇ ਸ਼ਰਾਬ ਆਦਿ ਨਸ਼ਿਆਂ ਦੀ ਵਰਤੋਂ ਵੀ ਸਖ਼ਤ ਮਨ੍ਹਾ ਹੈ ਪਰ ਸਾਨੂੰ ਸ਼ੋਕ ਨਾਲ ਲਿਖਣਾ ਪੈਂਦਾ ਹੈ ਕਿ ਬਹੁਤੇ ਗੁਰਸਿੱਖ ਸਦਵਾਉਣ ਵਾਲਿਆਂ ਦੇ ਵਿਆਹ ਸਮੇਂ ਸ਼ਰਾਬ ਦੀ ਵਰਤੋਂ ਖੁੱਲ੍ਹ ਕੇ ਹੁੰਦੀ ਹੈ। ਫਿਰ ਉਥੇ ਸਪੱਸ਼ਟ ਤੌਰ 'ਤੇ 'ਬੀਬਿਆਂ' ਵਾਲੇ ਗਰੁੱਪ ਸੱਦੇ ਗਏ ਹੁੰਦੇ ਹਨ ਜੋ ਆਪਣੇ ਲੱਚਰ ਗੀਤਾਂ ਅਤੇ ਅਦਾਵਾਂ ਰਾਹੀਂ ਸ਼ਰਾਬ ਪੀਣ ਜਿਹੇ ਮੌਕੇ 'ਤੇ 'ਚਾਰ ਚੰਨ ਲਾ ਕੇ' ਸਿੱਖ ਸਰਦਾਰਾਂ ਦੇ ਵਿਆਹਾਂ ਦੀ 'ਸ਼ੋਭਾ' ਵਧਾਉਂਦੇ ਹਨ।

**(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ ਉਤਨੇ ਨਾਲ ਲੈ ਕੇ ਲੜਕਾ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫ਼ਤਹ' ਗਜਾਈ ਜਾਵੇ।** *(ਸਿੱਖ ਰਹਿਤ ਮਰਯਾਦਾ, ਪੰਨਾ 23)*

***ਵਿਆਖਿਆ :***

**ਜੰਞ ਦੀ ਗਿਣਤੀ** : ਘੱਟ ਤੋਂ ਘੱਟ ਰੱਖੀ ਜਾਵੇ ਤਾਂ ਜੋ ਦੋਹਾਂ ਪਾਸਿਆਂ ਵੱਲੋਂ ਢੁਕਵੀਂ ਸੰਭਾਲ ਕੀਤੀ ਜਾ ਸਕੇ। ਜ਼ਿਆਦਾ ਵੱਡੀ ਬਾਰਾਤ ਲੈ ਕੇ ਜਾਣੀ, ਜੋ ਲੜਕੀ ਵਾਲਿਆਂ ਲਈ ਬੋਝ ਬਣ ਸਕਦੀ ਹੋਵੇ, ਭਵਿੱਖ ਦੀ ਰਿਸ਼ਤੇਦਾਰੀ ਲਈ ਸੁਖਦਾਈ ਨਹੀਂ ਹੁੰਦੀ। ਇਸ ਲਈ ਚੰਗਾ ਹੈ ਕਿ ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਹੀ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਢੁਕਾਅ ਸਮੇਂ ਰਵਾਇਤ ਅਨੁਸਾਰ "ਹਮ ਘਰਿ ਸਾਜਨ ਆਏ॥" ਜਾਂ "ਆਵਹੁ ਮੀਤ ਪਿਆਰੇ॥" ਆਦਿ ਸ਼ਬਦ ਮਿਲ ਕੇ ਗਾਏ ਜਾਣ ਅਤੇ 'ਫ਼ਤਹ' ਗਜਾਈ ਜਾਵੇ। ਅਜਿਹੇ ਸਮੇਂ 'ਤੇ ਦੋਹਾਂ ਪਰਿਵਾਰਾਂ ਦੇ ਸੁਖਦ ਸੰਬੰਧਾਂ ਲਈ ਅਕਾਲ ਪੁਰਖ ਦੇ ਚਰਨਾਂ ਵਿਚ ਨਿਮਰਤਾ ਸਹਿਤ ਸੰਖੇਪ ਅਰਦਾਸ ਕਰਨ ਦੀ ਪ੍ਰੰਪਰਾ ਵੀ ਆਮ ਹੈ।

**(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦੁ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ 'ਆਨੰਦ'**


Sri Satguru Jagjit Singh Ji eLibrary NamdhariElibrary@gmail.com

**ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।**

*ਵਿਆਖਿਆ :*

**ਆਨੰਦ ਕਾਰਜ** : ਸੁਬਾ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ 'ਆਨੰਦ' ਸ਼ੁਰੂ ਕੀਤਾ ਜਾਵੇ ਪਰ, ਹਾਲਾਤ ਅਨੁਸਾਰ ਜੇ ਅਜਿਹਾ ਨਹੀਂ ਕੀਤਾ ਜਾ ਸਕਦਾ ਤਾਂ ਵੀ 'ਆਨੰਦ' ਅਧੂਰਾ ਨਹੀਂ ਹੁੰਦਾ। ਦੋਹਾਂ ਪਰਿਵਾਰਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸਮਾਂ ਕੋਈ ਵੀ ਹੋ ਸਕਦਾ ਹੈ।

ਇਸ ਸਮੇਂ ਜੇ ਸੰਭਵ ਹੋਵੇ ਤਾਂ ਕੀਰਤਨ ਸੰਗਤ ਆਪ ਕਰੇ ਨਹੀਂ ਤਾਂ ਰਾਗੀ ਕਰਨ। ਇਸੇ ਤਰ੍ਹਾਂ 'ਆਨੰਦ' ਕੋਈ ਵੀ ਰਹਿਤ ਬਹਿਤ ਵਾਲਾ ਗੁਰਸਿੱਖ (ਮਰਦ ਜਾਂ ਇਸਤਰੀ) ਪੜ੍ਹਾ ਸਕਦਾ ਹੈ। ਇਥੇ ਬਿਪਰਵਾਦ ਵਾਂਗ ਕਿਸੇ ਆਚਾਰੀਆ (ਬ੍ਰਾਹਮਣ) ਜਾਂ ਗ੍ਰੰਥੀ ਵਿਸ਼ੇਸ਼ ਦਾ ਹੋਣਾ ਕੋਈ ਜ਼ਰੂਰੀ ਨਹੀਂ ਹੈ।

ਫਿਰ ਲੜਕਾ ਤੇ ਲੜਕੀ ਸਤਿਗੁਰਾਂ ਦੇ ਹਜ਼ੂਰ ਸੰਗਤ ਵਾਂਗ (ਬਿਨਾਂ ਕਿਸੇ ਵਿਸ਼ੇਸ਼ ਵਿਛਾਈ ਦੇ) ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ ਲੜਕੇ ਅਤੇ ਲੜਕੀ ਦੇ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ 'ਆਨੰਦ' ਦੇ ਆਰੰਭ ਦਾ ਸੰਖੇਪ ਅਰਦਾਸਾ ਸੋਧਿਆ ਜਾਵੇ। ਇਸ ਸਮੇਂ ਨਾ ਹੀ ਸਾਰੀ ਸੰਗਤ ਦੇ ਖੜ੍ਹੇ ਹੋਣ ਦੀ ਲੋੜ ਹੈ ਅਤੇ ਨਾ ਹੀ ਬੁਲੰਦ ਆਵਾਜ਼ ਵਿਚ ਲੰਮੀ ਅਰਦਾਸ ਕਰਨ ਦੀ। ਫਿਰ ਤਾਬਿਆ ਬੈਠਾ 'ਸਿੱਖ' ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਥ ਧਰਮ ਦੇ ਫ਼ਰਜ਼ ਦਾ ਉਪਦੇਸ਼ ਕਰਦਾ ਹੈ।

**ਪਹਿਲੇ, ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸੰਬੰਧ ਨੂੰ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਦੱਸੇ। ਆਪਸ ਵਿਚ ਪ੍ਰੇਮ ਦੁਆਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦੱਸੇ ਤੇ ਇਕੁਰ ਗ੍ਰਹਿਸਤ ਧਰਮ ਨਿਭਾਹੁੰਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕਮਿਕ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਭਾਉਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।**

*ਵਿਆਖਿਆ :*

**ਗ੍ਰਹਿਸਤ ਦੀ ਮਹੱਤਤਾ** : ਸਿੱਖ ਮੱਤ ਵਿਚ ਗ੍ਰਹਿਸਤ ਆਸ਼ਰਮ ਦੀ ਭਾਰੀ ਮਹਿਮਾ ਹੈ। ਜੋ ਗ੍ਰਹਿਸਤੀ ਧਰਮ ਦੀ ਕਿਰਤ ਕਰ ਕੇ ਆਪਣਾ ਜੀਵਨ ਨਿਰਬਾਹ ਕਰਦੇ, ਪਰਉਪਕਾਰ ਹਿੱਤ ਸੇਵਾ ਕਰਦੇ ਅਤੇ ਸੰਸਾਰ ਦੇ ਵਿਹਾਰਾਂ ਨੂੰ ਚੰਗੀ ਰੀਤਿ ਨਾਲ ਨਿਭਾਹੁੰਦੇ ਹੋਏ ਹਰ ਵੇਲੇ ਕਰਤਾਰ ਨੂੰ ਯਾਦ ਰੱਖਦੇ ਹਨ, ਗੁਰੂ ਸਾਹਿਬ ਨੇ ਉਨ੍ਹਾਂ ਨੂੰ ਭਲਾ ਕਿਹਾ ਹੈ। ਗ੍ਰਹਿਸਤੀ ਹੀ ਹਨ, ਜਿਥੋਂ ਬ੍ਰਹਮਚਾਰੀ, ਬਾਨਪ੍ਰਸਤੀ ਅਤੇ ਸੰਨਿਆਸੀ ਬਿਰਤੀ ਵਾਲੇ ਸਾਧੂ ਸੰਤਾਂ ਦੀ ਪੇਟ ਪੂਜਾ ਹੁੰਦੀ ਹੈ। ਗੁਰਵਾਕ :

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥ *(ਗੁ: ਗ੍ਰੰ: ਸਾ:, ਪੰਨਾ 419)*

ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ॥
ਗ੍ਰਿਹਸਤ ਮਹਿ ਸੋਈ ਨਿਰਬਾਨੁ॥ *(ਗੁ: ਗ੍ਰੰ: ਸਾ:, ਪੰਨਾ 281)*

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥
*(ਗੁ: ਗ੍ਰੰ: ਸਾ:, ਪੰਨਾ 522)*

ਗ੍ਰਹਿਸਤ ਤਿਆਗ ਕੇ ਜੀਵਨ ਬਤੀਤ ਕਰਨ ਵਾਲਿਆਂ ਦੀ ਖ਼ੁਆਰੀ ਪ੍ਰਤੀ ਗੁਰਵਾਕ ਹਨ:

ਜਤਨ ਕਰੈ ਬਿੰਦੁ ਕਿਵੈ ਨ ਰਹਾਈ॥
ਮਨੂਆ ਡੋਲੈ ਨਰਕੇ ਪਾਈ॥ *(ਗੁ: ਗ੍ਰੰ: ਸਾ:, ਪੰਨਾ 906)*

ਤਜੈ ਗਿਰਸਤੁ ਭਇਆ ਬਨ ਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ॥
*(ਗੁ: ਗ੍ਰੰ: ਸਾ:, ਪੰਨਾ 835)*

ਇਸੇ ਸਿਧਾਂਤ ਦੀ ਵਿਆਖਿਆ ਭਾਈ ਗੁਰਦਾਸ ਜੀ ਇਉਂ ਕਰਦੇ ਹਨ:

ਜੈਸੇ ਪ੍ਰਾਤ ਸਮੈ ਖਗ ਜਾਤ ਉਡਿ ਬਿਰਖ ਸੈ,
ਬਹੁਰਿ ਆਇ ਬੈਠਤ ਬਿਰਖ ਹੀ ਮੈ ਆਇ ਕੈ॥
ਚੀਟੀ ਚੀਟਾ ਬਿਲ ਸੈ ਨਿਕਸਿ ਧਰ ਗਵਨ ਕੈ,
ਬਹੁਰਿਓ ਪੈਸਤ ਜੈਸੇ ਬਿਲ ਹੀ ਮੈ ਜਾਇ ਕੈ॥
ਲਰਕੈ ਲਰਿਕਾ ਰੂਠ ਜਾਤ ਤਾਤ ਮਾਤ ਸਨ,
ਭੂਖ ਲਾਗੈ ਤਿਆਗੈ ਹਠ ਆਵੈ ਪਛੁਤਾਇ ਕੈ॥
ਤੈਸੇ ਗ੍ਰਿਹ ਤਿਆਗਿ ਭਾਗਿ ਜਾਤ ਉਦਾਸ ਬਾਸ,
ਆਸਰੋ ਤਕਤ ਪੁਨਿ ਗ੍ਰਿਹਸਤ ਕੋ ਧਾਇ ਕੈ॥੫੪੮॥

ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ,
ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥੩੭੬॥

**ਲਾਂਵ ਦਾ ਅਰਥ-ਭਾਵ**: ਵਿਆਹ ਸਮੇਂ ਦੀ ਪਰਿਕ੍ਰਮਾ (ਪ੍ਰਣ), ਜਿਸ ਦੁਆਰਾ ਸੰਗਤ ਦੀ ਹਾਜ਼ਰੀ ਵਿਚ ਲੜਕੀ ਤੇ ਲੜਕਾ ਪ੍ਰਣ ਕਰਦੇ ਹਨ ਕਿ ਅਸੀਂ ਜੀਵਨ ਭਰ ਦੁਖ-ਸੁਖ ਸਮੇਂ ਇਕੱਠੇ ਰਹਾਂਗੇ। ਇਸ ਸੰਕਲਪ ਨੂੰ ਧਿਆਨ ਵਿਚ ਰੱਖਦਿਆਂ, ਸੁਭਾਗ ਜੋੜੀ ਨੂੰ ਸਪੱਸ਼ਟ ਕੀਤਾ ਜਾਵੇ ਕਿ ਇਹ ਲਾਵਾਂ ਦਾ ਪਾਠ ਅਥਵਾ ਪਰਿਕ੍ਰਮਾ ਮਾਤਰ ਰਸਮ ਨਹੀਂ ਸਗੋਂ ਜੀਵਨ ਭਰ ਲਈ ਤੁਹਾਡਾ ਗ੍ਰਹਿਸਤ ਆਸ਼ਰਮ ਵਿਚ ਪ੍ਰਵੇਸ਼ ਹੈ। ਤੁਸਾਂ ਦੋਹਾਂ ਨੇ ਰਲ ਕੇ ਜੀਵਨ ਦਾ ਸਫ਼ਰ ਤਹਿ ਕਰਨਾ ਹੈ। ਸੁਖ-ਦੁਖ, ਅਮੀਰੀ-ਗ਼ਰੀਬੀ ਤੇ ਤੰਦਰੁਸਤੀ, ਬੀਮਾਰੀ ਸਮੇਂ ਇਕ ਦੂਜੇ ਨੂੰ ਭਰਪੂਰ ਸਾਥ ਦੇਣਾ ਹੈ। ਆਪਣੇ ਜੀਵਨ ਦੇ ਹਰ ਪਲ ਨੂੰ ਸਾਂਝੇ ਕਰਦਿਆਂ, ਨਿਰਮਲ ਭਉ ਵਿਚ ਰਹਿੰਦਿਆਂ ਭਲੇ ਪੁਰਖਾਂ ਦੀ ਸੰਗਤ ਕਰਦਿਆਂ ਅਤੇ ਸਹਜ ਵਿਚ ਵਿਚਰਦਿਆਂ ਆਪਣੇ ਲੋਕ


Sri Satguru Jagjit Singh Ji eLibrary NamdhariElibrary@gmail.com

ਅਤੇ ਪ੍ਰਲੋਕ ਨੂੰ ਸਫਲਾ ਕਰਨਾ ਹੈ। ਦੋ ਸਿੱਖਾਂ ਦੇ ਮਿਲਣ ਵਾਂਗ ਸੰਗਤ ਕਰਦਿਆਂ ਸ਼ੁਭ ਗੁਣਾਂ ਦੀ ਸੰਭਾਲ ਕਰਦਿਆਂ ਆਪਣੇ ਸਾਂਝੇ ਭਰਤਾ (ਪਤੀ) ਸ੍ਰੀ ਅਕਾਲ ਪੁਰਖ ਨਾਲ ਆਤਮਿਕ ਤੌਰ 'ਤੇ ਇਕਮਿਕ ਹੋਣਾ ਹੈ, ਜਿਸ ਦੇ ਲੜ ਸਾਨੂੰ ਸਾਡੇ ਧਰਮ ਗੁਰੂ ਨੇ ਲਾਇਆ ਹੈ।

**ਏਕ ਜੋਤਿ ਦੁਇ ਮੂਰਤੀ** : ਇਸ ਪ੍ਰਕਾਰ ਜੀਵਨ ਭਰ ਵਿਚਰਦਿਆਂ ਤੁਹਾਡੇ ਸਰੀਰ ਭਾਵੇਂ ਦੋ ਹੀ ਹੋਣ ਪਰ ਦੋਹਾਂ ਦੀ ਵੀਚਾਰਧਾਰਕ ਸਾਂਝ ਇਕ ਹੀ ਜੋਤ ਵਾਂਗ ਦਿਖਾਈ ਦੇਵੇ। ਇਸੇ ਤਰ੍ਹਾਂ ਹੀ ਸੁਰਤੀ ਕਰਕੇ ਆਪਣੇ ਸਾਂਝੇ ਭਰਤੇ ਪਰਮਜੋਤ ਪਰਮੇਸ਼ਰ ਨਾਲ ਇਕਮਿਕ ਰਹਿਣ ਵਾਲਿਆਂ ਨੂੰ ਹੀ ਗੁਰੂ ਸਾਹਿਬ ਨੇ ਸਫਲ ਪਤੀ ਪਤਨੀ ਕਿਹਾ ਹੈ। ਗੁਰਵਾਕ :

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥** *(ਗੁ: ਗ੍ਰੰ: ਸਾ:, ਪੰਨਾ 788)*

**ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ-ਵੱਖਰੇ ਗ੍ਰਹਿਸਤ ਧਰਮ ਦੇ ਫ਼ਰਜ਼ ਦੱਸੇ ਜਾਣ। ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਵਾਂ ਵਿਚ ਇੱਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।**

***ਵਿਆਖਿਆ :***

**ਲੜਕੇ ਨੂੰ ਉਪਦੇਸ਼** : ਵਰ ਨੂੰ ਦੱਸਿਆ ਜਾਵੇ ਕਿ ਹੇ ਗੁਰੂ ਕੇ ਲਾਲ, ਗੁਰਮੁਖ ਜੀਓ! ਅੱਜ ਬੀਬੀ ਦੇ ਮਾਪੇ, ਸਤਿਗੁਰੂ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਆਪਣੀ ਧੀ ਨੂੰ ਆਪ ਦੇ ਲੜ ਲਾ ਰਹੇ ਹਨ, ਤੁਸਾਂ ਸਦਾ ਇਸ ਨੂੰ ਆਪਣੀ ਪਤਨੀ ਮੰਨ ਕੇ ਇਸ ਨਾਲ ਪਿਆਰ ਵਾਲਾ ਵਰਤਾਉ ਕਰਨਾ। ਅੱਜ ਤੋਂ ਇਹ ਆਪ ਦੇ ਲੜ ਲੱਗੀ ਹੈ, ਤੁਸਾਂ ਸਦਾ ਇਸ ਦੇ ਸੁਖ-ਦੁਖ ਨੂੰ ਆਪਣਾ ਸੁਖ-ਦੁਖ ਜਾਨਣਾ ਅਤੇ ਤਨ, ਮਨ, ਧਨ ਨਾਲ ਇਸ ਨੂੰ ਪ੍ਰਸੰਨ ਰੱਖਣ ਦਾ ਯਤਨ ਕਰਨਾ।

ਤੁਸਾਂ ਨੇ ਇਸਤਰੀ-ਬਰਤ ਧਰਮ ਵਿਚ ਪ੍ਰਪੱਕ ਰਹਿ ਕੇ ਆਪਣੀ ਪਤਨੀ ਨਾਲ ਸਾਰੀ ਜ਼ਿੰਦਗੀ ਵਫ਼ਾਦਾਰੀ ਨਿਭਾਉਣੀ ਹੈ। ਜਿਥੇ ਆਪਣੀ ਪਤਨੀ ਨੂੰ ਭਰਪੂਰ ਪਿਆਰ ਦੇਣਾ ਹੈ, ਉਥੇ ਭੁੱਲ ਕੇ ਵੀ ਕਿਸੇ ਹੋਰ ਇਸਤਰੀ ਵੱਲ ਮੰਦੀ ਨਜ਼ਰ ਨਾਲ ਨਹੀਂ ਤੱਕਣਾ। ਯਾਦ ਰੱਖਣਾ ਆਪਣੀ ਇਸਤਰੀ ਤਿਆਗ ਕੇ ਹੋਰਨਾਂ ਨਾਲ ਸੰਬੰਧ ਜੋੜਨ ਵਾਲਾ ਪੁਰਖ ਸਦਾ ਖ਼ੁਆਰ ਹੁੰਦਾ ਹੈ। ਉਹ ਸਿੱਖੀ ਤੋਂ ਗਿਰ ਜਾਂਦਾ ਹੈ, ਜਿਸ ਕਰਕੇ ਨਾ ਹੀ ਗੁਰੂ-ਅਸੀਸ ਦਾ ਪਾਤਰ ਰਹਿੰਦਾ ਹੈ ਅਤੇ ਫਿਰ ਨਾ ਹੀ ਸਮਾਜ ਦੇ ਸਤਿਕਾਰ ਦਾ। ਧਨ, ਸਿਹਤ, ਵਡਿਆਈ ਆਦਿ ਤਾਂ ਮੁੜ ਪ੍ਰਾਪਤ ਹੋ ਜਾਂਦੇ ਹਨ ਪਰ ਉੱਚੇ ਆਚਰਨ ਰੂਪੀ ਤਿੜਕਿਆ ਭਾਂਡਾ ਸਦਾ ਲਈ ਦਾਗ਼ੀ ਹੋ ਜਾਂਦਾ ਹੈ। ਗੁਰਵਾਕ ਹਨ :

**ਜੈਸਾ ਸੰਗੁ ਬਿਸੀਅਰੁ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥**

*(ਗੁ: ਗ੍ਰੰ: ਸਾ:, ਪੰਨਾ 403)*

**ਘਰ ਕੀ ਨਾਰਿ ਤਿਆਗੈ ਅੰਧਾ ॥**
**ਪਰ ਨਾਰੀ ਸਿਉ ਘਾਲੈ ਧੰਧਾ ॥**
**ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥**
**ਅੰਤ ਕੀ ਬਾਰ ਮੂਆ ਲਪਟਾਨਾ ॥** *(ਗੁ: ਗ੍ਰੰ: ਸਾ:, ਪੰਨੇ 1164-65)*

ਭਾਈ ਗੁਰਦਾਸ ਜੀ ਵਾਰਾਂ ਵਿਚ ਇਸ ਸਿਧਾਂਤ ਦੀ ਵਿਆਖਿਆ ਇਉਂ ਕਰਦੇ ਹਨ :

**ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥੪॥੧੨॥**
**ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ ॥੮॥੬॥**
**ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥੧੧॥੨੯॥**

ਗੁਰੂ ਕੇ ਲਾਲ ਜੀ, ਤੁਸਾਂ ਯਾਦ ਰੱਖਣਾ ਹੈ ਕਿ ਹੋਰ ਮੱਤਾਂ ਵਾਲੇ ਭਾਵੇਂ ਇਸਤਰੀ ਨੂੰ ਸ਼ੂਦਰ ਕਹਿ ਕੇ ਜਾਂ ਘਟੀਆ ਮੰਨ ਕੇ ਮਾੜਾ ਵਿਹਾਰ ਕਰਦੇ ਹਨ, ਪਰ ਸਿੱਖ ਮੱਤ ਵਿਚ ਇਸਤਰੀ ਆਪਣੇ ਪਤੀ ਨਾਲ ਅੰਮ੍ਰਿਤ ਛਕਣ ਦੀ ਅਧਿਕਾਰੀ, ਉਸ ਦੀ ਸਲਾਹਕਾਰ, ਵਿੱਦਿਆ ਅਤੇ ਗਿਆਨ ਦੀ ਸਾਂਝੀਵਾਲ ਅਤੇ ਗ੍ਰਹਿਸਤ ਦੀ ਗੱਡੀ ਚਲਾਉਣ ਲਈ ਬਰਾਬਰ ਦਾ ਪਹੀਆ ਹੈ। ਸੋ, ਆਪਣੀ ਪਤਨੀ ਉਪਰ ਪੂਰਾ ਵਿਸ਼ਵਾਸ ਰੱਖਦਿਆਂ ਉਸ ਨੂੰ ਭਰਪੂਰ ਪਿਆਰ ਤੇ ਸਤਿਕਾਰ ਦੇਣਾ ਹੈ।

**ਕੰਨਿਆ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦੇ ਮਾਲਕ ਸਮਝਣਾ, ਦੁਖ-ਸੁਖ, ਦੇਸ-ਪ੍ਰਦੇਸ ਵਿਚ ਆਪਣੇ ਪਤੀ-ਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਵਾਂਗ ਜਾਨਣਾ।**

*(ਸਿੱਖ ਰਹਿਤ ਮਰਯਾਦਾ, ਪੰਨਾ 23-24)*

*ਵਿਆਖਿਆ :*

**ਲੜਕੀ ਨੂੰ ਉਪਦੇਸ਼** : ਕੰਨਿਆ ਨੂੰ ਦੱਸਿਆ ਜਾਵੇ, ਹੇ ਬੀਬੀ ! ਗੁਰੂ ਪਾਤਸ਼ਾਹ ਤੇ ਸੰਗਤ ਦੀ ਹਜ਼ੂਰੀ ਵਿਚ ਆਪ ਨੂੰ ਇਸ ਗੁਰਮੁਖ ਸੱਜਣ ਦੇ ਲੜ ਲਾਇਆ ਜਾ ਰਿਹਾ ਹੈ। ਆਪ ਨੇ ਸਦਾ ਇਨ੍ਹਾਂ ਨੂੰ ਆਪਣਾ ਪਤੀ ਜਾਣਦਿਆਂ ਮਨ, ਬਚਨ ਤੇ ਕਰਮਾਂ ਕਰਕੇ ਜੀਵਨ ਭਰ ਇਨ੍ਹਾਂ ਦਾ ਸਾਥ ਨਿਭਾਉਣਾ, ਹਿਰਦੇ ਕਰਕੇ ਇਨ੍ਹਾਂ ਨੂੰ ਆਪਣੇ ਪਿਆਰ ਤੇ ਸ਼ਰਧਾ ਦੇ ਮਾਲਕ ਸਮਝਣਾ। ਉਨ੍ਹਾਂ ਵਡਭਾਗੀ ਇਸਤਰੀਆਂ ਨੂੰ ਲੋਕ-ਪ੍ਰਲੋਕ ਦੇ ਸੁਖ ਪ੍ਰਾਪਤ ਹੁੰਦੇ ਹਨ ਜੋ ਆਪਣੇ ਪਤੀ ਦੀ ਪ੍ਰਸੰਨਤਾ ਪ੍ਰਾਪਤ ਕਰਦੀਆਂ ਹਨ। ਗੁਰਵਾਕ :


Sri Satguru Jagjit Singh Ji eLibrary NamdhariElibrary@gmail.com

**ਸਾ ਗੁਣਵੰਤੀ ਸਾ ਵਡਭਾਗਣਿ ॥**
**ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥**
**ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥**
**ਅਚਾਰਵੰਤਿ ਸਾਈ ਪਰਧਾਨੇ ॥**
**ਸਭ ਸਿੰਗਾਰ ਬਣੇ ਤਿਸੁ ਗਿਆਨੇ ॥**
**ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥**
**ਮਹਿਮਾ ਤਿਸ ਕੀ ਕਹਣੁ ਨ ਜਾਏ ॥**
**ਜੋ ਪਿਰਿ ਮੇਲਿ ਲਈ ਅੰਗਿ ਲਾਏ ॥**
**ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥**

*(ਗੁ: ਗ੍ਰੰ: ਸਾ:, ਪੰਨਾ 97)*

ਜ਼ਿੰਦਗੀ ਵਿਚ ਸਦਾ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ, ਇਸ ਲਈ ਸੁਖ-ਦੁਖ, ਅਮੀਰੀ-ਗ਼ਰੀਬੀ ਵਿਚ ਪਤੀ ਦਾ ਭਰਪੂਰ ਸਾਥ ਦੇਣਾ। ਇਨ੍ਹਾਂ ਗੁਰਵਾਕਾਂ ਤੋਂ ਸੇਧ ਲੈਣੀ :

**ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥**

*(ਗੁ: ਗ੍ਰੰ: ਸਾ:, ਪੰਨਾ 1306)*

ਪਤੀ ਸੇਵਾ ਨੂੰ ਆਪਣਾ ਪਰਮ ਕਰਤੱਵ ਜਾਨਣਾ। ਗੁਰਵਾਕ :

**ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥**

*(ਗੁ: ਗ੍ਰੰ: ਸਾ:, ਪੰਨਾ 377)*

ਪਤੀ ਦੀ ਆਗਿਆਕਾਰੀ ਬਣ ਕੇ ਰਹਿਣਾ। ਆਗਿਆਕਾਰੀ ਇਸਤਰੀ ਨੂੰ ਸਤਿਗੁਰਾਂ ਨੇ ਭਲਾ ਕਿਹਾ ਹੈ :

**ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥**
**ਜੋ ਕਿਛੁ ਕਰੇ ਸੁ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥**
**ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥**
**ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥**
**ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥**

*(ਗੁ: ਗ੍ਰੰ: ਸਾ:, ਪੰਨਾ 722)*

ਭਾਈ ਨੰਦ ਲਾਲ ਜੀ ਪਿਆਰ ਦੇ ਇਸ ਰੂਪ ਬਾਬਤ ਇਉਂ ਲਿਖਦੇ ਹਨ :

**ਐ ਬੁੱਲ ਫਜ਼ੂਲ ਗੋਯਾ ! ਅਜ਼ਿ ਇਸ਼ਕਿ ਉ ਮ-ਜ਼ਨ ਦਮ,**
**ਕੋ ਪਾ ਨਿ ਹਦ ਦਰੀਂ ਰਾਹ ਆ ਰਾ ਕਿ ਸਰ ਨ ਬਾਸ਼ਦ ॥** *(ਗ਼ਜ਼ਲ 32)*

[ਐ ਨਸੀਹਤਾਂ ਦੇਣ ਵਾਲੇ ਨੰਦ ਲਾਲਾ, ਪਿਆਰ ਦਾ ਦਮ ਨਾ ਮਾਰ, ਜੋ ਵੀ ਇਸ ਰਾਹ 'ਤੇ ਪੈਰ ਰੱਖਦਾ ਹੈ, ਉਸ ਦੇ ਧੜ ਉੱਤੇ ਸਿਰ ਨਹੀਂ ਹੁੰਦਾ। ਭਾਵ ਆਪਣੀ ਹਉਮੈ ਤਿਆਗ ਕਰ ਕੇ ਹੀ ਪਤੀ (ਪਿਆਰ) ਦੇ ਰਾਹ ਚੱਲਿਆ ਜਾ ਸਕਦਾ ਹੈ।]

ਕਰਤਾਰ ਦੇ ਭਾਣੇ ਵਿਚ ਨਾ ਰਹਿਣ ਵਾਲੀਆਂ ਇਸਤਰੀਆਂ ਅਕਸਰ ਭਟਕ ਜਾਂਦੀਆਂ ਹਨ ਅਤੇ ਮੰਤ੍ਰਾਂ ਤੰਤ੍ਰਾਂ ਦੇ ਮਨਮਤੀ ਰਾਹ 'ਤੇ ਟੁਰ ਪੈਂਦੀਆਂ ਹਨ। ਤੁਸਾਂ



Sri Satguru Jagjit Singh Ji eLibrary NamdhariElibrary@gmail.com

ੰ ਗੁਰਬਾਣੀ ਦਾ ਨਿਤਨੇਮ ਆਪ ਵੀ ਕਰਨਾ ਅਤੇ ਪਰਿਵਾਰ ਨੂੰ ਵੀ ਪ੍ਰੇਰਨਾ। ੁਰਬਾਣੀ ਸ੍ਰੇਸ਼ਟ ਉਪਦੇਸ਼ ਹੈ, ਸਰਬ ਸੁਖ ਦਾਤੀ ਹੈ। ਗੁਰਬਾਣੀ ਪੜ੍ਹ ਕੇ ਪਤੀ ਦੇ ਨਰਮਲ ਭਉ ਵਿਚ ਰਹਿਣਾ ਪਤੀ-ਬਰਤਾ ਇਸਤਰੀ ਪਾਸ ਸ੍ਰੇਸ਼ਟ ਮੰਤ੍ਰ ਹੈ, ਜਿਸ ਨਾਲ ਾਰੇ ਕਾਰਜ ਸਿੱਧ ਹੋ ਜਾਂਦੇ ਹਨ। ਗੁਰਵਾਕ :

**ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥**

*(ਗੁ: ਗ੍ਰੰ: ਸਾ:, ਪੰਨਾ 725)*

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥** *(ਗੁ: ਗ੍ਰੰ: ਸਾ:, ਪੰਨਾ 1384)*

ਪਤੀ ਨੂੰ ਸਦਾ ਨੇਕ ਸਲਾਹ ਦੇਣੀ। ਭਲੀ ਸਲਾਹ ਦੇਣ ਨਾਲ ਵਿਰੋਧੀ ਵੀ ਵਰੋਧ ਤਿਆਗ ਕੇ ਹਿਤੂ ਹੋ ਜਾਂਦੇ ਹਨ ਅਤੇ ਗ੍ਰਹਿਸਤ ਜੀਵਨ ਸੁਖੀ ਬੀਤਦਾ ਹੈ। ੁਰਵਾਕ :

**ਸਭ ਪਰਵਾਰੈ ਮਾਹਿ ਸਰੇਸਟ ॥**
**ਮਤੀ ਦੇਵੀ ਦੇਵਰ ਜੇਸਟ ॥**
**ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ॥**
**ਜਨ ਨਾਨਕ ਸੁਖੇ ਸੁਖਿ ਵਿਹਾਇ ॥੪॥** *(ਗੁ: ਗ੍ਰੰ: ਸਾ:, ਪੰਨਾ 371)*

ਪਤੀ ਅਤੇ ਉਸ ਦੇ ਸੰਬੰਧੀਆਂ ਨੂੰ ਸਦਾ ਨਿਮਰਤਾ ਵਿਚ ਰਹਿ ਕੇ ਮਿੱਠਾ ਬੋਲਣਾ ਾਂ ਇਸ ਤਰ੍ਹਾਂ ਸਭਨਾਂ ਦੀ ਪ੍ਰਸੰਨਤਾ ਤੇ ਅਸੀਸ ਲੈਣ ਦਾ ਯਤਨ ਕਰਨਾ। ਗੁਰਵਾਕ :

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥** *(ਗੁ: ਗ੍ਰੰ: ਸਾ:, ਪੰਨਾ 470)*

ਮਾਂ ਬਾਪ ਤੋਂ ਵੱਖ ਰਹਿ ਕੇ, ਕਿਰਤ ਵਿਰਤ ਕਰ ਕੇ ਗ੍ਰਹਿਸਤ ਚਲਾਉਣਾ ਗੁਨਾਹ ਹੀਂ ਪਰ ਮਾਂ ਬਾਪ 'ਤੇ ਝੂਠੇ ਦੋਸ਼ ਲਾ ਕੇ, ਲੜਾਈ ਝਗੜਾ ਕਰ ਕੇ ਅਤੇ ਉਨ੍ਹਾਂ ਦੀ ਵਾ ਸੰਭਾਲ ਤਿਆਗਣ ਵਾਲੇ ਕਦੀ ਵੀ ਧਰਮ ਦੇ ਤੱਤ ਨੂੰ ਨਹੀਂ ਜਾਣ ਸਕਦੇ, ਾਹੇ ਜਿਤਨਾ ਮਰਜ਼ੀ ਲੋਕਾਚਾਰ ਕਰਦੇ ਫਿਰਨ।

**ਮਾਂ ਪਿਉ ਪਰਹਰਿ ਸੁਣੈ ਵੇਦੁ, ਭੇਦੁ ਨ ਜਾਣੈ ਕਥਾ ਕਹਾਣੀ ॥**
**ਮਾਂ ਪਿਉ ਪਰਹਰਿ ਕਰੈ ਤਪੁ, ਵਣਖੰਡਿ ਭੁਲਾ ਫਿਰੈ ਬਿਬਾਣੀ ॥**
**ਮਾਂ ਪਿਉ ਪਰਹਰਿ ਕਰੈ ਪੂਜ, ਦੇਵੀ ਦੇਵ ਨ ਸੇਵ ਕਮਾਣੀ ॥**
**ਮਾਂ ਪਿਉ ਪਰਹਰਿ ਨਾਵਣਾ, ਅਠਸਠਿ ਤੀਰਥ ਘੁੰਮਣ ਵਾਣੀ ॥**
**ਮਾਂ ਪਿਉ ਪਰਹਰਿ ਕਰੈ ਦਾਨ, ਬੇਈਮਾਨ ਅਗਿਆਨ ਪਰਾਣੀ ॥**
**ਮਾਂ ਪਿਉ ਪਰਹਰਿ ਵਰਤ ਕਰਿ, ਮਰਿ ਮਰਿ ਜੰਮੈ ਭਰਮਿ ਭੁਲਾਣੀ ॥**
**ਗੁਰੁ ਪਰਮੇਸਰੁ ਸਾਰੁ ਨ ਜਾਣੀ ॥੧੩॥੩੭॥** *(ਵਾਰਾਂ ਭਾਈ ਗੁਰਦਾਸ ਜੀ)*

ਪਰ ਬੀਬੀ ਜੀ! ਆਪ ਨੂੰ ਦੱਸੇ ਤੇ ਹੋਰ ਸਾਰੇ ਸ਼ੁਭ ਗੁਣ : ਨਿਮਰਤਾ, ਮਿਠਾਸ, ਹਿਣਸ਼ੀਲਤਾ, ਪਿਆਰ, ਸੇਵਾ ਭਾਵਨਾ ਤੇ ਦ੍ਰਿੜ੍ਹਤਾ ਆਦਿ ਆਪ ਨੂੰ ਤਾਂ ਹੀ ਪ੍ਰਾਪਤ ਸਕਦੇ ਹਨ ਜੇ ਤੁਸੀਂ ਆਪ ਆਪਣੇ ਧਰਮ ਨੂੰ ਦ੍ਰਿੜ੍ਹ ਹੋਵੋ ਭਾਵ ਧਰਮ-ਗੁਰੂ ਸ੍ਰੀ ੁਰੂ ਗ੍ਰੰਥ ਸਾਹਿਬ ਜੀ ਦੀ ਸ੍ਰੇਸ਼ਟ ਸਿੱਖਿਆ ਨੂੰ ਆਪ ਨੇ ਹਿਰਦੇ ਵਿਚ ਦ੍ਰਿੜ੍ਹ ਕੀਤਾ


Sri Satguru Jagjit Singh Ji eLibrary NamdhariElibrary@gmail.com

ਹੋਇਆ ਹੋਵੇ। ਇਸ ਲਈ ਅਸੀਂ ਤੁਹਾਨੂੰ ਤਾਗੀਦ ਕਰਦੇ ਹਾਂ ਕਿ ਆਪ ਨੇ ਸਦਾ ਹੀ ਨਿਤਨੇਮੀ ਹੋ ਕੇ, ਗੁਰਮਤਿ ਅਨੁਸਾਰ ਚੱਲਦਿਆਂ, ਸੇਵਾ ਭਾਵਨਾ ਵਾਲੇ ਸੰਜਮੀ ਜੀਵਨ ਦੇ ਧਾਰਨੀ ਹੋਣ ਦਾ ਯਤਨ ਕਰਨਾ ਤਾਂ ਜੁ ਆਪ ਘਰ ਪਰਿਵਾਰ ਤੇ ਗੁਰੂ ਪੰਥ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਖ਼ੂਬਸੂਰਤੀ ਨਾਲ ਨਿਭਾਅ ਸਕੋ। ਗੁਰਵਾਕ :

**ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥**
**ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮੁਤਿ ਅੰਕਿ ਸਮਾਏ ॥੪॥**

*(ਗੁ: ਗ੍ਰੰ: ਸਾ:, ਪੰਨਾ 764)*

**ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਹੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ।**

*ਵਿਆਖਿਆ :*

**ਉਪਦੇਸ਼ ਨੂੰ ਮੰਨਣਾ** : ਉਪਰੋਕਤ ਅਨੁਸਾਰ ਹੋਏ ਉਪਦੇਸ਼ ਨੂੰ ਸੁਣ ਕੇ ਲੜਕਾ ਅਤੇ ਲੜਕੀ ਦੋਵੇਂ ਹੀ ਗੁਰੂ ਸਾਹਿਬ ਅੱਗੇ ਮੱਥਾ ਟੇਕਣ। ਇਸ ਸਮੇਂ ਉਪਦੇਸ਼ ਰੂਪ ਵਿਚ ਗ੍ਰਿਹਸਤ ਜੀਵਨ ਦੀ ਸਫਲਤਾ ਬਾਰੇ ਗੁਰਮਤਿ ਅਨੁਸਾਰ ਦੱਸਿਆ ਜਾਵੇ, ਨਾ ਕਿ ਕੁਝ ਅਜਿਹਾ ਕਰਨਾ ਪ੍ਰਵਾਨ ਕਰਨ ਲਈ ਆਖਿਆ ਜਾਵੇ ਜਿਸ ਲਈ ਉਹ ਪਹਿਲਾਂ ਮਾਨਸਿਕ ਤੌਰ 'ਤੇ ਤਿਆਰ ਨਾ ਹੋਣ ਜਾਂ ਜੋ ਕਰਨ ਦੇ ਲਈ ਫ਼ੈਸਲਾ ਕਰਨ ਵਿਚ ਉਨ੍ਹਾਂ ਨੂੰ ਦੁਬਿਧਾ ਹੋਵੇ। ਅਗਰ ਇਸ ਸਮੇਂ ਉਪਦੇਸ਼ਕ ਵੱਲੋਂ ਲਾਵਾਂ ਤੋਂ ਪਹਿਲਾਂ ਸ਼ਰਤ-ਰੂਪ ਕੁਝ ਅਜਿਹਾ ਪ੍ਰਵਾਨ ਕਰਨ ਲਈ ਕਿਹਾ ਜਾਂਦਾ ਹੈ ਜੋ ਕਰਨ ਲਈ ਉਸ ਸਮੇਂ ਵਰ ਤੇ ਕੰਨਿਆ ਤਿਆਰ ਨਹੀਂ ਹੁੰਦੇ ਤਾਂ ਮਾਹੌਲ ਨੂੰ ਨਾਖ਼ੁਸ਼ਗਵਾਰ ਬਣਾਉਣ ਦੀ ਜ਼ਿੰਮੇਵਾਰੀ ਉਪਦੇਸ਼ਕ ਸੱਜਣ ਦੀ ਬਣ ਜਾਂਦੀ ਹੈ, ਇਸ ਲਈ ਬਚਨ ਕਰਨ ਲੱਗਿਆਂ ਸਾਵਧਾਨੀ ਵਰਤਣ ਦੀ ਲੋੜ ਹੈ।

**ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ 'ਸੂਹੀ ਮਹਲਾ ੪' ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ।**

*ਵਿਆਖਿਆ :*

ਵਰ ਤੇ ਕੰਨਿਆ ਵੱਲੋਂ ਪ੍ਰਾਪਤ ਉਪਦੇਸ਼ ਦੀ ਪ੍ਰਵਾਨਗੀ ਵਜੋਂ ਗੁਰੂ ਸਾਹਿਬ ਅੱਗੇ ਮੱਥਾ ਟੇਕੇ ਜਾਣ ਉਪਰੰਤ ਲੜਕੀ ਦਾ ਪਿਤਾ ਜਾਂ ਉਸ ਦੀ ਗ਼ੈਰ-ਹਾਜ਼ਰੀ ਵਿਚ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ।

**ਲਾਵਾਂ ਦਾ ਪਾਠ** : ਸੂਹੀ ਰਾਗ ਦੇ ਛੰਤਾਂ ਦੇ ਸੰਗ੍ਰਹਿ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਉਚਾਰਣ ਕੀਤਾ ਹੋਇਆ ਇਹ ਇਕ ਛੰਤ ਹੈ, ਜਿਸ ਦੇ ਛੇ-ਛੇ ਤੁਕਾਂ ਦੇ ਚਾਰ ਪਦ ਹਨ। ਇਨ੍ਹਾਂ ਚੌਹਾਂ ਪਦਾਂ ਵਿਚ ਚਾਰ ਲਾਵਾਂ ਰਾਹੀਂ ਸੰਸਾਰਕ ਤੇ ਅਧਿਆਤਮਕ ਉਪਦੇਸ਼ ਵਰਣਨ ਹੈ ਅਰ ਇਹ ਪਵਿੱਤਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 773-74 'ਤੇ ਸੁਸ਼ੋਭਿਤ ਹੈ।


Sri Satguru Jagjit Singh Ji eLibrary NamdhariElibrary@gmail.com

**ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾ ਕਰਨ। ਪ੍ਰਕਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਂਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆ ਹਰ ਇਕ ਲਾਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ।**

*ਵਿਆਖਿਆ :*

**ਪ੍ਰਕਰਮਾ ਕਰਨੀਆਂ** : ਗੁਰੂ ਪੰਥ ਦੇ ਹੁਕਮ ਅਨੁਸਾਰ ਇਹ ਜ਼ਰੂਰੀ ਹੈ ਕਿ ਹਰੇਕ ਲਾਂਵ ਦੇ ਪਾਠ ਉਪਰੰਤ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਰਮਾ ਕਰਨ। ਕੇਵਲ ਪਾਠ ਸੁਣਨਾ ਤੇ ਪ੍ਰਕਰਮਾ ਨਾ ਕਰਨੀਆਂ ਕੇਵਲ ਆਪ-ਹੁਦਰੀ ਅਗਿਆਨੀ ਕਾਰਵਾਈ ਹੈ ਕਿਉਂਕਿ ਲਾਂਵ ਦਾ ਅਰਥ ਹੀ ਹੈ: ਵਿਆਹ ਸਮੇਂ ਦੀ ਪ੍ਰਕਰਮਾ (ਫੇਰਾ)। ਇਥੇ ਇਹ ਧਿਆਨ ਕਰਨਾ ਜ਼ਰੂਰੀ ਹੈ ਕਿ:

i. ਹਰੇਕ ਪ੍ਰਕਰਮਾ ਕਰਨ ਸਮੇਂ ਕੰਨਿਆ (ਲੜਕੀ) ਵਰ (ਲੜਕੇ) ਦੇ ਪਿੱਛੇ ਹੀ ਚੱਲੇ, ਜੇਹਾ ਕਿ ਸੰਕੇਤ ਹੈ, "ਪਲੈ ਤੈਡੇ ਲਾਗੀ॥"

ii. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਕਰਮਾ ਸਦਾ ਖੱਬੇ ਤੋਂ ਸੱਜੇ ਕਰਨ ਦੀ ਆਗਿਆ ਹੈ।

iii. ਪ੍ਰਕਰਮਾ ਕੇਵਲ ਚਾਰ ਹੀ ਕਰਨੀਆਂ ਹਨ, ਵਧੀਕ ਪੰਜ ਜਾਂ ਸੱਤ ਨਹੀਂ, ਕਿਉਂਕਿ ਸਤਿਗੁਰਾਂ ਨੇ ਲਾਵਾਂ ਚਾਰ ਹੀ ਉਚਾਰਨ ਕੀਤੀਆਂ ਹਨ।

iv. ਲਾਵਾਂ ਦਾ ਪਾਠ ਸੁਣਨ ਸਮੇਂ ਆਮ ਤੌਰ 'ਤੇ ਜੋੜੀ ਬੈਠੀ ਰਹਿੰਦੀ ਹੈ ਜਦ ਕਿ ਗੁਰੂ ਪੰਥ ਦੇ ਹੁਕਮ ਅਨੁਸਾਰ ਇਸ ਸਮੇਂ ਜੋੜੀ ਨੂੰ ਲਾਵਾਂ ਦਾ ਪਾਠ ਖੜ੍ਹੇ ਹੋ ਕੇ ਸੁਣਨਾ ਜ਼ਰੂਰੀ ਹੈ।

**ਉਪਰੰਤ ਮੱਥਾ ਟੇਕ ਕੇ ਆਪਣੀ ਥਾਂ 'ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਆਨੰਦ ਕਰਾਉਣ ਵਾਲਾ ਅਨੰਦੁ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ। ਫਿਰ 'ਆਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।**

*ਵਿਆਖਿਆ :*

**ਅਨੰਦੁ ਦਾ ਪਾਠ** : ਲਾਵਾਂ ਦਾ ਪਾਠ ਤੇ ਪ੍ਰਕਰਮਾ ਹੋ ਜਾਣ ਉਪਰੰਤ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਬੈਠ ਜਾਵੇ ਅਤੇ ਅਨੰਦੁ (ਸਾਹਿਬ) ਦੀਆਂ ਪਹਿਲੀਆਂ ਪੰਜ ਤੇ ਅੰਤਲੀ ਪਉੜੀ ਦਾ ਪਾਠ ਜਾਂ ਕੀਰਤਨ ਹੋਵੇ। ਇਹ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 917-20 'ਤੇ ਸੁਸ਼ੋਭਿਤ ਹੈ। ਅਨੰਦੁ (ਸਾਹਿਬ) ਦਾ ਪਾਠ ਹੋ ਚੁਕਣ ਉਪਰੰਤ ਆਨੰਦ ਕਾਰਜ ਦੀ ਸੰਪੂਰਨਤਾ ਦਾ ਅਰਦਾਸਾ ਸੋਧਿਆ ਜਾਵੇ। ਫਿਰ ਹੁਕਮਨਾਮਾ ਹੋਣ ਉਪਰੰਤ ਕੜਾਹ-ਪ੍ਰਸ਼ਾਦ ਵਰਤਾਇਆ ਜਾਵੇ।

ਇਸ ਸਮੇਂ ਧਿਆਨ ਰਹੇ ਕਿ ਕਿਸੇ ਪ੍ਰਕਾਰ ਦੇ ਗੀਤ (ਸਿਹਰਾ, ਸਿੱਖਿਆ ਆਦਿ)



Sri Satguru Jagjit Singh Ji eLibrary NamdhariElibrary@gmail.com

ਪੜ੍ਹਨੇ ਜਾਂ ਗਾਉਣੇ ਕੇਵਲ ਝੂਠ ਬੋਲ ਕੇ ਧਨ ਬਟੋਰਨ ਦੀ ਕਿਰਿਆ ਜਾਪਦੀ ਹੈ। ਇਸੇ ਤਰ੍ਹਾਂ ਕੁਝ ਸੱਜਣਾਂ ਵੱਲੋਂ ਦਿੱਤੇ ਜਾਣ ਵਾਲੇ ਭਾਸ਼ਨ ਵੀ ਆਮ ਤੌਰ 'ਤੇ ਗੁਰਬਾਣੀ ਸਿਧਾਂਤ ਤੋਂ ਸੱਖਣੇ ਹੁੰਦੇ ਹਨ। ਇਸ ਕਰਕੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਅਜਿਹਾ ਕੁਝ ਵੀ ਨਹੀਂ ਕਰਨਾ ਚਾਹੀਦਾ ਜਿਸ ਨਾਲ ਮਰਯਾਦਾ ਦੀ ਪਵਿੱਤਰਤਾ ਦੀ ਉਲੰਘਣਾ ਹੋਵੇ।

**(ਚ) ਅਨਮੱਤ ਵਾਲਿਆਂ ਦਾ ਵਿਆਹ 'ਆਨੰਦ' ਰੀਤੀ ਨਾਲ ਨਹੀਂ ਹੋ ਸਕਦਾ।**

*ਵਿਆਖਿਆ :*

**ਅਨਮੱਤ ਵਾਲਿਆਂ ਦਾ ਵਿਆਹ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ 'ਆਨੰਦ' ਕਾਰਜ ਸਿਰਫ਼ ਗੁਰੂ ਗ੍ਰੰਥ-ਪੰਥ ਦੀ ਆਗਿਆ ਅਨੁਸਾਰ ਚੱਲਣ ਵਾਲਿਆਂ ਦਾ ਹੀ ਹੋ ਸਕਦਾ ਹੈ। ਜੋ ਗੁਰੂ-ਮੱਤ ਵਿਚ ਸ਼ਾਮਲ ਨਹੀਂ ਹਨ ਜਾਂ ਕਿਸੇ ਹੋਰ ਮੱਤ ਦੇ ਧਾਰਨੀ ਹਨ ਉਨ੍ਹਾਂ ਦਾ ਵਿਆਹ 'ਆਨੰਦ' ਰੀਤੀ ਨਾਲ ਨਹੀਂ ਹੋ ਸਕਦਾ। ਸਪੱਸ਼ਟ ਹੈ ਕਿ ਜੋ ਵਿਅਕਤੀ ਗੁਰੂ ਸਾਹਿਬ ਜੀ ਨੂੰ ਆਪਣਾ ਧਰਮ-ਗੁਰੂ ਮੰਨਦਾ ਹੀ ਨਹੀਂ, ਉਸ ਦੇ ਅੰਦਰ ਗੁਰੂ ਸਾਹਿਬ ਦੀ ਸਿੱਖਿਆ ਅਥਵਾ ਸਿਧਾਂਤ ਦਾ ਕੀ ਸਤਿਕਾਰ ਹੈ ? ਅਰ ਸਤਿਕਾਰ ਤੋਂ ਵਿਹੂਣੇ ਵਿਅਕਤੀਆਂ ਦਾ ਵਿਆਹ ਆਨੰਦ ਰੀਤੀ ਨਾਲ ਕਰਨਾ ਕੀ ਮਹੱਤਵ ਰੱਖਦਾ ਹੈ ਅਥਵਾ ਉਸ ਵੱਲੋਂ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਪ੍ਰਕਾਰ ਦਾ ਕੀਤਾ ਪ੍ਰਣ ਕੀ ਅਰਥ ਰੱਖਦਾ ਹੈ ? ਇਸ ਲਈ ਗੁਰੂ ਪੰਥ ਦਾ ਹੁਕਮ ਹੈ ਕਿ ਜੋ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦਾ ਹੈ, ਉਸ ਦਾ ਵਿਆਹ ਹੀ ਆਨੰਦ ਰੀਤੀ ਨਾਲ ਹੋਵੇ। ਜੋ ਵਿਅਕਤੀ ਕਿਸੇ ਹੋਰ ਮੱਤ ਵਿਚ ਵਿਸ਼ਵਾਸ ਰੱਖਦਾ ਹੈ ਪਰ ਆਨੰਦ ਰੀਤੀ ਨੂੰ ਕਿਸੇ ਤਰ੍ਹਾਂ ਵੀ ਲਾਭਦਾਇਕ (?) ਸਮਝ ਕੇ ਵਿਆਹ ਲਈ ਇਥੇ ਆ ਜਾਂਦਾ ਹੈ, ਐਸੇ ਡੰਗ-ਟਪਾਊਆਂ ਦਾ ਨਹੀਂ ਜਾਂ ਦੂਜੇ ਲਫ਼ਜ਼ਾਂ ਵਿਚ ਆਨੰਦ ਕਾਰਜ ਕਰਾਉਣ ਵਾਲੇ ਵਿਅਕਤੀ ਲਈ ਗੁਰੂ ਕਾ ਸਿੱਖ ਹੋਣਾ ਜ਼ਰੂਰੀ ਹੈ ਅਰ ਜੋ ਗੁਰੂ-ਮੱਤ ਦਾ ਧਾਰਨੀ ਨਹੀਂ 'ਆਨੰਦ' ਰੀਤੀ ਵੀ ਉਸ ਲਈ ਨਹੀਂ।

**(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।**

*ਵਿਆਖਿਆ :*

**ਪੈਸਾ ਲੈ ਕੇ ਸੰਜੋਗ ਕਰਨਾ** : ਧਨ ਪਦਾਰਥ ਜਾਂ ਹੋਰ ਲਾਲਚ ਦੇ ਕੇ ਬੱਚਿਆਂ ਦੇ ਰਿਸ਼ਤੇ ਕਰਨ ਨਾਲ ਅਨੇਕਾਂ ਪਰਿਵਾਰਕ ਖ਼ਰਾਬੀਆਂ ਪੈਦਾ ਹੋ ਸਕਦੀਆਂ ਹਨ, ਜਿਸ ਕਾਰਨ ਕਈ ਵਾਰ ਬੱਚਿਆਂ ਦਾ ਭਵਿੱਖ ਵੀ ਦਾਅ 'ਤੇ ਲੱਗ ਜਾਂਦਾ ਹੈ। ਭਾਈ ਚਉਪਾ ਸਿੰਘ ਜੀ ਰਹਿਤਨਾਮੇ ਵਿਚ ਇਸ ਬਾਬਤ ਢੁਕਵਾਂ ਸੰਕੇਤ ਕਰਦੇ ਹਨ :

> ਗੁਰੂ ਕਾ ਸਿੱਖ ਸਾਕ ਸਿੱਖ ਨਾਲ ਕਰੈ। ਦੇਣ ਲੈਣ ਦਾ ਲਾਲਚ ਨਾ ਕਰੇ। ਹਾਣ ਦੇਖੇ, ਹੱਡ ਸੁੱਚਾ ਦੇਖੇ, ਮੱਥਾ ਮਿਲਦਾ ਦੇਖ ਲਵੇ। "ਮੂਲੁ ਜਾਨਿ ਗਲਾ ਕਰੇ, ਹਾਣਿ ਲਾਏ ਹਾਣੁ॥" ਗੁਰੂ ਕਾ 'ਸਿੱਖ ਗ਼ਰੀਬ ਸਿੱਖ ਨਾਲ ਨਾਤਾ ਕਰੈ, ਗੁਰੂ ਗੰਢ ਪਾਉਂਦਾ ਹੈ।



Sri Satguru Jagjit Singh Ji eLibrary NamdhariElibrary@gmail.com

**(ਜ) ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾਇ ਕੈ ਬਾਲਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ, ਸਭ ਭਰਮ ਹੈ। ਖ਼ਾਲਸੇ ਨੂੰ ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖ਼ਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਵਿਚ ਮੇਂ ਖਾਂਦੇ ਰਹਿਣ, ਇਸੇ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।**

***ਵਿਆਖਿਆ :***

**ਧੀ ਦੇ ਘਰ ਦਾ ਖਾਣਾ** : 'ਸਿੱਖ ਰਹਿਤ ਮਰਯਾਦਾ' ਦੇ ਪੰਨਾ 24 ਉਪਰ ਅੰਕਿਤ ਇਸ ਨਿਯਮ ਦੇ ਫੁੱਟ ਨੋਟ ਵਿਚ *ਪ੍ਰੇਮ ਸੁਮਾਰਗ* ਗ੍ਰੰਥ ਦਾ ਨਾਂ ਵੀ ਨੋਟ ਕੀਤਾ ਹੋਇਆ ਹੈ, ਜਿਥੋਂ ਇਹ ਮੂਲ ਪਾਠ ਲਿਆ ਗਿਆ ਜਾਪਦਾ ਹੈ (ਧਿਆਨ ਕਰਨਯੋਗ ਹੈ ਕਿ ਬਾਕੀ ਸਾਰੀ ਮਰਯਾਦਾ ਵਿਚ ਹੋਰ ਕਿਸੇ ਥਾਂ ਵੀ ਕਿਸੇ ਗ੍ਰੰਥ ਦਾ ਹਵਾਲਾ ਇਉਂ ਨਹੀਂ ਦਿੱਤਾ ਹੋਇਆ)।

ਇਹ ਭਰਮ ਬਿਪਰਵਾਦ ਦਾ ਪੈਦਾ ਕੀਤਾ ਹੋਇਆ ਸੀ ਕਿ ਇਸਤਰੀ ਸ਼ੂਦਰ ਹੈ ਜਿਸ ਕਰਕੇ ਮਰਦ ਪ੍ਰਧਾਨ ਸਮਾਜ ਵਿਚ ਮਰਦ ਦੇ ਬਰਾਬਰ ਇਸ ਨੂੰ ਸਤਿਕਾਰ ਨਾਲ ਨਹੀਂ ਦੇਖਿਆ ਜਾਂਦਾ ਸੀ। ਨਾ ਹੀ ਲੜਕੇ ਵਾਂਗ ਧਿਆਨ ਨਾਲ ਇਸ ਦੀ ਪਾਲਣਾ ਪੋਸਣਾ ਕੀਤੀ ਜਾਂਦੀ ਸੀ ਅਤੇ ਨਾ ਹੀ ਵਿੱਦਿਅਕ ਜਾਂ ਸਰੀਰਕ ਯੋਗਤਾ ਵਿਚ ਨਿਪੁੰਨ ਕਰਨ ਵੱਲ ਮਾਪੇ ਬਹੁਤਾ ਧਿਆਨ ਦੇਂਦੇ ਸਨ। ਇਕ ਕੋਝਾ ਜਿਹਾ ਅਹਿਸਾਸ ਪੈਦਾ ਕਰ ਦਿੱਤਾ ਗਿਆ ਸੀ ਕਿ ਧੀ ਇਕ ਅਣਲੋੜੀਂਦਾ ਬੋਝ ਹੈ ਜੋ ਪਹਿਲਾਂ ਮਾਪੇ ਉਠਾਉਂਦੇ ਹਨ ਫਿਰ ਵਿਆਹ ਉਪਰੰਤ ਸਦਾ ਲਈ ਉਸ ਦਾ ਪਤੀ ਅਰ ਜੋ ਪਤੀ (ਵਿਚਾਰਾ ?) ਪਹਿਲਾਂ ਹੀ ਸਾਡੀ ਧੀ ਦਾ ਬੋਝ ਉਠਾ ਰਿਹਾ ਹੈ, ਕੀ ਉਸ ਦੇ ਘਰ ਜਾ ਕੇ ਪ੍ਰਾਹੁਣਾਚਾਰੀ ਦਾ ਹੋਰ ਬੋਝ ਪਾਉਣਾ 'ਬੱਜਰ ਪਾਪ' ਨਹੀਂ ? ਸਾਨੂੰ ਜਾਪਦਾ ਹੈ ਕਿ ਅਜਿਹੀ ਸੋਚ ਨੇ ਹੀ ਇਸ ਵਰਤਾਰੇ ਨੂੰ ਜਨਮ ਦਿੱਤਾ ਕਿ ਵਿਆਹੀ ਧੀ ਦੇ ਘਰ ਦਾ ਤਾਂ ਪਾਣੀ ਪੀਣਾ ਵੀ ਪਾਪ ਹੈ। ਦੂਜੇ ਪਾਸੇ ਲੜਕਾ (ਜੁਆਈ) ਜਾਂ ਉਸ ਦੇ ਮਾਪੇ ਆਦਿ ਜਦੋਂ ਲੜਕੀ ਦੇ ਪੇਕਿਆਂ ਦੇ ਜਾਂਦੇ ਤਾਂ ਉਥੇ ਜਾ ਕੇ ਗੁੱਲਛਰੇ ਉਡਾਉਣੇ ਅਤੇ ਉਨ੍ਹਾਂ ਉਪਰ ਕੀਤੇ ਅਹਿਸਾਨ (?) ਦਾ ਅਹਿਸਾਸ ਕਰਾਉਣਾ ਆਪਣਾ ਰੱਬੀ ਅਧਿਕਾਰ ਸਮਝਦੇ। ਗੁਰੂ ਪੰਥ ਨੇ ਇਨਸਾਨੀਅਤ ਨੂੰ ਬਿਪਰ ਦੇ ਕੀਤੇ ਇਸ ਭੱਦੇ ਮਜ਼ਾਕ ਵਿਰੁੱਧ ਗੁਰੂ-ਕਿਆਂ ਨੂੰ ਨਰੋਈ ਗੁਰਮਤੀ ਸੇਧ ਦਿੰਦਿਆਂ ਇਸ ਨਿਯਮ ਰਾਹੀਂ ਚੇਤੰਨ ਕੀਤਾ ਹੈ।

**(ਝ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਵੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਵੀ ਇਹੋ ਹੁਕਮ ਹੈ।**

***ਵਿਆਖਿਆ :***

**ਪੁਨਰ ਸੰਜੋਗ** : ਗੁਰੂ ਨਾਨਕ ਸਾਹਿਬ ਨੇ ਸਮਾਜ ਵਿਚ ਸਤੀ ਪ੍ਰਥਾ ਦਾ ਬਹੁਤ


Sri Satguru Jagjit Singh Ji eLibrary NamdhariElibrary@gmail.com

ਜ਼ੋਰ ਵੇਖਿਆ, ਜਿਸ ਦਾ ਆਧਾਰ ਬਿਪਰ ਵੱਲੋਂ ਆਪਣੇ ਧਰਮ ਗ੍ਰੰਥਾਂ ਰਾਹੀਂ ਪ੍ਰਚਾਰਿਆ ਇਹ ਸਿਧਾਂਤ ਸੀ ਕਿ ਪਤੀ ਦੇ ਨਾਲ ਪ੍ਰਾਣ ਤਿਆਗਣ ਵਾਲੀ ਇਸਤਰੀ ਪ੍ਰਲੋਕ ਵਿਚ ਪਤੀ ਸਹਿਤ ਆਨੰਦ ਭੋਗਦੀ ਹੈ। ਇਸ ਖ਼ਿਆਲ ਨੇ ਪਤੀ ਦੇ ਚਲਾਣਾ ਕਰ ਜਾਣ 'ਤੇ ਪਤਨੀ ਵੱਲੋਂ ਉਸ ਦੀ ਚਿਤਾ ਵਿਚ ਜਿਊਂਦੇ ਜਲ ਜਾਨ ਦੀ ਪ੍ਰਥਾ ਆਰੰਭੀ। ਫਿਰ ਸਮਾਜ ਵਿਚ ਇਸ ਤਰ੍ਹਾਂ ਜਲ ਜਾਣ ਵਾਲੀ ਇਸਤਰੀ ਨੂੰ ਸਤੀ ਕਹਿ ਕੇ ਫੋਕਾ ਸਤਿਕਾਰਿਆ ਜਾਣ ਲੱਗਾ। ਦੂਸਰੇ ਪਾਸੇ ਜੋ ਇਸਤਰੀ ਸਤੀ ਨਾ ਹੁੰਦੀ ਉਸ ਨੂੰ ਸਾਰੀ ਉਮਰ ਵਿਧਵਾ ਰਹਿ ਕੇ ਗੁਜ਼ਾਰਨੀ ਪੈਂਦੀ ਅਤੇ ਵਿਧਵਾ ਦਾ ਜੀਵਨ ਪੱਧਰ ਸਮਾਜ ਵੱਲੋਂ ਤ੍ਰਿਸਕਾਰਿਆ ਹੋਇਆ ਹਰ ਪੱਖੋਂ ਘਟੀਆ ਹੁੰਦਾ। ਇਹ ਵਰਤਾਰਾ ਉਸ ਇਸਤਰੀ ਲਈ ਹੋਰ ਵੀ ਭਿਆਨਕ ਹੋ ਜਾਂਦਾ ਜੋ ਬਾਲ ਉਮਰੇ ਹੀ ਵਿਧਵਾ ਹੋ ਜਾਂਦੀ।

ਹਾਲਾਂਕਿ ਹਿੰਦੂ ਧਰਮ ਗ੍ਰੰਥਾਂ ਵਿਚ ਦੋਹਾਂ ਤਰ੍ਹਾਂ ਦੇ ਵੀਚਾਰ ਮਿਲਦੇ ਹਨ। ਉਦਾਹਰਣ ਦੇ ਤੌਰ 'ਤੇ *ਪ੍ਰਾਸ਼ਰ* ਅਤੇ *ਨਾਰਦ ਸਿੰਮ੍ਰਿਤਿ* ਵਿਚ ਲਿਖਿਆ ਮਿਲਦਾ ਹੈ : 'ਪਤੀ ਗੁੰਮ ਹੋਣ ਤੋਂ, ਮਰਨ ਤੋਂ, ਸੰਨਯਾਸੀ ਹੋਣ ਤੋਂ, ਨਪੁੰਸਕ ਹੋਣ ਤੋਂ, ਜਾਤੀ ਤੋਂ ਪਤਿਤ ਹੋਣ ਪੁਰ, ਇਸਤਰੀ ਨੂੰ ਦੂਜਾ ਖ਼ਸਮ ਕਰਨਾ ਯੋਗਯ ਹੈ।' ਪਰ, *ਵ੍ਰਿਹਤ* ਅਤੇ *ਮਨੂੰ ਸਿੰਮ੍ਰਿਤਿ* ਵਿਚ ਇਉਂ ਲਿਖਿਆ ਹੈ : 'ਇਸਤਰੀ ਦਾ ਇਕ ਵਾਰੀ ਹੀ ਵਿਆਹ ਹੈ।' 'ਵਿਆਹ ਵਿਧਿ ਵਿਚ ਵਿਧਵਾ ਦਾ ਦੁਬਾਰਾ ਵਿਆਹ ਨਹੀਂ ਕਿਹਾ।' 'ਦੂਜਾ ਖ਼ਸਮ ਇਸਤਰੀਆਂ ਲਈ ਕਿਤੇ ਨਹੀਂ ਦੱਸਿਆ।' ਜਾਪਦਾ ਹੈ ਅਗਿਆਨੀ ਲੋਕਾਂ ਵਿਚ ਦੂਜੇ ਪੱਖ ਦਾ ਪ੍ਰਚਾਰ ਵਧੇਰੇ ਹੋਇਆ ਕਿ ਵਿਧਵਾ ਇਸਤਰੀ ਨੂੰ ਦੁਬਾਰਾ ਵਿਆਹ ਕਰਨ ਦੀ ਖੁੱਲ੍ਹ ਨਹੀਂ। ਇਸ ਪ੍ਰਚਾਰ ਦੇ ਫਲਸਰੂਪ ਸਤੀ ਦੀ ਰਸਮ ਨੂੰ ਇਤਨਾ ਬਲ ਮਿਲਿਆ ਕਿ ਇਹ ਆਮ ਹੋ ਗਈ। ਗੁਰੂ ਘਰ ਨੇ ਇਸ ਅਣਮਨੁੱਖੀ ਵਰਤਾਰੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਜਿਥੇ ਸਿੱਖ ਇਸਤਰੀਆਂ ਨੂੰ ਸਤੀ ਹੋਣ ਤੋਂ ਸਖ਼ਤੀ ਨਾਲ ਮਨ੍ਹਾ ਕੀਤਾ ਉਥੇ ਗੁਰੂ ਸਾਹਿਬਾਨ ਨੇ ਆਪਣੀ ਹਾਜ਼ਰੀ ਵਿਚ ਇਨ੍ਹਾਂ ਦੇ ਪੁਨਰ (ਦੁਬਾਰਾ) ਵਿਆਹ ਵੀ ਕੀਤੇ। ਗੁਰਵਾਕ ਹਨ :

**ਦੇਖਾ ਦੇਖੀ ਮਨਹਠਿ ਜਲਿ ਜਾਈਐ ॥**
**ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥੨॥** *(ਗੁ: ਗ੍ਰੰ: ਸਾ:, ਪੰਨਾ 185)*

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍ ॥**
**ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍ ॥**
**ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍ ॥**
**ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍ ॥** *(ਗੁ: ਗ੍ਰੰ: ਸਾ:, ਪੰਨਾ 787)*

ਸੋ, ਪਤੀ ਦੇ ਚਲਾਣਾ ਕਰ ਜਾਣ 'ਤੇ ਗੁਰੂ-ਪੰਥ ਨੇ ਜਿਸ ਤਰ੍ਹਾਂ ਇਸਤਰੀ ਨੂੰ ਇੱਛਾ ਅਨੁਸਾਰ ਦੁਬਾਰਾ ਵਿਆਹ ਕਰਨ ਦਾ ਅਧਿਕਾਰ ਦਿੱਤਾ ਹੈ, ਇਸੇ ਤਰ੍ਹਾਂ ਹੀ ਪਤਨੀ ਦੇ ਚਲਾਣਾ ਕਰ ਜਾਣ ਉਪਰੰਤ ਮਰਦ ਨੂੰ ਵੀ ਇੱਛਾ ਅਨੁਸਾਰ ਦੁਬਾਰਾ ਵਿਆਹ ਕਰਨ ਦੀ ਆਗਿਆ ਦਿੱਤੀ ਹੈ ਤਾਂ ਜੋ ਇਸਤਰੀ ਤੇ ਮਰਦ ਆਪਣਾ-ਆਪਣਾ ਜੀਵਨ ਨਿਰਬਾਹ ਵੀ ਚੰਗਾ ਕਰ ਸਕਣ ਅਤੇ ਸਮਾਜ ਵਿਚ ਕਿਸੇ ਪ੍ਰਕਾਰ


Sri Satguru Jagjit Singh Ji eLibrary NamdhariElibrary@gmail.com

ਦੀਆਂ ਕੁਰੀਤੀਆਂ ਵੀ ਨਾ ਫੈਲਣ। ਰਹਿਤਨਾਮੇ ਵਿਚ ਕਰਤਾ ਜੀ ਇਉਂ ਲਿਖਦੇ ਹਨ :

> 'ਜਿਸ ਇਸਤਰੀ ਦਾ ਭਰਤਾ ਕਾਲ ਵਸਿ ਹੋਯਾ ਹੋਇ, ਚਾਹੀਐ ਉਸ ਦੇ ਪਿਛੇ ਜਤ ਸਤ ਸੀਲ ਪਾਲੈ, ਕਿਤੇ ਵੱਲ ਚਿਤ ਡੁਲਾਵੈ ਨਾਹੀ ਅਰੁ, ਸ੍ਰੀ ਗੁਰੂ ਅਕਾਲ ਪੁਰਖ ਦੇ ਧਯਾਨ ਵਿਖੈ ਰਹੇ, ਸ੍ਵਾਦੋਂ ਮੇਂ ਜੀਉ ਨਾ ਦੇਇ, ਸਵਾਦ ਇਸ ਕਾਮ ਕਉ ਯੌਂ ਹੈ ਜਿਉਂ ਅਗਨਿ ਮੇਂ ਘ੍ਰਿਤ ਪਾਵੈ ਤਾਂ ਪ੍ਰਚੰਡ ਹੋਤੀ ਹੈ, ਇਸ ਪ੍ਰਾਣੀ ਦਾ ਭਲਾ ਜਤ ਸਤ ਮੈਂ ਹੈ ਅਰ ਬੋਲ ਤੋਲ ਸੋ ਰਹੈ, ਕਿਆ ਮਰਦ ਕਿਆ ਇਸਤਰੀ ਜੋ ਜਾਨੇ ਕਿਸੀ ਉਪਾਉ ਰਹਤਿ ਕਰ ਰਹਿ ਨਾਹੀ ਸਕਤੀ ਤਬ ਜਾਰੀ ਚੋਰੀ ਨਾ ਕਰੇ, ਆਪਣੀ ਲਾਇਕ ਦੇਖ ਕੈ ਅਪਰ ਸੰਜੋਗ ਕਰੈ।' *(ਪ੍ਰੇਮ ਸੁਮਾਰਗ)*

**(ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਜੋ 'ਆਨੰਦ' ਲਈ ਉੱਤੇ ਦੱਸੀ ਹੈ।**

*ਵਿਆਖਿਆ :*

**ਪੁਨਰ ਵਿਆਹ ਦੀ ਰੀਤਿ** : ਪੁਨਰ ਸ਼ਬਦ ਦਾ ਅਰਥ ਹੈ—ਫਿਰ ਜਾਂ ਦੁਬਾਰਾ। ਪਤੀ ਜਾਂ ਪਤਨੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਇਸਤਰੀ ਜਾਂ ਪੁਰਖ ਨੂੰ ਦੁਬਾਰਾ ਵਿਆਹ ਕਰਨ ਦਾ ਅਧਿਕਾਰ ਹੈ, ਜਿਸ ਤਰ੍ਹਾਂ ਕਿ ਪਹਿਲਾਂ ਵਿਚਾਰਿਆ ਜਾ ਚੁੱਕਾ ਹੈ ਅਰ ਗੁਰੂ-ਪੰਥ ਦਾ ਹੁਕਮ ਹੈ ਕਿ ਦੁਬਾਰਾ ਵਿਆਹ ਵੀ 'ਆਨੰਦ' ਰੀਤਿ ਨਾਲ ਹੀ ਹੋਵੇ ਭਾਵ ਆਨੰਦ ਕਾਰਜ ਹੋਵੇ। ਆਨੰਦ ਕਾਰਜ ਤੋਂ ਬਿਨਾਂ ਵਿਆਹ ਕਿਸੇ ਵੀ ਹੋਰ ਲੋਕ ਰੀਤਿ, ਜਿਵੇਂ ਚਾਦਰ ਪਾਉਣਾ, ਕਰੇਵਾ ਜਾਂ ਕੋਰਟ ਮੈਰਿਜ ਕਰਨ ਆਦਿ ਨੂੰ ਗੁਰੂ-ਪੰਥ ਨੇ ਮਾਨਤਾ ਨਹੀਂ ਦਿੱਤੀ।

**(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।**

*ਵਿਆਖਿਆ :*

**ਦੂਜਾ ਵਿਆਹ** : ਜੇ ਕੋਈ ਸਿੱਖ ਹੋਰਨਾਂ ਮੱਤਾਂ (ਹਿੰਦੂ ਜਾਂ ਇਸਲਾਮ) ਆਦਿ ਦੀ ਰੀਸੇ ਬਹਾਨੇ (ਨਿਮਿੱਤ) ਇਕ ਤੋਂ ਵੱਧ ਵਿਆਹ ਕਰਦਾ ਹੈ ਤਾਂ ਗੁਰੂ-ਪੰਥ ਇਸ ਵਰਤਾਰੇ ਦੀ ਆਮ ਹਾਲਤਾਂ ਵਿਚ ਆਗਿਆ ਨਹੀਂ ਦੇਂਦਾ। ਆਮ ਹਾਲਤਾਂ ਸਾਡੀ ਜਾਚੇ ਆਪਸੀ ਮਤਭੇਦ ਹੋਣ, ਬੀਮਾਰ ਹੋਣ, ਪ੍ਰਦੇਸੀ ਹੋਣ ਆਦਿ ਨੂੰ ਸਮਝਿਆ ਜਾ ਸਕਦਾ ਹੈ। ਅਸਲ ਵਿਚ 'ਆਨੰਦ' ਨਾਲ ਹੋਏ ਵਿਆਹ ਨੂੰ ਗੁਰੂ ਪੰਥ ਨੇ ਇਕ ਪਵਿੱਤਰ ਪ੍ਰਣ ਮੰਨਿਆ ਹੈ, ਜਿਸ ਦੀ ਪਵਿੱਤਰਤਾ ਸਨਮੁਖ ਅਜਿਹੀਆਂ ਆਮ ਹਾਲਤਾਂ ਦਾ ਕੋਈ ਮਹੱਤਵ ਨਹੀਂ ਸਮਝਿਆ ਗਿਆ। ਇਸ ਲਈ Generally, no Sikh should marry a second wife if the first wife is alive. Polygamy is not allowed.

'ਇਸਤਰੀ ਬਿਵਾਹਿਤਾ ਸੇ ਸਿਵਾਯ ਔਰ ਇਸਤਰੀ ਨਾ ਕਰੇ, ਏਕ ਇਸਤਰੀ


Sri Satguru Jagjit Singh Ji eLibrary NamdhariElibrary@gmail.com

ਪਰ ਸੰਤੋਖ ਕਰਨਾ ਬਡੇ ਪੁਰਖ ਕਾ ਕਾਮ ਹੈ। ਨਿਮਿੱਤ ਕਰ ਸੰਜੋਗ ਨਾ ਕਰੈ, ਅੰਤ ਔਖਾ ਹੋਸੀ, ਪਛਤਾਵਾ ਕਰਸੀ।' *(ਪ੍ਰੇਮ ਸੁਮਾਰਗ)*

**(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਵੀ ਅੰਮ੍ਰਿਤ ਛਕਾ ਲਵੇ।**

***ਵਿਆਖਿਆ :***

**ਸਿੰਘਣੀ ਦਾ ਅੰਮ੍ਰਿਤਧਾਰੀ ਹੋਣਾ** : ਭਲੀ ਗੱਲ ਹੈ ਕਿ ਵਿਆਹ ਤੋਂ ਪਹਿਲਾਂ ਹੀ ਦੋਨਾਂ ਨੇ ਅੰਮ੍ਰਿਤ ਛਕਿਆ ਹੋਇਆ ਹੋਵੇ ਪਰ ਜੇ ਕਿਸੇ ਕਾਰਨ ਪਹਿਲਾਂ ਅਜਿਹਾ ਨਹੀਂ ਹੋ ਸਕਿਆ ਅਰ ਸਿੰਘ ਅੰਮ੍ਰਿਤਧਾਰੀ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਆਪਣੀ ਪਤਨੀ ਨੂੰ ਵੀ ਅੰਮ੍ਰਿਤ ਛਕਣ ਲਈ ਪ੍ਰੇਰੇ। ਇਸੇ ਤਰ੍ਹਾਂ ਜੇ ਲੜਕੀ ਨੇ ਵਿਆਹ ਤੋਂ ਪਹਿਲਾਂ ਅੰਮ੍ਰਿਤ ਛਕਿਆ ਹੈ ਪਰ ਲੜਕੇ ਨੇ ਕਿਸੇ ਕਾਰਨ ਅਜੇ ਤਕ ਨਹੀਂ ਛਕਿਆ ਤਾਂ ਸਿੰਘਣੀ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਪਤੀ ਨੂੰ ਅੰਮ੍ਰਿਤ ਛਕਣ ਲਈ ਪ੍ਰੇਰੇ। ਅਸਲ ਵਿਚ ਧਾਰਮਿਕ ਤੌਰ 'ਤੇ ਬਰਾਬਰ ਵਿਸ਼ਵਾਸ ਦੇ ਮਾਲਕ ਹੀ ਚੰਗੇ ਗ੍ਰਿਹਸਤੀ ਬਣ ਕੇ ਜੀਵਨ ਦਾ ਸਾਥ ਨਿਭਾਅ ਸਕਦੇ ਹਨ। ਦੋਹਾਂ ਵਿੱਚੋਂ ਕਿਸੇ ਇਕ ਦਾ ਵੀ ਧਾਰਮਿਕ ਆਚਰਣ ਪੱਖੋਂ ਕਮਜ਼ੋਰ ਹੋਣਾ ਜਿਥੇ ਆਪਸੀ ਇਕਸੁਰਤਾ ਭੰਗ ਕਰਦਾ ਹੈ, ਉਥੇ ਅਜਿਹੇ ਮਾਤਾ ਪਿਤਾ ਪਾਸੋਂ ਸੰਤਾਨ ਨੂੰ ਵੀ ਸਿਹਤਮੰਦ ਅਗਵਾਈ ਨਹੀਂ ਮਿਲਦੀ, ਜਿਸ ਕਾਰਨ ਬੱਚਿਆਂ ਦਾ ਭਵਿੱਖ ਵੀ ਕਮਜ਼ੋਰ ਹੁੰਦਾ ਹੈ। ਇਸ ਲਈ ਨਿੱਜੀ, ਪਰਿਵਾਰ ਤੇ ਸਮਾਜ ਦੀ ਭਲਾਈ ਲਈ ਬਿਹਤਰ ਹੈ ਜੋ ਦੋਵੇਂ ਅੰਮ੍ਰਿਤਧਾਰੀ ਗੁਰਸਿੱਖ ਹੋਣ।

## *3. ਮ੍ਰਿਤਕ ਸੰਸਕਾਰ*

**(ੳ) ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ 'ਤੇ ਹੋਵੇ ਤਾਂ ਹੇਠ ਨਹੀਂ ਉਤਾਰਨਾ, ਦੀਵਾ-ਵੱਟੀ ਗਊ ਮਣਸਾਉਣਾ ਜਾਂ ਹੋਰ ਕੋਈ ਮਨਮੱਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ' 'ਵਾਹਿਗੁਰੂ' ਕਰਨਾ।**

*(ਸਿੱਖ ਰਹਿਤ ਮਰਯਾਦਾ, ਪੰਨਾ 25)*

***ਵਿਆਖਿਆ :***

**ਮੰਜੇ 'ਤੇ ਪ੍ਰਾਣ ਤਿਆਗਣੇ** : ਭਰਮੀ ਲੋਕਾਂ ਦਾ ਅੰਧ-ਵਿਸ਼ਵਾਸ ਸੀ ਕਿ ਮਰਨ ਲੱਗਿਆਂ ਜੇ ਪ੍ਰਾਣੀ ਮੰਜੇ 'ਤੇ ਪ੍ਰਾਣ ਤਿਆਗੇ ਤਾਂ ਉਸ ਨੂੰ ਸਦਗਤਿ (ਪ੍ਰਲੋਕ ਦੀ ਚੰਗੀ ਅਵਸਥਾ) ਪ੍ਰਾਪਤ ਨਹੀਂ ਹੁੰਦੀ ਅਤੇ ਇਸ ਦੇ ਨਾਲ ਹੀ ਜੇ ਪ੍ਰਾਣੀ ਮੰਜੇ 'ਤੇ ਹੀ ਪ੍ਰਾਣ ਤਿਆਗਦਾ ਹੈ ਤਾਂ ਫਿਰ ਉਹ ਮੰਜਾ ਸੰਬੰਧੀਆਂ ਦੇ ਵਰਤਣ ਯੋਗ ਨਹੀਂ ਰਹਿੰਦਾ। ਗੁਰੂ ਪਾਤਸ਼ਾਹ ਜੀ ਨੇ ਭਰਮੀ ਲੋਕਾਂ ਨੂੰ ਸਮਝਾਇਆ ਕਿ ਅਜਿਹਾ ਭਰਮ-ਮੂਲਿਕ ਕਰਮ ਕਰਨ ਨਾਲ ਪ੍ਰਾਣੀ ਨੂੰ ਕੋਈ ਲਾਭ ਜਾਂ ਹਾਨ ਨਹੀਂ ਹੁੰਦਾ।

**ਦੀਵਾ ਵੱਟੀ** : ਇਸੇ ਤਰ੍ਹਾਂ ਇਹ ਭਰਮ ਵੀ ਫੈਲਾਇਆ ਗਿਆ ਕਿ ਮਰਨ ਉਪਰੰਤ ਪ੍ਰਾਣੀ (ਪ੍ਰੇਤ) ਨੂੰ ਯਮ (ਜਮ) ਮਾਰਗ ਦੇ ਹਨੇਰੇ ਵਿਚ ਰਸਤਾ ਦਿਖਾਉਣ ਲਈ ਪ੍ਰਾਣੀ ਦੇ ਸੁਆਸ ਤਿਆਗਣ ਸਮੇਂ ਅਤੇ ਬਾਦ ਵਿਚ ਕਈ ਦਿਨ ਲਗਾਤਾਰ ਦੀਵਾ ਮਚਾਉਣਾ ਜ਼ਰੂਰੀ ਹੈ, ਨਹੀਂ ਤਾਂ ਪ੍ਰੇਤ ਆਤਮਾ (ਮਰੇ ਪ੍ਰਾਣੀ ਦੀ ਆਤਮਾ) ਹਨੇਰੇ ਵਿਚ ਦੁਖ ਉਠਾਉਂਦੀ ਹੈ। ਮੌਤ ਉਪਰੰਤ ਦੀ ਪੈਦਾ ਕੀਤੀ ਇਸ ਭਰਮੀ ਮਨੌਤ ਤੋਂ ਗੁਰੂ ਪਾਤਸ਼ਾਹ ਜੀ ਨੇ ਇਸ ਤਰ੍ਹਾਂ ਗੁਰਸਿੱਖਾਂ ਨੂੰ ਮੁਕਤ ਕੀਤਾ ਹੈ। ਗੁਰਵਾਕ :

**ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥**
**ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥**
**ਲੋਕਾ ਮਤ ਕੋ ਫਕੜਿ ਪਾਇ ॥**
**ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ਰਹਾਉ॥**

*(ਗੁ: ਗ੍ਰੰ: ਸਾ:, ਪੰਨਾ 358)*

**ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥**
**ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥**
**ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥**
**ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥**

*(ਗੁ: ਗ੍ਰੰ: ਸਾ:, ਪੰਨਾ 86)*

**ਗਊ ਮਣਸਾਉਣੀ** : ਭਰਮੀਆਂ ਦਾ ਇਹ ਵੀ ਵਿਸ਼ਵਾਸ ਸੀ ਕਿ ਮਰਨ ਪਿੱਛੋਂ ਪ੍ਰਾਣੀ (ਪ੍ਰੇਮ ਆਤਮਾ) ਨੇ ਇਕ ਵੈਤਰਣੀ ਨਦੀ ਪਾਰ ਕਰਨੀ ਹੁੰਦੀ ਹੈ, ਜਿਸ ਦੀ ਚੌੜਾਈ ਦੋ ਜੋਜਨ ਭਾਵ ਨੌਂ ਮੀਲ ਹੈ ਅਤੇ ਜੋ ਲਹੂ-ਪਾਕ ਨਾਲ ਭਰੀ ਹੋਈ ਅੱਗ ਵਾਂਗ ਤਪਦੀ ਹੁੰਦੀ ਹੈ। ਇਸ ਨਦੀ ਨੂੰ ਕੇਵਲ ਗਊ ਦੀ ਪੂਛ ਫੜ ਕੇ ਹੀ ਤਰਿਆ ਜਾ ਸਕਦਾ ਹੈ ਅਰ ਇਹ ਤਦ ਹੀ ਸੰਭਵ ਹੋ ਸਕਦਾ ਹੈ ਕਿ ਜੇ ਪ੍ਰਾਣੀ ਦੇ ਮਰਨ ਸਮੇਂ ਉਸ ਦੇ ਸੰਬੰਧੀ ਉਸ ਪਾਸੋਂ ਗਊ (ਮਣਸਾਅ ਕੇ) ਬ੍ਰਾਹਮਣ ਨੂੰ ਦਾਨ ਕਰ ਦੇਣ। ਅਗਿਆਨੀ ਲੋਕ ਬਿਪਰ ਜੀ ਦੀ ਇਸ ਚਾਲ ਨੂੰ ਸਮਝ ਸਕਣ ਤੋਂ ਅਸਮਰੱਥ ਸਨ : ਕਿ ਕਿਥੇ ਅਜਿਹੀ ਨਦੀ ਹੈ ? ਕਿਸ ਨੇ ਵੇਖੀ ਹੈ ? ਕਿਸ ਸਰੀਰ (?) ਨੇ ਪਾਰ ਕਰਨੀ ਹੈ ? ਕੀ ਗਊ ਨਦੀ ਵਿਚ ਵੜਦੀ ਹੈ ? ਅਰ, ਬ੍ਰਾਹਮਣ ਨੂੰ ਦਿੱਤੀ ਗਈ ਉਥੇ ਕਿਵੇਂ ਪਹੁੰਚ ਸਕਦੀ ਹੈ ? ਆਦਿ, ਆਦਿ ! ਅਸਲ ਵਿਚ ਇਹ ਭਰਮ ਪੈਦਾ ਕਰਨ ਦਾ ਮਕਸਦ ਮਰਨ ਵਾਲੇ ਦੇ ਸੰਬੰਧੀਆਂ ਅੰਦਰ ਇਕ ਪ੍ਰਕਾਰ ਦਾ ਭੈਅ ਪੈਦਾ ਕਰਨਾ ਹੁੰਦਾ ਸੀ ਜਿਸ ਤੋਂ ਬਚਣ ਲਈ ਉਹ ਆਪਣੇ ਹੱਥੀਂ ਸ਼ਰਧਾ ਸਹਿਤ ਦੁੱਧ ਦੇਣ ਵਾਲੀ ਗਊ ਦਾ ਰੱਸਾ ਬ੍ਰਾਹਮਣ ਦੇ ਕਿੱਲੇ 'ਤੇ ਬੰਨ੍ਹ ਆਉਣ ਤਾਂ ਕਿ ਬ੍ਰਾਹਮਣ ਦੇ ਬੱਚਿਆਂ ਨੂੰ ਦੁੱਧ ਦੀਆਂ ਮੌਜਾਂ ਲੱਗੀਆਂ ਰਹਿਣ ਅਰ ਇਸ ਦੇ ਨਾਲ ਨਾਲ ਦਾਨ ਕਰਨ ਵਾਲੇ ਅਹਿਸਾਨਮੰਦ ਵੀ ਰਹਿਣ ਕਿ ਜੇ ਭਲਾ ਬਿਪਰ ਜੀ ਵੈਤਰਣੀ ਨਦੀ ਨੂੰ ਪਾਰ ਕਰਨ ਲਈ ਸਾਡੇ ਪ੍ਰਾਣੀ 'ਤੇ ਇਹ ਉਪਕਾਰ ਨਾ ਕਰਨ ਤਾਂ ਉਸ ਵਿਚਾਰੇ ਦਾ ਕੀ ਹਾਲ ਹੋਵੇ ?

ਗੁਰੂ ਪਾਤਸ਼ਾਹ ਜੀ ਨੇ ਭੋਲੀ ਭਾਲੀ ਤੇ ਗ਼ਰੀਬ ਜਨਤਾ ਨੂੰ ਦਿਨ-ਦੀਵੀਂ ਮਾਰੀ ਜਾ ਰਹੀ ਇਸ ਠੱਗੀ ਤੋਂ ਸੁਚੇਤ ਕਰਦਿਆਂ ਕਿਹਾ ਕਿ ਅਜਿਹੇ ਕਰਮ-ਕਾਂਡ ਕਰਨ



Sri Satguru Jagjit Singh Ji eLibrary NamdhariElibrary@gmail.com

ਨਾਲ ਜੀਵਾਤਮਾ ਨੂੰ ਬਿਲਕੁਲ ਕੋਈ ਲਾਭ ਨਹੀਂ ਹੁੰਦਾ, ਇਹ ਕੇਵਲ ਬਿਪਰ ਕਰਮ ਹੀ ਹੈ। ਸਤਿਗੁਰਾਂ ਨੇ ਸਮਝਾਇਆ ਕਿ ਜਿਉਂਦੇ ਜੀਅ ਕਰਤਾਰ ਦੀ ਕੇਵਲ ਸੇਵਾ-ਭਗਤੀ ਕਰਨ ਨਾਲ ਹੀ ਲੋਕ-ਪ੍ਰਲੋਕ ਸਫਲ ਹੋ ਜਾਂਦਾ ਹੈ। ਨਾ ਤਾਂ ਜਿਉਂਦਿਆਂ ਕੋਈ ਜਮ (ਅਹੰਕਾਰ ਆਦਿ) ਸਤਾਉਂਦਾ ਹੈ ਅਤੇ ਨਾ ਹੀ ਮਰਨ ਉਪਰੰਤ ਕਿਸੇ ਵੈਤਰਣੀ ਨੂੰ ਪਾਰ ਕਰਨ ਦੀ ਲੋੜ ਰਹਿੰਦੀ ਹੈ। ਸੋ ਗੁਰੂ-ਪੰਥ ਨੇ ਅੰਕਿਤ ਕੀਤਾ ਕਿ ਪ੍ਰਾਣੀ ਦੇ ਸਰੀਰ ਤਿਆਗਣ ਸਮੇਂ ਐਵੇਂ ਉਸ ਦਾ ਹੱਥ ਲੁਆ ਲੁਆ ਕੇ ਗਊ ਅਤੇ ਹੋਰ ਧਨ ਪਦਾਰਥਾਂ ਨਾਲ ਅਜਿਹੇ ਧਾਰਮਿਕ ਠੱਗਾਂ ਦੇ ਘਰ ਭਰਨੇ ਨਿਸਫਲ ਹਨ। ਗੁਰਵਾਕ :

**ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥੧॥** *(ਗੁ: ਗ੍ਰੰ: ਸਾ:, ਪੰਨਾ 556)*

**ਕਹੁ ਨਾਨਕ ਜਪਹਿ ਜਨ ਨਾਮ ॥**
**ਤਾ ਕੇ ਨਿਕਟਿ ਨ ਆਵੈ ਜਾਮ ॥੪॥** *(ਗੁ: ਗ੍ਰੰ: ਸਾ:, ਪੰਨਾ 806)*

**ਜਮਕੰਕਰੁ ਨੇੜਿ ਨ ਆਇਆ ॥**
**ਸੁਖੁ ਨਾਨਕ ਸਰਣੀ ਪਾਇਆ ॥੪॥** *(ਗੁ: ਗ੍ਰੰ: ਸਾ:, ਪੰਨਾ 623)*

ਇਸੇ ਤਰ੍ਹਾਂ ਹੋਰ ਕੋਈ ਵੀ ਮਨਮੱਤ ਵਾਲਾ ਕਰਮ ਨਹੀਂ ਕਰਨਾ। ਵੇਖਣ ਵਿਚ ਆਉਂਦਾ ਹੈ ਕਿ ਅਜਿਹੇ ਸਮੇਂ 'ਤੇ ਅਨੇਕਾਂ ਹੀ ਸ਼ੁਭ ਚਿੰਤਕ (?) ਅੱਗੇ ਵਧ ਵਧ ਕੇ ਆਪਣੀ ਆਪਣੀ ਮੱਤ ਅਨੁਸਾਰ ਕੁਝ ਕਰਨ ਲਈ ਪ੍ਰੇਰਦੇ ਹਨ, ਜਿਸ ਨੂੰ ਸੁਣ ਕੇ ਉਦਾਸ ਹਿਰਦੇ ਵਾਲੇ ਸੰਬੰਧੀ ਆਪਣੇ ਵਿਛੜੇ ਪਿਆਰੇ ਦੀ ਬਿਹਤਰੀ ਲਈ ਕੁਝ ਵੀ ਕਰਨਾ ਝਟਪਟ ਮੰਨ ਲੈਂਦੇ ਹਨ, ਪਰ ਗੁਰੂ-ਕਿਆਂ ਨੂੰ ਵਿਛੋੜੇ ਦੀ ਇਸ ਘੜੀ ਵਿਚ ਵੀ ਫੋਕਟ ਕਰਮਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ।

ਇਸ ਸਮੇਂ ਵਿਛੜ ਰਹੇ ਪ੍ਰਾਣੀ ਦੇ ਵਿਛੋੜੇ ਦੇ ਕਸ਼ਟ ਨੂੰ ਗੁਰੂ ਹੁਕਮ ਵਿਚ ਸਵੀਕਾਰਨ ਤੇ ਆਪਣੇ ਭਲੇ ਲਈ ਗੁਰਬਾਣੀ ਦਾ ਪਾਠ ਜੋ ਸਾਨੂੰ ਸੰਸਾਰ ਦੀ ਨਾਸ਼ਮਾਨਤਾ ਵਾਰ ਵਾਰ ਚੇਤੇ ਕਰਾਉਂਦਾ ਹੈ, ਕਰਨਾ ਚਾਹੀਦਾ ਹੈ ਜਾਂ 'ਵਾਹਿਗੁਰੂ' 'ਵਾਹਿਗੁਰੂ' ਜਪਣਾ ਚਾਹੀਦਾ ਹੈ, ਜੋ ਕੇਵਲ ਆਦਿ ਜੁਗਾਦਿ ਸਤਿ ਹੈ।

**(ਅ) ਪ੍ਰਾਣੀ ਦੇ ਦੇਹ ਤਿਆਗਣ 'ਤੇ ਧਾਹ ਨਹੀਂ ਮਾਰਨੀ; ਪਿੱਟਣਾ ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰੀ ਜਾਣਾ ਚੰਗਾ ਹੈ।**

***ਵਿਆਖਿਆ :***

**ਪਿੱਟਣਾ ਜਾਂ ਸਿਆਪਾ ਕਰਨਾ :** ਆਪਣੇ ਪਿਆਰੇ ਸੰਬੰਧੀ ਦੇ ਵਿਛੜ ਜਾਣ 'ਤੇ ਸਾਧਾਰਨ ਵਿਅਕਤੀ ਦਾ ਮਨ ਉਦਾਸ ਹੋ ਜਾਣਾ ਸੁਭਾਵਕ ਹੋ ਸਕਦਾ ਹੈ, ਪਰ ਗੁਰਸਿੱਖਾਂ ਨੂੰ ਅਜਿਹੇ ਬਚਨ ਕਰ ਕੇ ਸਾਵਧਾਨ ਕੀਤਾ ਗਿਆ ਹੈ :

**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥** *(ਗੁ: ਗ੍ਰੰ: ਸਾ:, ਪੰਨਾ 1239)*

ਇਹ ਵਿਸ਼ਵਾਸ ਕਿ ਪ੍ਰਾਣੀ ਦੇ ਦੇਹ ਤਿਆਗਣ ਸਮੇਂ ਧਾਹਾਂ ਮਾਰਨੀਆਂ ਇਸ ਲਈ


Sri Satguru Jagjit Singh Ji eLibrary NamdhariElibrary@gmail.com

ਜ਼ਰੂਰੀ ਹਨ ਕਿ ਅਜਿਹਾ ਕਰਨ ਨਾਲ 'ਭੌਰ' (ਜੀਵ ਆਤਮਾ) ਡਰ ਕੇ ਘਰ ਦਾ ਮੋਹ ਤਿਆਗ ਕੇ ਘਰੋਂ ਦੌੜ ਜਾਂਦਾ ਹੈ ਅਤੇ ਐਸਾ ਠਾ ਕਰਨ ਦੀ ਸੂਰਤ ਵਿਚ ਉਸ ਦਾ ਘਰ ਵਿਚ ਹੀ ਭਟਕਦੇ ਰਹਿਣਾ ਸੰਭਵ ਹੋ ਸਕਦਾ ਹੈ ਆਦਿ ਕੇਵਲ ਭਰਮ ਹੈ। ਲੋਕ-ਵਿਖਾਵੇ ਹਿੱਤ ਪਿੱਟਣਾ ਜਾਂ ਸਿਆਪਾ ਕਰਨਾ ਭਾਰੀ ਭੁੱਲ ਹੈ।

**ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ॥**
**ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥**
**ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ॥੨॥** *(ਗੁ: ਗ੍ਰੰ: ਸਾ:, ਪੰਨਾ 15)*

**ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥**
**ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ॥੩॥** *(ਗੁ: ਗ੍ਰੰ: ਸਾ:, ਪੰਨਾ 418)*

**ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥**
**ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥** *(ਗੁ: ਗ੍ਰੰ: ਸਾ:, ਪੰਨਾ 923)*

**ਰੋਵਣ ਪਿੱਟਣ ਮੁਇਆਂ ਨੂੰ ਵੈਣ ਆਲਾਹਣਿ ਧੁਮ ਮਚਾਈ॥**
**ਸਾਧ ਸੰਗਤਿ ਸਚੁ ਸੋਹਿਲਾ ਗੁਰਮੁਖਿ ਸਾਧ ਸੰਗਤਿ ਲਿਵ ਲਾਈ॥੧੪॥੫॥**
*(ਵਾਰਾਂ ਭਾਈ ਗੁਰਦਾਸ ਜੀ)*

ਅਨੁਸਾਰ ਮਨ ਨੂੰ ਢਾਰਸ ਦੇਣ ਦਾ ਯਤਨ ਕਰਨਾ ਚਾਹੀਦਾ ਹੈ।

*ਪ੍ਰੇਮ ਸੁਮਾਰਗ* ਦੇ ਕਰਤਾ ਦਾ ਕਥਨ ਹੈ: "ਜਿਸ ਦਿਨ ਪ੍ਰਾਣੀ ਚਲਾਣਾ ਕਰੇ, ਉਸ ਦਿਨ ਮੰਜਿਆਂ ਉਪਰ ਸੌਣਾ, ਅੱਛਾ ਪ੍ਰਸ਼ਾਦ ਖਾਣਾ, ਧਾਹ ਨਹੀਂ ਮਾਰਨੀ, ਕਿਸੇ ਨੇ ਸੋਗ ਨਹੀਂ ਕਰਨਾ। ਹੁਕਮ ਸਤਿ ਕਰਿ ਜਾਨਣਾ।"

**(ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਵੀ ਸਸਕਾਰਨਾ ਚਾਹੀਏ। ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ, ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।**

***ਵਿਆਖਿਆ:***

**ਸਸਕਾਰ ਕਰਨਾ**: 'ਪ੍ਰਾਣੀ ਭਾਵੇਂ ਦੁਇ ਦਿਨਾਂ ਦਾ ਹੋਵੇ ਸੋ ਵੀ ਸਸਕਾਰਨਾ' ਆਦਿ ਕਥਨਾਂ ਤੋਂ ਇਹ ਭਾਵ ਕਦਾਚਿਤ ਨਹੀਂ ਲਿਆ ਜਾ ਸਕਦਾ ਕਿ ਗੁਰਮਤਿ ਵਿਚ ਕੇਵਲ ਸਸਕਾਰ ਕਰਨਾ ਹੀ ਪ੍ਰਵਾਨ ਹੈ ਜਾਂ ਅਜਿਹਾ ਕਰਨ ਨਾਲ ਹੀ ਉਸਦੀ ਗਤੀ ਹੁੰਦੀ ਹੈ। ਚੰਗਾ ਹੈ ਜੇਕਰ ਸਸਕਾਰ ਕੀਤਾ ਜਾਵੇ। ਗੁਰੂ ਪਾਤਸ਼ਾਹ ਜੀ ਨੇ ਇਨ੍ਹਾਂ ਸ਼ੰਕਿਆਂ ਨੂੰ ਇਉਂ ਨਵਿਰਤ ਕੀਤਾ ਹੈ, ਗੁਰਵਾਕ:

**ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥**
**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥** *(ਗੁ: ਗ੍ਰੰ: ਸਾ:, ਪੰਨਾ 648)*

ਬਚਨ ਹੋਇਆ, "ਮਰਦਾਨਿਆ! ਤੈਨੂੰ ਮੋਇਆਂ ਅਸੀਂ ਕਿਹੜਾ ਦਾਗ ਦੇਈਏ?" ਤਾਂ ਮਰਦਾਨੇ ਕਹਿਆ, "ਤੇਰੇ ਸ਼ਬਦ ਕਰਿ ਮੇਰੇ ਵਿੱਚੋਂ ਦੇਹ ਅਭਿਮਾਨ


Sri Satguru Jagjit Singh Ji eLibrary NamdhariElibrary@gmail.com

ਦੂਰ ਹੋ ਗਇਆ ਹੈ, ਅਰ ਮੈਂ ਆਪ ਨੂੰ ਦੇਹ ਦਾ ਸਾਖੀ ਜਾਤਾ ਹੈ, ਸੋ ਜਿਵੇਂ ਤੁਹਾਡੀ ਇੱਛਿਆ ਹੋਵੇ ਦਾਗ ਦੇਵੋ ?" ਤਾਂ ਬਚਨ ਹੋਇਆ, "ਤੇਰੀ ਮੜ੍ਹੀ ਬਣਾ ਕੇ ਜਗਤ ਤੋਂ ਪੁਜਾਈਏ ?" ਤਾਂ ਮਰਦਾਨੇ ਕਹਿਆ, "ਸ਼ਰੀਰ ਦੀ ਮੜ੍ਹੀ ਵਿੱਚੋਂ ਕੱਢਦੇ ਹੋ, ਫਿਰ ਪੱਥਰਾਂ ਦੀ ਮੜ੍ਹੀ ਵਿਚ ਪਾਂਵਦੇ ਹੋ ?" ਤਾਂ ਬਾਬੇ ਕਹਿਆ, "ਤੁਧੁ ਬ੍ਰਹਮ ਨੋ ਪਛਾਤਾ ਹੈ, ਤੂੰ ਬ੍ਰਾਹਮਣ ਹੋਇਆ ਹੈਂ, ਸੋ ਤੈਨੂੰ ਜਲ ਦਾ ਦਾਗ ਦੇਵਾਂਗੇ ਅਰ ਰਾਵੀ ਨਦੀ ਵਿਚ ਪ੍ਰਵਾਹ ਦੇਵਾਂਗੇ, ਸੋ ਤੂੰ ਰਾਵੀ ਨਦੀ ਦੇ ਕੰਢੇ ਆਸਣ ਮਾਰ ਕੇ ਵਾਹਿਗੁਰੂ ਵਾਹਿਗੁਰੂ ਜਪ।" ਤਾਂ ਮਰਦਾਨੇ ਨੇ ਆਸਣ ਜਾਇ ਮਾਰਿਆ। ਪਹਿਰ ਰਾਤ ਰਹਿੰਦੀ ਪ੍ਰਾਣ ਨਿਕਲ ਗਏ, ਤਾਂ ਅੰਮ੍ਰਿਤ ਵੇਲੇ ਬਾਬਾ ਜੀ ਕੜਾਹ ਕਰ ਕੇ ਅਰ ਸਿੱਖਾਂ ਨਾਲ ਜਾ ਕੇ ਮਰਦਾਨੇ ਦਾ ਪ੍ਰਵਾਹ ਕੀਤਾ, ਅਰ ਕੜਾਹ ਵਰਤਾ ਦਿੱਤਾ। ਉਸ ਦੇ ਪੁੱਤਰ ਸ਼ਹਿਜ਼ਾਦੇ ਨੂੰ ਕਹਿਆ, "ਜੋ ਆਪਣੇ ਘਰ ਜਾਂਦੇ ਹਨ, ਤਿਨਾਂ ਦਾ ਸ਼ੋਕ ਨਹੀਂ ਕਰੀਦਾ, ਸੋ ਤੁਸਾਂ ਮਰਦਾਨੇ ਦਾ ਸ਼ੋਕ ਨਹੀਂ ਕਰਨਾ।" *(ਗਿਆਨ ਰਤਨਾਵਲੀ ਟੀਕਾ, 45 ਪਉੜੀ)*

**(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।**

*(ਸਿੱਖ ਰਹਿਤ ਮਰਯਾਦਾ, ਪੰਨਾ 25)*

***ਵਿਆਖਿਆ :***

**ਦਿਨ ਰਾਤ ਦਾ ਭਰਮ** : ਜਦੋਂ ਸਤਿਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸਿੱਖਾਂ ਨੂੰ ਇਹ ਰੱਬੀ ਸਿਧਾਂਤ ਸਮਝਾ ਦਿੱਤਾ ਕਿ ਮਨੁੱਖ ਦੇ ਲੋਕ-ਪ੍ਰਲੋਕ ਦੇ ਚੰਗੇ ਜੀਵਨ ਦਾ ਆਧਾਰ ਵਾਹਿਗੁਰੂ ਦੀ ਕ੍ਰਿਪਾ ਨਾਲ ਕੇਵਲ ਉਸੇ ਹੀ ਮਨੁੱਖ ਵੱਲੋਂ ਜੀਵਨ ਵਿਚ ਕੀਤੇ ਗਏ ਚੰਗੇ ਕਰਮ ਹੀ ਹਨ ਤਾਂ ਫਿਰ ਇਹ ਨੁਕਤਾ ਆਪਣੇ ਆਪ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖ ਦੇ ਚਲਾਣਾ ਕਰ ਜਾਣ ਉਪਰੰਤ ਸੰਬੰਧੀਆਂ ਵੱਲੋਂ ਨਿਭਾਏ ਗਏ ਮ੍ਰਿਤਕ ਸੰਸਕਾਰ ਨਾਲ ਪ੍ਰਾਣੀ ਨੂੰ ਕੋਈ ਹਾਨ ਜਾਂ ਲਾਭ ਨਹੀਂ ਹੁੰਦਾ। ਇਸ ਲਈ ਨਾ ਹੀ ਰਾਤ ਦੇ ਹਨੇਰੇ ਵਿਚ ਕੀਤੇ ਸਸਕਾਰ ਨਾਲ ਇਹ ਪ੍ਰੇਤ ਜੂਨੀ ਵਿਚ ਪੈਂਦਾ ਹੈ ਅਰ ਨਾ ਹੀ ਦਿਨ ਦੇ ਕੀਤੇ ਸਸਕਾਰ ਨਾਲ ਇਹ ਕਿਸੇ ਅਮਰਪੁਰੀ ਵਿਚ ਚਲਾ ਜਾਂਦਾ ਹੈ।

ਚਾਹੀਦਾ ਹੈ ਕਿ ਮ੍ਰਿਤਕ ਸਰੀਰ ਦਾ ਸਸਕਾਰ ਜਲਦੀ ਕਰ ਦਿੱਤਾ ਜਾਵੇ। ਇਕ ਤਾਂ ਪ੍ਰਵਾਰ ਤੇ ਸੰਬੰਧੀਆਂ ਨੂੰ ਰਾਹਤ ਮਿਲਦੀ ਹੈ, ਦੂਜਾ ਸਿਹਤ ਨਿਯਮ ਇਸ ਦੀ ਮੰਗ ਕਰਦੇ ਹਨ, ਪਰ ਜੇ ਮਜਬੂਰੀ ਕਾਰਨ ਕੁਝ ਦਿਨਾਂ ਦੀ ਵਿੱਥ ਪੈ ਜਾਵੇ, ਅਰ ਸਿਹਤ ਨਿਯਮਾਂ ਅਨੁਸਾਰ ਸਰੀਰ ਦੀ ਸੰਭਾਲ ਹੋਵੇ, ਜਿਵੇਂ ਕਿ ਵਿਦੇਸ਼ਾਂ ਵਿਚ ਆਮ ਹੈ, ਤਾਂ ਕੋਈ ਭਰਮ ਨਹੀਂ ਕਰਨਾ।

**(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤਖ਼ਤੇ ਉੱਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ, ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ, ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ।**



Sri Satguru Jagjit Singh Ji eLibrary NamdhariElibrary@gmail.com

*ਵਿਆਖਿਆ :*

**ਕਕਾਰ ਜੁਦਾ ਨਾ ਕਰਨੇ** : ਸਸਕਾਰਨ ਤੋਂ ਪਹਿਲਾਂ ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸਾਫ਼ ਸੁਥਰੇ ਕਪੜੇ ਪਾਏ ਜਾਣ (ਨਵੇਂ ਜ਼ਰੂਰੀ ਨਹੀਂ)। ਰਹਿਤੀਏ ਸਿੰਘ ਸਿੰਘਣੀ ਦੇ ਕਕਾਰ—ਕਛਹਿਰਾ, ਕੜਾ, ਕੰਘਾ ਤੇ ਕ੍ਰਿਪਾਨ—ਸਰੀਰ ਤੋਂ ਜੁਦਾ ਨਾ ਕੀਤੇ ਜਾਣ। ਫਿਰ ਤਖ਼ਤੇ ਜਾਂ ਸੰਦੂਕ ਵਿਚ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਅਰਦਾਸ ਉਪਰੰਤ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ, ਪਰ ਜੇਕਰ ਵਧੇਰੇ ਦੂਰੀ 'ਤੇ ਜਾਣਾ ਹੋਵੇ ਤਾਂ ਮੋਟਰ ਜਾਂ ਬੱਘੀ ਆਦਿ ਸਵਾਰੀ ਦੀ ਵਰਤੋਂ ਮਨ੍ਹਾ ਨਹੀਂ ਹੈ। ਏਥੇ ਧਿਆਨ ਕਰਨਯੋਗ ਹੈ ਕਿ ਅਰਦਾਸ ਕਰਨ ਲੱਗਿਆਂ ਅਰਦਾਸੀਆ ਮ੍ਰਿਤਕ ਦੇ ਪੈਰਾਂ ਵੱਲ ਖੜੇ ਕੇ ਨਹੀਂ, ਸਗੋਂ ਉਸ ਦੇ ਸਿਰਹਾਣੇ ਲਾਗੇ ਖੜੋ ਕੇ ਗੁਰੂ ਪ੍ਰਮੇਸ਼ਰ ਦੇ ਚਰਨਾਂ ਵਿਚ ਅਰਦਾਸ ਕਰੇ।

ਕੁਝ ਪ੍ਰੇਮੀ ਮ੍ਰਿਤਕ ਸਰੀਰ ਨੂੰ ਮੱਥਾ ਟਿਕਾਉਣ ਲਈ ਗੁਰਦੁਆਰੇ ਲੈ ਜਾਂਦੇ ਹਨ ਅਤੇ ਗੁਰਦੁਆਰੇ ਵੱਲੋਂ ਮ੍ਰਿਤਕ ਨੂੰ ਸਿਰੋਪੇ ਦੀ ਬਖ਼ਸ਼ਸ਼ ਕੀਤੀ ਜਾਂਦੀ ਹੈ। ਕੁਝ ਇਸ ਤੋਂ ਵੀ ਅੱਗੇ ਵਧ ਕੇ ਮ੍ਰਿਤਕ ਸਰੀਰ ਨੂੰ ਗੁਰੂ ਦਰਬਾਰ ਵਿਚ ਸਜਾ ਕੇ ਸੰਬੰਧੀਆਂ ਨੂੰ 'ਦਰਸ਼ਨ' ਕਰਾਉਂਦੇ ਹਨ। ਇਹ ਈਸਾਈਆਂ ਦੀ ਨਕਲ ਹੈ, ਜੋ ਕਈ ਵਾਰ ਵਿਗੜ ਕੇ ਗੁਰੂ ਦਰਬਾਰ ਦੀ ਬੇਅਦਬੀ ਦਾ ਵੀ ਕਾਰਨ ਬਣ ਜਾਂਦੀ ਹੈ। ਸੋ, ਗੁਰੂ-ਪੰਥ ਵੱਲੋਂ ਉਪਰੋਕਤ ਹੁਕਮ ਅਨੁਸਾਰ ਚਲਾਣੇ ਦਾ ਅਰਦਾਸਾ ਸੋਧਣ ਉਪਰੰਤ ਅਰਥੀ ਨੂੰ ਸ਼ਮਸ਼ਾਨ ਭੂਮੀ ਵੱਲ ਹੀ ਲਿਜਾਇਆ ਜਾਵੇ ਨਾ ਕਿ ਗੁਰਦੁਆਰੇ ਵੱਲ।

**ਸਸਕਾਰ ਦੀ ਥਾਂ 'ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉੱਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ।**

*ਵਿਆਖਿਆ :*

**ਅਗਨੀ ਦਿਖਾਉਣ ਵਾਲੇ ਬਾਬਤ ਪਾਬੰਦੀ ਨਹੀਂ** : ਮ੍ਰਿਤਕ ਸਰੀਰ ਨੂੰ ਅਗਨੀ ਦਿਖਾਉਣ ਵਾਲੇ ਬਾਰੇ ਕੋਈ ਬੰਦਿਸ਼ ਨਹੀਂ ਹੈ। ਇਹ ਪੁੱਤਰ ਵੀ ਕਰ ਸਕਦਾ ਹੈ, ਕੋਈ ਸੰਬੰਧੀ ਜਾਂ ਹਿਤੂ ਵੀ। ਬਿਪਰਵਾਦੀ ਇਸ ਭਰਮ ਦੀ ਸਿੱਖੀ ਮੰਡਲ ਵਿਚ ਕੋਈ ਥਾਂ ਨਹੀਂ ਕਿ ਜੇ ਮ੍ਰਿਤਕ ਸਰੀਰ ਨੂੰ ਅਗਨੀ ਉਸ ਦਾ ਪੁੱਤਰ ਨਾ ਦਿਖਾਵੇ ਤਾਂ ਪ੍ਰਾਣੀ ਦੀ ਗਤੀ ਨਹੀਂ ਹੁੰਦੀ। ਸਿੱਖ ਦਾ ਲੋਕ ਪ੍ਰਲੋਕ ਉਸ ਦੇ ਨਿੱਜੀ ਜੀਵਨ 'ਤੇ ਆਧਾਰਤ ਹੁਕਮ ਕੀਤਾ ਗਿਆ ਹੈ। ਗੁਰਵਾਕ :

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥ *(ਗੁ: ਗ੍ਰੰ: ਸਾ:, ਪੰਨਾ 470)*

**ਸੰਗਤ ਕੁਝ ਵਿੱਥ 'ਤੇ ਬੈਠ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮੱਤ ਹੈ), ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਘਰ ਮੁੜ ਆਵੇ।**


Sri Satguru Jagjit Singh Ji eLibrary NamdhariElibrary@gmail.com

*ਵਿਆਖਿਆ :*

**ਸੋਹਿਲਾ ਬਾਣੀ ਪਾਠ ਤੇ ਅਰਦਾਸ** : ਮ੍ਰਿਤਕ ਸਰੀਰ ਨੂੰ ਅਗਨੀ ਦਿਖਾਉਣ ਉਪਰੰਤ ਉਥੇ ਵਿੱਥ 'ਤੇ ਬੈਠ ਕੇ ਕੁਝ ਸਮਾਂ ਕੀਰਤਨ ਕਰਨਾ ਚਾਹੀਦਾ ਹੈ ਜਾਂ ਰਲ ਮਿਲ ਕੇ ਵੈਰਾਗਮਈ ਸ਼ਬਦ ਪੜ੍ਹੇ ਜਾਣੇ ਚਾਹੀਦੇ ਹਨ ਤਾਂ ਜੁ ਮਨ ਸੰਬੰਧੀ ਦੇ ਵਿਛੋੜੇ ਵਿਚ ਡੋਲੇ ਨਾ। ਜਦੋਂ ਪ੍ਰਤੀਤ ਹੋਵੇ ਕਿ ਹੁਣ ਅੰਗੀਠਾ ਪੂਰੀ ਤਰ੍ਹਾਂ ਬਲ ਉਠਿਆ ਹੈ ਤਾਂ 'ਸੋਹਿਲਾ' ਬਾਣੀ ਦਾ ਪਾਠ ਕਰ ਕੇ ਅਰਦਾਸਾ ਸੋਧ ਦਿੱਤਾ ਜਾਵੇ। ਇਥੇ ਸਾਵਧਾਨ ਕੀਤਾ ਗਿਆ ਹੈ ਕਿ ਕਪਾਲ ਕਿਰਿਆ ਆਦਿ ਭਰਮ ਰੂਪੀ ਕਰਮ ਬਿਲਕੁਲ ਨਹੀਂ ਕਰਨਾ। ਜਿਵੇਂ ਕਿ ਭਰਮੀ ਸਮਝਦੇ ਹਨ ਕਿ ਜਿੰਨਾ ਚਿਰ ਕਪਾਲ (ਸਿਰ) ਨਹੀਂ ਫੋੜਿਆ ਜਾਂਦਾ, ਉਨਾ ਚਿਰ ਤਕ ਪ੍ਰਾਣ ਸਿਰ ਵਿਚ (ਦਸਮ ਦੁਆਰ ?) ਅਟਕੇ ਹੋਣ ਕਰਕੇ ਜੀਵ ਦੇ ਫਿਰ ਜਿਉ ਉਠਣ ਦੀ ਸੰਭਾਵਨਾ ਹੋ ਸਕਦੀ ਹੈ ਜਾਂ ਕਪਾਲ ਕਿਰਿਆ ਕਰਨ ਨਾਲ ਪ੍ਰਾਣੀ ਨੂੰ ਪ੍ਰਲੋਕ ਵਿਚ ਸੁਖ ਮਿਲਦਾ ਹੈ ਤਾਂ ਤੇ ਗ੍ਰਿਹਿਸਥੀ ਦੀ ਲੱਕੜ ਦੇ ਸੋਟੇ ਅਤੇ ਸੰਨਿਆਸੀ (ਤਿਆਗੀ) ਦੀ ਬਿੱਲ ਦੇ ਫਲ ਨਾਲ ਕਪਾਲ ਕਿਰਿਆ ਕੀਤੀ ਜਾਵੇ। ਪਰ ਲੋਕ-ਪ੍ਰਲੋਕ ਦੇ ਸੁੱਖਾਂ ਦੇ ਦਾਤੇ ਗੁਰੂ ਪਾਤਸ਼ਾਹ ਜੀ ਨੇ ਆਪਣੇ ਸਿੱਖਾਂ ਨੂੰ ਇਕ ਬਿਪਰਵਾਦੀ ਮੂਲਿਕ ਭਰਮ ਤੋਂ ਮੁਕਤ ਕੀਤਾ ਹੈ। ਇਸ ਲਈ ਅਜਿਹਾ ਕਰਮ ਬਿਲਕੁਲ ਨਾ ਕੀਤਾ ਜਾਵੇ।

**ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦੁ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁੱਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਵੀ ਹੋਵੇ। 'ਦੁਸਹਿਰੇ' ਦੇ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।** *(ਸਿੱਖ ਰਹਿਤ ਮਰਯਾਦਾ, ਪੰਨਾ 26)*

*ਵਿਆਖਿਆ :*

**ਪ੍ਰਾਣੀ ਨਮਿਤ ਪਾਠ ਰੱਖਣਾ** : ਗੁਰੂ ਪੰਥ ਨੇ ਪ੍ਰਾਣੀ ਦੇ ਚਲਾਣਾ ਕਰ ਜਾਣ 'ਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਪਾਠ ਕਰਨ ਦੀ ਮਰਯਾਦਾ ਬੱਧੀ ਹੈ। ਇਹ ਸਿੱਧ ਹੈ ਕਿ ਬਾਣੀ ਲੋਕ-ਪ੍ਰਲੋਕ ਵਿਚ ਸਭਨਾਂ ਦੀ ਸਹਾਇਕ ਹੁੰਦੀ ਹੈ ਤਾਂ ਤੇ ਮ੍ਰਿਤਕ ਸਰੀਰ ਨੂੰ ਅਗਨਿ ਭੇਟ ਕਰ ਕੇ ਵਾਪਸੀ 'ਤੇ ਪਾਠ ਰੱਖਿਆ ਜਾਵੇ। ਚੰਗੀ ਗੱਲ ਹੈ ਕਿ ਪਾਠ ਘਰੇ ਰੱਖਿਆ ਜਾਵੇ ਤਾਂ ਜੁ ਸਾਰਾ ਪਰਿਵਾਰ ਤੇ ਸੰਬੰਧੀ ਪਾਠ ਕਰਨ ਸੁਣਨ ਵਿਚ ਹਿੱਸਾ ਲੈ ਸਕਣ। ਜੇ ਥਾਂ ਦੀ ਤੰਗੀ ਆਦਿ ਕੋਈ ਖ਼ਾਸ ਰੁਕਾਵਟ ਹੋਵੇ ਤਾਂ ਪਾਠ ਗੁਰਦੁਆਰੇ ਆਰੰਭ ਕੀਤਾ ਜਾਵੇ, ਪਰ ਅਜਿਹਾ ਕਰਨ ਲੱਗਿਆਂ ਪਰਿਵਾਰ ਤੇ ਸੰਬੰਧੀਆਂ ਦੇ ਆਉਣ ਜਾਣ ਦੀ ਸਹੂਲਤ ਦਾ ਧਿਆਨ ਰੱਖਣਾ ਜ਼ਰੂਰੀ ਹੈ। ਜੇ ਵਿਛੋੜੇ ਦੇ ਇਸ ਮੌਕੇ ਜਦੋਂ ਮਨ ਨੂੰ ਉਦਾਸ ਹੋਣ ਕਰਕੇ ਬਾਣੀ ਦੇ ਆਸਰੇ ਦੀ ਵਧੇਰੇ ਲੋੜ ਹੁੰਦੀ ਹੈ ਵੀ, ਪਾਠ ਨਾ ਆਪ ਕੀਤਾ ਜਾਵੇ ਨਾ ਹੀ ਸੁਣਿਆ

ਜਾਵੇ, ਕੇਵਲ 'ਪ੍ਰਾਣੀ ਨਮਿਤ' ਹੀ ਸਮਝ ਕੇ ਕਿਸੇ ਪਾਠੀ ਕੋਲੋਂ ਚੁੱਪ ਗੜੁੱਪ ਕਰਵਾ ਲਿਆ ਜਾਵੇ ਤਾਂ ਇਸ ਸਮੇਂ ਪਾਠ ਰੱਖਣ ਦੀ ਮਹੱਤਤਾ ਤੋਂ ਅਣਜਾਣ ਹੋਣਾ ਹੈ।

ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ, ਪਰ ਜੇ ਅਤੀ ਲੋੜ ਮਹਿਸੂਸ ਹੋਵੇ ਤਾਂ ਵਿਦਵਾਨ ਪਾਠੀ ਦੀ ਸਹਾਇਤਾ ਲੈਣ ਵਿਚ ਕੋਈ ਹਰਜ ਨਹੀਂ, ਜੋ ਪਿਆਰ ਸਹਿਤ ਸ਼ੁਧ ਪਾਠ ਵੀ ਸੁਣਾਏ ਤੇ ਸਮੇਂ ਅਨੁਸਾਰ ਅਰਥ ਭਾਵ ਵੀ ਸਮਝਾਵੇ।

ਅਨੰਦੁ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਦਸਵੇਂ ਦਿਨ ਜਾਂ ਸੰਬੰਧੀਆਂ ਦੀ ਸੌਖ ਨੂੰ ਮੁੱਖ ਰੱਖ ਕੇ ਕੀਤਾ ਜਾਵੇ। 'ਦੁਸਹਿਰੇ' ਤੋਂ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ। ਇਥੇ ਬਿਪਰਵਾਦ ਦੇ ਵਰਨ-ਵੰਡ ਅਨੁਸਾਰ ਥਾਪੇ ਇਸ ਨਿਯਮ 'ਸ਼ੂਦਰ ਨੂੰ 10 ਦਿਨ, ਵੈਸ਼ ਨੂੰ 17 ਦਿਨ, ਖੱਤਰੀ ਨੂੰ 13 ਦਿਨ ਅਤੇ ਬ੍ਰਾਹਮਣ ਨੂੰ 12 ਦਿਨ ਸੋਗ ਰਹਿੰਦਾ ਹੈ', ਤੋਂ ਗੁਰੂ ਪੰਥ ਨੇ ਗੁਰੂ-ਕਿਆਂ ਨੂੰ ਸੁਤੰਤਰ ਕੀਤਾ ਹੈ।

ਭਲਾ ਹੋਵੇ ਜੇ ਰੋਜ਼ ਰਾਤ ਨੂੰ ਕੀਰਤਨ ਹੋਵੇ।

ਵਿਦੇਸ਼ਾਂ ਵਿਚ ਆਮ ਤੌਰ 'ਤੇ ਪਾਠ ਚਲਾਣੇ ਵਾਲੇ ਦਿਨ ਹੀ ਆਰੰਭ ਕਰ ਦਿੱਤਾ ਜਾਂਦਾ ਹੈ ਤੇ ਭੋਗ ਸੰਬੰਧੀਆਂ ਦੀ ਸੌਖ ਨੂੰ ਮੁੱਖ ਰੱਖ ਕੇ ਕੁਝ ਦਿਨਾਂ ਬਾਅਦ, ਕੀਤੇ ਜਾਣ ਵਾਲੇ ਸਸਕਾਰ ਵਾਲੇ ਦਿਨ, ਪਾਇਆ ਜਾਂਦਾ ਹੈ। ਅਜਿਹਾ ਕਰਨਾ ਗੁਰੂ-ਪੰਥ ਵੱਲੋਂ ਥਾਪੇ ਨਿਯਮਾਂ ਦੀ ਭਾਵਨਾ ਦੀ ਉਲੰਘਣਾ ਨਹੀਂ ਹੈ।

**(ਕ) ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ 'ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ ਜਾਂ ਉਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ 'ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾ ਹੈ।**

*ਵਿਆਖਿਆ :*

**ਪ੍ਰਾਣੀ ਦੀ ਯਾਦਗਾਰ ਬਣਾਉਣੀ** : ਸਸਕਾਰ ਕਰਨ ਤੋਂ ਬਾਅਦ ਜਦੋਂ ਸਮਝਿਆ ਜਾਵੇ ਕਿ ਅੰਗੀਠਾ ਠੰਡਾ ਹੋ ਗਿਆ ਹੈ ਤਾਂ ਦੇਹ ਦੀ ਸਾਰੀ ਭਸਮ ਅਸਥੀਆਂ (ਹੱਡੀਆਂ) ਸਹਿਤ ਇਕੱਠੀ ਕੀਤੀ ਜਾਵੇ, ਅਰ ਨੇੜੇ ਵਹਿੰਦੇ ਜਲ (ਨਹਿਰ, ਦਰਿਆ ਆਦਿ) ਵਿਚ ਪ੍ਰਵਾਹ ਦਿੱਤੀ ਜਾਵੇ। ਜੇਕਰ ਕਿਤੇ ਨੇੜੇ ਅਜਿਹਾ ਸਬੱਬ ਨਾ ਬਣਦਾ ਹੋਵੇ ਤਾਂ ਸਸਕਾਰ ਵਾਲੀ ਥਾਂ ਨੇੜੇ ਹੀ ਟੋਆ ਪੁੱਟ ਕੇ ਸਾਰੀ ਭਸਮ ਦਬਾਅ ਕੇ ਜ਼ਮੀਨ ਬਰਾਬਰ (ਪੱਧਰੀ) ਕਰ ਦਿੱਤੀ ਜਾਵੇ। ਜਿਥੇ ਸਸਕਾਰ ਕੀਤਾ ਗਿਆ ਹੋਵੇ, ਉਥੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ (ਮੜ੍ਹੀ, ਸਮਾਧ, ਦੇਹੁਰਾ ਆਦਿ) ਬਣਾਉਣਾ ਮਨ੍ਹਾ ਹੈ।

ਸਸਕਾਰ ਕਰਨ ਤੋਂ ਇਕ-ਅੱਧੇ ਦਿਨ ਤਕ ਅੰਗੀਠਾ ਸੰਕੋਚ ਦੇਣਾ ਚਾਹੀਦਾ ਹੈ। ਇਸ ਵਿਚ ਸੋਮ, ਮੰਗਲ, ਬੁੱਧ ਜਾਂ ਦੋ, ਤਿੰਨ, ਚਾਰ ਦਿਨਾਂ ਦੀ ਕੋਈ ਵੀਚਾਰ ਨਹੀਂ। ਵੀਚਾਰ ਕਰਨ ਯੋਗ ਇਹ ਹੈ ਕਿ ਅੰਗੀਠਾ ਠੰਡਾ ਹੋ ਗਿਆ ਹੋਵੇ ਤਾਂ ਜੁ ਆਸਾਨੀ ਨਾਲ ਸਾਰਾ ਸੰਭਾਲਿਆ ਜਾ ਸਕੇ। ਸਾਵਧਾਨ ਰਹਿਣਾ ਕਿ ਸਿੱਖ ਦਾ ਅੰਗੀਠਾ



Sri Satguru Jagjit Singh Ji eLibrary NamdhariElibrary@gmail.com

ਫੋਲਣ ਦੀ ਮਨਾਹੀ ਹੈ, ਇਸ ਲਈ ਸਾਰੀ ਰਾਖ ਅਸਥੀਆਂ ਸਮੇਤ ਹੀ ਇਕੱਠੀ ਕਰਨ ਦਾ ਹੁਕਮ ਹੈ ਅਰ ਸਾਰੀ ਰਾਖ ਇਕੱਠੀ ਕਰ ਕੇ ਨੇੜੇ ਹੀ ਵਹਿੰਦੇ ਜਲ ਵਿਚ ਪ੍ਰਵਾਹ ਦੇਣੀ ਯੋਗ ਹੈ ਨਾ ਕਿ ਭਾਰੀ ਯਤਨ ਕਰ ਕੇ ਕਿਤੇ ਦੂਰ-ਦੁਰਾਡੇ ਜਾ ਕੇ ਅਜਿਹਾ ਕਰਨਾ ਜ਼ਰੂਰੀ ਹੈ। ਜੇ ਕਿਤੇ ਨੇੜੇ ਨਦੀ ਜਾਂ ਦਰਿਆ ਆਦਿ ਨਾ ਹੋਣ ਤਾਂ ਸਸਕਾਰ ਸਥਾਨ ਦੇ ਆਸ-ਪਾਸ ਹੀ ਕਿਸੇ ਥਾਂ 'ਤੇ ਟੋਆ ਪੁੱਟ ਕੇ ਭਸਮ ਦਬਾਅ ਕੇ, ਥਾਂ ਬਰਾਬਰ ਕਰ ਦੇਣੀ ਚਾਹੀਦੀ ਹੈ। ਖ਼ਾਸ ਤੌਰ 'ਤੇ ਧਿਆਨ ਕਰਨ ਯੋਗ ਹੈ ਕਿ ਜਿਥੇ ਸਸਕਾਰ ਕੀਤਾ ਗਿਆ ਹੋਵੇ ਜਾਂ ਭਸਮ ਦਬਾਈ ਗਈ ਹੋਵੇ, ਉਥੇ ਕਿਸੇ ਪ੍ਰਕਾਰ ਦਾ ਯਾਦਗਾਰੀ ਨਿਸ਼ਾਨ ਲਾਉਣਾ ਮਨ੍ਹਾ ਹੈ। ਸੋ, ਨਾ ਈਸਾਈਆਂ ਵਾਂਗ ਸਿਲ ਲਾਉਣੀ, ਨਾ ਮੁਸਲਮਾਨਾਂ ਵਾਂਗ ਕਬਰ ਦੀ ਥਾਂ ਉੱਚੀ ਕਰਨੀ ਅਤੇ ਨਾ ਹੀ ਹਿੰਦੂਆਂ ਵਾਂਗ ਮੜ੍ਹੀ ਬਣਾਉਣੀ, ਕਿਉਂਕਿ ਮੜ੍ਹੀਆਂ, ਸਮਾਧਾਂ ਤੇ ਦੇਹੁਰਿਆਂ ਆਦਿ ਸਥਾਨਾਂ ਦੀ ਪੂਜਾ-ਮਾਨਤਾ ਦੀ ਸਿੱਖੀ ਮੰਡਲ ਵਿਚ ਕੋਈ ਥਾਂ ਨਹੀਂ। ਗੁਰਵਾਕ :

**ਦੁਬਿਧਾ ਨ ਪੜਉ ਹਰਿ ਬਿਨੁ ਹੋਰ ਨ ਪੂਜਉ ਮੜੈ ਮਸਾਣਿ ਨ ਜਾਈ॥**

*(ਗੁ: ਗ੍ਰੰ: ਸਾ:, ਪੰਨਾ 634)*

**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥** *(੩੩ ਸ੍ਵੈਯੇ)*

ਹਾਂ, ਲੋਕ-ਭਲਾਈ ਹਿੱਤ ਕਿਸੇ ਵੀ ਬਜ਼ੁਰਗ ਜਾਂ ਵਿਦਵਾਨ ਦੇ ਨਾਂ 'ਤੇ ਵਿਦਿਆਲਾ, ਹਸਪਤਾਲ, ਸਰਾਂ ਆਦਿ ਬਣਾਉਣਾ ਮਨ੍ਹਾ ਨਹੀਂ ਹੈ।

ਇਹ ਸੰਤੋਖਜਨਕ ਤੱਥ ਹੈ ਕਿ ਆਮ ਤੌਰ 'ਤੇ ਸਿੱਖ ਇਸ ਨਿਯਮ 'ਤੇ ਪਹਿਰਾ ਦੇਂਦੇ ਹਨ, ਪਰ ਭਾਰੀ ਸ਼ੋਕ ਉਦੋਂ ਹੁੰਦਾ ਹੈ, ਜਦੋਂ ਸਿੱਖ ਸਮਾਜ ਵਿਚ ਪ੍ਰਸਿੱਧ ਵਿਅਕਤੀਆਂ ਦੇ ਚਲਾਣੇ ਪੁਰ ਅੰਗੀਠਾ ਫੋਲ ਕੇ, ਦੂਜਿਆਂ ਦੀ ਰੀਸੇ, ਕੁਝ ਫੁੱਲ (ਹੱਡੀਆਂ) ਉਚੇਚੇ ਸਥਾਨ 'ਤੇ ਪ੍ਰਵਾਹ ਲਈ ਲਿਜਾਏ ਜਾਂਦੇ ਹਨ। ਕਈ ਸੁਆਰਥੀ ਤਾਂ ਰਾਜਨੀਤਕ ਲਾਹਾ ਲੈਣ ਲਈ ਇਨ੍ਹਾਂ ਹੱਡੀਆਂ ਦੇ ਵੀ ਜਲੂਸ (?) ਕੱਢਦੇ ਹਨ ਅਤੇ ਭੋਲੇ ਭਾਲੇ ਸਿੱਖਾਂ ਕੋਲੋਂ ਮੱਥਾ ਟਿਕਵਾ, ਸ਼ਰਧਾ ਦੇ ਫੁੱਲ (?) ਭੇਟ ਕਰਵਾ ਉਨ੍ਹਾਂ ਨੂੰ ਗੁਰਮਤਿ ਮਾਰਗ ਤੋਂ ਭਟਕਾਉਣ ਦਾ ਕਾਰਨ ਬਣਦੇ ਹਨ।

**(ਖ) ਅੱਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸ਼ਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮੱਤ ਹੈ। ਅੰਗੀਠੇ ਵਿੱਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਉਣਾ ਮਨਮੱਤ ਹੈ।**

***ਵਿਆਖਿਆ :***

**ਅੱਧ ਮਾਰਗ** : ਭਰਮੀ ਲੋਕ ਮ੍ਰਿਤਕ ਸਰੀਰ ਨੂੰ ਸ਼ਮਸ਼ਾਨ ਭੂਮੀ ਵੱਲ ਲਿਜਾਂਦੇ ਰਾਹ ਦੇ ਅੱਧ ਵਿਚ ਇਕ ਥਾਂ 'ਤੇ ਟਿਕਾ ਦੇਂਦੇ ਸਨ ਅਤੇ ਪੁੱਤਰ ਹੱਥੀਂ ਪਾਣੀ ਦਾ ਘੜਾ ਫੜਾ ਕੇ ਮ੍ਰਿਤਕ ਸਰੀਰ ਦੁਆਲੇ ਗੇੜਾ ਕੱਢਦੇ ਡੋਲ੍ਹਦੇ ਜਾਂਦੇ ਸਨ ਅਰ ਫਿਰ ਸਿਰ ਕੋਲ ਆ ਕੇ ਉਹ ਘੜਾ ਥੱਲੇ ਜ਼ੋਰ ਨਾਲ ਸੁੱਟ ਕੇ ਭੰਨਦੇ ਹੋਏ ਧਾਹਾਂ ਮਾਰਦੇ ਸਨ ਅਤੇ ਉਸ ਤੋਂ ਅੱਗੇ ਤੁਰਨ ਲੱਗਿਆਂ ਮ੍ਰਿਤਕ ਦੇ ਪੈਰ ਸ਼ਮਸ਼ਾਨ ਭੂਮੀ ਨੂੰ ਕਰ



Sri Satguru Jagjit Singh Ji eLibrary NamdhariElibrary@gmail.com

ਕੇ ਤੁਰਦੇ ਸਨ। ਸੰਭਵ ਹੈ ਕਿ ਸਿਆਣਿਆਂ ਨੇ ਕਦੀ ਸ਼ਮਸ਼ਾਨ ਭੂਮੀ ਦੇ ਲੰਮੇ ਰਾਹ 'ਤੇ ਲਗਾਤਾਰ ਅਰਥੀ ਚੁੱਕ ਕੇ ਚੱਲਣ ਵਾਲਿਆਂ ਨੂੰ ਦਮ ਦਿਵਾਉਣ ਵਾਸਤੇ ਰਸਤੇ ਦੇ ਅੱਧ ਵਿਚ ਕਿਤੇ ਰੁਕਣ ਲਈ ਰਾਇ ਦਿੱਤੀ ਹੋਵੇ, ਜੋ ਅਨਪੜ੍ਹਤਾ ਤੇ ਅਗਿਆਨਤਾ ਕਾਰਨ ਹੋਰ ਦੀ ਹੋਰ ਸਦੀਵੀ ਭਰਮ ਬਣ ਗਈ। ਗੁਰੂ ਪੰਥ ਨੇ ਗੁਰਬਾਣੀ ਸਿਧਾਂਤ ਦ੍ਰਿੜ ਕਰਵਾਉਂਦਿਆਂ ਇਸ ਫ਼ੋਕਟ ਕਰਮ ਦੇ ਕਰਨ ਤੋਂ ਗੁਰਸਿੱਖਾਂ ਨੂੰ ਮਨ੍ਹਾ ਕੀਤਾ ਹੈ।

**ਸਿਆਪਾ** : ਮਰ ਗਏ ਪ੍ਰਾਣੀ ਦੇ ਮ੍ਰਿਤਕ ਸਰੀਰ (ਸ਼ਵ) ਦੇ ਦੁਆਲੇ ਇਸਤਰੀਆਂ ਦਾ ਵਿਰਲਾਪ ਕਰਨਾ, ਆਪਣੇ ਸਰੀਰਾਂ ਨੂੰ ਪਿੱਟਣਾ (ਤਾੜਨਾ) ਜਾਂ ਮਿਰਾਸਣ ਆਦਿ ਦੀ ਅਗਵਾਈ ਵਿਚ ਵੈਣ ਪਾਉਣੇ ਆਦਿ ਭੁੱਲੜ ਜੀਵਾਂ ਦੇ ਕਰਮ ਹਨ, ਜਿਸ ਤੋਂ ਗੁਰੂ-ਪੰਥ ਨੇ ਸਖ਼ਤ ਮਨ੍ਹਾ ਕੀਤਾ ਹੈ। ਗੁਰਵਾਕ :

**ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥**
**ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥**

*(ਗੁ: ਗ੍ਰੰ: ਸਾ:, ਪੰਨਾ 580)*

**ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥**
**ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥**

*(ਗੁ: ਗ੍ਰੰ: ਸਾ:, ਪੰਨਾ 923)*

**ਫੂਹੜੀ** : ਸੰਬੰਧੀ ਦੇ ਚਲਾਣਾ ਕਰ ਜਾਣ ਦੇ ਅਫ਼ਸੋਸ ਵਿਚ ਉਸ ਦੀ ਕਿਰਿਆ ਤਕ ਭਰਮੀ ਲੋਕ ਨਾ ਮੰਜੇ ਉਪਰ ਬੈਠਦੇ ਸਨ, ਨਾ ਸੌਂਦੇ ਸਨ ਅਤੇ ਫੂਹੜੀ (ਸਫ਼) ਜਾਂ ਪਾਟੀਆਂ ਗੰਢੀਆਂ ਸ਼ਤਰੰਜੀਆਂ (ਦਰੀਆਂ) ਆਦਿ 'ਤੇ ਬੈਠਿਆ ਸੰਵਿਆਂ ਕਰਦੇ ਸਨ, ਪਰ ਗੁਰੂ ਪਾਤਸ਼ਾਹ ਜੀ ਨੇ ਸਿੱਖ ਦੀ ਜੀਵਨ ਘਾੜਤ ਦੀ ਬੁਨਿਆਦ ਹੀ 'ਰਜ਼ਾ ਦੇ ਮਾਲਕ ਦੇ ਹੁਕਮ ਵਿਚ ਚੱਲਣ' 'ਤੇ ਰੱਖੀ ਅਤੇ ਸਮਝਾਇਆ :

**ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥**
**ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥**
**ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸ ਨੋ ਕਿਰਪਾ ਕਰੇ ਰਜਾਇ ॥**

*(ਗੁ: ਗ੍ਰੰ: ਸਾ:, ਪੰਨਾ 556)*

**ਜੋ ਤੁਧੁ ਕਰਣਾ ਸੋ ਕਰਿ ਪਾਇਆ ॥**
**ਭਾਣੇ ਵਿਚਿ ਕੋ ਵਿਰਲਾ ਆਇਆ ॥**
**ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥੧॥**

*(ਗੁ: ਗ੍ਰੰ: ਸਾ:, ਪੰਨਾ 1063)*

ਭਾਈ ਗੁਰਦਾਸ ਜੀ ਇਹ ਸਿਧਾਂਤਕ ਸੇਧ ਇਉਂ ਕਹਿ ਕੇ ਦ੍ਰਿੜ ਕਰਾਉਂਦੇ ਹਨ :

**ਖਸਮੈ ਸੋਈ ਭਾਵਦਾ, ਖਸਮੈ ਦਾ ਭਾਣਾ ਜਿਸ ਭਾਵੈ ॥੧੩॥੨੯॥**

ਸੋ, ਸੰਬੰਧੀ ਦੇ ਚਲਾਣਾ ਕਰ ਜਾਣ 'ਤੇ ਅਫ਼ਸੋਸ (ਸੋਗ) ਨਹੀਂ ਕਰਨਾ, ਨਾ ਹੀ ਰੋਜ਼ਾਨਾ ਪ੍ਰਸ਼ਾਦੇ ਪਾਣੀ ਦਾ ਤਿਆਗ ਕਰਨਾ, ਅਰ ਨਾ ਹੀ ਮੰਜੇ ਉਪਰ ਬੈਠਣਾ ਜਾਂ ਸੌਣਾ ਤਿਆਗਣਾ।


Sri Satguru Jagjit Singh Ji eLibrary NamdhariElibrary@gmail.com

**ਪਿੰਡ** : ਵੇਖੋ, ਪਿੰਡ-ਪੱਤਲ।

**ਕਿਰਿਆ** : ਇਸ ਦਾ ਅਰਥ ਹੈ : ਕਰਮ। ਪ੍ਰਸੰਗ ਅਨੁਸਾਰ ਪ੍ਰਾਣੀ ਦੇ ਨਮਿਤ ਕੀਤੇ ਕੁਝ ਕਰਮਾਂ ਦੇ ਸਮੂਹ ਨੂੰ ਕਿਰਿਆ ਆਖਦੇ ਹਨ। ਬਿਪਰ ਰੀਤਿ ਅਨੁਸਾਰ ਪ੍ਰਾਣੀ ਦੀ ਗਤੀ ਨੂੰ ਮੁੱਖ ਰੱਖਦਿਆਂ ਉਸ ਦੇ ਪੁੱਤਰ ਵੱਲੋਂ ਆਚਾਰੀਜ (ਬ੍ਰਾਹਮਣ) ਕੋਲੋਂ ਕਰਵਾਏ ਕਰਮ : ਪੁਰਾਣ ਦੀ ਪਾਠ ਪੂਜਾ, ਤਿਲਾਂਜਲੀ, ਪਿੰਡ ਪਤਲ, ਗੰਗਾ ਵਿਚ ਫੁੱਲ ਪਾਉਣੇ ਆਦਿ ਕਿਰਿਆ ਦਾ ਹਿੱਸਾ ਹਨ। ਜਿਸ ਦਿਨ (ਬਾਰ੍ਹਵੇਂ, ਤੇਰ੍ਹਵੇਂ ਜਾਂ ਸਤਾਰ੍ਹਵੇਂ) ਪੁਰਾਣ ਦੇ ਪਾਠ ਦੀ ਸਮਾਪਤੀ ਕਰ ਕੇ ਆਚਾਰੀਜ ਨੂੰ ਦਾਨ ਆਦਿ ਦੇਂਦੇ ਹਨ, ਉਸ ਦਿਨ ਪ੍ਰਾਣੀ ਦੀ ਕਿਰਿਆ ਹੋਈ, ਮੰਨ ਲਿਆ ਜਾਂਦਾ ਹੈ। ਭਾਈ ਗੁਰਦਾਸ ਜੀ ਉਸ ਦੀ ਇਸ ਅਵਸਥਾ ਦਾ ਜ਼ਿਕਰ ਇਉਂ ਕਰਦੇ ਹਨ :

> **ਤੇਰਹ ਪਦ ਕਰਿ ਜਗ ਵਿਚਿ, ਪਿਤਰ ਕਰਮ ਕਰਿ ਭਰਮਿ ਭੁਲਾਇਆ ॥੧੩॥੭॥**
>
> [ਭਰਮ ਵਿਚ ਭੁੱਲੇ ਲੋਕ ਪਿੱਤਰਾਂ ਵਾਸਤੇ ਤੇਰਾਂ ਪਦ (ਛੱਤਰੀ, ਜੋੜਾ, ਬਸਤਰ, ਛਾਪ, ਕਮੰਡਲੁ, ਆਸਨ, ਰਸੋਈ ਦੇ ਪੰਜ ਭਾਂਡੇ, ਸੋਟੀ, ਤਸ਼ਟਾ, ਕੱਚਾ ਅੰਨ, ਪੱਕਾ ਅੰਨ, ਨਕਦੀ ਤੇ ਜਨੇਊ) ਦਾਨ ਕਰਦੇ ਹਨ।]

ਭਾਵੇਂ ਚੇਤੰਨ ਗੁਰਸਿੱਖ ਬ੍ਰਾਹਮਣੀ ਰੀਤਾਂ ਦਾ ਤਿਆਗ ਕਰ ਗਏ ਹਨ, ਪਰ ਸਾਨੂੰ ਭਾਰੀ ਸ਼ੋਕ ਹੁੰਦਾ ਹੈ, ਜਦੋਂ ਅਸੀਂ ਦੇਖਦੇ ਹਾਂ ਕਿ ਪ੍ਰਾਣੀ ਨਮਿਤ ਰੱਖੇ ਪਾਠ ਦੇ ਭੋਗ ਸਮੇਂ ਬਸਤਰ, ਬਿਸਤਰਾ, ਜੋੜਾ ਅਤੇ ਰਸੋਈ ਲਈ ਪੰਜ ਭਾਂਡੇ ਆਦਿ ਇਸੇ ਬਿਪਰ ਨਿਸ਼ਚੇ ਨੂੰ ਮੁੱਖ ਰੱਖ ਕੇ ਦਿੱਤੇ ਜਾਂਦੇ ਹਨ ਤਾਂ ਜੋ ਪ੍ਰਲੋਕ (?) ਵਿਚ ਪ੍ਰਾਣੀ ਨੂੰ ਇਹ ਪ੍ਰਾਪਤ ਹੋਣ। ਚਾਹੀਦਾ ਤਾਂ ਇਹ ਹੈ ਕਿ ਗੁਰਦੁਆਰੇ ਵਿਚ ਲੋੜੀਂਦੀਆਂ ਵਸਤੂਆਂ ਅਥਵਾ ਪੰਥਕ ਕਾਰਜਾਂ ਲਈ ਯਥਾ-ਸ਼ਕਤਿ ਸੇਵਾ ਕੀਤੀ ਜਾਵੇ ਜਾਂ ਦੂਜੇ ਲਫ਼ਜ਼ਾਂ ਵਿਚ ਲੋੜਵੰਦਾਂ (ਵਿਦਿਆਰਥੀਆਂ, ਅਪਾਹਜਾਂ, ਬੀਮਾਰਾਂ ਤੇ ਬਜ਼ੁਰਗਾਂ ਆਦਿ) ਦੀ ਸੰਭਾਲ ਲਈ ਢੁਕਵੇਂ ਸਾਧਨ ਜੁਟਾ ਕੇ ਗੁਰੂ ਪ੍ਰਮੇਸ਼ਰ ਦੀਆਂ ਖ਼ੁਸ਼ੀਆਂ ਲਈਆਂ ਜਾਣ। ਗੁਰਦੁਆਰਿਆਂ ਵਿਚ ਆਮ ਦੀਵਾਨਾਂ ਸਮੇਂ ਸੰਗਤਾਂ ਨੂੰ ਮਰਯਾਦਾ ਦੇ ਇਸ ਅੰਗ ਪ੍ਰਤੀ ਹੋਰ ਸਾਵਧਾਨ ਕੀਤੇ ਜਾਣ ਦੀ ਲੋੜ ਹੈ ਤਾਂ ਜੋ ਹੁੰਦੀ ਮਨਮੱਤ ਦੀ ਰੋਕਥਾਮ ਕੀਤੀ ਜਾਵੇ।

ਗੁਰੂ ਪਾਤਸ਼ਾਹ ਜੀ ਦਾ ਕਥਨ ਹੈ ਕਿ ਪਿੰਡ, ਪਤਲ, ਕਿਰਿਆ, ਦੀਵਾ ਅਤੇ ਫੁੱਲਾਂ ਦਾ ਪ੍ਰਵਾਹ ਵਿਸ਼ੇਸ਼ ਜਲ ਵਿਚ ਕਰਨ ਨਾਲ ਜੀਵ ਦੀ ਗਤਿ ਦਾ ਕੋਈ ਸਬੰਧ ਨਹੀਂ। ਇਸ ਲਈ ਇਨ੍ਹਾਂ ਵਿਅਰਥ ਬ੍ਰਾਹਮਣੀ ਕਰਮਾਂ ਦਾ ਤਿਆਗ ਕਰ ਕੇ ਕੇਵਲ ਹਰਿ ਦੇ ਸ਼ੁਭ ਗੁਣਾਂ ਦੀ ਵੀਚਾਰ ਕਰਨੀ ਹੀ ਉੱਤਮ ਕਰਮ ਹੈ। ਗੁਰਵਾਕ ਹੈ :

> **ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ ॥**
> **ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ ॥**

*(ਗੁ: ਗ੍ਰੰ: ਸਾ:, ਪੰਨਾ 923)*

> **ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ ॥**
> **ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ ॥**

*(ਗੁ: ਗ੍ਰੰ: ਸਾ:, ਪੰਨਾ 435)*

Sri Satguru Jagjit Singh Ji eLibrary NamdhariElibrary@gmail.com

**ਸ਼ਰਾਧ** : ਵੇਖੋ, ਸ਼ਰਾਧ, ਖਿਆਹ।

**ਬੁੱਢਾ ਮਰਨਾ ਆਦਿ** : ਜੋ ਲੋਕ ਕਰਤਾਰ ਦੀ ਰਜ਼ਾ ਨੂੰ ਖਿੜੇ ਮੱਥੇ ਪ੍ਰਵਾਨ ਨਹੀਂ ਕਰਦੇ, ਉਹ ਬੁਢਾਪੇ ਤੋਂ ਪਹਿਲਾਂ ਆਈ ਮੌਤ ਨੂੰ 'ਅਨਿਆਈ' ਜਾਣ ਕੇ ਵੱਡੇ ਦੁਖੀ ਹੁੰਦੇ ਹਨ, ਪਰ ਬੁਢਾਪੇ ਵਿਚ ਆਈ ਮੌਤ ਦੀ ਖ਼ੁਸ਼ੀ ਕਰਦੇ ਸ਼ਾਨੋ-ਸ਼ੌਕਤ ਨਾਲ ਵਧੀਆ ਬਿਬਾਣ ਬਣਾ ਕੇ ਝੰਡੀਆਂ ਆਦਿ ਲਾ ਕੇ, ਨਿਆਣਿਆਂ ਪਾਸੋਂ ਚੌਰ ਝੁਲਵਾਉਂਦੇ, ਮਖਾਣੇ, ਛੁਹਾਰੇ ਸੁੱਟਦੇ ਹੋਏ ਬੁੱਢੇ ਸਰੀਰ ਨੂੰ ਸਸਕਾਰਦੇ ਹਨ। ਉਪਰੰਤ ਖੀਰ, ਜ਼ਰਦਾ, ਪੁਲਾਓ ਆਦਿ ਵਰਤਾਉਂਦੇ ਭੋਗ ਪਾਉਂਦੇ ਹਨ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਚੇਤੰਨ ਕੀਤਾ ਹੈ ਕਿ ਜੰਮਣਾ ਮਰਨਾ ਕਰਤਾਰੀ ਖੇਲ ਹੈ ਅਰ ਸਿੱਖ ਨੂੰ ਸਦਾ ਹੀ (ਬਚਪਨ, ਜੁਆਨੀ, ਬੁਢਾਪੇ ਵਿਚ) ਇਸ ਖੇਲ ਨੂੰ ਖਿੜੇ ਮੱਥੇ ਪ੍ਰਵਾਨ ਕਰ ਕੇ ਕੜਾਹ ਪ੍ਰਸ਼ਾਦ ਕਰ ਕੇ ਛਕਣਾ ਛਕਾਉਣਾ ਹੁਕਮ ਹੈ। ਗੁਰਵਾਕ :

**ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥**
**ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥੧॥**

*(ਗੁ: ਗ੍ਰੰ: ਸਾ:, ਪੰਨਾ 660)*

**ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥**
**ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥**

*(ਗੁ: ਗ੍ਰੰ: ਸਾ:, ਪੰਨਾ 254)*

**ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥**
**ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥**
**ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ॥੨॥**

*(ਗੁ: ਗ੍ਰੰ: ਸਾ:, ਪੰਨਾ 43)*

**ਫੁੱਲ ਚੁਗਣੇ** : ਜਿਵੇਂ ਕਿ ਪਹਿਲਾਂ ਭਲੀ ਪ੍ਰਕਾਰ ਵੀਚਾਰਿਆ ਜਾ ਚੁੱਕਾ ਹੈ ਕਿ ਗੁਰਮਤਿ ਅਨੁਸਾਰ ਪ੍ਰਾਣੀ ਦੇ ਚਲਾਣੇ ਉਪਰੰਤ ਉਸ ਦੇ ਸਰੀਰ ਨੂੰ ਸੰਭਾਲਣ ਦੇ ਢੰਗਾਂ ਨਾਲ ਪ੍ਰਾਣੀ ਦੀ ਗਤਿ/ਅਵਿਗਤਿ ਦਾ ਕੋਈ ਸੰਬੰਧ ਨਹੀਂ ਹੈ, ਪਰ ਕੁਝ ਪ੍ਰੇਮੀ ਗੁਰਸਿੱਖ ਅਗਿਆਨਤਾ ਵਸਿ ਅਜੇ ਤਕ ਇਸ ਭਰਮ ਮੋਹ ਵਿੱਚੋਂ ਨਹੀਂ ਨਿਕਲ ਸਕੇ ਅਤੇ ਭਰਮੀਆਂ ਦੀ ਰੀਸੇ ਅੰਗੀਠਾ ਫੋਲ ਕੇ ਫੁੱਲ (ਦੰਦ ਤੇ ਹੱਥਾਂ ਦੀਆਂ ਹੱਡੀਆਂ ਆਦਿ) ਵਿਸ਼ੇਸ਼ ਜਲ ਵਿਚ ਪ੍ਰਵਾਹ ਕਰਨ ਲਈ ਪਾਤਾਲਪੁਰੀ (ਕੀਰਤਪੁਰ ਸਾਹਿਬ) ਆਦਿ ਸਿੱਖ ਧਰਮ-ਸਥਾਨਾਂ 'ਤੇ ਲੈ ਜਾਂਦੇ ਹਨ। ਹੋਰ ਤਰਸ ਆਉਂਦਾ ਹੈ ਵਿਦੇਸ਼ੀਂ ਵੱਸਦੇ ਉਨ੍ਹਾਂ ਗੁਰਸਿੱਖ ਵੀਰਾਂ ਉੱਤੇ ਜੋ ਮੋਹ ਵਸ ਹੋਏ, ਮਰਯਾਦਾ ਦੀ ਅਗਿਆਨਤਾ ਅਤੇ ਸਥਾਨਕ ਲੋੜੀਂਦੇ ਪ੍ਰਬੰਧਾਂ ਦੀ ਘਾਟ ਕਾਰਨ ਧਨ ਅਤੇ ਸਮਾਂ ਵਿਅਰਥ ਬਰਬਾਦ ਕਰ ਕੇ ਖ਼ੁਆਰ ਹੁੰਦੇ ਹਨ। ਗੁਰੂ ਕੀ ਗੋਲਕ ਦੀ ਸੰਭਾਲ ਕਰਨ ਵਾਲਿਆਂ ਦਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਭੁੱਲੜ ਸਿੱਖਾਂ ਨੂੰ ਮਰਯਾਦਾ ਦਾ ਸਹੀ ਗਿਆਨ ਅਤੇ ਲੋੜੀਂਦੇ ਸਥਾਨਕ ਪ੍ਰਬੰਧ ਦੇਣ।


Sri Satguru Jagjit Singh Ji eLibrary NamdhariElibrary@gmail.com

ਇਨ੍ਹਾਂ ਸੰਸਕਾਰਾਂ ਤੋਂ ਛੁੱਟ ਸਮੇਂ ਸਮੇਂ ਜੋ ਵੀ ਖ਼ੁਸ਼ੀ ਗ਼ਮੀ ਦਾ ਸਮਾਂ ਆ ਬਣੇ (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰੱਸੇ ਪਾਉਣਾ ਆਦਿ) ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸ ਸੋਧੇ। ਸਿੱਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ। *(ਸਿੱਖ ਰਹਿਤ ਮਰਯਾਦਾ, ਪੰਨਾ 26)*

*ਵਿਆਖਿਆ :*

'ਗੁਰਮਤਿ ਦੀ ਰਹਿਣੀ' ਅਧਿਆਇ ਅਧੀਨ ਇਹ ਚੌਥਾ ਸਿਰਲੇਖ ਹੈ, ਜਿਸ ਅਨੁਸਾਰ ਜਨਮ, ਆਨੰਦ ਅਤੇ ਮ੍ਰਿਤਕ ਸੰਸਕਾਰਾਂ ਤੋਂ ਇਲਾਵਾ ਜੀਵਨ ਵਿਚ ਆਉਣ ਵਾਲੇ ਹੋਰ ਮੌਕਿਆਂ ਬਾਬਤ ਵੀ ਧਿਆਨ ਦਿਵਾਇਆ ਗਿਆ ਹੈ ਕਿ ਸਿੱਖ ਨੂੰ ਸਭ ਸਮਿਆਂ 'ਤੇ ਵਾਹਿਗੁਰੂ ਦੀ ਸ਼ਰਨ ਲੈਣੀ ਚਾਹੀਦੀ ਹੈ। ਉਦਾਹਰਣ ਰੂਪ ਵਿਚ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨ ਲੱਗਿਆਂ (ਗ੍ਰਹਿ ਪ੍ਰਵੇਸ਼), ਨਵੀਂ ਦੁਕਾਨ ਖੋਲ੍ਹਣ ਲੱਗਿਆਂ (ਕਾਰੋਬਾਰ ਆਰੰਭਣਾ), ਬਾਲਕ ਨੂੰ ਮਦਰੱਸੇ ਪਾਉਣ ਲੱਗਿਆਂ (ਬੱਚੇ ਦੀ ਵਿਦਿਆ ਪ੍ਰਾਪਤੀ ਦੀ ਆਰੰਭਤਾ) ਆਦਿ ਸਾਧਾਰਨ ਮੌਕਿਆਂ, ਜਿਵੇਂ ਯਾਤਰਾ ਦੀ ਆਰੰਭਤਾ ਸਮੇਂ, ਫ਼ਸਲ ਦੀ ਬੀਜਾਈ ਜਾਂ ਕਟਾਈ ਸਮੇਂ ਵੀ ਅਰਦਾਸ ਕਰਨੀ ਜ਼ਰੂਰੀ ਆਖੀ ਗਈ ਹੈ। ਇਸ ਉਪਰੰਤ ਸੰਖੇਪ ਰੂਪ ਵਿਚ ਸੇਧ ਦਿੱਤੀ ਗਈ ਹੈ ਕਿ ਜੀਵਨ ਵਿਚ ਕੋਈ ਵੀ ਕਾਰਜ ਆ ਬਣੇ, ਭਲਾ ਹੈ ਕਿ ਗੁਰਬਾਣੀ ਦਾ ਪਾਠ ਕਰ ਕੇ ਕਰਤਾਰ ਦੇ ਚਰਨਾਂ ਵਿਚ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਜਾਵੇ।

www.archive.org/details/namdhari



Sri Satguru Jagjit Singh Ji eLibrary NamdhariElibrary@gmail.com

# ੩. ਸੇਵਾ

**ਸੇਵਾ ਸਿੱਖ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤਰ ਸਿਖਾਉਣ ਲਈ ਗੁਰਦੁਆਰਿਆਂ ਵਿਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਸਾਧਾਰਨ ਰੂਪ ਇਸ ਦੇ ਇਹ ਹਨ—ਗੁਰਦੁਆਰੇ ਦਾ ਝਾੜੂ, ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨਾ, ਆਦਿ।** *(ਸਿੱਖ ਰਹਿਤ ਮਰਯਾਦਾ, ਪੰਨਾ 26)*

*ਵਿਆਖਿਆ :*

ਸ਼ਖ਼ਸੀ ਰਹਿਣੀ ਦਾ ਇਹ ਤੀਜਾ ਅਤੇ ਅੰਤਮ ਅਧਿਆਇ ਹੈ। ਸਿੱਖੀ ਦੇ ਨਿੱਜੀ ਜੀਵਨ ਦੀ ਉਸਾਰੀ ਨਾਮ ਬਾਣੀ ਦਾ ਅਭਿਆਸ, ਗੁਰਮਤਿ ਦੀ ਰਹਿਣੀ ਅਤੇ ਸੇਵਾ ਰੂਪੀ ਮਜ਼ਬੂਤ ਥੰਮ੍ਹਾਂ ਉਪਰ ਕੀਤੀ ਗਈ ਹੈ। ਸਾਨੂੰ ਤਾਂ ਇਉਂ ਜਾਪਦਾ ਹੈ ਕਿ ਗੁਰੂ ਘਰ ਵਿਚ ਸਿੱਖ ਨੂੰ ਗੁਰਮਤਿ ਅਨੁਸਾਰ ਜੀਵਨ ਢਾਲਣ ਦੇ ਨਾਲ ਨਾਲ ਸੇਵਾ ਰੂਪ ਪੁਲ ਰਾਹੀਂ ਪੰਥ ਨਾਲ ਜੋੜ ਕੇ ਸਾਰੀ ਮਨੁੱਖਤਾ ਪ੍ਰਤੀ ਸਮਰਪਿਤ ਕੀਤਾ ਹੈ। ਗੁਰੂ ਕਾ ਉਪਦੇਸ਼ ਮੁੱਖ ਹੈ। ਇਸ ਲਈ ਗੁਰੂ ਉਪਦੇਸ਼ ਨੂੰ ਦ੍ਰਿੜ੍ਹ ਕਰਨ ਉਪਰੰਤ ਆਪਣੇ ਜੀਵਨ ਵਿਚ ਕਮਾਉਣ ਪ੍ਰਤੀ ਸਤਿਗੁਰਾਂ ਦਾ ਹੁਕਮ ਹੈ ਅਰ ਇਹ ਹੁਕਮ ਤਿਆਗੀਆਂ (ਜੋਗੀ ਸੰਨਿਆਸੀ ਆਦਿਕਾਂ) ਵਾਂਗ ਇਕਾਂਤ ਵਾਸੀ ਹੋ ਕੇ ਨਹੀਂ ਕਮਾਇਆ ਜਾ ਸਕਦਾ। ਗੁਰਵਾਕ :

**ਵਿਚਿ ਦੁਨੀਆ ਸੇਵ ਕਮਾਈਐ॥ ਤ ਦਰਗਹ ਬੈਸਣੁ ਪਾਈਐ॥**
**ਕਹੁ ਨਾਨਕ ਬਾਹ ਲੁਡਾਈਐ॥੪॥** *(ਗੁ: ਗ੍ਰੰ: ਸਾ:, ਪੰਨਾ 26)*

ਪਰਉਪਕਾਰੀ ਸਤਿਗੁਰਾਂ ਦੀ ਬਾਣੀ ਨੂੰ ਪਿਆਰ ਸਹਿਤ ਪੜ੍ਹਨ ਵੀਚਾਰਨ ਨਾਲ ਸਿੱਖ ਅੰਦਰ ਸੰਤੋਖ ਦੀ ਅਵਸਥਾ ਪੈਦਾ ਹੋਣੀ ਜ਼ਰੂਰੀ ਹੈ। ਜਿਉਂ ਹੀ ਇਹ ਅਵਸਥਾ ਬਣਨ ਲੱਗਦੀ ਹੈ, ਸਿੱਖ ਅੰਦਰ ਨਿਰ-ਇੱਛਤ ਹੋ ਕੇ ਦੂਜਿਆਂ ਨੂੰ ਕੁਝ ਦੇਣ ਜਾਂ ਉਨ੍ਹਾਂ ਲਈ ਕੁਝ ਕਰਨ ਦੀ ਭਾਵਨਾ ਵੀ ਜਾਗਦੀ ਹੈ।

**ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥**
*(ਗੁ: ਗ੍ਰੰ: ਸਾ:, ਪੰਨਾ 466)*

ਸੰਸਾਰੀ ਲੋਕ ਇਸ ਭਾਵਨਾ ਨੂੰ ਪਰਉਪਕਾਰ ਦੀ ਭਾਵਨਾ ਆਖਦੇ ਹਨ, ਪਰ ਗੁਰੂ ਘਰ ਵਿਚ ਇਸ ਭਾਵਨਾ ਨੂੰ ਹਉਮੈ ਦੀ ਮੈਲ ਤੋਂ ਬਚਾਈ ਰੱਖਣ ਲਈ ਗੁਰੂ ਪਾਤਸ਼ਾਹ ਜੀ ਨੇ ਇਸ ਨੂੰ ਸੇਵਾ ਦਾ ਨਾਮ ਦਿੱਤਾ ਹੈ, ਤਾਂ ਜੁ ਕਰਨ ਵਾਲੇ ਸੇਵਕ ਅੰਦਰ ਕੁਝ ਵੀ ਕਰਦਿਆਂ ਨਿਮਰਤਾ/ਸੇਵਾ ਭਾਵਨਾ ਬਣੀ ਰਹੇ, ਜੋ ਸੇਵਾ ਲਈ ਡਾਢੀ ਜ਼ਰੂਰੀ ਹੈ ਅਰ ਇਸ ਨਿਮਰਤਾ ਦੀ ਜੜ੍ਹ ਵੀ ਕਰਤਾਰ ਦੀ ਯਾਦ/ਬੰਦਗੀ ਵਿਚ। ਇਸੇ ਲਈ ਮਾਨਯੋਗ ਭਾਈ ਨੰਦ ਲਾਲ ਜੀ ਸਾਨੂੰ ਇਉਂ ਰਾਇ ਦੇਂਦੇ ਹਨ :

**ਤਾ ਤਵਾਨੀ ਬੰਦਹ ਬਾਸ਼ ਸ਼ਾਹ ਮ-ਬਾਸ਼॥**
**ਬੰਦਹ ਰਾ ਜੁਜ਼ ਬੰਦਗੀ ਨਹ ਬੁਦ ਤਲਾਸ਼॥੪੬੬॥**

[ਜਿਥੋਂ ਤਕ ਹੋ ਸਕੇ ਬੰਦਾ (ਸੇਵਕ) ਬਣੀ, ਸ਼ਾਹ (ਸਾਹਿਬ) ਨਾ ਬਣੀ। ਸੇਵਕ ਬਣਨ ਲਈ ਹੋਰ ਕੁਝ ਨਾ ਲੱਭ, ਕਰਤਾਰ ਦੀ ਬੰਦਗੀ ਕਰ।]



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਨਾਨਕ ਸਾਹਿਬ ਜੀ ਨੇ ਜੋ ਧਰਮਸ਼ਾਲਾ (ਗੁਰਦੁਆਰਾ) ਕਾਇਮ ਕੀਤੀਆਂ, ਉਨ੍ਹਾਂ ਨੂੰ ਜੀਵਨ ਦੀ ਪ੍ਰਯੋਗਸ਼ਾਲਾ ਦਾ ਰੂਪ ਦਿੱਤਾ, ਜਿਥੇ ਸਿੱਖ ਜੀਵਨ ਦੀ ਮੁਕੰਮਲ ਘਾੜਤ ਘੜੀ ਜਾ ਸਕੇ। ਸੋ ਗੁਰਦੁਆਰੇ ਵਿਚ ਜਿਥੇ ਸਿੱਖ ਨੂੰ ਨਾਮ ਬਾਣੀ ਦਾ ਅਭਿਆਸ ਅਤੇ ਗੁਰਮਤਿ ਦੀ ਰਹਿਣੀ ਸਿਖਾਈ ਜਾਂਦੀ ਹੈ, ਉਥੇ ਗੁਰਦੁਆਰੇ ਵਿਚ ਸਫ਼ਾਈ ਕਰਨ, ਸੰਗਤਾਂ ਲਈ ਪਾਣੀ ਲਿਆਉਣ ਤੇ ਪੱਖਾਂ ਝੱਲਣ, ਲੰਗਰ ਲਈ ਸਾਮਾਨ ਲਿਆਉਣ ਤੇ ਤਿਆਰ ਕਰਨ ਅਤੇ ਸੰਗਤਾਂ ਦੇ ਜੋੜੇ ਝਾੜਨ ਅਤੇ ਸੰਭਾਲਨ ਆਦਿ ਕਾਰਜਾਂ ਰਾਹੀਂ ਜੀਵਨ ਨੂੰ ਲੋਕ-ਭਲਾਈ ਵੱਲ ਤੋਰਨ ਦੀ ਜਾਚ ਵੀ ਸਿਖਾਈ ਜਾਂਦੀ ਹੈ। ਸਤਿਗੁਰਾਂ ਨੇ ਸਮਝਾਇਆ ਹੈ ਕਿ ਮਨੁੱਖਾ ਜੀਵਨ ਦੀ ਸਫਲਤਾ ਦਾ ਭੇਦ ਮਨੁੱਖਤਾ ਦੀ ਸੇਵਾ ਹੈ, ਅਰ ਅਜਿਹਾ ਕਰਨ ਵਾਲੇ ਨੂੰ ਹੀ ਗੁਰੂ ਪ੍ਰਮੇਸ਼ਰ ਦੀਆਂ ਖ਼ੁਸ਼ੀਆਂ ਪ੍ਰਾਪਤ ਹੋ ਸਕਦੀਆਂ ਹਨ। ਗੁਰਵਾਕ :

**ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥**
**ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥**

*(ਗੁ: ਗ੍ਰੰ: ਸਾ:, ਪੰਨਾ 992)*

**ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ ਜਾਇ ਮਿਲੀਐ ਰਾਮ ਮੁਰਾਰੀ ॥**

*(ਗੁ: ਗ੍ਰੰ: ਸਾ:, ਪੰਨਾ 911*

ਭਾਈ ਗੁਰਦਾਸ ਜੀ ਨੇ ਇਨ੍ਹਾਂ ਵਾਕਾਂ ਦੀਆਂ ਬਾਰੀਕੀਆਂ ਨੂੰ ਆਪਣੇ ਲਫ਼ਜ਼ਾਂ ਵਿਚ ਇਉਂ ਲਿਖਿਆ :

**ਗੁਰ ਸਿਖਾ ਗੁਰ ਸਿਖ ਸੇਵਾ ਲਾਇਆ ॥**
**ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ ॥**
**ਤਪੜੁ ਝਾੜਿ ਵਿਛਾਇ ਧੂੜੀ ਨਾਇਆ ॥**
**ਕੋਰੇ ਮਟ ਅਣਾਇ ਨੀਰੁ ਭਰਾਇਆ ॥**
**ਆਣਿ ਮਹਾ ਪਰਸਾਦੁ ਵੰਡਿ ਖਵਾਇਆ ॥੧੦॥੨੦॥**
**ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ ॥**
**ਲਖ ਸੁਰਗ ਸਿਰਤਾਜ ਗਲਾ ਪੀਹਾਵਣੀ ॥**
**ਰਿਧਿ ਸਿਧ ਨਿਧ ਲਖ ਸਾਜ ਚੁਲਿ ਝੁਕਾਵਣੀ ॥**
**ਸਾਧ ਗਰੀਬ ਨਿਵਾਜ ਗਰੀਬੀ ਆਵਣੀ ॥**
**ਅਨਹਦ ਸਬਦ ਅਗਾਜ ਬਾਣੀ ਗਾਵਣੀ ॥੧੮॥੧੪॥**

ਸਾਡੇ ਇਤਿਹਾਸ ਵਿਚ ਬੇਅੰਤ ਉਦਾਹਰਣਾਂ ਹਨ, ਜਦੋਂ ਭਾਈ ਮੰਞ ਅਤੇ ਸਰਦਾਰ ਕਪੂਰ ਸਿੰਘ ਜੀ ਵਰਗੇ ਸੇਵਾ ਕਰਨ ਵਾਲੇ ਗੁਰਸਿੱਖਾਂ ਨੇ ਗੁਰੂ ਅਤੇ ਪੰਥ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਇਥੇ ਸੰਖੇਪ ਰੂਪ ਵਿਚ ਇਹ ਲਿਖਣਾ ਵੀ ਯੋਗ ਹੋਵੇਗਾ ਕਿ ਧਨ, ਪਦਵੀ ਜਾਂ ਹੋਰ ਇੱਛਾ ਪੂਰਤੀ ਨੂੰ ਮੁੱਖ ਰੱਖ ਕੇ ਕੀਤਾ ਹੋਇਆ ਕਰਮ 'ਸੇਵਾ' ਨਹੀਂ ਹੁੰਦਾ।



Sri Satguru Jagjit Singh Ji eLibrary NamdhariElibrary@gmail.com

**(ੳ) ਗੁਰੂ ਕਾ ਲੰਗਰ—ਇਸ ਦੇ ਦੋ ਭਾਵ ਹਨ : ਇਕ ਸਿੱਖਾਂ ਨੂੰ ਸੇਵਾ ਸਿਖਾਉਣਾ; ਦੂਜਾ ਊਚ-ਨੀਚ, ਛੂਤ-ਛਾਤ ਦਾ ਭਰਮ ਮਿਟਾਉਣਾ।**

*ਵਿਆਖਿਆ :*

**ਗੁਰੂ ਕਾ ਲੰਗਰ** : ਲੰਗਰ ਦਾ ਅਰਥ ਹੈ : ਅਨਲਗ੍ਰਿਹ/ਪਾਕਸ਼ਾਲਾ/ਰਸੋਈ ਘਰ/ਉਹ ਥਾਂ, ਜਿਥੇ ਅਨਾਥਾਂ ਨੂੰ ਅੰਨਦਾਨ ਮਿਲੇ। ਲੰਗਰ ਤਿਆਰ ਕਰ ਕੇ ਵਰਤਾਉਣ ਪਿੱਛੇ ਗੁਰੂ ਪਾਤਸ਼ਾਹ ਜੀ ਦੇ ਦੋ ਮੰਤਵ ਦਰਸਾਏ ਗਏ ਹਨ। ਪਹਿਲਾ ਹੈ ਸਿੱਖ ਨੂੰ ਸਿੱਖਾਂ ਦੀ ਸੇਵਾ ਕਰਨ ਦੀ ਜਾਚ ਸਿਖਾਉਣੀ; ਦੂਜਾ ਹੈ ਸਿੱਖਾਂ ਦੀ ਸੇਵਾ ਕਰਦਿਆਂ ਕਰਦਿਆਂ ਮਨਾਂ ਵਿੱਚੋਂ ਸਮਾਜ ਅੰਦਰ ਪਸਰੇ ਬਿਪਰਵਾਦੀ ਵਰਨ-ਵੰਡ ਵਾਲੇ ਭਰਮ ਊਚ-ਨੀਚ ਅਤੇ ਛੂਤ-ਛਾਤ ਨੂੰ ਅਮਲੀ ਤੌਰ 'ਤੇ ਖ਼ਤਮ ਕਰਨਾ। ਸਤਿਗੁਰਾਂ ਨੇ ਨਿਯਮ ਥਾਪਿਆ ਕਿ ਜਿਵੇਂ ਸੰਗਤ ਵਿਚ ਬਿਨਾਂ ਕਿਸੇ ਵਿਤਕਰੇ ਤੋਂ ਸ਼ਬਦ (ਉਪਦੇਸ਼) ਦ੍ਰਿੜ ਕਰਵਾਇਆ ਗਿਆ ਹੈ, ਇਸੇ ਤਰ੍ਹਾਂ ਪੰਗਤ ਵਿਚ ਵੀ ਬਿਨਾਂ ਕਿਸੇ ਮਨੁੱਖੀ ਵਿਤਕਰੇ ਦੇ ਭੋਜਨ ਵਰਤਾਉਣ ਦੀ ਸੇਵਾ ਕੀਤੀ ਜਾਵੇ।

**(ਅ) ਗੁਰੂ ਕੇ ਲੰਗਰ ਵਿਚ ਬੈਠ ਕੇ ਊਚ-ਨੀਚ, ਕਿਸੇ ਜਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤ ਵਿਚ ਬਿਠਾਣ ਲੱਗਿਆਂ ਕਿਸੇ ਦੇਸ਼, ਵਰਣ, ਜਾਤ ਜਾਂ ਮਜ਼੍ਹਬ ਦਾ ਵਿਤਕਰਾ ਨਹੀਂ ਕਰਨਾ। ਹਾਂ, ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛਕ ਸਕਦੇ ਹਨ।**

*(ਸਿੱਖ ਰਹਿਤ ਮਰਯਾਦਾ, ਪੰਨਾ 26)*

*ਵਿਆਖਿਆ :*

ਲੰਗਰ ਵਿਚ ਆ ਕੇ ਪ੍ਰਸ਼ਾਦ ਛਕਣ ਦਾ ਅਧਿਕਾਰੀ ਹਰ ਮਨੁੱਖ ਹੈ, ਜੋ ਗੁਰੂ ਪੰਥ ਵੱਲੋਂ ਥਾਪੇ ਲੰਗਰ ਦੇ ਨਿਯਮਾਂ ਦਾ ਸਤਿਕਾਰ ਕਰਦਾ ਹੈ। ਗੁਰੂ-ਕਿਆਂ ਨੇ ਜੋ ਖੂਹ ਲਗਵਾਏ, ਸਰੋਵਰ ਬਣਵਾਏ ਤਾਂ ਹਰ ਮਨੁੱਖ ਮਾਤਰ ਨੂੰ ਪਾਣੀ ਪੀਣ ਅਤੇ ਇਸ਼ਨਾਨ ਕਰਨ ਦਾ ਅਧਿਕਾਰ ਦਿੱਤਾ, ਜੇ ਦਵਾਖ਼ਾਨੇ ਚਲਾਏ ਤਾਂ ਹਰੇਕ ਨੂੰ ਦਵਾਈ ਲੈਣ ਦਾ ਅਧਿਕਾਰ ਦਿੱਤਾ; ਸੰਗਤ ਵਿਚ ਹਰੇਕ ਨੂੰ ਆ ਕੇ ਗੁਰ-ਉਪਦੇਸ਼ ਸੁਣਨ ਦਾ ਅਧਿਕਾਰ ਦਿੱਤਾ; ਇਸੇ ਤਰ੍ਹਾਂ ਗੁਰੂ ਪਾਤਸ਼ਾਹ ਜੀ ਨੇ ਲੰਗਰ ਵਿਚ ਵੀ ਹਰੇਕ ਮਨੁੱਖ ਨੂੰ ਆ ਕੇ ਆਪਣੇ ਪੇਟ ਦੀ ਭੁੱਖ ਨਵਿਰਤ ਕਰਨ ਦਾ ਅਧਿਕਾਰ ਦਿੱਤਾ। ਚਾਹੇ ਬਿਪਰਵਾਦੀ ਵਰਨ ਵੰਡ ਅਨੁਸਾਰ ਉਹ ਬ੍ਰਾਹਮਣ, ਖੱਤਰੀ, ਵੈਸ਼ ਜਾਂ ਸ਼ੂਦਰ ਹੋਵੇ; ਚਾਹੇ ਉਸ ਦਾ ਮਜ਼੍ਹਬ ਵੀ ਕੋਈ ਹੋਰ ਹੋਵੇ; ਚਾਹੇ ਉਹ ਪ੍ਰਦੇਸੀ ਹੋਵੇ ਅਤੇ ਉਸ ਦੇ ਸਰੀਰ ਦਾ ਰੰਗ ਵੀ ਕੁਝ ਹੋਰ ਹੋਵੇ। ਸਿੱਖ ਪੰਥ ਦੀ ਇਹ ਮਹਾਨ ਖ਼ੂਬੀ ਹੈ ਕਿ ਗੁਰੂ ਕੇ ਲੰਗਰ ਦੀ ਸੇਵਾ ਕਰਨ ਵਾਲੇ ਗੁਰੂ ਪਿਆਰਿਆਂ ਨੇ ਸਦਾ ਇਸ ਆਦਰਸ਼ 'ਤੇ ਪਹਿਰਾ ਦਿੱਤਾ। ਜੇ ਖ਼ਾਲਸਾ ਮੁਸੀਬਤਾਂ ਵਿੱਚੋਂ ਵੀ ਗੁਜ਼ਰਿਆ ਤਾਂ ਵੀ ਇਸ ਆਦਰਸ਼ ਨੂੰ ਆਂਚ ਤਾਂ ਕੀ ਆਉਣ ਦੇਣੀ ਸੀ, ਸਗੋਂ ਚਾਰ ਚੰਨ ਲਾਏ। ਪੜ੍ਹੋ ਆਪਣੇ ਇਤਿਹਾਸ ਦੀਆਂ ਇਹ ਪੰਗਤੀਆਂ ਗਿਆਨੀ ਗਿਆਨ ਸਿੰਘ ਲਿਖਤ *ਪੰਥ ਪ੍ਰਕਾਸ਼* ਵਿੱਚੋਂ :


Sri Satguru Jagjit Singh Ji eLibrary NamdhariElibrary@gmail.com

ਦੇਤ ਅਵਾਜ਼ ਭੂਖਾ ਹੈ ਕੋਈ ?
ਆਵੋ ਦੇਗ ਤਿਆਰ ਗੁਰ ਹੋਈ ॥
ਓਸ ਸਮੇਂ ਵੈਰੀ ਕਿਮ ਆਵੈ ॥
ਪਰਮ ਮੀਤ ਸਮ ਤਾਹਿ ਖਵਾਵੈ ॥

ਇਥੇ ਗੁਰੂ-ਪੰਥ ਵੱਲੋਂ ਇਸ ਨੁਕਤੇ ਵੱਲ ਵੀ ਧਿਆਨ ਦਿਵਾਇਆ ਗਿਆ ਹੈ ਕਿ ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਹੀ ਛਕ ਸਕਦੇ ਹਨ। ਅਜਿਹਾ ਹੁਕਮ ਇਸ ਲਈ ਕੀਤਾ ਗਿਆ ਕਿ ਕੋਈ ਅੰਮ੍ਰਿਤਧਾਰੀ ਕਦੀ ਵੀ ਕਿਸੇ ਅਨਮਤੀ ਦਾ ਜੂਠਾ ਨਾ ਖਾਵੇ, ਜਿਵੇਂ ਕਿ ਅਨੇਕਾਂ ਅਨਮਤੀ 'ਮਹਾਂਪੁਰਖ' ਆਪਣੀ ਜੂਠ (ਸੀਤ ਪ੍ਰਸ਼ਾਦ) ਸੇਵਕਾਂ ਨੂੰ ਖੁਆਉਣ ਦੇ ਯਤਨ ਵਜੋਂ ਥੋੜ੍ਹਾ ਆਪ ਖਾ ਕੇ ਬਾਕੀ ਥਾਲ ਸੇਵਕਾਂ ਨੂੰ ਦੇ ਦੇਂਦੇ ਹਨ। ਗੁਰੂ-ਕਿਆਂ ਨੂੰ ਪੰਥ ਨੇ ਅਜਿਹੀਆਂ ਕੁਚਾਲਾਂ ਤੋਂ ਬਚ ਕੇ ਚੱਲਣ ਲਈ ਅਜਿਹਾ ਹੁਕਮ ਕੀਤਾ ਹੈ।

www.archive.org/details/namdhari



Sri Satguru Jagjit Singh Ji eLibrary NamdhariElibrary@gmail.com

# ਪੰਥਕ ਰਹਿਣੀ

੧. ਗੁਰੂ-ਪੰਥ
੨. ਅੰਮ੍ਰਿਤ ਸੰਸਕਾਰ
੩. ਤਨਖ਼ਾਹ ਲਾਉਣ ਦੀ ਵਿਧੀ
੪. ਗੁਰਮਤਾ ਕਰਨ ਦੀ ਵਿਧੀ
੫. ਸਥਾਨਕ ਫ਼ੈਸਲਿਆਂ ਦੀ ਅਪੀਲ *(ਸਿੱਖ ਰਹਿਤ ਮਰਯਾਦਾ, ਪੰਨਾ 27)*

*ਵਿਆਖਿਆ :*

ਸਿੱਖ ਦੀ ਸ਼ਖ਼ਸੀ (Personal) ਰਹਿਣੀ ਉਪਰੰਤ ਪੰਥਕ (Corporate) ਰਹਿਣੀ ਬਾਬਤ ਸੇਧ ਅੰਕਿਤ ਕੀਤੀ ਗਈ ਹੈ, ਜੋ ਕਿ ਮਰਯਾਦਾ ਦਾ ਦੂਜਾ ਮਹੱਤਵਪੂਰਨ ਭਾਗ ਹੈ। ਜਿਸ ਭਾਗ ਨੂੰ ਅੱਗੇ ਉਪਰੋਕਤ ਪੰਜਾਂ ਅਧਿਆਵਾਂ ਵਿਚ ਵੰਡਿਆ ਗਿਆ ਹੈ।

## ੧. ਗੁਰੂ-ਪੰਥ

**ਸੇਵਾ ਕੇਵਲ ਪੱਖੇ, ਲੰਗਰ ਆਦਿ 'ਤੇ ਹੀ ਨਹੀਂ ਮੁੱਕ ਜਾਂਦੀ, ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ ਸਫਲ ਉਹੀ ਹੈ, ਜੋ ਥੋੜ੍ਹੇ ਯਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਸਿੱਖ ਨੇ ਇਸ ਲਈ ਸ਼ਖ਼ਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪੰਥਕ ਫ਼ਰਜ਼ ਵੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ ਪੰਥ ਹੈ। ਹਰ ਇਕ ਸਿੱਖ ਨੇ 'ਪੰਥ' ਦਾ ਇਕ ਅੰਗ ਹੋ ਕੇ ਵੀ ਆਪਣਾ ਧਰਮ ਨਿਭਾਉਣਾ ਹੈ।**

*(ਸਿੱਖ ਰਹਿਤ ਮਰਯਾਦਾ, ਪੰਨਾ 27)*

*ਵਿਆਖਿਆ :*

**ਜਥੇਬੰਦਕ ਸੇਵਾ :** ਪੱਖੇ, ਪਾਣੀ ਅਤੇ ਲੰਗਰ ਦੀ ਸੇਵਾ ਤਾਂ ਸਿੱਖ ਨੂੰ ਸੇਵਾ-ਮਾਰਗ 'ਤੇ ਟੁਰਨ ਲਈ ਪ੍ਰੇਰਨਾ ਦੇਣ ਅਤੇ ਜਾਚ ਸਿਖਾਉਣ ਦਾ ਆਰੰਭ ਹੈ। ਗੁਰੂ ਪਾਤਸ਼ਾਹ ਚਾਹੁੰਦੇ ਹਨ ਕਿ 'ਸੇਵਾ' ਸਿੱਖ ਦੇ ਜੀਵਨ ਦਾ ਮਹੱਤਵਪੂਰਨ ਹਿੱਸਾ ਬਣ ਜਾਵੇ ਤਾਂ ਜੁ ਇਸ ਦਾ ਸੁਣਨਾ, ਸੋਚਣਾ, ਬੋਲਣਾ, ਕਰਨਾ ਅਤੇ ਚੱਲਣਾ ਪਰਉਪਕਾਰ ਹਿੱਤ ਹੋਵੇ। ਗੁਰਵਾਕ :

**ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ॥**
**ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ॥੩॥**

*(ਗੁ: ਗ੍ਰੰ: ਸਾ:, ਪੰਨਾ 218)*

**ਗੁਰਮੁਖਿ ਹੱਥ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ॥**
**ਪਾਣੀ, ਪਖਾ, ਪੀਹਣਾ, ਪੈਰ ਧੋਇ ਚਰਣਾਮ੍ਰਿਤੁ ਪਾਵੈ॥**


Sri Satguru Jagjit Singh Ji eLibrary NamdhariElibrary@gmail.com

**ਗੁਰਬਾਣੀ ਲਿਖਿ ਪੋਥੀਆ, ਤਾਣ ਮ੍ਰਿਦੰਗ ਰਬਾਬ ਵਜਾਵੈ ॥...**
**ਕਿਰਤਿ ਵਿਰਤਿ ਕਰਿ ਧਰਮ ਦੀ, ਹਥਹੁ ਦੇਕੈ ਭਲਾ ਮਨਾਵੈ ॥੧੨॥੬॥**
**ਗੁਰਮੁਖਿ ਪੈਰ ਸਕਾਰਥੇ ਗੁਰਮੁਖਿ ਮਾਰਗਿ ਚਾਲ ਚਲੰਦੇ ॥...**
**ਧਾਵਨ ਪਰਉਪਕਾਰ ਨੋ ਗੁਰ ਸਿਖਾ ਨੋ ਖੋਜਿ ਲਹੰਦੇ ॥੧੩॥੬॥**

*(ਵਾਰਾਂ ਭਾਈ ਗੁਰਦਾਸ ਜੀ)*

ਪਰਉਪਕਾਰੀ ਯਤਨ ਕਰਨਾ, ਕਈ ਗੁਣਾ ਵਧੇਰੇ ਲਾਹੇਵੰਦਾ ਸਾਬਤ ਹੋ ਸਕਦਾ ਹੈ, ਜੇ ਇਹ ਹੋਰਨਾਂ ਹਮ-ਖ਼ਿਆਲ ਵਿਅਕਤੀਆਂ ਨਾਲ ਮਿਲ ਕੇ ਕੀਤਾ ਜਾਵੇ। ਹਮ-ਖ਼ਿਆਲ ਵਿਅਕਤੀਆਂ ਦੇ ਸਮੂਹ ਨੂੰ ਜਥੇਬੰਦੀ ਕਿਹਾ ਜਾਂਦਾ ਹੈ ਅਰ ਸਿੱਖੀ ਮੰਡਲ ਵਿਚ ਜਿਸ ਜਥੇਬੰਦੀ ਨਾਲ ਮਿਲ ਕੇ ਚਲਣ ਪ੍ਰਤੀ ਹੁਕਮ ਹੋਇਆ ਹੈ, ਉਸ ਜਥੇਬੰਦੀ ਦਾ ਨਾਮ 'ਪੰਥ' ਆਖਿਆ ਗਿਆ ਹੈ। ਸਿੱਖ ਪ੍ਰਤੀ ਹੁਕਮ ਹੈ ਕਿ ਜੀਵਨ ਤਦ ਸਫਲ ਹੋਇਆ ਕਿਹਾ ਜਾ ਸਕਦਾ ਹੈ, ਜੇ ਨਿੱਜੀ ਜੀਵਨ ਵਿਚ ਧਰਮ ਨਿਭਾਉਣ ਦੇ ਨਾਲ ਨਾਲ ਪੰਥ ਪ੍ਰਤੀ ਵੀ ਧਰਮ ਨਿਭਾਇਆ ਜਾਵੇ।

**(ੳ) ਗੁਰੂ-ਪੰਥ—ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ-ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।**

***ਵਿਆਖਿਆ :***

**ਗੁਰੂ-ਪੰਥ** : ਗੁਰੂ-ਚਰਨਾਂ ਵਿਚ ਹਾਜ਼ਰੀ ਭਰਨ ਵਾਲੇ ਪ੍ਰੇਮੀ ਜਦੋਂ ਗੁਰਬਾਣੀ/ਗੁਰਮਤਿ ਨੂੰ ਸੁਣਦੇ, ਵੀਚਾਰਦੇ ਅਤੇ ਧਾਰਨ ਕਰਦੇ ਹੋਏ ਮੁਕੰਮਲ ਰੂਪ ਵਿਚ ਆਪਣਾ ਜੀਵਨ ਗੁਰਮਤਿ ਅਨੁਸਾਰ ਬਤੀਤ ਕਰਨ ਅਤੇ ਗੁਰਮਤਿ ਮਾਰਗ ਦੀ ਰਾਖੀ ਕਰਨ ਲਈ ਪ੍ਰਣ ਲੈਣ ਦੀ ਇੱਛਾ ਪ੍ਰਗਟ ਕਰਦੇ ਹਨ ਤਾਂ ਗੁਰੂ ਪੰਥ ਵੱਲੋਂ ਥਾਪੀ ਮਰਯਾਦਾ ਅਨੁਸਾਰ ਉਨ੍ਹਾਂ ਨੂੰ 'ਖੰਡੇ ਦੀ ਪਾਹੁਲ' ਦਿੱਤੀ ਜਾਂਦੀ ਹੈ ਅਰ ਇਸ ਉਪਰੰਤ ਉਨ੍ਹਾਂ ਸਿੱਖਾਂ (ਮਰਦ ਜਾਂ ਇਸਤਰੀਆਂ) ਨੂੰ ਪੰਥ ਵਿਚ ਸ਼ਾਮਲ ਹੋਇਆ ਸਮਝਿਆ ਜਾਂਦਾ ਹੈ। ਕੇਵਲ ਗੁਰਬਾਣੀ/ਗੁਰਮਤਿ ਦੀ ਸੇਧ ਵਿਚ ਹੀ ਸੰਸਾਰਕ (ਵਿਹਾਰਕ) ਅਤੇ ਅਧਿਆਤਮਕ (ਪ੍ਰਮਾਰਥਕ) ਜੀਵਨ ਨਿਭਾਉਣ ਵਾਲੇ ਸਮੂਹ ਸਿੰਘ ਸਿੰਘਣੀਆਂ ਦਾ ਨਾਂ ਗੁਰੂ-ਪੰਥ ਹੈ। ਗੁਰਮਤਿ ਸੇਧ ਤੋਂ ਹਟ ਕੇ ਪੰਥੀਆਂ ਦਾ ਸਮੂਹ 'ਗੁਰੂ' ਪਦਵੀ ਦਾ ਅਧਿਕਾਰੀ ਨਹੀਂ ਰਹਿੰਦਾ। ਇਸ ਨਿਯਮ ਵਿਚ ਵਰਤੇ 'ਸਮੁੱਚੇ ਸਮੂਹ' ਸ਼ਬਦਾਂ ਵੱਲ ਉਚੇਚਾ ਧਿਆਨ ਦਿਵਾਉਣਾ ਅਸੀਂ ਜ਼ਰੂਰੀ ਸਮਝਦੇ ਹਾਂ। ਸਥਾਨਕ ਤੌਰ 'ਤੇ ਕਾਰਜ ਨਿਭਾਉਣ ਲਈ ਨਿੱਕੇ ਨਿੱਕੇ ਜਥੇ ਬਣਾ ਕੇ ਚੱਲਣਾ ਸ਼ਾਇਦ ਜ਼ਰੂਰੀ ਵੀ ਹੋਵੇ, ਪਰ ਇਹ ਸਭ ਕੁਝ ਉਸ ਵੇਲੇ ਕੌਮੀ ਤੌਰ 'ਤੇ ਦੁਖਦਾਈ ਬਣ ਜਾਂਦਾ ਹੈ, ਜਦੋਂ ਕੋਈ ਇਕ ਜਥਾ ਆਪਣੇ ਆਪ ਨੂੰ ਗੁਰੂ-ਪੰਥ ਸਮਝਣ ਦਾ ਭਰਮ ਪਾਲਣ ਦਾ ਯਤਨ ਕਰਦਾ ਹੈ। ਸਾਨੂੰ ਸਦਾ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਹਰ ਸਾਧਾਰਨ ਜਾਂ ਮਹਾਨ ਸਿੰਘ ਅਥਵਾ ਸੰਸਥਾ (ਮਿਸਲ/ਦਲ/ਪਾਰਟੀ/ਜਥਾ ਆਦਿ) ਗੁਰੂ-ਪੰਥ ਦਾ ਅੰਗ ਹੈ, ਗੁਰੂ-ਪੰਥ ਨਹੀਂ, ਗੁਰੂ-ਪੰਥ 'ਸਮੁੱਚੇ ਸਮੂਹ' ਦਾ ਨਾਂ ਹੈ। ਇਸੇ ਖ਼ਿਆਲ ਨੂੰ ਇਉਂ ਵੀ ਸਮਝਿਆ



Sri Satguru Jagjit Singh Ji eLibrary NamdhariElibrary@gmail.com

ਜਾ ਸਕਦਾ ਹੈ ਕਿ 'ਗੁਰੂ ਪੰਥ' ਮਿਸਲ/ ਦਲ/ਪਾਰਟੀ ਜਾਂ ਕਿਸੇ ਸਿੱਖ ਸੰਪ੍ਰਦਾ ਦਾ ਨਾ ਨਹੀਂ, ਇਹ ਤਾਂ ਗੁਰੂ ਨਾਨਕ—ਗੁਰੂ ਗੋਬਿੰਦ ਸਾਹਿਬ ਜੀ ਦੇ ਸਾਜੇ-ਨਿਵਾਜੇ ਪਿਆਰਿਆਂ ਦੇ ਸਮੁੱਚੇ ਸਮੂਹ ਦਾ ਨਾਂ ਹੈ। ਜੋ ਲੋਕ ਗੁਰੂ-ਪੰਥ ਵੱਲੋਂ ਕੀਤੇ ਫ਼ੈਸਲਿਆਂ ਅਥਵਾ ਗੁਰਮਤਿਆਂ ਨੂੰ ਪਾਰਟੀ ਜਾਂ ਧੜੇ ਨਾਲ ਜੋੜਨ ਦਾ ਹੋਛਾ ਯਤਨ ਕਰਦੇ ਹਨ, ਉਹ ਭਾਰੀ ਭੁੱਲ ਵਿਚ ਹਨ।

'ਪੰਥ' ਗੁਰੂ ਨਾਨਕ ਸਾਹਿਬ ਦਾ ਸਾਕਾਰ ਹੋਇਆ ਸੁਪਨਾ ਹੈ, ਜਿਸ ਦੀ ਸਾਕਾਰਤਾ ਉਪਰ ਦੋ ਸੌ ਤੀਹ ਵਰ੍ਹੇ ਦਾ ਸਮਾਂ ਲੱਗਾ। ਇਸ ਨੂੰ ਸਾਕਾਰ ਕਰਨ ਵਾਸਤੇ ਦਸਾਂ ਹੀ ਗੁਰੂ ਸਾਹਿਬਾਨ ਨੇ ਘਾਲਣਾ ਘਾਲੀ। ਸ਼ਹਾਦਤਾਂ ਦਿੱਤੀਆਂ, ਲੜਾਈਆਂ ਦਾ ਸਾਹਮਣਾ ਕੀਤਾ ਅਤੇ ਦਸਮੇਸ਼ ਜੀ ਨੇ ਆਪਣਾ ਸਰਬੰਸ ਤਕ ਕੁਰਬਾਨ ਕਰ ਦਿੱਤਾ। ਪਹਿਲੀ ਵੈਸਾਖ 1756 ਬਿਕ੍ਰਮੀ (1699 ਈਸਵੀ) ਦਸਮੇਸ਼ ਜੀ ਨੇ ਇਸ ਦਾ ਅੰਤਮ ਰੂਪ ਬੱਧਾ, ਜਦੋਂ 'ਖੰਡੇ' ਦੀ ਪਾਹੁਲ ਦੇ ਕੇ ਇਸ ਦੀ ਰਹਿਤ-ਬਹਿਤ ਨਿਸ਼ਚਿਤ ਕਰ ਦਿੱਤੀ। ਫਿਰ ਉਦੋਂ ਹੀ ਅੱਗੇ ਤੋਂ 'ਖੰਡੇ ਦੀ ਪਾਹੁਲ' ਤਿਆਰ ਕਰਨ ਦਾ ਅਧਿਕਾਰ ਵੀ ਸਦਾ ਲਈ ਪੰਥ ਦੇ ਹਵਾਲੇ ਕੀਤਾ ਅਰ ਗੁਰੂ-ਪੰਥ ਦੇ ਪ੍ਰਤੀਨਿਧ ਪੰਜਾਂ ਪਿਆਰਿਆਂ ਪਾਸੋਂ ਆਪ ਅੰਮ੍ਰਿਤ ਛਕ ਕੇ ਆਪਣਾ ਆਪ ਪੰਥ ਗੁਰੂ ਵਿਚ ਅਭੇਦ ਕਰ ਦਿੱਤਾ ਜਾਂ ਦੂਜੇ ਲਫ਼ਜ਼ਾਂ ਵਿਚ ਗੁਰੂ ਜੁਗਤਿ ਦਾ ਕਰਤੱਵ ਨਿਭਾਉਣ ਦਾ ਅਧਿਕਾਰ ਸਦਾ ਲਈ ਪੰਥ ਦੇ ਹਵਾਲੇ ਕਰ ਦਿੱਤਾ।

**ਸੋ ਸਤਿਗੁਰੂ ਕੰਮ ਸਭਿ ਖਾਲਸੇ ਦੀਓ॥**
**ਮੁਖਤਯਾਰ ਖ਼ਾਲਸਾ ਹਰ ਥਾਂ ਕੀਓ॥**
**ਪੰਜ ਭੁਜੰਗੀਅਨ ਤੇ ਅਰਦਾਸ ਕਰਾਓ॥**
**ਜੋ ਮਾਗਹੁ ਸੋਈ ਫਲ ਪਾਓ॥** *(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 45)*

ਇਤਿਹਾਸਕ ਹਵਾਲੇ ਮੌਜੂਦ ਹਨ ਕਿ ਬਾਕੀ ਜੀਵਨ ਭਰ ਖ਼ਾਲਸੇ ਦੀ ਮੁਖ਼ਤਿਆਰੀ ਸਨਮੁਖ ਦਸਮੇਸ਼ ਜੀ ਨੇ ਸਦਾ ਸੀਸ ਨਿਵਾਇਆ, ਚਾਹੇ ਉਹ ਚਮਕੌਰ ਦੀ ਗੜ੍ਹੀ ਤਿਆਗਣ ਦਾ ਮਸਲਾ ਸੀ ਜਾਂ ਮਹਾਤਮਾ ਦਾਦੂ ਦੀ ਸਮਾਧ ਨੂੰ ਸਤਿਕਾਰ ਦੇਣ ਦਾ ਮਸਲਾ। ਸ: ਰਤਨ ਸਿੰਘ ਭੰਗੂ ਆਪਣੇ ਬਜ਼ੁਰਗਾਂ ਪਾਸੋਂ ਸੁਣੀ ਇਕ ਦਿਲਚਸਪ ਘਟਨਾ ਨੂੰ *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਵਰਣਨ ਕਰਦੇ ਹੋਏ 'ਖ਼ਾਲਸੇ' ਦੇ ਮਹੱਤਵ ਨੂੰ ਗੁਰੂ ਪਾਤਸ਼ਾਹ ਰਾਹੀਂ ਇਉਂ ਦ੍ਰਿੜ੍ਹ ਕਰਵਾਇਆ ਦੱਸਦੇ ਹਨ ਕਿ ਜਦੋਂ ਦਸਮੇਸ਼ ਜੀ ਨੇ ਜਰਨੈਲ ਬੰਦਾ ਸਿੰਘ ਨੂੰ ਖੰਡਾ ਬਖ਼ਸ਼ਿਆ ਤਾਂ :

**ਬੰਦੇ ਗੁਰ ਖੰਡਾ ਦੀਓ, ਲਯੋ ਉਨੈਂ ਗਲਿ ਪਾਇ।**
**ਖਾਲਸੋ ਦੇਖ ਸੁ ਵਿਟਰਿਓ, ਤਿਨ ਖੰਡੋ ਲਿਯੋ ਛਿਨਾਇ।**

ਜਰਨੈਲ ਬੰਦਾ ਸਿੰਘ ਵੱਲੋਂ ਮਾਯੂਸੀ ਪ੍ਰਗਟ ਕਰਨ 'ਤੇ ਗੁਰੂ ਪਾਤਸ਼ਾਹ ਜੀ ਨੇ ਉਸ ਨੂੰ ਪੰਜ ਤੀਰ ਬਖ਼ਸ਼ਦਿਆਂ ਹੋਇਆਂ ਖ਼ਾਲਸੇ ਦੀ ਮਹਿਮਾ ਇਉਂ ਕਹੀ :

**ਚੀਜ਼ ਆਪਨੀ ਇਨੈਂ ਸੰਭਾਰੀ।**
**ਭਯੋ ਖ਼ਾਲਸੋ ਅਬ ਕਲ ਧਾਰੀ।**


Sri Satguru Jagjit Singh Ji eLibrary NamdhariElibrary@gmail.com

ਅੰਤ, 1765 ਬਿਕ੍ਰਮੀ (1708 ਈਸਵੀ) ਨੂੰ ਅਬਿਚਲ ਨਗਰ (ਹਜ਼ੂਰ ਸਾਹਿਬ) ਵਿਖੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੰਕਲਪ ਦੀ ਪੂਰਤੀ ਕਰਦਿਆਂ ਗੁਰਤਾ ਗੱਦੀ 'ਤੇ ਸ੍ਰੀ (ਗੁਰੂ) ਗ੍ਰੰਥ ਸਾਹਿਬ ਨੂੰ ਅਸਥਾਪਨ ਕਰ ਪੰਥ ਨੂੰ ਤਾਬਿਆ ਕਰ ਕੇ ਆਪ ਜੀ ਜੋਤੀ ਜੋਤਿ ਸਮਾ ਗਏ। ਧਰਮਾਂ ਦੇ ਇਤਿਹਾਸ ਵਿਚ ਇਹ ਕੌਤਕ ਬਹੁਤ ਨਿਰਾਲਾ ਹੈ, ਜੋ ਦਸ ਗੁਰੂ ਸਾਹਿਬਾਨ ਨੇ ਸਿੱਖ ਧਰਮ ਵਿਚ ਵਰਤਾਇਆ ਹੈ। ਕਿਉਂਕਿ ਆਮ ਤੌਰ 'ਤੇ ਜਾਂ ਤਾਂ ਰਹਿਬਰੀ ਦਾ ਸਿਲਸਿਲਾ ਰਹਿਬਰ (ਆਗੂ) ਦੇ ਚਲਾਣਾ ਕਰਨ ਦੇ ਨਾਲ ਹੀ ਖ਼ਤਮ ਹੋ ਜਾਂਦਾ ਹੈ ਜਾਂ ਸ਼ਖ਼ਸੀ ਤੌਰ 'ਤੇ ਜਾਨਸ਼ੀਨ ਗੱਦੀ ਉਪਰ ਬੈਠਦੇ ਚਲੇ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ 'ਨਿਰਗੁਣ ਅਤੇ ਸਰਗੁਣ' ਦੇ ਸੁਮੇਲ ਦਾ ਸੰਕਲਪ ਜੋ ਮਨੁੱਖਤਾ ਨੂੰ ਦਿੱਤਾ, ਉਹ ਅਦੁੱਤੀ ਹੈ। ਗੁਰਵਾਕ :

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ,**
**ਸਹਸ ਮੂਰਤਿ ਨਨਾ ਏਕ ਤੁੋਹੀ ॥**
**ਸਹਸ ਪਦ ਬਿਮਲ ਨਨ ਏਕ ਪਦ**
**ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥**
**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥** *(ਗੁ: ਗ੍ਰੰ: ਸਾ:, ਪੰਨਾ 13)*
**ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥**
**ਕਲਾ ਧਾਰਿ ਜਿਨਿ ਸਗਲੀ ਮੋਹੀ ॥** *(ਗੁ: ਗ੍ਰੰ: ਸਾ:, ਪੰਨਾ 287)*

ਭਾਈ ਗੁਰਦਾਸ ਜੀ ਗੁਰੂ ਸਾਹਿਬ ਦੇ ਇਸ ਸੰਕਲਪ ਨੂੰ ਇਉਂ ਦ੍ਰਿੜ ਕਰਵਾਉਂਦੇ ਹਨ :

**ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਹਿ ਰਾਈ ॥੪੨॥੧॥**

ਬਾਕੀ ਗੁਰੂ ਸਾਹਿਬਾਨ ਭਾਵੇਂ ਸਰੀਰ ਵਿਚ ਰਹਿ ਕੇ ਅਗਵਾਈ ਤਾਂ ਕਰਦੇ ਰਹੇ ਪਰ ਮਹੱਤਵ ਹਰ ਸਮੇਂ ਬਾਣੀ ਅਤੇ ਗੁਰ-ਸੰਗਤਿ ਨੂੰ ਹੀ ਦਿੱਤਾ। ਨਿਰਗੁਣ ਅਤੇ ਸਰਗੁਣ ਦੇ ਸੁਮੇਲ ਅਨੁਸਾਰ ਗੁਰਬਾਣੀ ਜੋਤਿ ਰੂਪ ਨਿਰਗੁਣ (ਨਿਰੰਕਾਰ) ਹੈ, ਜੋ ਪੰਥ ਸਰੀਰ ਰੂਪ ਸਰਗੁਣ (ਸਾਕਾਰ) ਵਿਚ ਵਰਤਦੀ ਹੈ। ਜਿਸ ਤਰ੍ਹਾਂ ਸਾਕਾਰ, ਨਿਰੰਕਾਰ ਤੋਂ ਬਿਨਾਂ ਕੁਝ ਨਹੀਂ ਅਤੇ ਨਿਰੰਕਾਰ ਦੇ ਦੀਦਾਰ ਸਾਕਾਰ ਵਿਚ ਹੀ ਕੀਤੇ ਜਾ ਸਕਦੇ ਹਨ। ਇਸੇ ਤਰ੍ਹਾਂ ਪੰਥ, ਗ੍ਰੰਥ (ਗੁਰਬਾਣੀ) ਤੋਂ ਬਿਨਾਂ ਕੁਝ ਨਹੀਂ, ਤੇ ਗ੍ਰੰਥ ਦੀ ਸੇਵਾ-ਸੰਭਾਲ ਪੰਥ ਹੀ ਕਰ ਸਕਦਾ ਹੈ। ਇਸ ਤਰ੍ਹਾਂ ਗ੍ਰੰਥ-ਪੰਥ ਇਕ ਦੂਜੇ ਦੇ ਪੂਰਕ ਹਨ। ਇਉਂ ਇਹ ਕੌਤਕ ਇਕ ਹੀ ਸਿੱਕੇ ਦੇ ਦੋ ਪਾਸਿਆਂ ਵਾਂਗ ਹੈ, ਜੋ ਦੋਵੇਂ ਹੀ ਮਹੱਤਵਪੂਰਨ ਹਨ। ਬਿਨਾਂ ਸ਼ੱਕ ਇਸ ਵਿਸਮਾਦੀ ਕੌਤਕ ਬਾਬਤ ਲੋੜੀਂਦੇ ਪ੍ਰਚਾਰ ਦੀ ਘਾਟ ਕਾਰਨ ਕਈ ਵਾਰ ਭੋਲੇ ਭਾਲੇ ਗੁਰਸਿੱਖਾਂ ਨੂੰ ਗੁੰਮਰਾਹ ਕਰ ਕੇ ਆਪਣਾ ਗੁਰੂ ਡੰਮ ਚਲਾਉਣ ਦਾ ਅਸਫਲ ਯਤਨ ਕੀਤਾ ਹੈ।

**ਸ੍ਰੀ ਅਕਾਲ ਪੁਰਖ ਕੇ ਬਚਨ ਸਿਉ, ਪ੍ਰਗਟਿਓ ਪੰਥ ਮਹਾਨ।**
**ਗ੍ਰੰਥ ਪੰਥ ਗੁਰ ਮਾਨੀਏ, ਤਾਰੇ ਸਗਲ ਕੁਲਾਨ।** *(ਰਹਿਤਨਾਮਾ ਭਾਈ ਦਯਾ ਸਿੰਘ)*

ਗੁਰੂ ਖਾਲਸਾ ਮਾਨੀਅਹੁ ਪ੍ਰਗਟ ਗੁਰਾਂ ਕੀ ਦੇਹ।
ਜੋ ਸਿਖ ਮੋ ਮਿਲਿਯੋ ਚਹੈ ਖੋਜ ਇਨਹੁ ਮੇਂ ਲੇਹ।

*(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)*

ਗੁਰੂ ਸਰੂਪ ਖਾਲਸਾ ਹਈਏ।
ਜਾ ਕੀ ਟਹਲ ਪਰਮ ਸੁਖ ਲਹੀਏ। *(ਰਹਿਤਨਾਮਾ ਭਾਈ ਦੇਸਾ ਸਿੰਘ)*

ਮੋਹਿ ਦਰਸ਼ਨ ਪੰਥ ਬਿਖੈ ਕਰਿ ਹੈ,
ਗੁਰ ਖਾਲਸਾ ਜਾਨ ਲੀਜੈ ਮਨ ਮਾਹੀ। *(ਗੁਰ ਬਿਲਾਸ ਪਾ: ੧੦)*

"ਜੋ ਚਾਹੇ ਮੈਂ ਗੁਰੂ ਨਾਲ ਗੱਲਾਂ ਕਰਾਂ ਤਾਂ ਸ਼ਬਦ ਪੜ੍ਹੇ ਸਭ ਨਿਸ਼ਾ ਹੋਵਸੀ; ਅਰ ਜੋ ਚਾਹੇ ਮੈਂ ਦਰਸ਼ਨ ਕਰਾਂ ਜਿਥੈ ਖ਼ਾਲਸੇ ਦਾ ਇਕੱਠ ਹੋਵੇ, ਤਿਥੈ ਜਾਇ ਕੈ ਅਦਬ ਨਾਲ ਦਰਸ਼ਨ ਕਰੈ ਪ੍ਰਤੀਤ ਕਰਿ ਕੈ, ਦਰਸ਼ਨ ਗੁਰੂ ਕਾ ਪ੍ਰਾਪਤ ਹੋਵੇਗਾ।" *(ਪ੍ਰੇਮ ਸੁਮਾਰਗ)*

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥
ਖ਼ਾਲਸੇ ਮਹਿ ਹੌਂ ਕਰੌ ਨਿਵਾਸ॥
ਖ਼ਾਲਸਾ ਮੇਰੋ ਮੁਖ ਹੈ ਅੰਗਾ॥
ਖ਼ਾਲਸੇ ਕੇ ਹੌਂ ਸਦ ਸਦ ਸੰਗਾ॥
ਖ਼ਾਲਸਾ ਮੇਰੋ ਇਸ਼ਟ ਸੁਹਿਰਦ॥
ਖ਼ਾਲਸਾ ਮੇਰੋ ਕਹੀਅਤ ਬਿਰਦ॥ *(ਸਰਬ ਲੋਹ, ਪੰਨਾ 667)*

ਧਾਰਮਿਕ ਸਲਾਹਕਾਰ ਕਮੇਟੀ ਦੀ ਤੀਜੀ ਇਕੱਤਰਤਾ ਮਿਤੀ 14-4-1938 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਦਫ਼ਤਰ ਵਿਚ ਹੋਈ, ਜਿਸ ਵਿਚ 1. ਪ੍ਰੋ: ਤੇਜਾ ਸਿੰਘ ਜੀ; 2. ਪ੍ਰੋ: ਜੋਧ ਸਿੰਘ ਜੀ, ਪ੍ਰਿੰਸੀਪਲ ਖ਼ਾਲਸਾ ਕਾਲਜ; 3. ਜਥੇਦਾਰ ਮੋਹਨ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ; 4. ਭਾਈ ਸਾਹਿਬ ਭਾਈ ਲਾਭ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ; 5. ਪ੍ਰੋ: ਗੰਗਾ ਸਿੰਘ ਜੀ। ਇਨਾਂ ਤੋਂ ਛੁੱਟ ਪ੍ਰੋ: ਸਾਹਿਬ ਸਿੰਘ ਵੀ ਆਏ ਹੋਏ ਸਨ, ਨੇ ਇਸ ਮਹੱਤਵਪੂਰਨ ਪਹਿਲੂ ਦੀ ਵਿਆਖਿਆ ਇਹਨਾਂ ਲਫ਼ਜ਼ਾਂ ਵਿਚ ਕੀਤੀ:

"ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਗਰੋਂ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖ਼ਾਲਸਾ ਨੂੰ ਦਿੱਤੀ, 'ਗੁਰੂ ਵਿਚ ਆਦਿ ਤੋਂ ਦੋ ਚੀਜ਼ਾਂ ਸਨ, ਗੁਰਬਾਣੀ ਤੇ ਸੰਗਤ ਜਾਂ ਜੋਤ ਤੇ ਜੁਗਤ' ਗੁਰਬਾਣੀ ਪੂਰਨ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਕਲ ਵਿਚ ਅਸਥਾਪਨ ਹੋਈ ਅਤੇ ਸੰਗਤ ਗੁਰੂ ਖ਼ਾਲਸਾ ਦੀ ਸ਼ਕਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕੀਤੀ ਗਈ।"


Sri Satguru Jagjit Singh Ji eLibrary NamdhariElibrary@gmail.com

# ੨. ਅੰਮ੍ਰਿਤ ਸੰਸਕਾਰ

**(ੳ) ਅੰਮ੍ਰਿਤ ਛਕਾਣ ਲਈ ਇਕ ਖ਼ਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।** *(ਸਿੱਖ ਰਹਿਤ ਮਰਯਾਦਾ, ਪੰਨਾ 27)*

***ਵਿਆਖਿਆ :***

**ਅੰਮ੍ਰਿਤ ਛਕਾਣ ਲਈ ਨਿਵੇਕਲੇ ਸਥਾਨ ਦਾ ਪ੍ਰਬੰਧ** : ਜਦੋਂ ਵੀ ਪ੍ਰੇਮੀ-ਸਿੱਖ ਸੰਗਤ ਵਿਚ ਹਾਜ਼ਰ ਹੋ ਕੇ ਅੰਮ੍ਰਿਤ ਛਕਣ ਦੀ ਇੱਛਾ ਪ੍ਰਗਟ ਕਰਦੇ ਹਨ ਤਾਂ ਸੰਗਤ ਇਸ ਲਈ ਲੋੜੀਂਦਾ ਪ੍ਰਬੰਧ ਕਰਦੀ ਹੈ। ਇਹ ਹੁਕਮ ਹੈ ਕਿ ਇਸ ਕਾਰਜ ਲਈ ਨਿਵੇਕਲੇ ਸਥਾਨ ਦਾ ਪ੍ਰਬੰਧ ਕੀਤਾ ਜਾਵੇ, ਜਿਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ। ਖ਼ਾਸ ਜਾਂ ਨਿਵੇਕਲੇ ਸਥਾਨ 'ਤੇ ਪ੍ਰਬੰਧ ਕਰਨ ਤੋਂ ਭਾਵ ਕੋਈ ਓਹਲੇ ਵਿਚ ਜਾਂ ਚੁੱਪ-ਗੜੁੱਪ ਮੰਤਰ ਦੇਣ ਵਾਲਾ ਯਤਨ ਨਹੀਂ, ਸਗੋਂ ਯਤਨ ਹੈ ਕਿ ਸਾਰੇ ਕਾਰਜ ਦੌਰਾਨ ਅੰਮ੍ਰਿਤ ਛਕਣ ਛਕਾਉਣ ਵਾਲਿਆਂ ਦੀ ਬਿਰਤੀ ਦਾ ਵੱਧ ਤੋਂ ਵੱਧ ਟਿਕਾਉ ਬਣਿਆ ਰਹੇ। ਇਸ ਕਾਰਜ ਲਈ ਕੁਝ ਘੰਟਿਆਂ ਦਾ ਸਮਾਂ ਲੱਗਣਾ ਸੰਭਵ ਹੁੰਦਾ ਹੈ, ਜਿਸ ਦੌਰਾਨ ਸੋਧ ਸੁਧਾਈ, ਅੰਮ੍ਰਿਤ ਦੀ ਤਿਆਰੀ ਤੇ ਛਕਾਉਣਾ ਅਤੇ ਰਹਿਤ-ਬਹਿਤ ਬਾਬਤ ਸੋਝੀ ਦਿੱਤੀ ਜਾਣੀ ਹੁੰਦੀ ਹੈ। ਇਸ ਲਈ ਸੰਗਤ ਵਿਚ ਦੀਵਾਨ ਦਾ ਪ੍ਰੋਗਰਾਮ, ਆਮ ਲੋਕਾਂ ਦੀ ਆਵਾਜਾਈ, ਬੱਚਿਆਂ ਦਾ ਬਹੁਤ ਸਮਾਂ ਟਿਕ ਕੇ ਨਾ ਬੈਠ ਸਕਣਾ ਆਦਿਕ ਬਿਰਤੀ ਦੇ ਖਿੰਡਾਓ ਦਾ ਕਾਰਨ ਬਣਦੇ ਹਨ। ਕੁਝ ਹੋਰ ਕਾਰਨਾਂ ਨੂੰ ਵੀ ਧਿਆਨ ਵਿਚ ਰੱਖਦਿਆਂ ਇਹ ਵੀ ਯੋਗ ਬਣਦਾ ਹੈ ਕਿ ਇਸ ਸਥਾਨ 'ਤੇ ਆਮ ਕਰ ਕੇ ਉਹ ਹੀ ਹਾਜ਼ਰ ਰਹਿਣ, ਜਿਨ੍ਹਾਂ ਨੇ ਇਸ ਕਾਰਜ ਵਿਚ ਸ਼ਾਮਲ ਹੋਣਾ ਹੁੰਦਾ ਹੈ।

**(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ ਵਿੱਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਵੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ।**

***ਵਿਆਖਿਆ :***

**ਸਥਾਨ ਦੀ ਤਿਆਰੀ** : ਜਿਸ ਸਥਾਨ 'ਤੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਂਦਾ ਹੈ, ਉਸ ਸਥਾਨ ਨੂੰ ਅੱਛੀ ਤਰ੍ਹਾਂ ਸਾਫ਼ ਸੁਥਰਾ ਕਰ ਕੇ ਵਿਛਾਈ ਕੀਤੀ ਜਾਵੇ। ਸੁੰਦਰ ਚਾਨਣੀ ਲਗਾ ਕੇ, ਮੰਜੀ ਸਾਹਿਬ ਉਪਰ ਸਾਫ਼ ਸੁਥਰੇ ਗਦੇਲੇ, ਸਿਰਹਾਣੇ ਤੇ ਰੁਮਾਲੇ ਸਜਾ ਕੇ ਜੁਗੋ-ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇ।

**ਅੰਮ੍ਰਿਤ ਛਕਾਣ ਲਈ ਸਿੰਘ ਤੇ ਸਿੰਘਣੀਆਂ ਦੀ ਹਾਜ਼ਰੀ** : ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ ਵਿੱਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਸ ਮਹਾਨ ਸੇਵਾ ਸਮੇਂ ਤਿਆਰ-ਬਰ-ਤਿਆਰ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਧਾਰੀ ਗੁਰਸਿੱਖ ਬੀਬੀਆਂ ਵੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਸਕਦੀਆਂ ਹਨ।

ਇਨ੍ਹਾਂ ਸਾਰੇ ਤਿਆਰ-ਬਰ-ਤਿਆਰ ਗੁਰੂ ਪਿਆਰਿਆਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ।

**(ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗਹੀਣ (ਅੰਨ੍ਹਾ, ਕਾਣਾ, ਲੰਙਾ, ਲੂਲ੍ਹਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ, ਕੋਈ ਤਨਖ਼ਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।** *(ਸਿੱਖ ਰਹਿਤ ਮਰਯਾਦਾ, ਪੰਨਾ 28)*

*ਵਿਆਖਿਆ :*

**ਪੰਜ ਪਿਆਰੇ ਦਰਸ਼ਨੀ ਤੇ ਤਿਆਰ-ਬਰ-ਤਿਆਰ ਹੋਣ :** ਕਿਉਂਕਿ ਪੰਜ ਪਿਆਰੇ ਗੁਰੂ ਜੁਗਤਿ ਦਾ ਕਰਤੱਵ ਨਿਭਾਉਣ ਜਾ ਰਹੇ ਹੁੰਦੇ ਹਨ, ਇਸ ਲਈ ਇਹ ਸਾਰੇ ਸਿੰਘ ਦਰਸ਼ਨੀ ਭਾਵ ਪ੍ਰਭਾਵਸ਼ਾਲੀ ਸ਼ਖ਼ਸੀਅਤ (ਦਿੱਖ) ਵਾਲੇ ਹੋਣ। ਇਨ੍ਹਾਂ ਵਿਚ ਕੋਈ ਅੰਗਹੀਣ, ਜਿਵੇਂ ਅੰਨ੍ਹਾ, ਕਾਣਾ, ਲੰਙਾ, ਲੂਲ੍ਹਾ, ਟੁੰਡਾ ਜਾਂ ਹੋਰ ਕਿਸੇ ਦੀਰਘ (ਗੰਭੀਰ) ਰੋਗ ਜਿਵੇਂ ਦਮਾ ਜਾਂ ਚਮੜੀ ਰੋਗ ਆਦਿ ਦਾ ਸ਼ਿਕਾਰ ਨਾ ਹੋਵੇ। ਗੁਰੂ-ਪੰਥ ਵੱਲੋਂ ਹੋਇਆ ਅਜਿਹਾ ਫ਼ੈਸਲਾ ਕਿਸੇ ਅੰਗਹੀਣ ਨੂੰ ਪਰ੍ਹਾਂ ਹਟਾਉਣ ਦਾ ਯਤਨ ਨਹੀਂ, ਸਗੋਂ ਇਹ ਇਸ ਸੇਵਾ ਦੌਰਾਨ ਬੀਰ ਆਸਣ ਲਗਾ ਕੇ ਬੈਠਣ, ਇਕ ਹੱਥ ਬਾਟੇ ਦੇ ਕੰਢੇ 'ਤੇ ਰੱਖਦਿਆਂ ਦੂਜੇ ਨਾਲ ਜਲ ਵਿਚ ਖੰਡਾ ਫੇਰਨ ਜਿਹੀਆਂ ਜ਼ਰੂਰਤਾਂ ਅਤੇ ਸਿਹਤ ਅਰੋਗਤਾ ਦੇ ਨਿਯਮਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ।

(ਅ) ਅਤੇ (ੲ) ਨਿਯਮਾਂ ਵਿਚ 'ਤਿਆਰ-ਬਰ-ਤਿਆਰ' ਹੋਣਾ ਲਿਖਣ ਤੋਂ ਭਾਵ ਉਨ੍ਹਾਂ ਦਾ ਗੁਰੂ-ਪੰਥ ਦੇ ਹੁਕਮ ਅਨੁਸਾਰ ਤੱਤਪਰ ਰਹਿਣ ਵਾਲੇ ਗੁਰਮੁਖਾਂ ਤੋਂ ਵੀ ਹੈ। ਜਿਵੇਂ ਕਿ ਅਸੀਂ ਪਹਿਲਾਂ ਵਿਚਾਰ ਚੁੱਕੇ ਹਾਂ ਕਿ ਕਿਸੇ ਪ੍ਰੇਮੀ ਨੂੰ ਪੰਥ ਵਿਚ ਸ਼ਾਮਲ ਕਰਨ ਦਾ ਕਰਤੱਵ ਉਹੀ ਨਿਭਾਅ ਸਕਦੇ ਹਨ ਅਤੇ ਸ਼ਾਮਲ ਹੋਣ ਵਾਲੇ ਪ੍ਰਤੀ ਗੁਰੂ-ਪੰਥ ਦਾ ਹੁਕਮ, ਜਿਉਂ ਦਾ ਤਿਉਂ ਵੀ ਉਹ ਹੀ ਦ੍ਰਿੜ੍ਹ ਕਰਵਾ ਸਕਦੇ ਹਨ, ਜੋ ਆਪ ਨਿਰਮਲ ਜੀਵਨ ਵਾਲੇ, ਨਾਮ ਬਾਣੀ ਦੇ ਰਸੀਏ ਅਤੇ ਗੁਰੂ-ਪੰਥ ਵੱਲੋਂ ਬੱਧੀ ਮਰਯਾਦਾ ਦੇ ਪਾਬੰਦ ਹੋਣ। ਗੁਰੂ ਪਾਤਸ਼ਾਹ ਜੀ ਗੁਰਮੁਖਾਂ/ਪੰਚਾਂ ਦੀ ਸੋਧ ਬਾਬਤ ਇਉਂ ਫ਼ੁਰਮਾਨ ਕਰਦੇ ਹਨ :

**ਗੁਰਮਤਿ ਪੰਚ ਸਖੇ ਗੁਰ ਭਾਈ ॥**
**ਗੁਰਮਤਿ ਅਗਨਿ ਨਿਵਾਰਿ ਸਮਾਈ ॥**
**ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥**

*(ਗੁ: ਗ੍ਰੰ: ਸਾ:, ਪੰਨਾ 1041)*

ਭਾਈ ਗੁਰਦਾਸ ਜੀ ਇਸ ਨੁਕਤੇ ਦੀ ਵਿਆਖਿਆ ਇਉਂ ਕਰਦੇ ਹਨ :

**ਸਬਦ ਸੁਰਤਿ ਲਿਵ, ਗੁਰਸਿਖ ਸੰਧਿ ਮਿਲੇ,**
**ਪੰਚ ਪਰਪੰਚ ਮਿਟੇ, ਪੰਚ ਪਰਧਾਨੇ ਹੈ ॥੨੯॥**

Sri Satguru Jagjit Singh Ji eLibrary NamdhariElibrary@gmail.com

ਕਾਮ ਕਰੋਧੁ ਵਿਰੋਧੁ ਲੰਘਿ, ਲੋਭੁ ਮੋਹੁ ਅਹੰਕਾਰ ਵਿਹਾਣਾ॥
ਸਤਿ, ਸੰਤੋਖ, ਦਇਆ, ਧਰਮੁ, ਅਰਥੁ ਸੁਗ੍ਰੰਥ ਪੰਚ ਪਰਵਾਣਾ॥੫॥੭॥
[ਜਿਨ੍ਹਾਂ ਨੇ ਕਾਮ ਕ੍ਰੋਧ ਅਰ ਵੈਰ ਦਾ ਤਿਆਗ ਕੀਤਾ ਹੈ, ਜੋ ਲੋਭ ਮੋਹ ਅਤੇ ਹੰਕਾਰ ਬਿਨਾਂ ਹਨ, ਜਿਨ੍ਹਾਂ ਵਿਚ ਸਤ ਸੰਤੋਖ ਦਇਆ ਅਤੇ ਧਰਮ ਦਾ ਨਿਵਾਸ ਹੈ, ਜੋ ਗੁਰਬਾਣੀ ਦੇ ਯਥਾਰਥ ਅਰਥ ਜਾਣਦੇ ਹਨ, ਅਜਿਹੇ ਗੁਰਮੁਖ/ਪੰਚ ਸਿੱਖ ਧਰਮ ਵਿਚ ਸ਼੍ਰੋਮਣੀ ਮੰਨੇ ਗਏ ਹਨ।]

ਇਹ ਲਈ ਇਹ ਮਹਾਨ ਸੇਵਾ ਨਿਭਾਉਣ ਵਾਲੇ ਗੁਰਮੁਖਾਂ ਦਾ ਨਿਰਮਲ ਜੀਵਨ ਦੇ ਮਾਲਕ ਹੋਣਾ ਡਾਢਾ ਜ਼ਰੂਰੀ ਹੈ, ਇਹ ਨਾਮ ਬਾਣੀ ਦੇ ਰਸੀਏ, ਪੰਥ ਪ੍ਰਵਾਨਿਤ ਮਰਯਾਦਾ 'ਤੇ ਪਹਿਰਾ ਦੇਣ ਵਾਲੇ ਅਤੇ ਧੜੇਬਾਜ਼ੀਆਂ ਦੇ ਵੈਰ ਵਿਰੋਧ ਤੋਂ ਉੱਚੇ ਉਠੇ ਹੋਏ ਹੋਣੇ ਚਾਹੀਦੇ ਹਨ ਤਾਂ ਜੁ ਇਨ੍ਹਾਂ ਪਾਸੋਂ ਗੁਰੂ ਕੀ ਦਾਤ ਪ੍ਰਾਪਤ ਕਰਨ ਵਾਲਾ ਖ਼ਾਲਸਾ ਪੰਥ ਦਾ ਨਰੋਆ ਅੰਗ ਬਣ ਜਾਏ।

ਧਿਆਨ ਰਹੇ ਅੰਮ੍ਰਿਤ ਛਕਾਉਣਾ ਕਿਸੇ ਨੂੰ ਪੰਥ ਵਿਚ ਸ਼ਾਮਲ ਕਰਨ ਦਾ ਅਮਲ ਹੈ। ਜੋ ਲੋਕ ਗੁਰੂ-ਪੰਥ ਵੱਲੋਂ ਅੰਮ੍ਰਿਤ ਸੰਸਕਾਰ ਦੇ ਇਸ ਉਦੇਸ਼ ਨੂੰ ਤਿਆਗ ਕੇ ਚੱਲਦੇ ਹਨ, ਉਹ ਭਾਰੀ ਭੁੱਲ ਕਰਦੇ ਹੋਏ ਪੰਥ ਵਿਚ ਵੰਡੀਆਂ ਪਾਉਣ ਦਾ ਕਾਰਨ ਬਣਦੇ ਹਨ।

**(ਸ) ਹਰ ਦੇਸ਼, ਹਰ ਮਜ਼ਹਬ ਤੇ ਜਾਤੀ ਦੇ ਹਰ ਇਸਤਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ ਅਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ।**

***ਵਿਆਖਿਆ :***

**ਅੰਮ੍ਰਿਤ ਛਕਣ ਦਾ ਅਧਿਕਾਰੀ ਹਰ ਕੋਈ** : ਸਿੱਖ ਧਰਮ ਧਾਰਨ ਕਰਨ ਅਤੇ ਉਸ ਦੇ ਅਸੂਲਾਂ ਉਪਰ ਚੱਲਣ ਲਈ ਪ੍ਰਣ ਕਰਨ ਦਾ, ਗੁਰੂ-ਪੰਥ ਨੇ, ਹਰ ਮਨੁੱਖ ਮਾਤਰ ਨੂੰ ਅਧਿਕਾਰੀ ਮੰਨਿਆ ਹੈ। ਇਥੇ ਨਾ ਬਿਪਰਵਾਦੀ ਵਰਨ-ਵੰਡ ਦੀ ਦੀਵਾਰ ਹੈ, ਨਾ ਹੀ ਹਿੰਦੂ, ਮੁਸਲਿਮ, ਈਸਾਈ ਆਦਿ ਦੇ ਦਾਖ਼ਲੇ ਸੰਬੰਧੀ ਕੋਈ ਵਿਤਕਰਾ ਹੈ ਅਤੇ ਨਾ ਹੀ ਲਿੰਗ (ਇਸਤਰੀ/ਪੁਰਸ਼), ਰੰਗ, ਨਸਲ, ਦੇਸ਼ ਅਤੇ ਬੋਲੀ ਆਦਿ ਦੀ ਕੋਈ ਬੰਦਿਸ਼ ਹੈ। ਬਾਹਰਲੇ ਮੱਤਾਂ ਵਿੱਚੋਂ ਆਉਣ ਵਾਲੇ ਬਾਬਤ ਸੰਗਤ ਵੱਲੋਂ ਇਹ ਨਿਰਖ-ਪਰਖ ਕਰਨੀ ਜ਼ਰੂਰੀ ਹੈ ਕਿ ਕੀ ਇਹ ਮਨੁੱਖ ਅਸਲ ਵਿਚ ਸਿੱਖ ਧਰਮ ਪ੍ਰਤੀ ਲਗਾਵ ਤੇ ਲੋੜੀਂਦੀ ਸੂਝ-ਬੂਝ ਰੱਖਦਾ ਹੈ ? ਕੀ ਸਿੱਖ ਧਰਮ ਲਈ ਇਹ ਪੂਰਨ ਤੌਰ 'ਤੇ ਸਮਰਪਤ ਹੋਣ ਲਈ ਤਿਆਰ ਹੈ ਜਾਂ ਕਿਸੇ ਲਾਲਚ ਵੱਸ ਜਾਂ ਜਜ਼ਬਾਤੀ ਹੋ ਕੇ ਤਾਂ ਅਜਿਹਾ ਨਹੀਂ ਕਰ ਰਿਹਾ ? ਧਿਆਨਯੋਗ ਹੈ ਕਿ ਅੰਮ੍ਰਿਤਧਾਰੀ ਹੋਣਾ ਸਿੱਖ ਧਰਮ ਵਿਚ ਦਾਖ਼ਲਾ ਹੀ ਨਹੀਂ, ਸਗੋਂ ਪਰਪੱਕ ਹੋ ਕੇ ਇਸ ਦੇ ਅਸੂਲਾਂ ਉਪਰ ਪਹਿਰਾ ਦੇਣ ਦਾ ਪ੍ਰਣ ਕਰਨਾ ਵੀ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਪੜਾਅ ਤਕ ਪਹੁੰਚਣ ਲਈ ਅਭਿਲਾਖੀ ਸਿੱਖ ਰਹੁ-ਰੀਤ ਅਨੁਸਾਰ ਚੱਲਦਾ ਹੋਵੇ, ਭਾਵ ਸਿੱਖ ਧਰਮ ਦੇ ਅਸੂਲਾਂ ਦਾ ਗਿਆਤਾ

ਹੋਵੇ, ਬਾਣੀ ਪੜ੍ਹਦਾ ਹੋਵੇ, ਸਤਸੰਗੀ ਹੋਵੇ, ਕੇਸਾਧਾਰੀ ਹੋਵੇ, ਚਾਰ ਬੱਜਰ ਕੁਰਹਿਤਾਂ ਤੋਂ ਬਚਿਆ ਹੋਵੇ ਅਤੇ ਕਿਸੇ ਹੋਰ ਧਰਮ ਨੂੰ ਨਾ ਮੰਨਦਾ ਹੋਵੇ। (ਸਿੱਖ ਪਰਿਵਾਰ ਵਿਚ ਜਨਮ ਲੈਣ ਵਾਲੇ ਅਭਿਲਾਖੀ ਲਈ ਇਹ ਮੁੱਢਲੀ ਤਿਆਰੀ ਸੁਭਾਵਕ ਤੌਰ 'ਤੇ ਹੀ ਹੋ ਜਾਣੀ ਜ਼ਰੂਰੀ ਹੈ। ਜਿਵੇਂ ਕਿ ਮਰਯਾਦਾ ਅਨੁਸਾਰ ਜਨਮ ਤੇ ਨਾਮ ਸੰਸਕਾਰ ਦਾ ਹੋਣਾ, ਬਚਪਨ ਤੋਂ ਸੰਗਤ ਵਿਚ ਆ ਕੇ ਗੁਰਮਤਿ ਚਾਲ ਤੋਂ ਜਾਣੂੰ ਹੋਣਾ ਅਤੇ ਉਸ ਅਨੁਸਾਰ ਚੱਲਣਾ, ਬਾਣੀ ਪੜ੍ਹਨਾ, ਘਰ ਵਿਚ ਗੁਰਮਤਿ ਦਾ ਵਾਤਾਵਰਣ ਹੋਣਾ ਅਤੇ ਹੋਰ ਕਿਸੇ ਧਰਮ ਨੂੰ ਨਾ ਮੰਨਣਾ, ਆਦਿਕ।)

ਸਾਨੂੰ ਸ਼ੋਕ ਹੁੰਦਾ ਹੈ ਉਨ੍ਹਾਂ 'ਮਹਾਂਪੁਰਖਾਂ' ਦੇ ਯਤਨਾਂ ਉਪਰ, ਜੋ ਯੋਗ ਅਯੋਗ ਦੀ ਲੋੜੀਂਦੀ ਵੀਚਾਰ ਕੀਤੇ ਬਗ਼ੈਰ ਹੀ ਆਪਣੇ 'ਸੇਵਕਾਂ' ਦੀ ਗਿਣਤੀ ਵਿਚ ਵਾਧਾ ਕਰਨ ਜਾਂ ਇਸ਼ਤਿਹਾਰਬਾਜ਼ੀ ਵਿਚ ਨੰਬਰ ਲੈਣ ਲਈ ਅੰਮ੍ਰਿਤ ਛਕਾਉਣ ਦਾ 'ਉਪਕਾਰ' ਕਰਦੇ ਹਨ। ਸਿੱਖ ਧਰਮ ਦੇ ਅਸੂਲਾਂ ਦੇ ਪਹਿਲਾਂ ਧਾਰਨੀ ਹੋਣ ਤੋਂ ਬਿਨਾਂ ਜਜ਼ਬਾਤੀ ਹੋ ਕੇ ਅੰਮ੍ਰਿਤ ਛਕਣ ਵਾਲੇ ਕੁਝ ਵਿਅਕਤੀ ਬਾਅਦ ਵਿਚ ਥਿੜਕਦੇ ਵੇਖੇ ਗਏ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਅੰਮ੍ਰਿਤ ਛਕਣ ਵਾਲੇ ਅਭਿਲਾਖੀ ਨੂੰ ਪਹਿਲਾਂ ਗਿਆਨ ਹੋਣਾ ਜ਼ਰੂਰੀ ਹੈ ਕਿ ਉਹ ਜੋ ਪ੍ਰਣ ਕਰਨ ਜਾ ਰਿਹਾ ਹੈ, ਕੀ ਉਸ ਦੇ ਮਹੱਤਵ ਦਾ ਉਸ ਨੂੰ ਪਤਾ ਹੈ ਅਤੇ ਕੀ ਉਹ ਖ਼ਾਲਸਾ ਜੀਵਨ ਜਿਊਣ ਲਈ ਦ੍ਰਿੜ ਹੈ?

**ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ।**

*ਵਿਆਖਿਆ :*

**ਅੰਮ੍ਰਿਤ ਛਕਣ ਲਈ ਉਮਰ** : ਇਸ ਤੋਂ ਭਾਵ ਹੈ ਕਿ ਅਭਿਲਾਖੀ ਨੂੰ ਗਿਆਨ ਹੋਵੇ ਕਿ ਉਹ ਜੋ ਪ੍ਰਣ ਕਰਨ ਜਾ ਰਿਹਾ ਹੈ, ਉਸ ਦੇ ਮਹੱਤਵ ਦਾ ਉਸ ਨੂੰ ਪਤਾ ਹੈ ਅਤੇ ਉਹ ਖ਼ਾਲਸਾ ਜੀਵਨ ਜਿਊਣ ਲਈ ਦ੍ਰਿੜ ਹੈ। ਬਾਹਰਲੇ ਮੱਤਾਂ ਵਿੱਚੋਂ ਆ ਕੇ ਛੋਟੀ ਉਮਰੇ 'ਸਿੰਘ ਸਜਣ' ਦੀ ਕਿਸੇ ਦੀ ਸਾਨੂੰ ਕੋਈ ਉਦਾਹਰਣ ਨਹੀਂ ਮਿਲਦੀ। ਸਿੱਖ ਪਰਿਵਾਰਾਂ ਵਿਚ ਜਨਮ ਲੈਣ ਅਤੇ ਬਚਪਨ ਤੋਂ ਗੁਰਬਾਣੀ ਦੀ ਸੰਗਤ ਪ੍ਰਾਪਤ ਕਰਨ ਵਾਲੇ ਬੱਚੇ ਅੰਮ੍ਰਿਤ ਛਕਣ ਲਈ ਛੇਤੀ ਤਿਆਰ ਹੁੰਦੇ ਦੇਖੇ ਗਏ ਹਨ, ਜੋ ਕਿ ਭਲਾ ਲੱਛਣ ਹੈ, ਪਰ ਇਥੇ ਵੀ ਇਹ ਧਿਆਨ ਰੱਖਣਯੋਗ ਹੈ ਕਿ ਕੀ ਇਹ ਬੱਚੇ ਮਰਯਾਦਾ ਅਨੁਸਾਰ ਗੁਰਬਾਣੀ ਦਾ ਨਿਤਨੇਮ ਕਰ ਸਕਦੇ ਹਨ ਜਾਂ ਪੰਜ ਕਕਾਰਾਂ ਦੀ ਰਹਿਤ ਨਿਭਾਅ ਸਕਦੇ ਹਨ?

ਵਿਚਾਰਵਾਨ ਗੁਰਮੁਖਾਂ ਦਾ ਕਹਿਣਾ ਹੈ ਕਿ ਜਦ ਤਕ ਬੱਚੇ ਅੰਮ੍ਰਿਤਧਾਰੀ ਨਹੀਂ ਹੋ ਜਾਂਦੇ, ਤਦ ਤਕ ਮਾਂ-ਬਾਪ ਨੂੰ ਆਪਣੇ ਆਪ ਨੂੰ ਗੁਰੂ ਪੰਥ ਦਾ ਕਰਜ਼ਾਈ ਸਮਝਣਾ ਚਾਹੀਦਾ ਹੈ। ਇਸ ਲਈ ਹਰ ਗੁਰਸਿੱਖ ਮਾਂ ਬਾਪ ਨੂੰ ਚਾਹੀਦਾ ਹੈ ਕਿ ਉਹ ਆਰੰਭ ਤੋਂ ਹੀ ਬੱਚੇ ਨੂੰ ਗੁਰਮੁਖੀ ਅਤੇ ਗੁਰਸਿੱਖੀ ਦੀ ਵਿਦਿਆ ਵਿਚ ਨਿਪੁੰਨ ਕਰੇ ਤਾਂ ਜੁ ਬੱਚਾ ਅੰਮ੍ਰਿਤਪਾਨ ਕਰਨ ਦੀ ਅਵਸਥਾ ਤਕ ਜਲਦੀ ਪਹੁੰਚ ਸਕੇ।


Sri Satguru Jagjit Singh Ji eLibrary NamdhariElibrary@gmail.com

**ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ।**

***ਵਿਆਖਿਆ :***

**ਅਭਿਲਾਖੀ ਲਈ ਪੰਜ ਕਕਾਰਾਂ ਦਾ ਧਾਰਨੀ ਹੋਣਾ ਜ਼ਰੂਰੀ :** ਅੰਮ੍ਰਿਤ ਅਭਿਲਾਖੀ ਬੱਚੇ, ਨੌਜੁਆਨ, ਬੀਬੀਆਂ ਅਤੇ ਭਾਈਆਂ ਲਈ ਜ਼ਰੂਰੀ ਹੈ ਕਿ ਹਰ ਇਕ ਨੇ ਕੇਸੀਂ ਇਸ਼ਨਾਨ ਕੀਤਾ ਹੋਇਆ ਹੋਵੇ ਅਤੇ ਕੰਘਾ, ਕ੍ਰਿਪਾਨ, ਕੜਾ ਤੇ ਕਛਹਿਰਾ ਪਹਿਨੇ ਹੋਏ ਹੋਣ।

**ਅਨਮੱਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।**

***ਵਿਆਖਿਆ :***

**ਅਭਿਲਾਖੀ ਦਾ ਪੂਰਨ ਤੌਰ 'ਤੇ ਸਮਰਪਤ ਹੋਣਾ ਜ਼ਰੂਰੀ :** 'ਸਿੰਘ' ਸਜਣ ਵਾਲੇ ਪ੍ਰਤੀ ਸਪੱਸ਼ਟ ਹੁਕਮ ਹੈ ਕਿ ਉਸ ਪਾਸ, ਜਿਵੇਂ ਕਿ ਗਲੇ ਵਿਚ ਸਲੀਬ, ਚੰਨ ਤਾਰਾ, ਸਵਾਸਤਕ ਜਾਂ ਰੁਦ੍ਰਾਖ ਦੀ ਮਾਲਾ ਆਦਿਕ ਪਿਛਲੇ ਮੱਤ ਨਾਲ ਸੰਬੰਧਿਤ ਕੋਈ ਚਿੰਨ੍ਹ ਨਹੀਂ ਹੋਣਾ ਚਾਹੀਦਾ। ਨਾ ਹੀ ਕੰਨ, ਨੱਕ ਆਦਿ ਵਿਚ ਛੇਦਕ ਗਹਿਣਾ ਪਹਿਨਿਆ ਹੋਵੇ, ਜੋ ਜੋਗ ਮੱਤ ਅਤੇ ਗ਼ੁਲਾਮੀ ਦੇ ਚਿੰਨ੍ਹ ਮੰਨੇ ਗਏ ਸਨ, ਭਾਵੇਂ ਅਜੋਕੇ ਸਮਾਜ ਵਿਚ ਇਹ ਅਖੌਤੀ ਸ਼ਿੰਗਾਰ ਦਾ ਅੰਗ ਬਣ ਗਏ ਹਨ।

ਜਿਵੇਂ ਕਿ ਅਸੀਂ ਪਹਿਲਾਂ ਵੀਚਾਰ ਚੁੱਕੇ ਹਾਂ ਕਿ ਹਰੇਕ ਅੰਮ੍ਰਿਤ ਅਭਿਲਾਖੀ ਨੇ ਸਿਰ 'ਤੇ ਦਸਤਾਰ ਸਜਾਈ ਹੋਵੇ ਅਤੇ ਬੀਬੀ ਨੇ ਵੀ ਦਸਤਾਰ ਸਜਾਈ ਹੋਵੇ ਜਾਂ ਸਿਰ ਢੱਕਿਆ ਹੋਵੇ। ਇਸੇ ਪ੍ਰਕਾਰ ਬੱਚੇ ਅਤੇ ਨੌਜੁਆਨ ਨੇ ਵੀ ਸਿਰ 'ਤੇ ਪਟਕਾ ਜਾਂ ਛੋਟੀ ਦਸਤਾਰ ਸਜਾਈ ਹੋਵੇ, ਪਰ ਕਿਸੇ ਨੂੰ ਵੀ ਟੋਪੀ ਪਹਿਨਣ ਜਾਂ ਸਿਰ ਨੰਗਾ ਲੈ ਕੇ ਆਉਣ ਦੀ ਆਗਿਆ ਨਹੀਂ।

ਪੰਜ ਕਕਾਰਾਂ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ ਤੇ ਕੜਾ) ਦੇ ਧਾਰਨੀ ਤਿਆਰ-ਬਰ-ਤਿਆਰ ਅਭਿਲਾਖੀਆਂ ਪ੍ਰਤੀ ਹੁਕਮ ਹੈ ਕਿ ਸਾਵਧਾਨਤਾ, ਨਿਮਰਤਾ ਅਤੇ ਸਤਿਕਾਰ ਸਹਿਤ ਹੱਥ ਜੋੜ ਕੇ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।

**(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰ ਕੇ ਸੰਗਤ ਵਿਚ ਪੰਜ ਪਿਆਰੇ ਤਨਖ਼ਾਹ ਲਾ ਲੈਣ।**

***ਵਿਆਖਿਆ :***

**ਕੁਰਹਿਤੀਏ ਦੀ ਸੋਧ :** ਅੰਮ੍ਰਿਤ ਅਭਿਲਾਖੀਆਂ ਵਿਚ ਅਗਰ ਕੋਈ ਅਜਿਹਾ ਪ੍ਰਾਣੀ ਹੋਵੇ, ਜਿਸ ਨੇ ਪਹਿਲਾਂ ਅੰਮ੍ਰਿਤ ਛਕਿਆ ਹੋਇਆ ਹੋਵੇ, ਪਰ ਉਸ ਪਾਸੋਂ ਕੋਈ ਕੁਰਹਿਤ ਹੋ ਚੁੱਕੀ ਹੋਣ ਕਰਕੇ ਉਹ ਫਿਰ ਅੰਮ੍ਰਿਤ ਛਕਣ ਲਈ ਹਾਜ਼ਰ ਹੋਇਆ ਹੋਵੇ



Sri Satguru Jagjit Singh Ji eLibrary NamdhariElibrary@gmail.com

ਤਾਂ ਬਾਕੀ ਅਭਿਲਾਖੀਆਂ ਤੋਂ ਪਹਿਲਾਂ ਉਸ ਨੂੰ ਅੱਡ ਕਰ ਕੇ, ਉਸ ਦੀ ਇਸ ਹੋਈ ਭੁੱਲ ਦੇ ਪ੍ਰਾਸ਼ਚਿਤ ਦੀ ਭਾਵਨਾ ਬਾਬਤ ਜਾਨਣਾ ਜ਼ਰੂਰੀ ਹੈ ਕਿ ਅਜਿਹੀ ਭੁੱਲ ਉਸ ਦੀ ਕਿਸ ਅਵਸਥਾ ਵਿਚ ਹੋਈ ਹੈ। ਉਸ ਅਵਸਥਾ ਨੂੰ ਜਾਣ ਕੇ ਪੰਜ ਪਿਆਰੇ ਆਪਸ ਵਿਚ ਸਲਾਹ ਕਰ ਕੇ ਉਸ ਨੂੰ ਤਨਖ਼ਾਹ ਭਾਵ ਧਾਰਮਿਕ ਦੰਡ ਲਗਾ ਦੇਣ (ਜੇ ਬਣਦਾ ਹੋਵੇ ਤਾਂ)। ਦੂਜੇ ਪਾਸੇ ਭੁੱਲੜ ਵਿਅਕਤੀ ਨੂੰ ਖਿੜੇ ਮੱਥੇ ਇਹ ਪ੍ਰਵਾਨ ਕਰ ਕੇ ਅੱਗੇ ਲਈ ਸਾਵਧਾਨ ਰਹਿਣ ਦਾ ਬਚਨ ਕਰਨਾ ਚਾਹੀਦਾ ਹੈ।

**(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿੱਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ—ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ, ਮੁਖ ਸਾਧਨ ਹਨ, ਆਦਿ, ਕੀ ਤੁਸੀਂ ਇਸ ਧਰਮ ਨੂੰ ਖ਼ੁਸ਼ੀ ਨਾਲ ਕਬੂਲ ਕਰਦੇ ਹੋ ?**

*ਵਿਆਖਿਆ :*

**ਸਿੱਖ ਧਰਮ ਦੇ ਅਸੂਲਾਂ ਦਾ ਸਮਝਾਉਣਾ** : ਉਪਰੰਤ ਬਾਕੀ ਸਾਰੇ ਅਭਿਲਾਖੀਆਂ ਨੂੰ ਪੰਜ ਪਿਆਰਿਆਂ ਵਿੱਚੋਂ ਕੋਈ ਇਕ ਪਿਆਰਾ ਸਿੱਖ ਧਰਮ ਦੇ ਮੁਖ ਅਸੂਲ ਸੰਖੇਪਤਾ ਨਾਲ ਦੱਸੇ ਤਾਂ ਜੁ ਦੂਜੇ ਮੱਤਾਂ ਵਿੱਚੋਂ ਆਉਣ ਵਾਲੇ ਪ੍ਰੇਮੀਆਂ ਨੂੰ ਵੀ ਸਪੱਸ਼ਟ ਰਹੇ। ਸਭਨਾਂ ਨੂੰ ਦੱਸਿਆ ਜਾਵੇ ਕਿ ਸਿੱਖ ਧਰਮ ਵਿਚ ਕੇਵਲ ਇਕ ਕਰਤਾਰ ਦੀ ਹੀ ਪ੍ਰੇਮਾ-ਭਗਤੀ ਤੇ ਪੂਜਾ (ਉਪਾਸਨਾ) ਹੈ। ਇਥੇ ਕਿਰਤਮ : ਅੱਗ ਪਾਣੀ ਬਨਸਪਤੀ, ਦੇਵੀ-ਦੇਵਤੇ ਜਾਂ ਮਨੁੱਖ ਆਦਿ ਦੀ ਪੂਜਾ ਦੀ ਕੋਈ ਥਾਂ ਨਹੀਂ। ਗੁਰਵਾਕ :

**ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥**
**ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥**

*(ਗੁ: ਗ੍ਰੰ: ਸਾ:, ਪੰਨਾ 509)*

**ਬਿਨ ਕਰਤਾਰ ਨ ਕਿਰਤਮ ਮਾਨੋ ॥**
**ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥੧॥**

*(ਸ਼ਬਦ ਹਜ਼ਾਰੇ ਪਾਤਸ਼ਾਹੀ ੧੦)*

**ਇਕ ਮਨਿ ਇਕੁ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਇਆ ॥੪॥੧੧॥**

*(ਵਾਰਾਂ ਭਾਈ ਗੁਰਦਾਸ ਜੀ)*

**ਦਰ ਮਜ਼ਹਬੇ ਮਾ, ਗ਼ੈਰ ਪਰਸਤੀ ਨਾ ਕੁੰਨਦ ॥** *(ਭਾਈ ਨੰਦ ਲਾਲ ਜੀ)*
[ਸਾਡੇ (ਸਿੱਖ) ਮਜ਼ਹਬ ਵਿਚ, ਦੂਜੇ ਦੀ ਪੂਜਾ ਨਹੀਂ ਕਰਦੇ (ਇਕ ਕਰਤਾਰ ਤੋਂ ਬਿਨਾਂ)।]

ਕਰਤਾਰ ਦੀ ਪ੍ਰੇਮਾ-ਭਗਤੀ ਅਤੇ ਪੂਜਾ ਲਈ ਸਿੱਖ ਧਰਮ ਵਿਚ ਪ੍ਰੇਮ ਅਤੇ ਵੀਚਾਰ


Sri Satguru Jagjit Singh Ji eLibrary NamdhariElibrary@gmail.com

ਨਾਲ ਨਾਮ ਬਾਣੀ ਦਾ ਅਭਿਆਸ ਹੈ। ਸਾਧ ਸੰਗਤ ਤੇ ਪੰਥ ਦੀ ਸੇਵਾ ਕਰਨੀ, ਸਰਬੱਤ ਦੇ ਭਲੇ ਲਈ ਉਪਕਾਰ ਕਰਨਾ ਅਤੇ ਅੰਮ੍ਰਿਤ ਛਕਣ ਉਪਰੰਤ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ।

ਇਹ ਸਪੱਸ਼ਟ ਕਰਨ ਤੋਂ ਬਾਅਦ ਅਭਿਲਾਖੀਆਂ ਨੂੰ ਸੁਆਲ ਕੀਤਾ ਜਾਵੇ ਕਿ ਕੀ ਉਹ ਅਜਿਹੇ ਧਰਮ ਵਿਚ ਖ਼ੁਸ਼ੀ ਨਾਲ ਸ਼ਾਮਲ ਹੋਣਾ ਚਾਹੁੰਦੇ ਹਨ ? ਇਸ ਪੜਾਅ 'ਤੇ ਆਸ ਕੀਤੀ ਜਾਂਦੀ ਹੈ ਕਿ ਸਭਨਾਂ ਵੱਲੋਂ 'ਹਾਂ' ਦਾ ਜੁਆਬ ਆਵੇ। ਜੇ ਕਿਸੇ ਨੂੰ ਕੋਈ ਮਾਮੂਲੀ ਸ਼ੰਕਾ ਹੋਵੇ ਤਾਂ ਨਵਿਰਤ ਕਰ ਦੇਣਾ ਉਚਿਤ ਹੈ। ਜੇ ਕੋਈ ਵਧੇਰੇ ਸ਼ੰਕਾਵਾਦੀ ਹੋਵੇ ਤਾਂ ਉਸ ਨੂੰ ਅਭਿਲਾਖੀਆਂ ਵਿਚ ਸ਼ਾਮਲ ਹੋਣ ਤੋਂ ਮਨ੍ਹਾ ਕਰ ਦੇਣਾ ਉਚਿਤ ਹੈ।

**(ਖ) 'ਹਾਂ' ਦਾ ਜੁਆਬ ਆਉਣ 'ਤੇ ਪਿਆਰਿਆਂ ਵਿੱਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰ ਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।**

**(ਗ) ਬਾਟਾ ਸਰਬ ਲੋਹ ਦਾ ਹੋਵੇ ਤੇ ਚੌਂਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰੱਖਿਆ ਹੋਵੇ।**

***ਵਿਆਖਿਆ :***

**ਖੰਡਾ ਬਾਟਾ ਸਰਬ ਲੋਹ ਦਾ ਜ਼ਰੂਰੀ :** ਅਭਿਲਾਖੀਆਂ ਵੱਲੋਂ 'ਹਾਂ' ਦਾ ਉੱਤਰ ਆਉਣ ਉਪਰੰਤ ਪੰਜਾਂ ਪਿਆਰਿਆਂ ਵਿੱਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਸੋਧੇ ਅਤੇ ਹੁਕਮ ਲੈਣ ਉਪਰੰਤ ਪੰਜੇ ਪਿਆਰੇ ਬਾਟੇ ਪਾਸ ਆ ਬੈਠਣ।

ਇਹ ਜ਼ਰੂਰੀ ਹੈ ਕਿ ਖੰਡਾ ਅਤੇ ਬਾਟਾ ਦੋਵੇਂ ਸਮੁੱਚੇ ਤੌਰ 'ਤੇ ਲੋਹੇ ਦੇ ਹੋਣ, ਕਿਸੇ ਵੀ ਹੋਰ ਧਾਤ ਦੇ ਵਰਤਣ ਦੀ ਆਗਿਆ ਨਹੀਂ। ਇਹ ਵੀ ਜ਼ਰੂਰੀ ਹੈ ਕਿ ਖੰਡਾ ਬਾਟਾ ਬਹੁਤ ਅੱਛੀ ਤਰ੍ਹਾਂ ਮਾਂਜ ਕੇ ਚੰਗੀ ਤਰ੍ਹਾਂ ਸਾਫ਼ ਕੀਤੇ ਹੋਣ। ਇਸ ਤੋਂ ਭਾਵ ਹੈ ਕਿ ਜੇ ਚਿਰ ਬਾਅਦ ਖੰਡਾ ਬਾਟਾ ਵਰਤਣਾ ਹੋਵੇ ਤਾਂ ਅਕਸਰ ਸਮਾਂ ਪੈ ਕੇ ਲੋਹਾ ਜੰਗਾਲਿਆ ਜਾਂਦਾ ਹੈ, ਜੋ ਕਿ ਅੱਛਾ ਨਹੀਂ। ਖੰਡਾ ਬਾਟਾ ਇਸ ਸਮੇਂ ਸੰਭਾਲ ਕੇ ਰੱਖਿਆ ਹੋਇਆ ਸਾਫ਼ ਸੁਥਰਾ ਲਿਸ਼ਕਦਾ ਹੋਣਾ ਚਾਹੀਦਾ ਹੈ।

ਬਾਟੇ ਦੇ ਟਿਕਾਅ ਵਾਸਤੇ ਥੱਲੇ ਚੌਂਕੀ ਜਾਂ ਸੁਨਹਿਰਾ (ਕੂੰਡਾ) ਜਾਂ ਇਸੇ ਪ੍ਰਕਾਰ ਦੀ ਕਿਸੇ ਹੋਰ ਸਾਫ਼-ਸੁਥਰੀ ਚੀਜ਼ ਦਾ ਹੋਣਾ ਜ਼ਰੂਰੀ ਹੈ ਤਾਂ ਜੁ ਅੰਮ੍ਰਿਤ ਦੀ ਤਿਆਰੀ ਦੌਰਾਨ ਬਾਟੇ ਨੂੰ ਟਿਕਾਅ ਕੇ ਰੱਖਣ ਵਿਚ ਸਹਾਇਤਾ ਹੋਵੇ।

**(ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਨ ਹੋ ਕੇ ਬੈਠ ਜਾਣ।**

***ਵਿਆਖਿਆ :***

**ਜਲ ਵਿਚ ਪਤਾਸੇ ਪਾਉਣੇ :** ਅਭਿਲਾਖੀਆਂ ਦੀ ਗਿਣਤੀ ਨੂੰ ਧਿਆਨ ਵਿਚ ਰੱਖਦਿਆਂ ਲੋੜ ਅਨੁਸਾਰ ਬਾਟੇ ਵਿਚ ਅੰਦਾਜ਼ੇ ਨਾਲ ਨਿਰਮਲ ਜਲ ਪਾਇਆ ਜਾਵੇ

ਅਤੇ ਇਸ ਤਰ੍ਹਾਂ ਅੰਦਾਜ਼ੇ ਨਾਲ ਕੁਝ ਪਤਾਸੇ ਪਾਏ ਜਾਣ। ਮਰਯਾਦਾ ਤੇ ਪਰੰਪਰਾ ਅਨੁਸਾਰ ਇਸ ਸਮੇਂ ਕੇਵਲ ਪਤਾਸਿਆਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ।

**ਪਿਆਰਿਆਂ ਦਾ ਬੀਰ ਆਸਨ ਹੋਣਾ** : ਜਲ ਵਿਚ ਪਤਾਸੇ ਪਾਉਣ ਉਪਰੰਤ ਪੰਜ ਪਿਆਰੇ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਬਾਟੇ ਦੇ ਇਰਦ-ਗਿਰਦ (ਦੁਆਲੇ) ਬੀਰ ਆਸਨ ਹੋ ਕੇ ਬੈਠਣ। ਇਸ ਨਿਯਮ ਦੇ ਫ਼ੁਟ ਨੋਟ ਵਿਚ ਬੀਰ ਆਸਨ ਬਾਬਤ ਇਉਂ ਸੂਚਿਤ ਕੀਤਾ ਗਿਆ ਹੈ, "ਸੱਜਾ ਗੋਡਾ ਜ਼ਿਮੀਂ 'ਤੇ ਧਰ ਕੇ ਸੱਜੀ ਲੱਤ ਦਾ ਭਾਰ ਪੈਰ 'ਤੇ ਰੱਖ ਕੇ ਬੈਠਣਾ ਤੇ ਖੱਬਾ ਗੋਡਾ ਉੱਚਾ ਕਰ ਕੇ ਰੱਖਣਾ।" (*ਸਿੱਖ ਰਹਿਤ ਮਰਯਾਦਾ*, ਪੰਨਾ 28) ਆਮ ਤੌਰ 'ਤੇ ਅਸੀਂ ਪਾਠ ਕਰਨ ਸੁਣਨ ਲੱਗਿਆਂ ਚੌਂਕੜਾ ਮਾਰ ਕੇ ਬੈਠਦੇ ਹਾਂ, ਜਿਸ ਕਰਕੇ ਬੀਰ ਆਸਨ ਬੈਠਣ ਦਾ ਅਭਿਆਸ ਘੱਟ ਹੋਣ ਕਰਕੇ ਇਸ ਸਮੇਂ ਸਰੀਰਕ ਮੁਸ਼ਕਲ ਆ ਸਕਦੀ ਹੈ। ਇਸ ਕਰਕੇ ਪੰਜ ਪਿਆਰਿਆਂ ਦੀ ਸੇਵਾ ਵਿਚ ਸ਼ਾਮਲ ਹੋਣ ਵਾਲੇ ਸਿੰਘਾਂ ਲਈ ਇਹ ਹਿੱਤ ਵਿਚ ਹੋਵੇਗਾ, ਜੇ ਉਹ ਸਮੇਂ ਸਮੇਂ 'ਤੇ ਬੀਰ ਆਸਨ ਲਗਾ ਕੇ ਬੈਠਣ ਦਾ ਅਭਿਆਸ ਕਰਦੇ ਰਹਿਣ।

**(ਙ) ਅਤੇ ਇਨ੍ਹਾਂ ਬਾਣੀਆਂ ਦਾ ਪਾਠ ਕਰਨ—ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ), ਅਨੰਦੁ ਸਾਹਿਬ।**

***ਵਿਆਖਿਆ :***

**ਪੰਜ ਬਾਣੀਆਂ ਦਾ ਪਾਠ** : ਪੰਜ ਪਿਆਰੇ ਸੱਜੇ ਤੋਂ ਖੱਬੇ ਆਪੋ ਆਪਣੀ ਵਾਰੀ ਜਪੁ, ਜਾਪੁ, ੧੦ ਸਵੱਯੇ (ਜੋ ਸ੍ਰਾਵਗ ਸੁੱਧ ਤੋਂ ਸ਼ੁਰੂ ਹੁੰਦੇ ਹਨ), ਬੇਨਤੀ ਚੌਪਈ (ਜੋ 'ਹਮਰੀ ਕਰੋ ਹਾਥ ਦੈ ਰੱਛਾ' ਤੋਂ ਸ਼ੁਰੂ ਕਰ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ') ਤਕ ਅਤੇ ਅਨੰਦੁ ਸਾਹਿਬ ਦਾ ਪਾਠ ਕਰਨ।

28 ਅਪਰੈਲ, 1985 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਇਕ ਗੁਰਮਤਾ ਕਰ ਕੇ ਸੋਧ ਕਰਨ ਉਪਰੰਤ ਅਨੰਦੁ ਸਾਹਿਬ (ਪੂਰਾ) ਪੜ੍ਹਨਾ ਸ਼ੁਰੂ ਹੋਇਆ, ਜਦ ਕਿ ਪਹਿਲਾਂ ਅਨੰਦੁ ਸਾਹਿਬ ਦੀਆਂ ਪਹਿਲੀਆਂ ਪੰਜ ਅਤੇ ਅੰਤਲੀ ਪਉੜੀ ਪੜ੍ਹਨ ਦੀ ਮਰਯਾਦਾ ਸੀ।

ਸਾਨੂੰ ਧਿਆਨ ਰੱਖਣ ਦੀ ਲੋੜ ਹੈ ਕਿ ਅਕਤੂਬਰ 1936 ਈਸਵੀ ਵਿਚ ਸਾਰੇ ਪੱਖਾਂ ਨੂੰ ਘੋਖਣ ਵੀਚਾਰਨ ਉਪਰੰਤ ਹੀ ਇਨ੍ਹਾਂ ਪੰਜ ਬਾਣੀਆਂ ਬਾਬਤ ਪੰਥਕ ਫ਼ੈਸਲਾ ਕੀਤਾ ਗਿਆ ਸੀ। ... ਸ

। ਜੋ ਸੱਜਣ ਇਸ ਵੀਚਾਰ ਬਾਬਤ ਸ਼ੰਕਾ ਰੱਖਦੇ ਹੋਣ, ਅਸੀਂ ਉਨ੍ਹਾਂ ਨੂੰ ਸੰਬੰਧਿਤ ਗ੍ਰੰਥ ਆਪ ਪੜ੍ਹਨ ਵਿਚਾਰਨ ਦੀ ਰਾਏ ਦੇਵਾਂਗੇ।


Sri Satguru Jagjit Singh Ji eLibrary NamdhariElibrary@gmail.com

**(ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ 'ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ ਉੱਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ।**

*(ਸਿੱਖ ਰਹਿਤ ਮਰਯਾਦਾ, ਪੰਨਾ 29)*

***ਵਿਆਖਿਆ :***

ਜੋ ਪਿਆਰਾ ਬਾਣੀ ਪੜ੍ਹ ਰਿਹਾ ਹੋਵੇ, ਉਸ ਦਾ ਖੱਬਾ ਹੱਥ ਬਾਟੇ ਦੇ ਕੰਢੇ ਉਪਰ ਟਿਕਿਆ ਰਹਿਣਾ ਚਾਹੀਦਾ ਹੈ, ਜਦੋਂ ਕਿ ਸੱਜੇ ਨਾਲ ਖੰਡਾ ਫੇਰੀ ਜਾਵੇ। ਬਾਕੀ ਚਾਰ ਪਿਆਰੇ ਆਪਣੇ ਦੋਵੇਂ ਹੱਥ ਲਗਾਤਾਰ ਬਾਟੇ ਦੇ ਕੰਢੇ 'ਤੇ ਟਿਕਾਈ ਰੱਖਣ ਅਰ ਸਾਰੇ ਇਕਾਗਰ ਚਿੱਤ ਹੋ ਕੇ ਨਜ਼ਰ ਅੰਮ੍ਰਿਤ ਦੇ ਬਾਟੇ ਵਿਚ ਟਿਕਾਉਣ।

**(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿੱਚੋਂ ਕੋਈ ਇਕ ਅਰਦਾਸ ਕਰੇ।**

**(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ ਵਿਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।**

***ਵਿਆਖਿਆ :***

**ਅੱਧਵਾਟੇ ਆਉਣ ਵਾਲਾ** : ਜੇ ਕਦੀ ਅਜਿਹਾ ਹੋਵੇ ਕਿ ਪਹਿਲਾ ਅਰਦਾਸਾ ਸੋਧਿਆ ਜਾਣ ਉਪਰੰਤ ਕੋਈ ਅਭਿਲਾਖੀ ਸ਼ਾਮਲ ਹੋਣ ਲਈ ਇੱਛਾ ਕਰਦਾ ਹੈ ਤਾਂ ਉਸ ਨੂੰ ਸ਼ਾਮਲ ਹੋਣ ਤੋਂ ਰੋਕ ਦਿੱਤਾ ਜਾਵੇ, ਕਿਉਂਕਿ ਇਹ ਜ਼ਰੂਰੀ ਹੈ ਕਿ ਹਰ ਅਭਿਲਾਖੀ ਸਮੇਂ ਤੋਂ ਪਹਿਲਾਂ ਤਿਆਰ-ਬਰ-ਤਿਆਰ ਹੋ ਕੇ ਸਮਾਗਮ ਸਥਾਨ 'ਤੇ ਹਾਜ਼ਰ ਹੋਵੇ ਅਤੇ ਸਾਰੇ ਸੰਸਕਾਰ ਵਿਚ ਆਰੰਭਤਾ ਤੋਂ ਲੈ ਕੇ ਪੂਰੀ ਹਾਜ਼ਰੀ ਭਰੇ।

**(ਝ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ ਆਸਨ ਕਰਾ ਕੇ ਉਸ ਦੇ ਖੱਬੇ ਹੱਥ ਉਪਰ ਸੱਜਾ ਹੱਥ ਰਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ।**

***ਵਿਆਖਿਆ :***

**ਅੰਮ੍ਰਿਤ ਛਕਾਉਣਾ** : ਅਰਦਾਸ ਉਪਰੰਤ ਬਾਟਾ ਪਹਿਲਾਂ ਵਾਂਗ ਸੁਨਹਿਰੇ ਉਪਰ ਜਾਂ ਉੱਚੇ ਟੇਬਲ ਉਪਰ ਟਿਕਾਅ ਦਿੱਤਾ ਜਾਵੇ। ਚੰਗੀ ਗੱਲ ਹੈ ਕਿ ਕੋਈ ਇਕ ਪਿਆਰਾ ਅਭਿਲਾਖੀਆਂ ਨੂੰ ਸਮੁੱਚੇ ਤੌਰ 'ਤੇ ਸਮਝਾ ਦੇਵੇ ਕਿ ਕਿਸ ਤਰ੍ਹਾਂ ਹਰ ਇਕ ਨੇ ਆਪਣੀ ਆਪਣੀ ਵਾਰੀ ਆ ਕੇ ਬੀਰ ਆਸਨ (ਸੱਜਾ ਗੋਡਾ ਜ਼ਿਮੀਂ 'ਤੇ ਧਰ ਕੇ ਸੱਜੀ ਲੱਤ ਦਾ ਭਾਰ ਪੈਰ 'ਤੇ ਰੱਖ ਕੇ ਬੈਠਣਾ ਤੇ ਖੱਬਾ ਗੋਡਾ ਉੱਚਾ ਕਰ ਕੇ ਰੱਖਣਾ) ਲਗਾਉਣਾ ਹੈ ਅਤੇ ਕਿਸ ਤਰ੍ਹਾਂ ਸੱਜਾ ਹੱਥ ਖੱਬੇ ਦੇ ਉਪਰ ਰੱਖ ਕੇ ਅੰਮ੍ਰਿਤ ਦਾ ਚੁਲਾ ਲੈਣਾ ਹੈ। ਇਸ ਉਪਰੰਤ ਪੰਜ ਚੁਲੇ ਅੰਮ੍ਰਿਤ ਦੇ ਵਾਰੀ ਵਾਰੀ ਛਕਾਏ ਜਾਣ।

**ਅਤੇ ਹਰ ਚੁਲੇ ਨਾਲ ਕਿਹਾ ਜਾਵੇ—ਬੋਲ : 'ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥' ਛਕਣ ਵਾਲਾ ਛਕ ਕੇ ਕਹੇ : 'ਵਾਹਿਗੁਰੂ ਜੀ ਕਾ**

**ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥' ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ 'ਪਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਾਉਣ ਵਾਲੇ ਦੇ ਪਿੱਛੇ ਪਿੱਛੇ 'ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥'' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਅਤੇ ਸਿੱਖਣੀਆਂ) ਰਲ ਕੇ ਛਕਣ।**

*ਵਿਆਖਿਆ :*

ਪੰਜ ਚੁਲੇ ਛਕਣ ਤੋਂ ਬਾਅਦ ਅਭਿਲਾਖੀ ਦੇ ਨੇਤਰਾਂ 'ਤੇ ਪੰਜ ਛੱਟੇ ਅੰਮ੍ਰਿਤ ਦੇ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਇਸ ਸਮੇਂ ਕੋਲੋਂ ਦੂਸਰਾ ਪਿਆਰਾ ਲੋੜੀਂਦੀ ਮਦਦ ਕਰੇ ਤਾਂ ਜੁ ਅਭਿਲਾਖੀ ਦੀ ਸਜਾਈ ਦਸਤਾਰ ਵਿੱਚੋਂ ਉਪਰੋਂ ਕੇਸ ਜੂੜੇ ਕੋਲੋਂ ਨੰਗੇ ਕੀਤੇ ਜਾ ਸਕਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿੱਛੇ ਪਿੱਛੇ 'ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥' ਗਜਾਈ ਜਾਵੇ। ਸਾਰਿਆਂ ਨੂੰ ਇਸ ਤਰ੍ਹਾਂ ਛਕਾਏ ਜਾਣ ਉਪਰੰਤ ਜੋ ਅੰਮ੍ਰਿਤ ਬਾਟੇ ਵਿਚ ਬਾਕੀ ਰਹੇ, ਉਹ ਸਾਰੇ ਸਿੱਖ-ਸਿੱਖਣੀਆਂ ਨੂੰ ਬਰਾਬਰ ਖੜ੍ਹੇ ਕਰ ਕੇ ਬਾਟਾ ਉਨ੍ਹਾਂ ਦੇ ਮੂੰਹ ਨਾਲ ਲਾ ਕੇ ਵਾਰੀ ਵਾਰੀ ਛਕਾ ਦਿੱਤਾ ਜਾਵੇ।

**(ਵ) ਉਪਰੰਤ ਪੰਜੇ ਪਿਆਰੇ ਰਲ ਕੇ ਇੱਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਨਾਮ ਦੱਸ ਕੇ ਮੂਲਮੰਤਰ ਸੁਣਾਉਣ ਤੇ ਉਨ੍ਹਾਂ ਪਾਸੋਂ ਇਸ ਦਾ ਰਟਨ ਕਰਾਉਣ :**

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਅੰਮ੍ਰਿਤ ਅਭਿਲਾਖੀਆਂ ਨੂੰ ਗੁਰ-ਮੰਤਰ ਅਥਵਾ ਨਾਮ 'ਵਾਹਿਗੁਰੂ' ਦੱਸਣ ਬਾਰੇ ਜੋ ਗੁਰੂ-ਪੰਥ ਦਾ ਫ਼ੈਸਲਾ ਹੈ, ਉਸ ਬਾਰੇ ਤਾਂ ਸਰਬ-ਸੰਮਤੀ ਹੈ, ਪਰ ਮੂਲਮੰਤਰ ਦੇ ਸਰੂਪ ਬਾਰੇ ਕੁਝ ਗੁਰਸਿੱਖ ਮਤਭੇਦ ਰੱਖਦੇ ਹਨ ਅਤੇ ਪੰਥਕ ਫ਼ੈਸਲੇ ਤੋਂ ਬਾਹਰ ਜਾ ਕੇ '੧ੳ' ਤੋਂ ਲੈ ਕੇ 'ਹੋਸੀ ਭੀ ਸਚੁ॥੧॥' ਤਕ ਪਾਠ ਨੂੰ ਮੂਲਮੰਤਰ ਦੇ ਤੌਰ 'ਤੇ ਦ੍ਰਿੜ੍ਹ ਕਰਵਾਉਂਦੇ ਹਨ, ਜੋ ਕਿ ਮਨੋ-ਕਲਪਿਤ ਗੀਤ ਹੈ ਅਰ ਗੁਰੂ-ਪੰਥ ਦੇ ਫ਼ੈਸਲੇ ਪ੍ਰਤੀ ਬਣਦੇ ਵਿਸ਼ਵਾਸ ਅੰਦਰ ਤ੍ਰੇੜ ਪੈਦਾ ਕਰਨ ਦਾ ਯਤਨ ਹੈ। ਜਦੋਂ ਕਿ ਪੰਥਕ ਬਿਰਤੀ ਵਾਲੇ ਸੱਜਣ ਮੂਲਮੰਤਰ ਦੀ ਸਿਧਾਂਤਕ ਬਣਤਰ ਬਾਬਤ ਕੁਝ ਨੁਕਤੇ ਇਉਂ ਸਪੱਸ਼ਟ ਕਰਦੇ ਹਨ :

i. 'ਗੁਰ ਪ੍ਰਸਾਦਿ' ਤੋਂ ਬਾਅਦ ਦੋ ਡੰਡੀਆਂ ਦਾ ਪੂਰਨ ਬਿਸਰਾਮ (Fullstop) ਹੈ, ਜਿਸ 'ਪੂਰਨ ਬਿਸਰਾਮ' ਢੰਗ ਦੀ ਵਰਤੋਂ ਗੁਰੂ ਪਾਤਸ਼ਾਹ ਜੀ ਨੇ ਬਾਕੀ ਬਾਣੀ ਵਿਚ ਕੀਤੀ ਹੈ। ਫਿਰ '॥ ਜਪੁ ॥' ਅਗਲੀ ਬਾਣੀ ਦਾ ਨਾਮ ਹੈ, ਇਸ ਦੇ ਪਹਿਲਾਂ ਅਤੇ ਬਾਅਦ ਵਿਚ ਫਿਰ ਦੋ ਦੋ ਡੰਡੀਆਂ (ਹੱਦਾਂ) ਹਨ, ਜੋ ਨਿਸਚਿਤ ਰੂਪ ਵਿਚ 'ਜਪੁ' ਨੂੰ ਮੂਲਮੰਤਰ ਅਤੇ ਅੱਗੇ ਆਰੰਭ ਹੋ ਰਹੀ ਰਚਨਾ ਨਾਲੋਂ ਅਲੱਗ


Sri Satguru Jagjit Singh Ji eLibrary NamdhariElibrary@gmail.com

ਕਰਦੀਆਂ ਹਨ। ਫਿਰ "ਆਦਿ ਸਚੁ ਜੁਗਾਦਿ ਸਚੁ" 'ਜਪੁ' ਬਾਣੀ ਦਾ ਪਹਿਲਾ ਸਲੋਕ ਹੈ, ਜਿਸ ਦੇ ਪੂਰਨ ਹੋਣ 'ਤੇ ਦੋ ਦੋ ਡੰਡੀਆਂ ਦੇ ਵਿਚਕਾਰ ਇਕ (੧) ਅੰਕ ਪਾਇਆ ਗਿਆ ਹੈ, ਜੋ ਇਸ ਬਾਣੀ ਦੇ ਪਹਿਲੇ ਸਲੋਕ ਦੀ ਗਿਣਤੀ ਹੈ। ਇਸ ਤੋਂ ਬਾਅਦ "ਸੋਚੈ ਸੋਚਿ ਨ ਹੋਵਈ" 'ਜਪੁ' ਬਾਣੀ ਦੀ ਪਹਿਲੀ ਪਉੜੀ ਅਰੰਭ ਹੁੰਦੀ ਹੈ। ਗੁਰਬਾਣੀ ਦੀ ਲਿਖਣਕਾਰੀ ਅਨੁਸਾਰ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ "ਸੋਚੈ ਸੋਚਿ ਨ ਹੋਵਈ" ਤਕ ਮੂਲਮੰਤਰ + ਬਾਣੀ ਦਾ ਨਾਮ + ਬਾਣੀ ਦਾ ਅਰੰਭਕ ਸਲੋਕ ਆ ਚੁੱਕੇ ਹਨ। ਸੋ, ਇਨ੍ਹਾਂ ਤਿੰਨਾਂ ਦੇ ਸੁਮੇਲ ਨੂੰ ਕਿਸੇ ਤਰ੍ਹਾਂ ਵੀ 'ਮੂਲਮੰਤਰ' ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਗੁਰਸਿੱਖ ਪ੍ਰੇਮੀ ਆਪ ਹੀ ਵਿਚਾਰ ਲੈਣ ਕਿ ਇਸ ਸੁਮੇਲ ਦਾ ਹੋਰ ਨਾਮ ਕੀ ਹੋ ਸਕਦਾ ਹੈ ?

ii. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਅਥਵਾ ਬਾਣੀ ਦੇ ਸੰਗ੍ਰਹਿਆਂ ਦੇ ਅਰੰਭ ਵਿਚ 33 ਵਾਰ ਕੇਵਲ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" ਮੂਲਮੰਤਰ ਹੀ ਆਇਆ ਹੈ, ਕਿਧਰੇ ਵੀ ਨਾਲ "॥ ਜਪੁ ॥" ਜਾਂ "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" ਅੰਕਤ ਨਹੀਂ ਕੀਤਾ ਗਿਆ।

iii. ਵਿਚਾਰਵਾਨਾਂ ਦੇ ਮੱਤ ਅਨੁਸਾਰ 'ਮੂਲਮੰਤਰ ਦੇ ਵਿਚ ਪੂਰਨ ਬਿਸਰਾਮ (Fullstop) ਅਥਵਾ ਹੱਦਾਂ ਦਾ ਹੋਣਾ ਅਸੰਭਵ ਗੱਲ ਹੈ। ਪੂਰਨ ਬਿਸਰਾਮ ਦਾ ਆ ਜਾਣਾ ਹੀ ਮੂਲਮੰਤਰ ਦੀ ਪੂਰਨਤਾ ਦਾ ਸੰਕੇਤ ਹੈ।'

ਸੋ, ਉਪਰੋਕਤ ਵਿਚਾਰਾਂ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਸਮਝ ਸਕਦੇ ਹਾਂ ਕਿ ਗੁਰੂ ਪੰਥ ਨੇ ਗੁਰੂ ਗ੍ਰੰਥ ਸਾਹਿਬ ਦੀ ਲਿਖਣਕਾਰੀ ਦੇ ਆਧਾਰ ਪੁਰ ਹੀ ਇਹ ਬਿਲਕੁਲ ਠੀਕ ਫ਼ੈਸਲਾ ਕੀਤਾ ਹੈ ਕਿ ਮੂਲਮੰਤਰ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" ਹੀ ਕੇਵਲ ਹੈ।

ਜੋ ਸੱਜਣ ਗੁਰਬਾਣੀ ਤੋਂ ਬਾਹਰਲੀਆਂ ਦਲੀਲਾਂ ਵਿਚ ਥੋਥਾ ਵਿਸ਼ਵਾਸ ਕਰ ਕੇ ਗੁਰੂ ਪੰਥ ਦੇ ਫ਼ੈਸਲੇ ਨੂੰ ਉਲੰਘਦੇ ਹਨ, ਉਨ੍ਹਾਂ ਨੂੰ ਧਿਆਨ ਰਹੇ ਕਿ ਕੇਵਲ ਦਲੀਲਾਂ ਦੇ ਆਧਾਰ 'ਤੇ ਨਿਸ਼ਚਿਤ ਕੀਤਾ ਸਿਧਾਂਤ ਦਲੀਲਾਂ ਨਾਲ ਹੀ ਰੱਦ ਹੋ ਜਾਂਦਾ ਹੁੰਦਾ ਹੈ। ਉਦਾਹਰਣ ਰੂਪ ਵਿਚ ਜੇ ਇਹ ਕਿਹਾ ਜਾਵੇ ਕਿ :

i. ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਦਰਵਾਜ਼ੇ 'ਤੇ 'ੴ ਤੋਂ ਲੈ ਕੇ 'ਹੋਸੀ ਭੀ ਸਚੁ' ਤਕ ਲਿਖ ਕੇ ਅਗਲੀ ਇਬਾਰਤ ਲਿਖੀ ਹੈ ਤਾਂ ਅਸੀਂ ਧਿਆਨ ਦਿਵਾਵਾਂਗੇ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਦੂਜੇ ਦਰਵਾਜ਼ੇ (ਅਜਾਇਬ ਘਰ ਵਾਲੀ ਬਾਹੀ ਦੇ) 'ਪੁਰ ਹੀ 'ੴ ਤੋਂ ਲੈ ਕੇ 'ਗੁਰ ਪ੍ਰਸਾਦਿ॥' ਤਕ ਲਿਖ ਕੇ ਫਿਰ ਅਗਲੀ ਇਬਾਰਤ ਲਿਖੀ ਹੈ।

ii. ਜੇ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਏ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਚੱਕਰ ਦੀ ਉਦਾਹਰਣ ਲਈਏ, ਜਿਸ ਦੇ ਇਕ ਪਾਸੇ ਦਸ ਪਾਤਸ਼ਾਹੀਆਂ ਦੇ ਨਾਮ ਅਤੇ ਦੂਜੇ ਪਾਸੇ 'ੴ ਤੋਂ ਲੈ ਕੇ 'ਹੋਸੀ ਭੀ ਸਚੁ'॥' ਤਕ ਪਾਠ ਲਿਖਿਆ


Sri Satguru Jagjit Singh Ji eLibrary NamdhariElibrary@gmail.com

ਹੈ ਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਏ ਸ੍ਰੀ ਦਸਮੇਸ਼ ਜੀ ਦੇ ਚੱਕਰ ਦੀ ਲਿਖਤ ਤੋਂ ਕੀ ਸੇਧ ਲਵਾਂਗੇ, ਜਿਸ 'ਤੇ '੧ਓ' ਤੋਂ ਲੈ ਕੇ "ਆਪੇ ਜਾਣੈ ਆਪੁ॥੨੨॥" (ਬਾਈ ਪਉੜੀਆਂ) ਤਕ ਪਾਠ ਉਕਰਿਆ ਹੋਇਆ ਹੈ। ਕੀ ਇਸ ਅਨੁਸਾਰ '੧ਓ' ਤੋਂ ਲੈ ਕੇ "ਆਪੇ ਜਾਣੈ ਆਪੁ॥੨੨॥" ਤਕ ਮੂਲਮੰਤਰ ਹੀ ਮੰਨ ਲੈਣਾ ਚਾਹੀਦਾ ਹੈ ਜਾਂ ਫਿਰ 'ਜਪੁ' ਸਾਹਿਬ ਦਾ ਅਸਲੀ ਆਕਾਰ ਹੀ 22 ਪਉੜੀਆਂ ਦਾ ਮੰਨ ਲੈਣਾ ਚਾਹੀਦਾ ਹੈ?

iii. ਗੁਰ ਇਤਿਹਾਸ ਦੀ ਕਥਾ, ਜਿਸ *ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਤੋਂ ਸਰੋਤਿਆਂ ਨੂੰ ਬੜੇ ਉਤਸ਼ਾਹ ਨਾਲ ਸਰਵਣ ਕਰਾਈ ਜਾਂਦੀ ਹੈ, ਉਸ ਅਨੁਸਾਰ ਤਾਂ ਗੁਰੂ ਨਾਨਕ ਸਾਹਿਬ ਨੇ ਵੇਈਂ ਤੋਂ ਬਾਹਰ ਆ ਕੇ '੧ਓ' ਤੋਂ ਲੈ ਕੇ 'ਗੁਰ ਪ੍ਰਸਾਦਿ' ਤਕ ਹੀ 'ਸਿੱਖੀ ਦਾ ਮੁੱਢਲਾ ਉਪਦੇਸ਼' ਦ੍ਰਿੜ੍ਹ ਕਰਵਾਉਣਾ ਲਿਖਿਆ ਹੈ। ਵਿਦਵਾਨ ਸੱਜਣ ਇਸ ਗ੍ਰੰਥਾਵਲੀ ਦੇ 'ਨਾਨਕ ਪ੍ਰਕਾਸ਼' ਭਾਗ ਵਿਚੋਂ ਸੰਬੰਧਿਤ ਅਧਿਆਇ ਆਪ ਹੀ ਪੜ੍ਹਨ ਦੀ ਖੇਚਲ ਕਰਨ।

ਇਸ ਪ੍ਰਕਾਰ ਇਤਿਹਾਸਕ ਅਤੇ ਪਰੰਪਰਾਗਤ (ਸੀਨਾ-ਬ-ਸੀਨਾ) ਚਲੀਆਂ ਆ ਰਹੀਆਂ ਹੋਰ ਅਨੇਕਾਂ ਹੀ ਦਲੀਲਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਨੂੰ ਵਿਚਾਰਨ ਨਾਲ ਇਸ ਆਪੇ ਪੈਦਾ ਕੀਤੀ ਦੁਬਿਧਾ ਵਿੱਚੋਂ ਅਸੀਂ ਨਿਕਲ ਨਹੀਂ ਸਕਾਂਗੇ। ਸਾਡੀ ਜਾਚੇ, ਅਜਿਹੀਆਂ ਦਲੀਲਾਂ ਨੂੰ ਪਾਸੇ ਰੱਖ ਕੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਣਕਾਰੀ ਦੇ ਆਧਾਰ 'ਤੇ ਲਿਆ ਫ਼ੈਸਲਾ ਹੀ ਸਿਧਾਂਤਕ ਤੌਰ 'ਤੇ ਪ੍ਰਵਾਣਿਤ ਹੋ ਸਕਦਾ ਹੈ, ਜੋ ਗੁਰੂ-ਪੰਥ ਵੱਲੋਂ ਕੀਤਾ ਗਿਆ ਹੈ। ਸੋ, ਸਭਨਾਂ ਪੰਥ-ਹਿਤੈਸ਼ੀਆਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਅੰਮ੍ਰਿਤ ਛਕਣ ਦੇ ਅਭਿਲਾਖੀ ਨੂੰ ਅੰਮ੍ਰਿਤ ਛਕਾ ਕੇ ਗੁਰੂ-ਪੰਥ ਦੇ ਹੁਕਮ ਅਨੁਸਾਰ "੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" ਹੀ ਮੂਲਮੰਤਰ ਦ੍ਰਿੜ੍ਹ ਕਰਵਾਉਣਾ ਚਾਹੀਦਾ ਹੈ।

**(ਟ) ਫਿਰ ਪੰਜਾਂ ਪਿਆਰਿਆਂ ਵਿੱਚੋਂ ਕੋਈ ਸੱਜਣ ਰਹਿਤ ਦੱਸੇ—ਅੱਜ ਤੋਂ ਤੁਸੀਂ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" ਹੈ ਅਤੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੀ ਹੋ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਿਰਮ, ਧਰਮ ਦਾ ਤਿਆਗ ਕਰ ਕੇ ਅਰਥਾਤ ਜਾਤ-ਪਾਤ, ਜਨਮ, ਦੇਸ਼, ਮਜ਼੍ਹਬ ਦਾ ਖ਼ਿਆਲ ਤਕ ਛੱਡ ਕੇ ਨਿਰੋਲ ਖ਼ਾਲਸਾ ਬਣ ਗਏ ਹੋ। ਇਕ 'ਅਕਾਲ ਪੁਰਖ' ਤੋਂ ਛੁਟ ਕਿਸੇ ਦੇਵੀ-ਦੇਵਤੇ, ਅਵਤਾਰ, ਪੈਗ਼ੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀਦਾਤਾ ਨਹੀਂ ਮੰਨਣਾ।** *(ਸਿੱਖ ਰਹਿਤ ਮਰਯਾਦਾ, ਪੰਨੇ 29-30)*


Sri Satguru Jagjit Singh Ji eLibrary NamdhariElibrary@gmail.com

*ਵਿਆਖਿਆ :*

**ਰਹਿਤ ਦ੍ਰਿੜ੍ਹ ਕਰਾਉਣੀ** : ਗੁਰਮੰਤਰ ਅਤੇ ਮੂਲਮੰਤਰ ਦ੍ਰਿੜ੍ਹ ਕਰਾਉਣ ਉਪਰੰਤ ਗੁਰੂ ਪੰਥ ਵਲੋਂ ਬੱਧੀ ਹੋਈ ਰਹਿਤ ਦੱਸੀ ਜਾਵੇ। ਅੰਮ੍ਰਿਤ ਛਕਣ ਦਾ ਭਾਵ ਦੱਸਿਆ ਜਾਵੇ ਕਿ ਅੰਮ੍ਰਿਤ ਛਕ ਕੇ ਉਹ ਹੁਣ ਖ਼ਾਲਸਾ ਪੰਥ ਵਿਚ ਸ਼ਾਮਲ ਹੋਏ ਹਨ। ਅੱਜ ਤੋਂ ਉਨ੍ਹਾਂ ਦੇ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ, ਜਨਮ ਅਸਥਾਨ ਕੇਸਗੜ੍ਹ ਸਾਹਿਬ ਅਤੇ ਵਾਸੀ ਅਨੰਦਪੁਰ ਸਾਹਿਬ ਦੇ ਹੋਣ ਕਰਕੇ ਆਪਸ ਵਿਚ ਅਥਵਾ ਸਾਰੇ ਅੰਮ੍ਰਿਤਧਾਰੀਆਂ ਦੇ ਧਰਮ ਭਰਾ ਜਾਂ ਗੁਰਭਾਈ ਹਨ। ਅੱਜ ਤੋਂ ਉਨ੍ਹਾਂ ਦੀ ਪਿਛਲੇ ਖ਼ਾਨਦਾਨ ਨਾਲ ਜਨਮ ਤੋਂ ਜੁੜੀ ਜਾਤ-ਪਾਤ, ਜੀਵਨ ਨਿਰਬਾਹ ਲਈ ਅਪਣਾਏ ਜਾਇਜ਼-ਨਜਾਇਜ਼ ਸਾਧਨ, ਮੰਦੇ ਚੰਗੇ ਕੀਤੇ ਕੰਮ, ਦੇਸ਼ ਸੀਮਾ ਦਾ ਫ਼ਰਕ ਅਤੇ ਪਿਛਲੇ ਮੱਤ ਮਜ਼੍ਹਬ ਜਾਂ ਧਰਮ ਦਾ ਮਹੱਤਵ ਅਥਵਾ ਖ਼ਿਆਲ ਤਕ ਖ਼ਤਮ ਹੋ ਗਿਆ ਹੈ ਅਤੇ ਹੁਣ ਕੇਵਲ ਖ਼ਾਲਸਾ ਹਨ, ਅਜਿਹੇ ਖ਼ਾਲਸਾ, ਜੋ ਕਿਸੇ ਦੇਵੀ-ਦੇਵਤੇ, ਅਵਤਾਰ ਜਾਂ ਪੈਗ਼ੰਬਰ ਆਦਿ ਦੀ ਮਾਨਤਾ ਪੂਜਾ ਕਰਨ ਵਾਲੇ ਨਹੀਂ, ਸਗੋਂ ਕੇਵਲ 'ਪ੍ਰਮਾਤਮ ਕੀ ਮੌਜ' ਵਿਚ ਵਿਚਰਨ ਵਾਲੇ ਬਣੇ ਹਨ। ਨਿਰਮਲ ਜੀਵਨ ਦੀ ਸੇਧ ਹੁਣ ਕੇਵਲ ਦਸ ਗੁਰੂ ਸਾਹਿਬਾਨ ਦੀ ਬਾਣੀ ਤੋਂ ਹੀ ਲੈਣਗੇ ਅਰ ਹੋਰ ਕਿਸੇ ਨੂੰ ਪਹਿਚਾਨਣਗੇ ਵੀ ਨਹੀਂ।

**ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਉ) ਅਤੇ ਹਰ ਰੋਜ਼ ਘੱਟ ਤੋਂ ਘੱਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ : ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਸੋਦਰੁ ਰਹਰਾਸਿ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ।**

*ਵਿਆਖਿਆ :*

**ਪੰਜ ਬਾਣੀਆਂ ਦਾ ਨਿਤਨੇਮ** : ਇਹ ਆਸ ਕੀਤੀ ਜਾਂਦੀ ਹੈ ਕਿ ਸਿੱਖ ਪਰਿਵਾਰਾਂ ਨਾਲ ਸੰਬੰਧਿਤ ਅਭਿਲਾਖੀ ਗੁਰਮੁਖੀ ਸਿੱਖ ਕੇ ਗੁਰਬਾਣੀ ਦਾ ਪਾਠ ਕਰਨ ਦੇ ਅਭਿਆਸੀ ਹੋਣਗੇ, ਨਹੀਂ ਤਾਂ ਉਨ੍ਹਾਂ ਨੂੰ ਦੱਸਿਆ ਜਾਵੇ ਕਿ ਗੁਰਮੁਖੀ ਅਥਵਾ ਗੁਰਬਾਣੀ ਦੀਆਂ ਲਗਾਂ-ਮਾਤਰਾਂ ਦਾ ਗਿਆਨ ਹੋਣਾ ਉਨ੍ਹਾਂ ਲਈ ਬਹੁਤ ਜ਼ਰੂਰੀ ਹੈ, ਜਿਸ ਤੋਂ ਬਗ਼ੈਰ ਗੁਰਬਾਣੀ ਦੀਆਂ ਡੂੰਘੀਆਂ ਰਮਜ਼ਾਂ ਨੂੰ ਜਾਣ ਸਕਣਾ ਉਨ੍ਹਾਂ ਲਈ ਅਸੰਭਵ ਹੋ ਸਕਦਾ ਹੈ।

ਦੱਸਿਆ ਜਾਵੇ ਕਿ ਹਰੇਕ ਅੰਮ੍ਰਿਤਧਾਰੀ ਨੂੰ 'ਘੱਟ ਤੋਂ ਘੱਟ' ਨਿਤਨੇਮ ਦੀਆਂ ਇਨ੍ਹਾਂ ਬਾਣੀਆਂ (ਅੰਮ੍ਰਿਤ ਵੇਲੇ ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਸ਼ਾਮ ਨੂੰ ਸੋਦਰੁ ਰਹਰਾਸਿ ਅਤੇ ਸੌਣ ਲੱਗਿਆਂ ਸੋਹਿਲਾ) ਦਾ ਪਾਠ ਕਰਨਾ, ਜਾਂ ਸੁਣਨਾ ਅਤੀ ਜ਼ਰੂਰੀ ਹੈ।

ਜਿਥੇ ਅੰਮ੍ਰਿਤਧਾਰੀ ਨੂੰ ਘੱਟੋ ਘੱਟ ਪੰਜ ਬਾਣੀਆਂ ਦਾ ਨਿਤਨੇਮ ਕਰਨਾ ਜ਼ਰੂਰੀ ਹੈ, ਉਥੇ ਉਸ ਲਈ ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਿਤਾਪ੍ਰਤੀ ਪਾਠ ਕਰਨਾ ਜਾਂ ਸੁਣਨਾ ਵੀ ਜ਼ਰੂਰੀ ਹੈ। 'ਸਿੱਖ ਰਹਿਤ ਮਰਯਾਦਾ' ਦੇ ਪੰਨਾ 19


Sri Satguru Jagjit Singh Ji eLibrary NamdhariElibrary@gmail.com

ਤੋਂ ਸਾਧਾਰਨ ਪਾਠ ਦੀ ਧਾਰਾ ਦੇ ਨਿਯਮ (ਸ) ਦੇ ਅਨੁਸਾਰ "ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਏ।" ਗੁਰਵਾਕ :

**ਪ੍ਰਭੁ ਬੇਅੰਤ ਗੁਰਮਤਿ ਕੋ ਪਾਵਹਿ ॥**
**ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥**
**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪॥**

*(ਗੁ: ਗ੍ਰੰ: ਸਾ:, ਪੰਨਾ 1028)*

**ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥**
**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥**

*(ਗੁ: ਗ੍ਰੰ: ਸਾ:, ਪੰਨਾ 797)*

**ਪੰਜਾਂ ਕੱਕਿਆਂ—ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।**

***ਵਿਆਖਿਆ :***

**ਕਕਾਰਾਂ ਨੂੰ ਅੰਗ-ਸੰਗ ਰੱਖਣਾ** : ਪਹਿਲੀ ਵੈਸਾਖ 1756 ਬਿਕ੍ਰਮੀ ਨੂੰ ਖ਼ਾਲਸਾ ਸਾਜਣ ਤੋਂ ਬਾਅਦ 29 ਜੇਠ, 1756 ਬਿਕ੍ਰਮੀ ਅਥਵਾ 24 ਮਈ, 1699 ਈਸਵੀ ਨੂੰ ਸ੍ਰੀ ਦਸਮੇਸ਼ ਵੱਲੋਂ ਕਾਬਲ ਦੀਆਂ ਸੰਗਤਾਂ ਦੇ ਨਾਂ ਭੇਜਿਆ ਗਿਆ ਹੁਕਮਨਾਮਾ ਇਤਿਹਾਸ ਵਿਚ ਪ੍ਰਾਪਤ ਹੈ, ਜਿਸ ਵਿਚ ਪੰਜ ਕਕਾਰੀ ਰਹਿਤ ਦਾ ਜ਼ਿਕਰ ਇਉਂ ਮਿਲਦਾ ਹੈ :

**ੴ ਸਤਿਗੁਰੂ ਜੀ ਸਹਾਇ ॥**
**ਸਰਬਤ ਸੰਗਤ ਕਾਬਲ ਗੁਰੂ ਰਖੇਗਾ।**
**ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ,**
**ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਹਣਾ,**
**ਕੇਸ ਰੱਖਣੇ ਇਹ ਸਾਡੀ ਮੋਹਰ ਹੈ,**
**ਕਛ ਕਿਰਪਾਨ ਦਾ ਵਿਸਾਹ ਕਰਨਾ ਨਾਹੀ,**
**ਸਰਬ ਲੋਹ ਦਾ ਕੜਾ ਹਥ ਰਖਣਾ,**
**ਦੋਨੋਂ ਵਕਤ ਕੇਸਾਂ ਦੀ ਪਾਲਣਾ ਕੰਘੇ ਸਉ ਕਰਨੀ,**
**ਸਰਬਤ ਸੰਗਤ ਅਭਾਖਿਆ ਦਾ ਕੁਠਾ ਮਾਸ ਖਾਵੈ ਨਾਹੀ,**
**ਤਮਾਕੂ ਨ ਵਰਤਣਾ।**
**ਭਾਦਣੀ ਤਥਾ ਕੰਨਿਆ ਮਾਰਨ ਵਾਲੇ ਸੇ ਨਾ ਮੇਲ ਰਖੇ।**
**ਮੀਣੇ ਮਸੰਦੀਏ ਰਾਮਰਾਈਏ ਦੀ ਸੰਗਤਿ ਨਾ ਬੈਸੋ।**
**ਗੁਰਬਾਣੀ ਪੜ੍ਹਨੀ ਵਾਹਿਗੁਰੂ ਜਪਣਾ,**
**ਗੁਰੂ ਕੀ ਮਤਿ ਰਖਨੀ,**
**ਸਰਬਤ ਸੰਗਤ ਉਪਰਿ ਮੇਰੀ ਖੁਸ਼ੀ ਹੈ।**
**ਸਤਰਾਂ ੧੪ ਜੇਠ ੨੯ ਸੰਮਤ ੧੭੫੬**


Sri Satguru Jagjit Singh Ji eLibrary NamdhariElibrary@gmail.com

ਇਸੇ ਤਰ੍ਹਾਂ ਦਸਮ ਗ੍ਰੰਥ ਦੀ ਦੂਜੀ ਸੈਂਚੀ (ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ, ਅਗਸਤ 1988) ਵਿਚ ਅਸਫੋਟਕ ਕਬਿੱਤ ਜੋ "ਗੁਰਸਿੱਖ, ਸੰਪ੍ਰਦਾਵਾਂ ਦੀ ਤੀਬਰ ਇੱਛਾ ਅਨੁਸਾਰ (?) ਲਿਖਤੀ ਛਾਪੇ ਦੇ ਸਰੂਪਾਂ ਵਿੱਚੋਂ ਉਤਾਰਾ ਕੀਤੇ ਗਏ ਹਨ", ਦੇ ਬਿਲਕੁਲ ਅੰਤ ਵਿਚ ਫ਼ਾਰਸੀ ਦੀ ਇਕ ਲਿਖਤ, ਜੋ ਪੰਜਾਬੀ ਵਿਚ ਇਉਂ ਦਰਜ ਹੈ:

**ੴ ਵਾਹਿਗੁਰੂ ਜੀ ਕੀ ਫਤਿਹ ॥**
**(ਸਿੱਖੀ ਰਹਿਤ)**
**ਸ੍ਰੀ ਮੁਖਵਾਕ ਪਾਤਸ਼ਾਹੀ ੧੦**
**ਨਿਸ਼ਾਨਿ ਸਿਖੀ ਈਂ ਹਰੂਫ਼ ਪੰਜ ਕਾਫ਼ ॥**
**ਹਰਗਜ਼ਿ ਨ ਬਾਸ਼ਦ ਈਂ ਪੰਜ ਮੁਆਫ਼ ॥੧॥**
**ਕੜਾ ਕਾਰਦੋ ਕਛ ਕੰਘਾ ਬਿਦਾਂ ॥**
**ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ ॥੨॥**

[ਸਿੱਖੀ ਦੇ ਨਿਸ਼ਾਨ ਪੰਜ ਕਕਾਰ ਹਨ, ਕਦੇ ਵੀ ਇਹ ਮੁਆਫ਼ ਨਹੀਂ ਹੋ ਸਕਦੇ। ਕੜਾ ਕਿਰਪਾਨ ਕਛਹਿਰਾ ਕੰਘਾ ਜਾਣੋ। (ਪਰ) ਬਿਨਾਂ ਕੇਸ ਤੋਂ ਇਹ ਨਿਸ਼ਾਨ ਤੁੱਛ ਹਨ।]

ਅਜਿਹੇ ਹੋਰ ਅਨੇਕਾਂ ਇਤਿਹਾਸਕ ਹਵਾਲਿਆਂ ਅਤੇ ਸੀਨਾ-ਬ-ਸੀਨਾ ਆ ਰਹੀਆਂ ਕੁਝ ਪਰੰਪਰਾਵਾਂ ਦੀ ਹਕੀਕਤ ਨੂੰ ਧਿਆਨ ਵਿਚ ਰੱਖ ਕੇ ਹੀ ਗੁਰੂ ਪੰਥ ਨੇ ਪੰਜ ਕਕਾਰਾਂ (ਕੇਸ, ਕ੍ਰਿਪਾਨ, ਕਛਹਿਰਾ, ਕੰਘਾ ਅਤੇ ਕੜਾ) ਨੂੰ ਅੰਗ-ਸੰਗ ਰੱਖਣ ਦਾ ਹੁਕਮ ਕੀਤਾ ਹੈ, ਜਿਸ ਲਈ ਹਰ 'ਸਿੰਘ' ਪਾਬੰਦ ਹੈ।

**ਕੇਸ** : 'ਸਿੰਘ' ਦੀ ਸ਼੍ਰੋਮਣੀ (ਮੁਖ) ਰਹਿਤ ਹੈ, ਕਿਉਂਕਿ ਗੁਰੂ ਕਾ ਹੁਕਮ ਹੈ, ਜਿਸ ਕਰਕੇ ਇਹ ਗੁਰੂ ਕੀ ਮੋਹਰ ਹੈ; ਇਹ ਕਰਤਾਰ ਦੀ ਸਮੁੱਚੀ ਮਨੁੱਖਤਾ ਨੂੰ ਕੀਮਤੀ ਦਾਤ ਹੈ, ਜੋ ਮਨੁੱਖ ਦੀ ਸੁੰਦਰਤਾ ਅਤੇ ਸ਼ਕਤੀ ਵਿਚ ਅੰਤਮ ਸੁਆਸਾਂ ਤਕ ਭਾਰੀ ਵਾਧਾ ਕਰਦੀ ਹੈ; ਕੇਸ ਪਰਮੇਸ਼ਰ ਦਾ ਹੁਕਮ (ਭਾਣਾ) ਹੈ, ਜਿਸ ਨੂੰ ਸਤਿ ਕਰ ਮੰਨਣਾ ਗੁਰੂ-ਕਿਆਂ ਲਈ ਜ਼ਰੂਰੀ ਹੈ; ਇਹ ਸਿੱਖ ਦੀ ਪਛਾਣ ਹੈ।

ਧਿਆਨ ਰੱਖਣਾ ਕਿ ਕੇਸ਼ ਅਥਵਾ ਕੇਸ ਸਾਡੇ ਸਿਰ ਦੇ ਉਪਰਲੇ ਹਿੱਸੇ ਖੋਪਰੀ ਦੇ ਰੋਮਾਂ ਨੂੰ ਕਿਹਾ ਜਾਂਦਾ ਹੈ, ਪਰ ਸਿੱਖ ਮੱਤ ਵਿਚ ਸਿਰ ਤੋਂ ਲੈ ਕੇ ਪੈਰਾਂ ਤਕ ਸਾਰੇ ਅੰਗਾਂ ਦੇ ਵੱਡੇ ਛੋਟੇ ਰੋਮਾਂ ਨੂੰ ਕੇਸ ਮੰਨਿਆ ਗਿਆ ਹੈ ਅਰ ਸਭਨਾਂ ਦੀ ਸਤਿਕਾਰ ਸਹਿਤ ਸੰਭਾਲ ਕਰਨੀ ਹਰ ਗੁਰਸਿੱਖ ਦਾ ਪਰਮ ਕਰਤੱਵ ਹੈ। ਇਸ ਲਈ ਵਿਚਾਰਵਾਨਾਂ ਦੇ ਇਸ ਕਥਨ ਨਾਲ ਅਸੀਂ ਸਹਿਮਤ ਹਾਂ ਕਿ ਕੇਸਾਧਾਰੀ ਕੇਸ ਢਕ ਕੇ ਹੀ ਜੰਗਲ-ਮੈਦਾਨ (Toilet) ਜਾਏ, ਕੇਸ ਢਕ ਕੇ ਹੀ ਪ੍ਰਸ਼ਾਦਾ ਤਿਆਰ ਕਰੇ ਤੇ ਛਕੇ, ਕਦੀ ਕ੍ਰੋਧ ਵਿਚ ਆ ਕੇ ਵੀ ਸਿੱਖ ਦੇ ਕੇਸਾਂ ਦੀ ਬੇਅਦਬੀ ਨਾ ਕਰੇ।

**ਕ੍ਰਿਪਾਨ** : ਗੁਰੂ-ਕਿਆਂ ਵਿਚ ਤਲਵਾਰ ਦੇ ਪ੍ਰਚਲਿਤ ਨਾਵਾਂ ਅਸਿ, ਸ੍ਰੀ ਸਾਹਿਬ, ਤੇਗ਼ ਅਤੇ ਕ੍ਰਿਪਾਨ ਦੇ ਪ੍ਰਚਲਿਤ ਨਾਵਾਂ ਵਿੱਚੋਂ ਕ੍ਰਿਪਾਨ ਨੂੰ ਪੰਜ ਕਕਾਰਾਂ ਦਾ ਅੰਗ ਮੰਨਿਆ ਗਿਆ ਹੈ। ਕ੍ਰਿਪਾਨ ਦਾ ਅਰਥ ਹੈ: ਕ੍ਰਿਪਾ-ਆਨ ਭਾਵ ਕ੍ਰਿਪਾ ਭਾਵਨਾ

ਅਤੇ ਅਣਖ ਜਾਂ ਕ੍ਰਿਪਾ ਦੀ ਅਣਖ। ਸੁਭਾਅ ਦੀ ਘਾੜਤ ਘੜਦਿਆਂ ਗੁਰੂ ਪਾਤਸ਼ਾਹ ਜੀ ਨੇ ਸਿੱਖ ਨੂੰ ਕ੍ਰਿਪਾਲੂ ਬਿਰਤੀ ਦਾ ਮਾਲਕ ਹੋਣਾ ਦੱਸਿਆ ਹੈ, ਪਰ ਨਾਲ ਹੀ ਇਸ ਬਿਰਤੀ ਦਾ ਰੱਖਿਅਕ ਵੀ। ਛੇਵੇਂ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਸਿੱਖ ਆਪਣੀ ਅਤੇ ਕਮਜ਼ੋਰ (ਦੀਨ) ਦੀ ਡਾਢੇ ਤੋਂ ਰੱਖਿਆ ਲਈ ਸ਼ਸਤਰ ਰੱਖਣ ਲੱਗ ਪਏ ਸਨ :

**ਖੇਤੀ ਵਾੜਿ ਸੁ ਢਿੰਗਰੀ, ਕਿਕਰ ਆਸ ਪਾਸ ਜਿਉ ਬਾਗੈ ॥**
**ਸਪ ਲਪੇਟੇ ਚੰਨਣੈ, ਬੂਹੇ ਜੰਦ੍ਰਾ ਕੁੱਤਾ ਜਾਗੈ ॥੨੫॥੨੬॥**

*(ਵਾਰਾਂ ਭਾਈ ਗੁਰਦਾਸ ਜੀ)*

ਖੰਡੇ ਦੀ ਪਾਹੁਲ ਤੋਂ ਪਹਿਲਾਂ ਦਸਮੇਸ਼ ਜੀ ਵੀ ਗੁਰੂ-ਕਿਆਂ ਨੂੰ ਇਹ ਅਹਿਸਾਸ ਦ੍ਰਿੜ੍ਹ ਕਰਵਾ ਰਹੇ ਸਨ :

**ਸ਼ਸਤ੍ਰਨ ਕੇ ਅਧੀਨ ਹੈ ਰਾਜ ॥**
**ਜੋ ਨ ਧਰਹਿ ਤਿਸ ਬਿਗਰਹਿ ਕਾਜ ॥**
**ਤਾਂ ਤੇ ਸਰਬ ਖਾਲਸਾ ਸੁਨੀਅਹਿ ॥**
**ਆਯੁੱਧ (ਸ਼ਸਤ੍ਰ) ਧਰਿਬੇ ਉਤਮ ਗੁਨੀਅਹਿ ॥**
**ਸ਼ਸਤ੍ਰਹੀਨ ਇਹ ਕਬਹੁੰ ਨ ਹੋਈ ॥**
**ਰਹਿਤਵੰਤ ਖ਼ਾਲਸ ਹੈ ਸੋਈ ॥** *(ਭਾਈ ਨੰਦ ਲਾਲ ਜੀ)*

ਜਿਸ ਸਮੇਂ ਖ਼ਾਲਸੇ ਦੀ ਸਾਜਨਾ ਕੀਤੀ ਤਾਂ ਮੁਖੋਂ ਅਕਾਲ ਅਕਾਲ ਜਪਾਉਂਦਿਆਂ ਕ੍ਰਿਪਾਨ ਰੂਪ ਵਿਚ ਸ਼ਸਤਰ ਸਦਾ ਲਈ ਖ਼ਾਲਸੇ ਦਾ ਸ਼ਿੰਗਾਰ ਬਣਾ ਦਿੱਤਾ। ਤਾਂ ਤੇ, ਸਿੰਘ ਦੇ ਗਲ ਵਿਚ ਸਦਾ ਲਿਸ਼ਕਦੀ ਹੋਈ ਕ੍ਰਿਪਾਨ ਸੋਭਦੀ ਹੈ, ਜੋ ਧਰਮ ਰੱਖਿਅਕ ਬਣੇ ਰਹਿਣਾ ਦ੍ਰਿੜ੍ਹ ਕਰਵਾਉਂਦੀ ਹੈ ਅਤੇ ਪੰਥ ਦੋਖੀਆਂ ਨੂੰ ਭੈਭੀਤ ਕਰਦੀ ਹੈ। ਚਿੰਨ੍ਹ ਰੂਪ ਵਿਚ ਕੰਘੇ ਵਿਚ ਅੜੁੰਗ ਲੈਣੀ ਜਾਂ ਧਾਗੇ ਵਿਚ ਪ੍ਰੋ ਕੇ ਗਲ ਪਾ ਲੈਣੀ, ਸ਼ਸਤਰਧਾਰੀ ਹੋਣਾ ਨਹੀਂ। ਪੜ੍ਹੋ ਸਿੰਘ ਚਰਿੱਤਰ :

**ਪਾਗ ਹੂੰ ਕੋ ਬਾਂਧਿਬੋ ਕਛ ਕੁ ਦਿਨ ਪਾਛੇ ਸੀਖਯੋ,**
**ਪਹਿਲੇ ਹੀ ਸੁ ਸੀਖਯੋ ਸਿੱਖ ਬਾਂਧਿਬੋ ਕ੍ਰਿਪਾਨੀ ਕੋ।** *(ਗੁਰ ਪ੍ਰਤਾਪ ਸੂਰਜ)*

**ਕਛਹਿਰਾ** : ਇਸ ਬਾਬਤ 'ਸਿੱਖ ਰਹਿਤ ਮਰਯਾਦਾ' ਦੇ ਪੰਨਾ 30 ਉਪਰ ਪੈਰ-ਟੂਕ ਵਿਚ ਲਿਖਿਆ ਹੈ : "ਕਛਹਿਰਾ ਕਿਸੇ ਵੀ ਕਪੜੇ ਦਾ ਹੋ ਸਕਦਾ ਹੈ, ਪਰ ਗੋਡਿਆਂ ਤੋਂ ਨੀਵਾਂ ਨਾ ਹੋਵੇ।"

ਕਛਹਿਰਾ ਸਰੀਰ ਨੂੰ ਸੁਖਾਵੇਂ ਅਤੇ ਪ੍ਰਾਪਤ ਸੂਤੀ, ਪਾਪਲੀਨ ਜਾਂ ਪੋਲਿਸਟਰ ਅਤੇ ਚਿੱਟੇ ਜਾਂ ਕਿਸੇ ਵੀ ਰੰਗਦਾਰ ਕੱਪੜੇ ਦਾ ਹੋ ਸਕਦਾ ਹੈ। ਬਜ਼ਾਰ ਵਿਚ ਆਮ ਲੋਕਾਂ ਵੱਲੋਂ ਵਰਤੇ ਜਾਣ ਵਾਲੇ ਜਾਂਘੀਏ ਨੂੰ ਕਦਾਚਿਤ ਕਛਹਿਰਾ ਨਹੀਂ ਕਿਹਾ ਜਾ ਸਕਦਾ।

ਸਿੰਘ ਦਾ ਰੇਬਦਾਰ ਕਛਹਿਰਾ ਮੂਹਰੀ ਅਤੇ ਨੇਫ਼ੇ ਵਾਲਾ ਤੇਜ਼ ਪਹਿਨਣ ਦਾ ਪਹਿਰਾਵਾ ਹੈ, ਜੋ ਪੂਰੀ ਤਰ੍ਹਾਂ ਨੰਗੇਜ ਨੂੰ ਢੱਕਦਾ ਅਤੇ ਦੌੜਨ ਖੇਡਣ ਅਥਵਾ ਘੋੜ-ਸਵਾਰੀ ਆਦਿ ਵਿਚ ਸਹਾਇਕ ਹੁੰਦਾ ਹੈ। ਇਹ ਜਿਥੇ ਸਿੱਖ ਪੰਥ ਵਿਚ ਜਤ-ਸਤ ਦਾ ਚਿੰਨ੍ਹ ਮੰਨਿਆ ਗਿਆ ਹੈ, ਉਥੇ ਬਿਪਰਵਾਦ ਅਤੇ ਤੁਰਕਵਾਦ ਦੀ ਮਾਨਤਾ ਉਪਰ

 Sri Satguru Jagjit Singh Ji eLibrary NamdhariElibrary@gmail.com

ਵੀ ਕਰਾਰੀ ਚੋਟ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਧਰਮ ਦਾ ਕਾਰਜ ਕਰਨ ਲੱਗਿਆਂ ਕੇਵਲ ਅਣਸੀਤਾ ਕਪੜਾ ਹੀ ਪਹਿਨਣਾ ਪ੍ਰਵਾਨ ਹੈ, ਇਸ ਅਨੁਸਾਰ ਯੱਗ-ਹਵਨ ਵਿਚ ਹਿੱਸਾ ਲੈਣ ਵਾਲਾ ਹਿੰਦੂ ਕੇਵਲ ਤੀਹਰੀਆਂ ਤੀਹਰੀਆਂ ਧੋਤੀਆਂ (ਸਿਰ, ਪਿੰਡੇ ਅਤੇ ਤੇੜ) ਹੀ ਬੰਨ੍ਹੇ। ਜਦੋਂ ਕਿ ਹੱਜ ਕਰਨ ਵਾਲਾ ਮੁਸਲਮਾਨ ਵੀ ਇਸੇ ਪ੍ਰਕਾਰ ਅਣਸੀਤਾ ਕਪੜਾ ਅਥਵਾ ਧੋਤੀਆਂ ਹੀ ਪਹਿਨਣ ਲਈ ਪਾਬੰਦ ਹੈ। ਇਤਿਹਾਸਕ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਗੁਰਮਤਿ ਪ੍ਰਚਾਰ ਸਦਕਾ ਗੁਰੂ ਕੇ ਸਿੱਖ ਅਜਿਹੇ ਭਰਮਾਂ ਤੋਂ ਮੁਕਤ ਹੋ ਕੇ ਕਛਹਿਰਾ ਪਹਿਨਣ ਲੱਗ ਪਏ ਸਨ। ਜਦੋਂ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਦੀਆਂ ਇਤਿਹਾਸਕ ਵਸਤਾਂ ਦੇ ਨਾਲ ਨਾਲ ਅਸੀਂ ਕਛਹਿਰੇ ਨੂੰ ਵੀ, ਭਾਈ ਕੀ ਡਰੌਲੀ (ਮੋਗੇ ਪਾਸ) ਦੇਖਦੇ ਹਾਂ ਤਾਂ ਅਸੀਂ ਭਲੀ ਪ੍ਰਕਾਰ ਅੰਦਾਜ਼ਾ ਕਰ ਸਕਦੇ ਹਾਂ ਕਿ ਗੁਰੂ ਸਾਹਿਬ ਜੀ ਦੇ ਨਾਲ ਨਾਲ ਗੁਰੂ ਕੇ ਸਿੱਖ ਵੀ ਜ਼ਰੂਰ ਕਛਹਿਰਾ ਪਹਿਨਦੇ ਹੋਣਗੇ, ਪਰ ਸ੍ਰੀ ਦਸਮੇਸ਼ ਜੀ ਨੇ ਤਾਂ ਪਹਿਲੀ ਵੈਸਾਖ 1756 ਬਿਕ੍ਰਮੀ ਨੂੰ ਖੰਡੇ ਦਾ ਅੰਮ੍ਰਿਤ ਛਕਾਉਂਦਿਆਂ ਪੰਜ ਕਕਾਰੀ ਰਹਿਤ ਵਿਚ ਕਛਹਿਰੇ ਨੂੰ 'ਕਕਾਰ' ਰੂਪ ਵਿਚ ਸਦਾ ਧਾਰਨ ਰੱਖਣ ਦਾ ਹੁਕਮ ਦੇ ਕੇ ਬਿਪਰਵਾਦੀ ਭਰਮਗੜ੍ਹ ਨੂੰ ਢਾਹ ਢੇਰੀ ਕਰ ਦਿੱਤਾ। ਹੁਣ 'ਸਿੰਘ' ਨੂੰ ਦਿਨੇ-ਰਾਤ, ਜਾਗਦਿਆਂ-ਸੁੱਤਿਆਂ, ਯੁੱਧ-ਸ਼ਾਂਤੀ ਅਤੇ ਧਰਮ ਦਾ ਕਾਰਜ ਕਰਨ ਸਮੇਂ ਕਛਹਿਰਾ ਪਹਿਨਣ ਦਾ ਹੁਕਮ ਹੈ। ਕਛਹਿਰਾ ਵੀ ਇਸ ਪ੍ਰਕਾਰ ਦਾ, ਜਿਸ ਦੀ ਬਣਤਰ ਹੀ ਕਪੜੇ ਨੂੰ ਪਾੜ ਕੇ ਅਤੇ ਅਨੇਕਾਂ ਸਿਲਾਈਆਂ (ਸੀਣਾਂ) ਮਾਰ ਕੇ ਬਣਾਈ ਜਾਂਦੀ ਹੈ।

**ਕੱਛ ਕ੍ਰਿਪਾਨ ਨਾ ਕਬਹੂੰ ਤਿਆਗੇ।** *(ਰਹਿਤਨਾਮਾ ਭਾਈ ਦੇਸਾ ਸਿੰਘ)*

**ਕੱਛ ਬਿਨਾਂ ਚਿਰੰਕਾਲ ਨ ਰਹੇ।**
**ਇਕ ਤਜਿ ਦੁਤੀਅ ਤੁਰਤ ਹੀ ਗਹੇ।** *(ਗੁਰ ਪ੍ਰਤਾਪ ਸੂਰਜ)*

ਜ਼ਿਕਰਯੋਗ ਹੈ ਕਿ ਅੰਮ੍ਰਿਤਧਾਰੀ ਪਾਸ ਪਹਿਨੇ ਹੋਏ ਤੋਂ ਇਲਾਵਾ ਇਕ ਕਛਹਿਰਾ ਹੋਰ ਹੋਣਾ ਅਤਿ ਜ਼ਰੂਰੀ ਹੈ ਤਾਂ ਜੁ ਇਸ਼ਨਾਨ ਕਰ ਕੇ ਦੂਜਾ ਪਹਿਨਿਆ ਜਾ ਸਕੇ।

ਕਛਹਿਰੇ ਦੀ ਬਣਤਰ ਲਈ ਆਪਣੀ ਆਪਣੀ ਲੋੜ ਅਨੁਸਾਰ ਵੱਧ ਜਾਂ ਘੱਟ ਕਪੜਾ ਵਰਤਣ 'ਤੇ ਕੋਈ ਰੋਕ ਨਹੀਂ, ਪਰ ਥੱਲੇ ਪਹਿਨਣ ਵਾਲੇ ਇਸ ਬਸਤਰ ਦਾ ਸਾਫ਼ ਸੁਥਰਾ ਹੋਣਾ ਅਸਾਡੀ ਅੰਦਰਲੀ ਨਿਰਮਲਤਾ ਦਾ ਲਖਾਇਕ ਹੈ, ਇਹ ਧਿਆਨ ਰੱਖਿਆ ਜਾਵੇ।

**ਕੰਘਾ** : ਸ੍ਰੀ ਦਸਮੇਸ਼ ਜੀ ਨੇ ਜਿਥੇ ਕੇਸਾਂ ਨੂੰ ਸ਼ੋਮਣੀ ਕਰਾਰ ਦਿੱਤਾ ਹੈ, ਉਥੇ ਇਹਨਾ ਦੀ ਸੰਭਾਲ ਲਈ ਵੀ ਸਾਵਧਾਨ ਕੀਤਾ ਹੈ। ਕਾਬਲ ਦੀਆਂ ਸੰਗਤਾਂ ਦੇ ਨਾਂ ਜਾਰੀ ਕੀਤੇ ਹੁਕਮਨਾਮੇ ਦੀ ਇਹ ਪੰਕਤੀ ਚੇਤੇ ਕਰਨ ਯੋਗ ਹੈ : "ਦੋਨੋਂ ਵਕਤ ਕੇਸਾਂ ਦੀ ਪਾਲਣਾ ਕੰਘੇ ਸਉ ਕਰਨੀ।" ਇਥੇ ਇਹ ਧਿਆਨ ਕਰ ਲੈਣਾ ਵੀ ਯੋਗ ਹੋਵੇਗਾ ਕਿ ਕੇਸਾਧਾਰੀ ਸਿੱਖ 'ਖੰਡੇ ਦੀ ਪਾਹੁਲ' ਤਿਆਰ ਹੋਣ ਤੋਂ ਪਹਿਲਾਂ ਵੀ ਆਪਣੇ ਕੇਸਾਂ ਵਿਚ ਕੰਘਾ ਰੱਖਿਆ ਕਰਦੇ ਸਨ।

**ਕੰਘਾ ਦੋਨੋ ਵਕਤ ਕਰ ਪਾਗ ਚੁਨੈ ਕਰਿ ਬਾਂਧਈ॥** *(ਭਾਈ ਨੰਦ ਲਾਲ ਜੀ)*


Sri Satguru Jagjit Singh Ji eLibrary NamdhariElibrary@gmail.com

ਕੰਘਾ ਕਰਨ ਤੋਂ ਬਾਅਦ ਸਾਡੇ ਸਰੀਰ ਵਿਚ ਤਾਜ਼ਗੀ ਅਥਵਾ ਸਫੂਰਤੀ ਦਾ ਅਹਿਸਾਸ ਹੁੰਦਾ ਹੈ, ਕਿਉਂਕਿ ਕੰਘਾ ਸਿਰ 'ਤੇ ਫਿਰਨ ਨਾਲ ਚਮੜੀ ਵਿਚ ਖ਼ੂਨ ਦਾ ਦੌਰਾ ਤੇਜ਼ ਹੁੰਦਾ ਹੈ, ਪਰ ਇਹ ਸਭ ਕੁਝ ਤਾਂ ਹੀ ਵਧੇਰੇ ਲਾਭਕਾਰੀ ਹੁੰਦਾ ਹੈ, ਜੇ ਕੰਘਾ ਕੇਵਲ ਲੱਕੜ ਦਾ ਹੋਵੇ, ਜਿਵੇਂ ਕਿ ਗੁਰੂ-ਪੰਥ ਦਾ ਹੁਕਮ ਹੈ। ਸਿਹਤ, ਸਫ਼ਾਈ ਅਤੇ ਸਹੂਲਤ ਦੇ ਨਿਯਮਾਂ ਨੂੰ ਧਿਆਨ ਵਿਚ ਰੱਖਦਿਆਂ ਹੀ ਗੁਰੂ-ਪੰਥ ਨੇ ਲੱਕੜ ਦਾ ਕੰਘਾ ਕਕਾਰ ਰੂਪ ਵਿਚ ਸਦਾ ਅੰਗ-ਸੰਗ ਰੱਖਣਾ ਕਰਾਰ ਦਿੱਤਾ ਹੈ ਅਰ ਲੋਹੇ, ਪਲਾਸਟਿਕ ਜਾਂ ਹਾਥੀ ਦੰਦ ਆਦਿ ਤੋਂ ਬਣੇ ਕੰਘੇ ਨੂੰ ਪ੍ਰਵਾਨ ਨਹੀਂ ਕੀਤਾ।

**ਕੜਾ** : ਇਸ ਨੂੰ ਕਟਕ, ਕੰਕਨ ਅਥਵਾ ਕੰਗਨ ਵੀ ਕਿਹਾ ਜਾਂਦਾ ਹੈ, ਪਰ ਸਿੱਖ ਪੰਥ ਵਿਚ ਇਸ ਦਾ ਨਾਮ ਕੜਾ ਪ੍ਰਵਾਨਿਆ ਗਿਆ ਹੈ। *ਸਿੱਖ ਰਹਿਤ ਮਰਯਾਦਾ* ਦੇ ਪੰਨਾ 30 ਉਪਰ ਪੈਰ-ਟੂਕ ਵਿਚ ਜਿਵੇਂ ਸਪੱਸ਼ਟ ਕੀਤਾ ਹੈ ਕਿ 'ਕੜਾ ਸਰਬ ਲੋਹ ਦਾ ਹੋਵੇ।' ਇਸ ਲਈ ਕਿਸੇ ਹੋਰ ਧਾਤ ਸੋਨਾ, ਚਾਂਦੀ, ਤਾਂਬਾ ਆਦਿ ਦੇ ਕੜੇ ਨੂੰ ਗੁਰੂ-ਪੰਥ ਨੇ ਕਕਾਰ ਰੂਪ ਵਿਚ ਪ੍ਰਵਾਨਗੀ ਨਹੀਂ ਦਿੱਤੀ। ਸੋ, ਪੰਥਕ ਇਕਸਾਰਤਾ ਨੂੰ ਕਾਇਮ ਰੱਖਣ ਲਈ ਸਭਨਾਂ ਗੁਰਸਿੱਖਾਂ ਨੂੰ ਸਦਾ ਸਰਬ ਲੋਹ ਦਾ ਕੜਾ ਹੀ ਪਹਿਨਣਾ ਜ਼ਰੂਰੀ ਹੈ, ਜੋ ਗੁਰੂ ਪਰਮੇਸ਼ਰ ਨਾਲ ਸਿੱਖ ਦੀ ਸਾਂਝ ਦੀ ਨਿਸ਼ਾਨੀ ਹੈ।

ਇਉਂ ਗੁਰੂ-ਪੰਥ ਵੱਲੋਂ ਨਿਸਚਿਤ ਕੀਤੀ ਮਰਯਾਦਾ ਅਨੁਸਾਰ ਅੰਮ੍ਰਿਤ ਛਕ ਚੁੱਕੇ ਪ੍ਰੇਮੀਆਂ ਨੂੰ ਪੰਜਾਂ ਕੱਕਿਆਂ (ਕੇਸ, ਕ੍ਰਿਪਾਨ, ਕਛਹਿਰਾ, ਕੰਘਾ ਤੇ ਕੜਾ) ਨੂੰ ਹਰ ਸਮੇਂ ਅੰਗ ਸੰਗ ਰੱਖਣ ਲਈ ਪਿਆਰ ਸਹਿਤ ਦੱਸਿਆ ਜਾਵੇ ਕਿ "ਸਿਖ ਸ਼ਬਦ ਤੇ ਜਾਣੀਏ, ਰਹਤ ਤੇ ਪਛਾਣੀਏ॥" (ਰਹਿਤਨਾਮਾ ਭਾਈ ਦਯਾ ਸਿੰਘ) ਅਨੁਸਾਰ ਇਨ੍ਹਾਂ ਕਕਾਰਾਂ ਦੀ ਰਹਿਤ ਸਿੱਖ ਦੀ ਪਛਾਣ ਲਈ ਕਿੰਨੀ ਮਹੱਤਵਪੂਰਨ ਹੈ, ਜੋ ਸਿੰਘ ਗੁਰਬਾਣੀ ਅਨੁਸਾਰ ਚੱਲਦਾ, ਇਨ੍ਹਾਂ ਕਕਾਰਾਂ ਦੀ ਰਹਿਤ ਸੰਭਾਲਦਾ, ਉਹ ਗੁਰੂ-ਪੰਥ ਦੀਆਂ ਖ਼ੁਸ਼ੀਆਂ ਦਾ ਪਾਤਰ ਬਣਦਾ ਹੈ।

**ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ :**

1) **ਕੇਸਾਂ ਦੀ ਬੇ-ਅਦਬੀ;**
2) **ਕੁੱਠਾ ਖਾਣਾ;**
3) **ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ);**
4) **ਤਮਾਕੂ ਵਰਤਣਾ।**

**ਇਨ੍ਹਾਂ ਵਿੱਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਨਿਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ।**

***ਵਿਆਖਿਆ :***

**ਕੁਰਹਿਤ** : ਬਾਣੀ ਅਤੇ ਕਕਾਰਾਂ ਦੀ ਰਹਿਤ ਰੱਖਣ ਬਾਬਤ ਦੱਸਣ ਉਪਰੰਤ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਕੁਝ ਅਜਿਹੇ ਖ਼ਾਸ ਕਰਮਾਂ ਤੋਂ ਪੂਰਨ ਪਰਹੇਜ਼ ਵੀ ਕਰਨਾ ਅਤਿ ਜ਼ਰੂਰੀ ਹੈ, ਜਿਨ੍ਹਾਂ ਦੇ ਕਰਨ ਵਾਲਾ 'ਪਤਿਤ (ਪਤ- ਵਿਹੂਣਾ/ਸਿੰਘ


Sri Satguru Jagjit Singh Ji eLibrary NamdhariElibrary@gmail.com

ਪਦਵੀ ਤੋਂ ਗਿਰਿਆ) ਹੋਇਆ ਮੰਨਿਆ ਜਾਂਦਾ ਹੈ ਅਰ ਉਸ ਨੂੰ ਪੰਥ ਵਿਚ ਸ਼ਾਮਲ ਹੋਣ ਲਈ ਪੰਜ ਪਿਆਰਿਆਂ ਦੇ ਸਨਮੁਖ ਪੇਸ਼ ਹੋ ਕੇ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ। ਗੁਰੂ ਪੰਥ ਨੇ ਚਾਰ ਅਜਿਹੇ ਕੁ-ਕਰਮਾਂ ਨੂੰ ਕੁਰਹਿਤ ਕਰਾਰ ਦਿੱਤਾ ਹੈ, ਜੋ ਕਿਸੇ ਵੀ ਅਵਸਥਾ ਵਿਚ ਕਰਨ ਵਾਲਾ ਸਿੰਘ ਪੰਥ ਤੋਂ ਪਤਿਤ ਮੰਨਿਆ ਗਿਆ ਹੈ।

(1) **ਕੇਸਾਂ ਦੀ ਬੇਅਦਬੀ** : ਕੇਸ਼ ਅਥਵਾ ਕੇਸ ਸਿਰ ਦੀ ਖੋਪਰੀ ਉਪਰਲੇ ਵਾਲਾਂ ਨੂੰ ਆਮ ਤੌਰ 'ਤੇ ਕਿਹਾ ਜਾਂਦਾ ਹੈ, ਪਰ ਸਿੱਖ ਮੱਤ ਵਿਚ ਸਿਰ ਦੀ ਖੋਪਰੀ ਤੋਂ ਲੈ ਕੇ ਪੈਰਾਂ ਤਕ ਸਰੀਰ ਦੇ ਸਾਰੇ ਅੰਗਾਂ ਉਪਰਲੇ ਰੋਮਾਂ ਨੂੰ ਕੇਸ ਕਿਹਾ ਗਿਆ ਹੈ। "ਹੁਕਮੀ ਹੋਵਨਿ ਆਕਾਰ" ਅਨੁਸਾਰ ਕੇਸਾਂ ਦੀ ਦਾਤ ਕਰਤਾਰ ਨੇ ਹਰ ਮਨੁੱਖ ਨੂੰ ਬਖ਼ਸ਼ੀ ਹੈ।

ਇਹ ਜਗਤ ਪ੍ਰਸਿੱਧ ਸਚਾਈ ਹੈ ਕਿ ਪਹਿਲਾਂ ਪਹਿਲ ਸਭ ਮਨੁੱਖ ਕੇਸਾਧਾਰੀ ਹੀ ਹੋਇਆ ਕਰਦੇ ਸਨ, ਪਰ ਆਗੂਆਂ ਪਾਸੋਂ ਕੁਝ ਇਤਿਹਾਸਕ ਭੁੱਲਾਂ ਹੋਣ ਕਰਕੇ ਉਨ੍ਹਾਂ ਨੇ ਸਮਾਜ ਦੀ ਚਾਲ ਹੀ ਅਜਿਹੀ ਵਿਗਾੜ ਦਿੱਤੀ ਕਿ ਅੱਜ ਕੇਸਾਂ ਦੀ ਬੇਅਦਬੀ ਕਰਨੀ ਜਨ-ਸਾਧਾਰਨ ਦਾ ਫ਼ੈਸ਼ਨ ਬਣ ਗਿਆ ਹੈ। ਜਗਤ-ਗੁਰੂ ਗੁਰੂ ਨਾਨਕ ਸਾਹਿਬ—ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ, ਗੁਰੂ-ਪੰਥ ਦਾ ਹੁਕਮ ਹੈ ਕਿ ਮਨੁੱਖਤਾ ਨੂੰ ਰੱਬੀ ਦਾਤ ਜਾਣ ਕੇ ਕੇਸਾਂ ਨੂੰ ਸੰਭਾਲਣਾ (ਅਦਬ ਕਰਨਾ) ਸਿੰਘ ਦੀ ਮੁੱਖ ਰਹਿਤ ਹੋਵੇਗੀ, ਅਰ ਜੋ 'ਸਿੰਘ' ਹੋ ਕੇ ਕੇਸਾਂ ਦੀ ਬੇਅਦਬੀ ਕਰਦਾ ਭਾਵ ਕੇਸਾਂ ਨੂੰ ਉਸਤਰੇ, ਕੈਂਚੀ ਜਾਂ ਕਿਸੇ ਪ੍ਰਕਾਰ ਦੇ ਵੀ ਹੋਰ ਸਾਧਨਾਂ ਦੀ ਵਰਤੋਂ ਕਰ ਕੇ ਉਤਾਰਦਾ ਹੈ, ਉਹ ਪੰਥ ਵਿੱਚੋਂ ਪਤਿਤ ਭਾਵ ਗਿਰਿਆ ਹੋਇਆ ਜਾਣਿਆ ਜਾਵੇਗਾ। ਕੇਸਾਂ ਦੀ ਪਵਿੱਤਰਤਾ ਨੂੰ ਕਿਸੇ ਮੁਸੀਬਤ ਜਾਂ ਦੁੱਖ ਵਿਚ ਵੀ ਭੰਗ ਨਹੀਂ ਕਰਨਾ, ਇਥੋਂ ਤਕ ਕਿ ਮਾਤਾ-ਪਿਤਾ ਦੇ ਚਲਾਣਾ ਕਰਨ 'ਤੇ ਵੀ ਹਿੰਦੂਆਂ ਵਾਂਗ ਕਦੀ ਵੀ ਸਿੰਘ ਆਪਣੇ ਕੇਸਾਂ ਦੀ ਬੇਅਦਬੀ ਨਾ ਕਰੇ। ਪੜ੍ਹੋ ਕੁਝ ਇਤਿਹਾਸਕ ਬਚਨ :

**ਗੁਰੂ ਕਾ ਸਿੱਖ ਭੱਦਣ ਨਾ ਕਰਾਵੈ।** *(ਰਹਿਤਨਾਮਾ ਭਾਈ ਚਉਪਾ ਸਿੰਘ)*

**ਨਾਈ ਦਾ ਹੱਥ ਸੀਸ ਚਿਹਰੇ ਨਾ ਲੱਗਣਾ ਪਾਵੈ।**
**ਕੇਸਾਧਾਰੀ ਗੁਰੂ ਕਾ ਪੰਥ ਕਹਾਵੈ।** *(ਬੰਸਾਵਲੀਨਾਮਾ)*

**ਕੇਸਨ ਕੀ ਕੀਜਹੁ ਪ੍ਰਤਿਪਾਲ।**
**ਨਾ ਉਸਤ੍ਰਨ ਸੋਂ ਕਟਯੋ ਬਾਲ।** *(ਪ੍ਰਾਚੀਨ ਪੰਥ ਪ੍ਰਕਾਸ਼)*

**ਬਿਖਿਆ, ਕਿਰਿਆ ਭੱਦਨ ਤਯਾਗਹੁ।**
**ਜਟਾ ਜੂਟਾ ਰਹਿਬੋ ਅਨੁਰਾਗਹੁ।** *(ਗੁਰਬਿਲਾਸ ਪਾਤਸ਼ਾਹੀ ੧੦)*

ਇਤਿਹਾਸਕ ਜ਼ਿਕਰ ਹੈ ਕਿ ਗੁਰੂ-ਕਿਆਂ ਨੇ ਨੀਹਾਂ ਵਿਚ ਚਿਣੇ ਜਾਣਾ, ਆਰਿਆਂ ਥੱਲੇ ਬੈਠਣਾ, ਰੰਬੀਆਂ ਨਾਲ ਖੋਪਰੀਆਂ ਲੁਹਾਉਣੀਆਂ, ਚਰਖੜੀਆਂ 'ਤੇ ਚੜ੍ਹ ਜਾਣਾ, ਬੰਦ ਬੰਦ ਕਟਵਾ ਲੈਣੇ, ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪੁਆ ਲੈਣ ਵਾਂਗ ਹੋਰ ਅਨੇਕਾਂ ਤਸੀਹੇ ਸਹਿਣੇ ਤਾਂ ਪ੍ਰਵਾਨ ਕਰ ਲਏ, ਪਰ ਗੁਰੂ ਕੀ ਸਿੱਖੀ ਸਦਾ ਕੇਸੀਂ ਸੁਆਸੀਂ ਨਿਭਾਈ। ਪਟਿਆਲਾ ਪਤੀ ਬਾਬਾ ਆਲਾ ਸਿੰਘ ਜੀ ਨੇ


Sri Satguru Jagjit Singh Ji eLibrary NamdhariElibrary@gmail.com

ਜਰਵਾਣੇ ਅਬਦਾਲੀ ਪਾਸੋਂ ਕੇਸਾਂ ਦੀ ਬੇਅਦਬੀ ਤੋਂ ਬਚਣ ਲਈ ਲੱਖਾਂ ਰੁਪਏ ਇਵਜ਼ਾਨਾ ਦਿੱਤਾ, ਪਰ ਗੁਰੂ ਕੀ ਮੋਹਰ ਨੂੰ ਆਂਚ ਨਹੀਂ ਆਉਣ ਦਿੱਤੀ।

(2) **ਕੁੱਠਾ ਖਾਣਾ** : "ਕੁੱਠਾ ਤੋਂ ਭਾਵ ਉਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਗਿਆ ਹੋਵੇ।" (ਪੈਰ-ਟੂਕ) ਇਸ ਸਪੱਸ਼ਟਤਾ ਤੋਂ ਬਾਅਦ ਸੁਆਲ ਕਰਨ ਦਾ ਕੋਈ ਆਧਾਰ ਤਾਂ ਨਹੀਂ ਰਹਿ ਜਾਂਦਾ, ਪਰ ਕੁਝ ਲੋਕ ਜਾਣੇ ਜਾਂ ਅਣਜਾਣੇ ਕੁੱਠਾ ਖਾਣਾ ਤਿਆਗਣ ਦੀ ਬਜਾਏ ਮਾਸ ਖਾਣਾ ਤਿਆਗਣ ਦਾ ਉਪਦੇਸ਼ ਕਰਦੇ ਹਨ। ਜਗਤ ਗੁਰੂ ਗੁਰੂ ਨਾਨਕ ਸਾਹਿਬ ਜੀ ਸਰੀਰਕ ਸੰਭਾਲ ਲਈ ਮਨੁੱਖ ਦੀ ਪ੍ਰਚਲਿਤ ਖ਼ੁਰਾਕ ਦੇ ਮਾਮਲੇ ਵਿਚ ਨਿਰਲੇਪ ਰਹੇ ਹਨ।

ਕੋਈ ਝਟਕਾ ਮਾਸ ਖਾਵੇ ਜਾਂ ਨਾ, ਹਰ ਇਕ ਦਾ ਨਿੱਜੀ ਮਾਮਲਾ ਹੈ, ਪਰ ਮਾਸ ਖਾਣ ਵਾਲਾ ਸਿੰਘ ਸਦਾ ਚੇਤੰਨ ਰਹੇ ਕਿ ਕੁੱਠਾ (ਮੁਸਲਮਾਨੀ ਢੰਗ ਨਾਲ ਤਿਆਰ ਕੀਤਾ ਮਾਸ) ਕਿਸੇ ਅਵਸਥਾ ਵਿਚ ਨਹੀਂ ਖਾਣਾ।

(3) **ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)** : ਆਪਣੀ ਪਤਨੀ ਤੋਂ ਇਲਾਵਾ ਕਿਸੇ ਹੋਰ ਇਸਤਰੀ ਜਾਂ ਆਪਣੇ ਪਤੀ ਤੋਂ ਇਲਾਵਾ ਕਿਸੇ ਹੋਰ ਪੁਰਸ਼ ਨਾਲ ਸਰੀਰਕ ਸੰਬੰਧ ਕਾਇਮ ਕਰਨ ਨੂੰ ਕੁਰਹਿਤ ਕਿਹਾ ਗਿਆ ਹੈ। ਜੋ ਪੁਰਸ਼ ਜਾਂ ਇਸਤਰੀ ਅਜਿਹਾ ਕੁਕਰਮ ਕਰਦੇ ਹਨ, ਉਹ 'ਸਿੰਘ' ਪਦਵੀ ਤੋਂ ਗਿਰੇ ਹੋਏ ਭਾਵ ਪਤਿਤ ਕਹੇ ਜਾਂਦੇ ਹਨ ਅਰ ਉਨ੍ਹਾਂ ਨੂੰ ਪੰਥ ਵਿਚ ਸ਼ਾਮਲ ਹੋਣ ਲਈ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਉੱਚੇ ਆਚਰਨ ਵਾਲਾ ਸਮਾਜ (ਨਿਰਮਲ ਪੰਥ) ਸਥਾਪਤ ਕਰਨ ਦਾ ਸਫਲ ਯਤਨ ਕੀਤਾ ਹੈ, ਜਿਸ ਸਮਾਜ ਦਾ ਹਰ ਮੈਂਬਰ ਜੀਵਨ ਦੇ ਉਤਰਾਅ-ਚੜ੍ਹਾਅ ਵਿਚ ਵੀ ਆਪਣੇ ਉਚ-ਇਖ਼ਲਾਕ 'ਤੇ ਦ੍ਰਿੜ੍ਹ ਰਹੇ। ਕੀ ਪੁਰਸ਼ ਤੇ ਕੀ ਇਸਤਰੀ, ਦੋਹਾਂ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਇਸਤਰੀ-ਬ੍ਰਤ ਅਤੇ ਪਤੀ-ਬ੍ਰਤ ਧਰਮ 'ਤੇ ਪਹਿਰਾ ਦੇਣ, ਕਿਉਂਕਿ ਅਜਿਹਾ ਕਰਨ ਨਾਲ ਹੀ ਸਮਾਜ ਦਾ ਢਾਂਚਾ ਮਜ਼ਬੂਤ ਅਤੇ ਨਿਰਮਲ ਬਣਿਆ ਰਹਿੰਦਾ ਹੈ ਅਥਵਾ ਕੇਵਲ ਇਸੇ ਤਰ੍ਹਾਂ ਚੱਲਣ ਨਾਲ ਹੀ ਸੰਤਾਨ ਟਿਕਾਊ ਅਤੇ ਚੰਗੇ ਜੀਵਨ ਦੀ ਧਾਰਨੀ ਹੁੰਦੀ ਹੈ, ਜਿਸ ਨਾਲ ਕੌਮ ਤੇ ਦੇਸ਼ ਮਜ਼ਬੂਤ ਹੁੰਦੇ ਹਨ। ਆਪਣੇ ਧਰਮ ਪ੍ਰਤੀ ਬੇ-ਮੁਖ ਹੋਣ ਵਾਲਾ ਮਨੁੱਖ ਜਿਥੇ ਆਪਣੇ ਲਈ ਨਾ-ਮੁਰਾਦ ਬੀਮਾਰੀਆਂ ਸਹੇੜ ਬੈਠਦਾ ਹੈ, ਉਥੇ ਜੀਵਨ ਸਾਥੀ ਦਾ ਜੀਵਨ ਵੀ ਨਰਕ ਬਣਾ ਦੇਂਦਾ ਹੈ ਅਤੇ ਕਮਜ਼ੋਰ ਆਚਰਨ ਵਾਲੀ ਸੰਤਾਨ ਸਮਾਜ ਨੂੰ ਦੇ ਕੇ ਕੌਮ ਅਤੇ ਦੇਸ਼ ਦਾ ਦੋਖੀ ਬਣਦਾ ਹੈ। ਇਸ ਲਈ ਸਤਿਗੁਰ ਸੱਚੇ ਪਾਤਸ਼ਾਹ ਜੀ ਤੇ ਵਿਦਵਾਨ ਗੁਰਸਿੱਖਾਂ ਨੇ ਸਦਾ ਹੀ ਗੁਰੂ-ਕਿਆਂ ਨੂੰ ਇਸ ਪੱਖੋਂ ਇਉਂ ਸਾਵਧਾਨ ਕੀਤਾ ਹੈ :

**ਪਰ ਘਰੁ ਜੋਹੈ ਹਾਣੈ ਹਾਣਿ ॥੨੯॥** *(ਸਿਧ ਗੋਸਟਿ)*

**ਜੈਸਾ ਸੰਗੁ ਬਿਸੀਅਰੁ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥**

*(ਆਸਾ ਮਹਲਾ ੫, ਪੰਨਾ 403)*

**ਪਰਤ੍ਰਿਅ ਰਾਵਣ ਜਾਹਿ ਸੇਈ ਤਾ ਲਾਜੀਅਹਿ ॥** *(ਫੁਨਹੇ ਮ: ੫)*


Sri Satguru Jagjit Singh Ji eLibrary NamdhariElibrary@gmail.com

ਵੇਸਵਾ ਦੁਆਰੇ ਸਿਖ ਜੁ ਜਾਵਹਿ।
ਪਰ ਇਸਤ੍ਰੀ ਸਿਉ ਨੇਹੁ ਲਗਾਵਹਿ।
ਗੋਬਿੰਦ ਸਿੰਘ ਵਹੁ ਸਿਖ ਨ ਭਾਵਹਿ ॥੨੨॥

ਖ਼ਾਲਸਾ ਸੋਇ ਪਰਤ੍ਰਿਆ ਤੇ ਭਾਗੈ।
ਖ਼ਾਲਸਾ ਸੋਇ ਪਰ ਦ੍ਰਿਸਟਿ ਤਿਆਗੈ। *(ਤਨਖ਼ਾਹਨਾਮਾ ਭਾਈ ਨੰਦ ਲਾਲ ਜੀ)*

ਮਰਦ ਹੋਇ ਕੈ ਪਰਨਾਰੀ ਦਾ ਸੰਗ ਨਾ ਕਰੈ।
ਇਸਤ੍ਰੀ ਹੋਇ ਕੇ ਮਰਦ ਕੋ ਨਾ ਦੇਖੇ। *(ਪ੍ਰੇਮ ਸੁਮਾਰਗ)*

(4) **ਤਮਾਕੂ ਦਾ ਵਰਤਣਾ** : ਤਮਾਕੂ ਨੂੰ ਸਿੱਖੀ ਮੰਡਲ ਵਿਚ ਜਗਤ ਜੂਠ ਵੀ ਆਖਿਆ ਗਿਆ ਹੈ, ਇਸ ਲਈ ਇਸ ਦਾ ਖਾਣਾ ਪੀਣਾ 'ਸਿੰਘ' ਲਈ ਸਖ਼ਤ ਮਨ੍ਹਾ ਹੈ। ਜੋ ਸਿੰਘ ਕਿਸੇ ਵੀ ਰੂਪ ਵਿਚ ਤਮਾਕੂ ਦੀ ਵਰਤੋਂ ਕਰਦਾ ਹੈ, ਗੁਰੂ-ਪੰਥ ਨੇ ਉਸ ਨੂੰ ਕੁਰਹਿਤੀਆ ਆਖ ਕੇ 'ਪਤਿਤ' (ਸਿੰਘ ਪਦਵੀ ਤੋਂ ਗਿਰਿਆ ਹੋਇਆ) ਕਰਾਰ ਦਿੱਤਾ ਹੈ ਅਰ ਅਜਿਹੇ ਵਿਅਕਤੀ ਨੂੰ ਪੰਥ ਵਿਚ ਸ਼ਾਮਲ ਹੋਣ ਲਈ ਫਿਰ ਪੰਜਾਂ ਪਿਆਰਿਆਂ ਦੇ ਪੇਸ਼ ਹੋਣਾ ਲਾਜ਼ਮੀ ਠਹਿਰਾਇਆ ਗਿਆ ਹੈ।

ਅੱਜ ਦੀਆਂ ਖੋਜਾਂ ਨੇ ਭਾਵੇਂ ਸਾਰੀ ਦੁਨੀਆਂ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਤਮਾਕੂ ਮਨੁੱਖੀ ਸਿਹਤ ਲਈ ਕਿਵੇਂ ਕਿਵੇਂ ਹਾਨੀਕਾਰਕ ਹੈ। ਇਸ ਦੀ ਵਰਤੋਂ ਕਰਨ ਵਾਲੇ ਦੇ ਫੇਫੜੇ, ਦਿਲ, ਅੱਖਾਂ ਤੇ ਹੋਰ ਅੰਗ ਕਿਵੇਂ ਕੈਂਸਰ ਵਰਗੇ ਗੰਭੀਰ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਕੇਵਲ ਪੀਣ ਵਾਲਾ ਹੀ ਨਹੀਂ, ਸਗੋਂ ਉਸ ਦੇ ਕੋਲ ਬੈਠਣ ਵਾਲੇ ਵੀ ਇਸ ਦੇ ਗੰਦੇ ਧੂੰਏਂ ਕਾਰਨ ਅਨੇਕਾਂ ਕਸ਼ਟਾਂ ਦਾ ਸਾਹਮਣਾ ਕਰਦੇ ਹਨ। ਤਮਾਕੂ ਪੀਣ ਵਾਲੇ ਦੀ ਮਾਨਸਿਕ ਸਿਹਤ ਵੀ ਬਹੁਤ ਕਮਜ਼ੋਰ ਹੋ ਜਾਂਦੀ ਹੈ, ਜਿਸ ਕਰਕੇ ਉਹ ਧਰਮ ਦੀਆਂ ਉੱਚੀਆਂ ਕਦਰਾਂ-ਕੀਮਤਾਂ ਦੀ ਚੇਤਨਤਾ ਵੀ ਗੁਆ ਬੈਠਦਾ ਹੈ।

ਗੁਰੂ ਪਾਤਸ਼ਾਹ ਜੀ ਨੇ ਅੱਜ ਤੋਂ ਸੈਂਕੜੇ ਵਰ੍ਹੇ ਪਹਿਲਾਂ 'ਸਿੱਖ ਪੰਥ' ਨੂੰ ਇਸ ਨਾਮੁਰਦ ਇੱਲਤ ਤੋਂ ਬਚਾਉਣ ਲਈ ਕਰੜੇ ਹੁਕਮ ਦਿੱਤੇ ਸਨ, ਜਿਨ੍ਹਾਂ ਨੂੰ ਗੁਰੂ-ਕਿਆਂ ਨੇ ਤਨ, ਮਨ ਤੇ ਧਨ ਨਾਲ ਨਿਭਾਇਆ। ਅੱਜ ਇਹ ਗੱਲ ਮਾਣ ਨਾਲ ਕਹੀ ਜਾ ਸਕਦੀ ਹੈ ਕਿ ਇਸ ਬੁਰਾਈ ਤੋਂ ਬਚਣ ਲਈ ਅੱਜ ਸਾਰਾ ਸੰਸਾਰ ਬੇਅੰਤ ਧਨ ਖ਼ਰਚ ਕੇ ਅਤੇ ਅਨੇਕਾਂ ਸਾਧਨ ਜੁਟਾ ਕੇ ਜੂਝ ਰਿਹਾ ਹੈ, ਗੁਰੂ ਕੇ ਉਸ ਤੋਂ ਪੂਰੀ ਤਰ੍ਹਾਂ ਮੁਕਤ ਹਨ, ਕਿਉਂਕਿ ਉਨ੍ਹਾਂ ਦਾ ਮਾਰਗ ਦਰਸ਼ਨ ਗੁਰਮਤਿ ਸਿਧਾਂਤ ਅਨੁਸਾਰ ਉਨ੍ਹਾਂ ਦੇ ਬਜ਼ੁਰਗਾਂ ਦੇ ਅਜਿਹੇ ਬਚਨ ਕਰ ਰਹੇ ਹਨ :

ਤਮਾਕੂ ਨਾ ਵਰਤਣਾ। *(ਕਾਬਲ ਦੀ ਸੰਗਤ ਦੇ ਨਾਂ ਦਸਮੇਸ਼ ਜੀ ਦਾ ਹੁਕਮਨਾਮਾ)*

ਧੂਮ੍ਰਪਾਨ ਛੁਇ ਹਾਥ ਮੇਂ, ਨਾਸਿਕਾ ਕਣੀ (ਨਸਵਾਰ) ਲੇਤ।
ਮਰੈ ਨਰਕ ਭੋਗੈ ਬਿਕਟ, ਧਰਮ ਸ਼ਾਸਨਾ ਦੇਤ।
*(ਰਹਿਤਨਾਮਾ ਭਾਈ ਦਯਾ ਸਿੰਘ ਜੀ)*

ਗੁਰੂ ਕਾ ਸਿੱਖ ਵੱਸ ਲਗਦੇ ਬਿਖਿਆ ਦਾ ਵਣਜ ਭੀ ਨਾ ਕਰੇ।
ਗੁਰੂ ਕਾ ਸਿੱਖ ਬਿਖਿਆ ਨਾ ਪੀਵੇ। *(ਪ੍ਰੇਮ ਸੁਮਾਰਗ)*

ਕੁੱਠਾ, ਹੁਕਾ, ਚਰਸ, ਤਮਾਕੂ।
ਗਾਂਜਾ, ਟੋਪੀ (ਚਿਲਮ), ਤਾੜੀ, ਖਾਕੂ।
ਇਨਕੀ ਓਰ ਨ ਕਬਹੂੰ ਦੇਖੇ।
ਰਹਿਤਵੰਤ ਸੋ ਸਿੰਘ ਵਿਸੇਖੈ। *(ਰਹਿਤਨਾਮਾ ਭਾਈ ਦਯਾ ਸਿੰਘ ਜੀ)*

**ਇਨ੍ਹਾਂ ਵਿੱਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਵੇਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ।**

*ਵਿਆਖਿਆ :*

**ਅਨਭੋਲ ਨੂੰ ਕੋਈ ਦੰਡ ਨਹੀਂ** : ਆਮ ਬੋਲ-ਚਾਲ ਵਿਚ ਇਨ੍ਹਾਂ ਨੂੰ ਬੱਜਰ ਕੁਰਹਿਤਾਂ ਵੀ ਕਿਹਾ ਜਾਂਦਾ ਹੈ, ਜਿਸ ਤੋਂ ਭਾਵ ਹੈ, ਇਨ੍ਹਾਂ ਵਿੱਚੋਂ ਕੋਈ ਵੀ ਇਕ ਜਾਂ ਵਧੇਰੇ ਹੋਣ ਨਾਲ ਰਹਿਤ ਭੰਗ ਹੋਈ ਮੰਨੀ ਜਾਂਦੀ ਹੈ ਅਤੇ ਅਜਿਹੇ ਵਿਅਕਤੀ ਨੂੰ ਮੁੜ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਅੰਮ੍ਰਿਤ ਛਕਣਾ ਪੈਂਦਾ ਹੈ। ਇਥੇ ਨਾਲ ਇਹ ਵੀ ਹੁਕਮ ਕੀਤਾ ਹੈ ਕਿ ਜੇਕਰ ਵਿਅਕਤੀ ਦੀ ਮਰਜ਼ੀ ਦੇ ਖ਼ਿਲਾਫ਼ ਅਣਜਾਣੇ ਜਾਂ ਅਣਚਾਹਿਆਂ ਹੀ ਅਜਿਹੀ ਕੁਰਹਿਤ ਹੋ ਜਾਂਦੀ ਹੈ ਤਾਂ ਕੋਈ ਦੰਡ ਨਹੀਂ; ਜਿਸ ਤਰ੍ਹਾਂ ਭੁਲੇਖੇ ਨਾਲ ਕੁੱਠਾ ਜਾਂ ਤਮਾਕੂ ਖਾਧਾ ਜਾਵੇ ਜਾਂ ਕਿਸੇ ਸਬੱਬ ਅਚਾਨਕ ਕੁਝ ਰੋਮਾਂ ਦੀ ਬੇਅਦਬੀ ਹੋ ਜਾਵੇ, ਆਦਿ। ਸਾਡੀ ਜਾਚੇ, ਇਥੇ ਅਜਿਹੀਆਂ ਘਟਨਾਵਾਂ ਵੱਲ ਵੀ ਧਿਆਨ ਦਿਵਾਇਆ ਗਿਆ ਹੈ, ਜਦੋਂ ਜਾਬਰਾਂ ਨੇ ਧੱਕੇ ਨਾਲ ਕਿਸੇ ਸਿੰਘ ਦੇ ਕੇਸਾਂ ਦੀ ਬੇਅਦਬੀ ਕੀਤੀ ਜਾਂ ਧੱਕੇ ਨਾਲ ਕਿਸੇ ਬੀਬੀ ਨਾਲ ਸਰੀਰਕ ਸੰਬੰਧ ਕੀਤਾ ਤਾਂ ਇਸੇ ਤਰ੍ਹਾਂ ਹੀ ਕੁਝ ਹੋਰ ਤਾਂ ਮਰਜ਼ੀ ਦੇ ਖ਼ਿਲਾਫ਼ ਧਿੰਙੋਜ਼ੋਰੀ ਹੋਈ ਵਧੀਕੀ ਦੇ ਸ਼ਿਕਾਰ 'ਸਿੰਘ' ਨੂੰ ਦੰਡਿਤ ਨਹੀਂ ਕੀਤਾ ਗਿਆ।

**ਸਿਰ ਗੁੰਮ (ਕੇਸਾਧਾਰੀ ਹੋ ਕੇ ਜੋ ਕੇਸ ਕਟਾ ਦੇਵੇ—ਪੈਰ-ਟੂਕ), ਨੜੀਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਲਈ ਤੱਤਪਰ ਰਹਿਣਾ। ਆਪਣੀ ਕਮਾਈ ਵਿੱਚੋਂ ਗੁਰੂ ਦਾ ਦਸਵੰਧ ਦੇਣਾ, ਆਦਿ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ।**

*ਵਿਆਖਿਆ :*

**ਸਿਰਗੁੰਮ ਨੜੀਮਾਰ ਦਾ ਸੰਗ ਨਹੀਂ** : ਇਹ ਬਚਨ ਉਨ੍ਹਾਂ ਪੁਰਖਾਂ ਜਾਂ ਇਸਤਰੀਆਂ ਲਈ ਹਨ, ਜੋ ਕਿਸੇ ਖ਼ਾਸ ਕਾਰਨ ਇਕੱਲੇ ਹੀ ਅੰਮ੍ਰਿਤਪਾਨ ਕਰਦੇ ਹਨ, ਅਰ ਵਿਆਹੇ ਹੋਣ ਦੇ ਬਾਵਜੂਦ ਉਨ੍ਹਾਂ ਦੇ ਜੀਵਨ ਸਾਥੀ ਨਾਲ ਅੰਮ੍ਰਿਤਪਾਨ ਨਹੀਂ ਕਰ ਸਕਦੇ। ਇਥੇ ਅਜਿਹਿਆਂ ਲਈ ਸਪੱਸ਼ਟ ਕੀਤਾ ਗਿਆ ਹੈ ਕਿ ਭਾਵੇਂ ਕਿਸੇ ਖ਼ਾਸ ਕਾਰਨ ਉਨ੍ਹਾਂ ਦਾ ਜੀਵਨ ਸਾਥੀ ਅੰਮ੍ਰਿਤ ਨਾਲ ਨਹੀਂ ਛਕ ਰਿਹਾ, ਫਿਰ ਵੀ ਉਹਨਾਂ ਦਾ ਜੀਵਨ ਸਾਥੀ ਸਿਰਗੁੰਮ ਜਾਂ ਨੜੀਮਾਰ (ਹੁੱਕਾ ਪੀਣ ਵਾਲਾ) ਨਾ ਹੋਵੇ।

ਅੰਮ੍ਰਿਤਧਾਰੀ ਲਈ ਜ਼ਰੂਰੀ ਹੈ ਕਿ ਉਹ ਪੰਥ ਸੇਵਾ ਅਤੇ ਧਰਮ-ਅਸਥਾਨਾਂ ਭਾਵ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਸਦਾ ਤੱਤਪਰ (ਸਾਵਧਾਨ) ਰਹੇ ਅਤੇ ਆਪਣੀ


Sri Satguru Jagjit Singh Ji eLibrary NamdhariElibrary@gmail.com

ਧਰਮ ਦੀ ਕਿਰਤ ਵਿੱਚੋਂ ਦਸਵਾਂ ਹਿੱਸਾ ਗੁਰੂ ਕੇ ਲੇਖੇ ਭਾਵ ਗੁਰੂ ਪੰਥ ਦੀ ਚੜ੍ਹਦੀ ਕਲਾ ਨੂੰ ਮੁਖ ਰੱਖਦਿਆਂ ਧਰਮ ਪ੍ਰਚਾਰ, ਧਰਮ-ਅਸਥਾਨਾਂ ਤੇ ਵਿੱਦਿਅਕ ਆਸ਼ਰਮਾਂ ਦੀ ਉਸਾਰੀ ਅਤੇ ਲੋੜਵੰਦਾਂ ਤੇ ਬੀਮਾਰਾਂ ਦੀ ਸੰਭਾਲ 'ਤੇ ਲਾਵੇ। ਇਸ ਤੋਂ ਇਲਾਵਾ ਇਹ ਵੀ ਜ਼ਰੂਰੀ ਹੈ ਕਿ ਜੀਵਨ ਦੇ ਸਾਰੇ ਕੰਮ ਗੁਰਮਤਿ ਅਨੁਸਾਰ ਨਿਭਾਏ ਜਾਣ।

> "ਉਚਾ ਬੋਲਣਾ ਨਾਹੀਂ, ਨਿੰਦਿਆ, ਲੰਪਟਾਈ, ਬਿਸਵਾਸਘਾਤ, ਲਾਇਤਬਾਰੀ, ਚੋਰੀ, ਜਾਰੀ, ਤਾਤ ਪਰਾਈ, ਬਖੀਲੀ, ਹਿਰਸ, ਅਹੰਕਾਰ, ਕਾਮ ਕ੍ਰੋਧ ਲੋਭ ਮੋਹ, ਇਨ੍ਹਾਂ ਤੇ ਡਰਦਾ ਰਹੈ, ਅਰ ਹੱਸੇ ਕਿਸੇ ਨੂੰ ਨਹੀਂ, ਏਹ ਹੱਸਣਾ ਅੰਤ ਔਖਾ ਕਰਸੀ।" *(ਪ੍ਰੇਮ ਸੁਮਾਰਗ)*

**ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖ਼ਾਹ ਬਖ਼ਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।**

*(ਸਿੱਖ ਰਹਿਤ ਮਰਯਾਦਾ, ਪੰਨਾ 31)*

***ਵਿਆਖਿਆ :***

**ਜਥੇਬੰਦਕ ਨਿਯਮਾਂ ਦੀ ਪਾਲਣਾ ਕਰਨੀ** : ਜਿਵੇਂ ਕਿ ਅਸੀਂ ਪਹਿਲਾਂ ਹੀ ਵੀਚਾਰ ਚੁੱਕੇ ਹਾਂ ਕਿ ਅੰਮ੍ਰਿਤ ਛਕਣ ਤੋਂ ਭਾਵ ਹੈ ਖ਼ਾਲਸਾ ਜਥੇਬੰਦੀ ਵਿਚ ਸ਼ਾਮਲ ਹੋਣਾ ਜਾਂ ਆਪਣੀ ਪਹਿਲੀ ਚਾਲ ਤਿਆਗ ਕੇ ਖ਼ਾਲਸਾ ਜਥੇਬੰਦੀ (ਪੰਥ) ਦੀ ਚਾਲ ਚੱਲਣਾ। ਜਥੇਬੰਦੀ ਵਿਚ ਸ਼ਾਮਲ ਹੋਣ ਵਾਲੇ ਲਈ ਜ਼ਰੂਰੀ ਹੈ ਕਿ ਜਥੇਬੰਦੀ ਦੇ ਨਿਯਮਾਂ ਭਾਵ ਮਰਯਾਦਾ ਦਾ ਪਾਬੰਦ ਰਹੇ, ਜਿਵੇਂ ਕਿ ਹਰ ਇਕ ਨੂੰ ਇਸ ਪ੍ਰਤੀ ਪਹਿਲਾਂ ਚੇਤੇ ਕਰਾਇਆ ਜਾਂਦਾ ਹੈ। ਜੇ ਕਿਤੇ ਜੀਵਨ ਵਿਚ ਚੱਲਦਿਆਂ ਕਿਤੇ ਰਹਿਤ ਵਿਚ ਉਕਾਈ ਹੋ ਜਾਵੇ ਤਾਂ ਨਿਮਰਤਾ ਸਹਿਤ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਆਪਣੀ ਭੁੱਲ ਬਖ਼ਸ਼ਾ ਲਈ ਜਾਵੇ ਅਤੇ ਅੱਗੇ ਲਈ ਸਾਵਧਾਨ ਰਿਹਾ ਜਾਵੇ। ਪਰ, ਕਦੀ ਵੀ ਭੁੱਲ ਕੇ ਖ਼ਾਲਸਾ ਜਥੇਬੰਦੀ (ਪੰਥ) ਦੇ ਬਣਾਏ ਨਿਯਮਾਂ ਦੇ ਵਿਰੁੱਧ ਨਾ ਆਪ ਚੱਲੇ ਅਤੇ ਨਾ ਹੀ ਧੜੇ ਬੰਨ੍ਹੇ। ਚੇਤੇ ਰਹੇ, ਗੁਰੂ ਪਾਤਸ਼ਾਹ ਜੀ ਨੇ ਸਮੁੱਚੇ ਖ਼ਾਲਸਾ ਜੀ (ਪੰਥ) ਨੂੰ ਆਪਣਾ ਸਰੂਪ ਆਖਦਿਆਂ ਰਹੁ-ਰੀਤ ਬਖ਼ਸ਼ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਰ ਕੇ, ਸਮੂਹ ਅਧਿਕਾਰ ਸੌਂਪਿਆ ਹੈ, ਤਾਂ ਤੇ, ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣ ਵਿਚ ਹੀ ਗੁਰੂ ਕੀਆਂ ਖ਼ੁਸ਼ੀਆਂ ਹਨ।

**(ਠ) ਤਨਖ਼ਾਹੀਏ ਇਹ ਹਨ : 1. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀਮਾਰ, ਕੁੜੀਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ।**

(ਪੈਰ-ਟੂਕ) **1. ਇਨ੍ਹਾਂ ਵਿੱਚੋਂ ਜਿਹੜੇ ਅੰਮ੍ਰਿਤ ਛਕ ਕੇ ਪੰਥ ਵਿਚ ਮਿਲ ਜਾਣ, ਉਨ੍ਹਾਂ ਨਾਲ ਵਰਤਣਾ ਠੀਕ ਹੈ। 2. ਵਰਤਣ ਤੋਂ ਭਾਵ ਰੋਟੀ-ਬੇਟੀ ਦੀ ਸਾਂਝ**


Sri Satguru Jagjit Singh Ji eLibrary NamdhariElibrary@gmail.com

ਹੈ, ਜਿਸ ਦਾ ਸਪੱਸ਼ਟ ਅਰਥ ਰਿਸ਼ਤਾ-ਨਾਤਾ ਕਰ ਕੇ ਬਰਾਦਰੀ ਦਾ ਸੰਬੰਧ ਪੈਦਾ ਕਰਨਾ ਹੈ। ਗੁਰੂ ਸਾਹਿਬ ਦਾ ਭਾਵ ਪੰਥ ਨੂੰ ਇਕ ਕਰ ਕੇ ਰੱਖਣ ਦਾ ਸੀ ਤਾਂ ਕਿ ਵੱਖਰੇ ਵੱਖਰੇ ਗੁਰਿਆਈ ਦੇ ਸੈਂਟਰ ਜਾਂ ਮਿਲਗੋਭਾ ਸਿੱਖੀ ਦੇ ਅੱਡੇ ਨਾ ਬਣਨ।

*ਵਿਆਖਿਆ :*

**ਤਨਖ਼ਾਹੀਏ** : ਅੰਮ੍ਰਿਤ ਸੰਸਕਾਰ ਅਧਿਆਇ ਦੇ ਨਿਯਮ (ਠ) ਵਿਚ ਕੁਝ ਅਜਿਹੇ ਕਰਮਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਦੇ ਕਰਨ ਵਾਲਾ 'ਸਿੱਖ' ਤਨਖ਼ਾਹੀਆ ਅਥਵਾ ਧਾਰਮਿਕ ਦੰਡ ਯੋਗ ਹੋ ਜਾਂਦਾ ਹੈ। ਪੁਰਾਤਨ ਇਤਿਹਾਸਕ ਗ੍ਰੰਥਾਂ ਵਿਚ ਖ਼ਾਸ ਤੌਰ 'ਤੇ ਰਹਿਤਨਾਮਿਆਂ ਵਿਚ ਗੁਰੂ-ਪਿਆਰਿਆਂ ਨੇ ਅਜਿਹੇ ਅਨੇਕਾਂ ਹੀ ਕਰਮ ਲਿਖੇ ਹਨ, ਜਿਨ੍ਹਾਂ ਨੂੰ ਕਰਨ ਵਾਲਾ ਤਨਖ਼ਾਹੀਆ ਅਥਵਾ ਪੱਕਾ ਤਨਖ਼ਾਹੀਆ ਗਰਦਾਨਿਆ ਗਿਆ ਹੈ (ਦੇਖੋ ਰਹਿਤਨਾਮਾ ਭਾਈ ਚਉਪਾ ਸਿੰਘ)। ਨਿਰਸੰਦੇਹ, ਸਭਨਾਂ ਦਾ ਯਤਨ ਤਾਂ ਇਹੀ ਸੀ ਕਿ ਸਿੰਘ ਨੂੰ ਤਾੜਨਾ ਵਿਖਾ ਕੇ ਹਰ ਹਾਲਤ ਵਿਚ ਗੁਰਮਤਿ ਸੇਧ ਵਿਚ ਤੋਰਿਆ ਜਾਵੇ। ਅਜਿਹੀ ਸੇਧ, ਜੋ ਉਸ ਲਈ ਉਸ ਦੇ ਪਰਿਵਾਰ ਅਤੇ ਨਿਆਰੇ ਪੰਥ ਲਈ ਸਹਾਇਕ ਸਿੱਧ ਹੋਵੇ; ਅਜਿਹੀ ਸੇਧ ਜੋ ਉਸ ਨੂੰ ਪੰਥਕ ਜਥੇਬੰਦੀ ਦੇ ਸੂਤਰ ਵਿਚ ਪਰੋਈ ਰੱਖੇ ਤਾਂ ਜੋ ਹੰਨੇ-ਹੰਨੇ ਦੀ ਪੀਰੀ ਨਾ ਬਣ ਜਾਵੇ ਅਤੇ ਕਦੇ ਵੀ ਪੰਥਕ-ਖਿੰਡਾਅ ਵਾਲੀ ਸਥਿਤੀ ਪੈਦਾ ਨਾ ਹੋਵੇ, ਕਿਉਂਕਿ ਇਹੀ ਯਤਨ ਧੰਨ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਬਾਕੀ ਗੁਰੂ ਸਾਹਿਬਾਨ ਦਾ ਰਿਹਾ ਹੈ, ਜਿਨ੍ਹਾਂ ਨੇ 239 ਸਾਲ ਦੇ ਲੰਮੇ ਸਮੇਂ ਦੌਰਾਨ ਇਹ ਜਥੇਬੰਦਕ ਧਰਮ ਸਥਾਪਤ ਕਰਨ ਲਈ ਬੜੀ ਕਰੜੀ ਘਾਲਣਾ ਘਾਲੀ। ਸ਼ਾਨੂੰ ਇਹੀ ਕਾਰਨ ਵਿਸ਼ੇਸ਼ ਜਾਪਦਾ ਹੈ, ਜਦੋਂ ਅਸੀਂ 'ਸਿੱਖ ਰਹਿਤ ਮਰਯਾਦਾ' ਦੇ ਪੰਨੇ 28 'ਤੇ ਪੜ੍ਹਦੇ ਹਾਂ ਕਿ ਅੰਮ੍ਰਿਤ ਛਕਣ ਵਾਲੇ ਨੇ ਹੋਸ਼ ਸੰਭਾਲੀ ਹੋਵੇ, ਕਿਉਂ ? ਇਸ ਭੇਤ ਨੂੰ ਜਾਨਣ ਲਈ ਪੜ੍ਹੀਏ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਦੀਆਂ ਇਹ ਸਤਰਾਂ ਜੋ ਉਹ ਬਾਹਰਲੇ ਮੱਤਾਂ ਵਿੱਚੋਂ ਆਏ ਸਿੱਖ ਨੂੰ ਖ਼ਾਲਸਾ ਰਹਿਤ ਦੀਆਂ ਬਾਰੀਕੀਆਂ ਜਾਨਣ ਲਈ ਲਿਖਦੇ ਹਨ :

**ਜਹਿ ਦੀਵਾਨ ਸਿੰਘਨ ਕੋ ਭਾਰੀ।**
**ਰਹਤਵੰਤ ਜਹ ਸਿੰਘ ਹਜ਼ਾਰੀ।**
**ਸਿੰਘਨ ਕੋ ਦਲ ਜਹਾਂ ਫਿਰਾਹੀ।**
**ਰਹਤਵੰਤ ਜਹ ਸਿੰਘ ਰਹਾਂਹੀ ॥੭੭॥**
**ਪਾਂਚ ਬਰਖ ਲੌ ਤਹਾਂ ਰਹੀਜੈ।**
**ਸਿੰਘਨ ਸੇਵ ਭਲੀ ਬਿਧਿ ਕੀਜੈ।**
**ਮਨ ਦ੍ਰਿੜ ਰਾਖਹਿ ਭਗਤਿ ਕਮਾਵੈ।**
**ਪੂਰਨ ਰਹਿਤ ਤਹਾਂ ਤੇ ਪਾਵੈ ॥੭੮॥**

ਭਾਈ ਸਾਹਿਬ ਜੀ ਦੀ ਰਾਇ ਹੈ ਕਿ ਅਜਿਹਾ ਕਰ ਕੇ ਹੀ ਜ਼ਿੰਦਗੀ ਵਿਚ ਪੈਰ ਪੈਰ 'ਤੇ ਲੱਗਣ ਵਾਲੇ ਮਨਮਤੀ ਅਤੇ ਗੁਰੂ ਦੋਖੀਆਂ ਦੇ ਟਪਲਿਆਂ ਤੋਂ ਬਚਿਆ ਜਾ ਸਕਦਾ ਹੈ। ਸੋ, ਗੁਰੂ-ਪੰਥ ਨੇ ਇਨ੍ਹਾਂ ਸਾਰੇ ਪੱਖਾਂ ਉਪਰ ਦੀਰਘ ਵੀਚਾਰ ਕਰ ਕੇ ਕੁਝ ਕੁ ਖ਼ਾਸ


Sri Satguru Jagjit Singh Ji eLibrary NamdhariElibrary@gmail.com

ਕਰਮਾਂ ਦਾ ਜ਼ਿਕਰ ਕੀਤਾ ਹੈ, ਜੋ 'ਸਿੰਘ' ਲਈ ਉਦਾਹਰਣ ਰੂਪ ਹਨ। ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਗੁਰੂ-ਪੰਥ ਦਾ ਸ਼ਰੀਕ ਬਣਨ ਵਾਲੇ ਭਾਵੇਂ ਗੁਰੂ ਕਾ ਹੀ ਕਿਉਂ ਨਾ ਹੋਵੇ, ਉਸ ਦੀ ਸੰਗਤ ਨਹੀਂ ਬੈਠਣਾ, ਮਿਲਵਰਤਣ ਨਹੀਂ ਕਰਨਾ, ਆਦਿ, ਆਦਿ। ਆਉ ਪੜ੍ਹੀਏ ਪਿਛੋਕੜ ਦੇ ਇਹ ਬਚਨ :

"ਮੀਣੇ, ਮਸੰਦੀਏ, ਰਾਮਰਾਈਏ ਦੀ ਸੰਗਤ ਨਾ ਬੈਸੋ। ਭਾਦਨੀ ਤਥਾ ਕੰਨਿਆ ਮਾਰਨ ਵਾਲੇ ਸੇ ਨਾ ਮੇਲ ਰਖੋ।"

*(ਕਾਬਲ ਦੀ ਸੰਗਤ ਵੱਲ ਸ੍ਰੀ ਦਸਮੇਸ਼ ਪਿਤਾ ਦਾ ਹੁਕਮਨਾਮਾ)*

"ਜੋ ਗੁਰੂ ਕਾ ਸਿੱਖ ਹੋਵੇ ਪੰਜਾਂ ਨਾਲ ਨਾਤਾ ਨਾ ਕਰੈ। ਵਰਤਣ ਵੀ ਨਾ ਕਰੇ– ਪਹਿਲੇ, ਮੀਣੇ ਦੂਜੇ ਰਾਮਰਾਈਏ, ਤੀਜੇ ਕੁੜੀਮਾਰ, ਚੌਥੇ ਭੱਦਣੀ, ਪੰਜਵੇਂ ਮਸੰਦ। ਭਾਵੇਂ ਗੁਰੂ ਕੇ ਸਰਬੰਧੀ ਹੈ ? ਤਾਂ ਵੀ ਨਿੰਦਾ ਕਰ ਕੇ ਦੁਸ਼ਟ ਹੋਇ ਹੈਨਿ, ਜੈਸੇ ਦਰਖ਼ਤ ਵਿਚਹੁ ਫਲ, ਪਤ੍ਰ ਟਾਸ ਨਿਕਲਦੇ ਹੈਨਿ ਅਤੇ ਕੰਡੇ ਵੀ ਵਿਚਹੁ ਨਿਕਲਦੇ ਹੈਨਿ। ਸੋ ਇਹ ਕੰਡੇ ਹੈਨਿ।"

*(ਰਹਿਤਨਾਮਾ ਭਾਈ ਚਉਪਾ ਸਿੰਘ)*

"ਰਹਿਤ ਏਹੀ ਹੈ ਜੋ–1. ਮਸੰਦੀਏ, 2. ਧੀਰਮੱਲੀਏ, 3. ਮੀਣੇ, 4. ਰਾਮਰਾਈਏ, ਅਤੇ 5. ਸਿਰਮੁੰਡਤ ਇਨ੍ਹਾਂ ਨਾਲ ਵਰਤਣਾ ਨਾਹੀ।'

*(ਰਹਿਤਨਾਮਾ ਭਾਈ ਦਯਾ ਸਿੰਘ)*

**ਪਾਂਚਨ ਸੋਂ ਕਬਿ ਮੇਲ ਨ ਕਰੀਐ।**
**ਨਾਮ ਦਾਨ ਨਿਸਦਿਨ ਉਰ ਧਰੀਐ।**
**ਮੀਣਾ ਔਰ ਮਸੰਦੀ ਜਾਨ।**
**ਧੀਰਮੱਲੀ, ਰਾਮਰਈ ਜੁ ਆਨ।**
**ਪੰਚਮ (ਸਿਰਮੁੰਡਤ) ਕੌ ਤੁਮ ਜਾਨਤ ਭ੍ਰਾਤ।**
**ਛਪੀ ਨਹੀਂ ਕੁਝ ਯਾ ਮੈਂ ਬਾਤ।** *(ਗੁਰਬਿਲਾਸ ਪਾਤਸ਼ਾਹੀ ੧੦)*

**ਮੀਣਾ** : ਮੀਣਾ ਸ਼ਬਦ ਦਾ ਅਰਥ ਹੈ : ਮਿੰਨ੍ਹਾ ਜਾਂ ਮੀਸਣਾ। ਅਸਲ ਵਿਚ ਮੀਣਾ ਕਹਿਣਾ ਉਨ੍ਹਾਂ ਵਿਅਕਤੀਆਂ ਤੋਂ ਭਾਵ ਹੈ, ਜੋ ਪ੍ਰਿਥੀਚੰਦ ਦੇ ਵੰਸ਼ਜ ਅਥਵਾ ਸੰਗੀ ਹਨ। ਪ੍ਰਿਥੀਚੰਦ ਜੀ, ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਸਪੁੱਤਰ ਹੋਣ ਦੇ ਬਾਵਜੂਦ ਵੀ ਆਪਣੀਆਂ ਸਿਆਣਪਾਂ, ਮੇਲ-ਮਿਲਾਪ ਅਤੇ ਧਨ-ਪਦਾਰਥ ਨੂੰ ਗੁਰਮਤਿ ਸਿਧਾਂਤ ਅਥਵਾ ਗੁਰੂ-ਪੰਥ ਨੂੰ ਢਾਹ ਲਾਉਣ ਲਈ ਵਰਤਦੇ ਰਹੇ ਅਤੇ ਅਜਿਹਾ ਕਰਨ ਲਈ ਹੀ ਆਪਣੇ ਪੁੱਤਰ ਮਿਹਰਵਾਨ ਅਤੇ ਆਪਣੇ ਸੰਗੀਆਂ ਨੂੰ ਅੰਤਮ ਸਮੇਂ 'ਹੁਕਮ' ਕਰ ਗਏ। ਭਾਵੇਂ ਗੁਰੂ ਰਾਮਦਾਸ ਜੀ, ਗੁਰੂ ਅਰਜਨ ਸਾਹਿਬ ਜੀ ਨੇ ਪਿਆਰ ਸਹਿਤ ਨਾਲ ਤੋਰਨ ਦੇ ਕਾਫ਼ੀ ਯਤਨ ਕੀਤੇ, ਇਸੇ ਤਰ੍ਹਾਂ ਬਾਅਦ ਵਿਚ ਛੇਵੇਂ ਸਤਿਗੁਰਾਂ ਤੀਕਰ ਪਰ, ਇਨ੍ਹਾਂ ਦੀ ਗੁਰੂ-ਦੋਖੀ ਚਾਲ ਵਿਚ ਕੋਈ ਫ਼ਰਕ ਨਾ ਪਿਆ। ਸੋ, ਅਖ਼ੀਰ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਸੰਗਤਾਂ ਸਨਮੁਖ ਗੁਰੂ ਕੇ ਬਚਨਾਂ "ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥" (ਗੁ: ਗ੍ਰੰ: ਸਾ:,


Sri Satguru Jagjit Singh Ji eLibrary NamdhariElibrary@gmail.com

ਨਾ 316) ਅਤੇ "ਮੁਹ ਕਾਲੇ ਤਿਨ ਨਿੰਦਕਾ, ਤਿਤੁ ਸਚੈ ਦਰਬਾਰਿ॥" (ਗੁ: ਗ੍ਰੰ:
ਾ:, ਪੰਨਾ 649) ਅਨੁਸਾਰ ਇਨ੍ਹਾਂ ਨੂੰ 'ਮੀਣਾ' ਕਹਿ ਕੇ ਇਸ ਪ੍ਰਕਾਰ ਇਨ੍ਹਾਂ ਦਾ
ਾਜ ਉਘੇੜਿਆ:

**ਮੀਣਾ ਹੋਆ ਪਿਰਥੀਆ, ਕਰਿ ਕਰਿ ਟੇਢਕ** (ਤੂਫ਼ਾਨ)
**ਬਰਲ** (ਬਕਵਾਦ) **ਚਲਾਇਆ ॥੩੩॥੨੬॥**
**ਸਤਿਗੁਰ ਸਚਾ ਪਾਤਿਸਾਹੁ ਮੁਹੁ ਕਾਲੇ ਮੀਣਾ ॥੧॥੩੬॥**
**ਕਿਆ ਨੀਸਾਣੀ ਮੀਣਿਆਂ ਖੋਟਸਾਲੀ ਸਿੱਕੇ ॥**
**ਸਿਰਿ ਸਿਰਿ ਪਾਹਣੀ** (ਜੁੱਤੀਆਂ) **ਮਾਰੀਅਨਿ,**
**ਓਇ ਪੀਰ** (ਗੁਰੂ ਦੇ) **ਫਿਟਿਕੈ ॥੮॥੩੬॥**
**ਤਿਉ ਦਰਗਹਿ ਮੀਣਾ ਮਾਰੀਐ, ਕਰਿ ਕੂੜੁ ਕੁਪਤਾ ॥੨॥੩੬॥**
**ਖੋਟੀ ਸੰਗਤਿ ਮੀਣਿਆ, ਦੁਖ ਦੇਂਦੀ ਮਿਤੇ ॥੫॥੩੬॥**

*(ਵਾਰਾਂ ਭਾਈ ਗੁਰਦਾਸ ਜੀ)*

ਸੋ, ਖ਼ਾਲਸਾ ਸਾਜਨਾ ਸਮੇਂ ਦਸਮੇਸ਼ ਜੀ ਨੇ ਇਨ੍ਹਾਂ ਗੁਰ-ਦੋਖੀਆਂ ਨੂੰ ਪਰ੍ਹੇ ਰੱਖਣ ਾ ਹੁਕਮ ਕੀਤਾ ਅਤੇ ਇਸੇ ਤਰ੍ਹਾਂ ਰਹਿਤ ਮਰਯਾਦਾ ਵਿਚ ਗੁਰੂ ਪੰਥ ਨੇ ਵੀ।

**ਮਸੰਦ**: ਗੁਰੂ ਕੀ ਮਸਨਦ ਭਾਵ ਗੱਦੀ ਨਾਲ ਸੰਬੰਧਿਤ ਗੁਰਸਿੱਖ ਪ੍ਰਚਾਰਕਾਂ ਨੂੰ 'ਮਸੰਦ' ਵੀ ਆਖਿਆ ਜਾਂਦਾ ਸੀ, ਇਤਿਹਾਸ ਅਨੁਸਾਰ ਚੌਥੇ ਪਾਤਸ਼ਾਹ ਜੀ ਦੇ ਸਮੇਂ ਇਹ ਸ਼ਬਦ ਵਰਤੋਂ ਵਿਚ ਆਇਆ। ਪਹਿਲਾਂ ਪਹਿਲ ਤਾਂ ਇਨ੍ਹਾਂ ਮਹਾਂਪੁਰਖਾਂ ਨੇ ਗੁਰੂ ਸਾਹਿਬਾਨ ਦੀ ਆਗਿਆ ਅਨੁਸਾਰ ਪ੍ਰਚਾਰ ਦੀ ਸੇਵਾ ਬੜੇ ਉੱਤਮ ਢੰਗ ਨਾਲ ਨਿਭਾਈ, ਪਰ ਜਦੋਂ ਸ੍ਰੀ ਦਸਮੇਸ਼ ਜੀ ਨੇ ਇਨ੍ਹਾਂ ਨੂੰ ਗੁਰੂ-ਸਿੱਖ ਪਿਆਰ ਦੀ ਕੁਵਰਤੋਂ ਕਰਦੇ ਗੁਰੂ-ਦੋਖੀਆਂ ਦੇ ਰੂਪ ਵਿਚ ਵੇਖਿਆ ਤਾਂ 'ਮਸੰਦ' ਪਦਵੀ ਮਨਸੂਖ਼ (ਖ਼ਤਮ) ਕਰ ਦਿੱਤੀ ਅਤੇ ਗੁਰਸਿੱਖਾਂ ਨੂੰ ਸਿੱਧਾ ਗੁਰੂ ਨਾਲ ਜੁੜਨ ਦਾ ਹੁਕਮ ਕੀਤਾ। ਇਨ੍ਹਾਂ ਦੀ ਜੀਵਨ ਅਵਸਥਾ ਨੂੰ ਗੁਰੂ ਪਾਤਸ਼ਾਹ ਜੀ ਨੇ ਇਉਂ ਕਲਮਬੰਦ ਕੀਤਾ ਹੈ, ਤੇਤੀ ਸਵੱਈਆਂ ਵਿਚ:

**ਜੋ ਕਰਿ ਸੇਵ ਮਸੰਦਨ ਕੀ, ਕਹਿ ਆਨ ਪ੍ਰਸਾਦ ਸਭੈ ਮੋਹਿ ਦੀਜੈ ॥**
**ਜੋ ਕੁਛ ਮਾਲ ਤਵਾਲਯ, ਸੋ ਅਬ ਹੀ ਉਠਿ ਭੇਟ ਹਮਾਰਿਹ ਕੀਜੈ ॥**
**ਮੇਰੋ ਹੀ ਧਯਾਨ ਧਰੋ ਨਿਸਬਾਸੁਰ, ਭੂਲ ਕੈ ਔਰ ਕੋ ਨਾਮ ਨਾ ਲੀਜੈ ॥**
**ਲੀਨੇ ਕੋ ਨਾਮੁ ਸੁਨੈ ਭਜ ਰਾਤਹਿ, ਦੀਨੇ ਬਿਨਾਂ ਨਹਿ ਨੈਕ ਪ੍ਰਸੀਜੈ ॥੨੯॥**

ਇਨ੍ਹਾਂ ਦੀ ਬੇਦਖ਼ਲੀ ਦਾ ਜ਼ਿਕਰ ਸਮਕਾਲੀ ਕਵੀ ਸੈਨਾ ਸਿੰਘ ਜੀ *ਗੁਰ ਸੋਭਾ* ਵਿਚ ਇਉਂ ਕਰਦੇ ਹਨ:

**'ਅਬ ਮਸੰਦ ਮੈਂ ਕੀਨੇ ਦੂਰ।**
**ਸਭ ਕੀਆ ਖ਼ਾਲਸਾ ਮਿਲੇ ਹਜ਼ੂਰ।'**
**'ਭਏ ਖ਼ਾਲਸਾ ਸੋਇ ਛੋੜਿ ਮਸੰਦ ਹੈ।**
**ਜੀ, ਪ੍ਰਗਟ ਭਏ ਚਹੂੰ ਓਰ ਸੂਰਜ ਚੰਦ ਹੈ।'**
**'ਤਜਿ ਮਸੰਦ ਪ੍ਰਭ ਏਕ ਜਪ, ਯਹ ਬਿਬੇਕ ਤਹਿ ਕੀਨ।'**


Sri Satguru Jagjit Singh Ji eLibrary NamdhariElibrary@gmail.com

"ਬਚਨ ਹੋਆ ਧਰਮ ਚੰਦ ਨੂੰ : ਸਿੱਖਾਂ ਨੂੰ ਲਿਖੋ—ਜੋ ਮਸੰਦ, ਮਸੰਦੀਏ, ਧੜੀਏ ਨੂੰ ਨਹੀਂ ਮੰਨਣਾ, ਜੋ ਕੁਝ ਅੰਸੁ ਗੁਰੂ ਕੇ ਨਮਿਤ ਹੋਵੈ, ਸੋ ਆਪਿ ਲੈ ਆਵਨੀ ਅਤੇ ਹਥੀਆਰ ਬੰਨ ਕੇ ਆਵਣ ਤਾਂ ਦੀਵਾਨ ਸਾਹਿਬ ਚੰਦ ਅਰਦਾਸ ਕੀਤੀ : ਜੀ ਸੱਚੇ ਪਾਤਸ਼ਾਹ ਤ੍ਰੈ ਮੇਲ (ਮੀਣੇ, ਰਾਮਰਾਈਏ, ਧੀਰਮਲੀਏ) ਆਪਣੇ ਸਕੇ, ਸੋ ਅੱਗੇ ਹੀ ਨਿਕਾਲੇ ਹੈਨਿ, ਹੁਣ ਏਹ ਵੀ ਨਿਕਾਲੇ। ਬਚਨ ਹੋਇਆ : ਏਹਨਾਂ ਚਹੁੰਆਂ ਦੇ ਸੇਵਕ ਭੀ ਨਿਕਾਲੇ, ਸਿੱਖਾਂ ਨੂੰ ਲਿਖਣਾ—ਮੇਵੜਾ ਗੁਰੂ ਕਾ ਮੰਨਣਾ, ਮਸੰਦ ਨਹੀਂ ਮੰਨਣਾ।"

*(ਰਹਿਤਨਾਮਾ ਭਾਈ ਚਉਪਾ ਸਿੰਘ)*

**ਧੀਰਮੱਲੀਏ** : ਬਾਬਾ ਧੀਰਮੱਲ, ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਅਥਵਾ ਬਾਬਾ ਗੁਰਦਿੱਤਾ ਜੀ ਦੇ ਵੱਡੇ ਸਪੁੱਤਰ ਸਨ। ਗੁਰੂ-ਦੋਖੀਆਂ ਦੇ ਆਖੇ ਲੱਗ ਕੇ ਅੱਠ ਸਾਲ ਦੀ ਉਮਰ ਵਿਚ ਹੀ ਦਾਦਾ ਗੁਰੂ ਜੀ ਤੋਂ ਬਾਗ਼ੀ ਹੋ ਗਏ ਅਤੇ ਕਰਤਾਰਪੁਰ 'ਤੇ ਹਮਲਾਵਰ ਸ਼ਾਹੀ ਫ਼ੌਜਾਂ ਦਾ ਸਾਥ ਦਿੱਤਾ। ਯੁੱਧ ਦੀ ਸਮਾਪਤੀ 'ਤੇ ਸ਼ਰਮਿੰਦਗੀ ਨਾਲ ਗੁਰੂ ਸਾਹਿਬ ਸੰਗ ਕੀਰਤਪੁਰ ਨਾ ਜਾਣ ਦਾ ਹੱਠ ਕੀਤਾ ਅਤੇ ਚੁਸਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਆਦਿ ਬੀੜ' ਵੀ ਕਬਜ਼ੇ ਕਰ ਲਈ। ਛੇਵੇਂ ਪਾਤਸ਼ਾਹ ਜੀ ਨੇ ਅਜੇਹੀ ਗੁਰੂ-ਦੋਖੀ ਜੀਵਨ ਚਾਲ ਵੇਖ ਕੇ ਇਨ੍ਹਾਂ ਨੂੰ ਗੁਰੂ ਘਰ ਤੋਂ ਅਲੱਗ ਕਰ ਦਿੱਤਾ, ਅਰ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਯੋਗ ਜਾਣ ਕੇ ਗੁਰਿਆਈ ਸ੍ਰੀ (ਗੁਰੂ) ਹਰਿਰਾਇ ਜੀ ਨੂੰ ਸੌਂਪ ਗਏ। ਇਸ ਤੋਂ ਬਾਅਦ ਧੀਰਮੱਲ ਜੀ ਨੇ ਸਾਰੀ ਉਮਰ ਗੁਰੂ ਘਰ ਨਾਲ ਸ਼ਰੀਕਾ ਕਰਦਿਆਂ ਹੀ ਬਤੀਤ ਕੀਤੀ। ਨੌਵੇਂ ਪਾਤਸ਼ਾਹ ਉਪਰ ਦੋ ਵਾਰ ਘਾਤਕ ਵਾਰ ਵੀ ਕੀਤੇ। ਸਰਕਾਰੇ-ਦਰਬਾਰੇ ਸਦਾ ਗੁਰੂ ਘਰ ਦਾ ਵਿਰੋਧੀ ਰੋਲ ਨਿਭਾਇਆ, ਭਾਵੇਂ ਆਪ ਵੀ ਅੰਤ ਨੂੰ ਗੁਰੂ ਕੇ ਜਾਣ ਕੇ ਸ਼ਾਹੀ ਹੁਕਮ ਅਧੀਨ ਗ੍ਰਿਫ਼ਤਾਰ ਕੀਤੇ ਗਏ, ਜੋ ਰਣਥੰਭੌਰ ਦੇ ਕਿਲ੍ਹੇ ਵਿਚ ਚਲਾਣਾ ਕਰ ਗਏ। ਬਾਦ ਵਿਚ ਇਨ੍ਹਾਂ ਦੀ ਵੰਸ਼ ਵਿੱਚੋਂ ਵਡਭਾਗ ਮੱਲ ਨੇ ਖ਼ਾਲਸੇ ਦੀ ਸ਼ਰਨ ਆ ਕੇ ਭੁੱਲ ਬਖ਼ਸ਼ਾਈ ਅਤੇ ਅੰਮ੍ਰਿਤ ਛਕ ਕੇ ਵਡਭਾਗ ਸਿੰਘ ਹੋਇਆ, ਪਰ ਜਲਦੀ ਹੀ ਫਿਰ ਆਪਣਾ ਗੁਰੂ ਡੰਮ ਚਲਾਉਣ ਲੱਗ ਪਿਆ।

**ਰਾਮਰਾਈਏ** : ਬਾਬਾ ਰਾਮਰਾਇ, ਗੁਰੂ ਹਰਿਰਾਇ ਸਾਹਿਬ ਸੱਤਵੇਂ ਪਾਤਸ਼ਾਹ ਜੀ ਦੇ ਵੱਡੇ ਸਪੁੱਤਰ ਸਨ, ਜੋ ਗੁਰੂ ਪਾਤਸ਼ਾਹ ਜੀ ਦੀ ਆਗਿਆ ਅਨੁਸਾਰ ਹੀ ਕੁਝ ਸਿੱਖਾਂ ਸਹਿਤ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਗਏ ਸਨ। ਆਪ ਜੀ ਪਹਿਲਾਂ ਪਹਿਲ ਤਾਂ ਬੜੀ ਦ੍ਰਿੜ੍ਹਤਾ ਨਾਲ ਗੁਰਮਤਿ ਅਨੁਸਾਰ ਸ਼ਾਹੀ ਦਰਬਾਰ ਵਿਚ ਵਿਚਾਰ-ਵਟਾਂਦਰਾ ਕਰਦੇ ਰਹੇ, ਪਰ ਜਲਦੀ ਹੀ ਸ਼ਾਹੀ ਜਲਾਲ ਤੇ ਠਾਠ-ਬਾਠ ਦੇਖ ਕੇ ਲਾਲਚ ਵਿਚ ਆ ਗਏ ਅਤੇ ਕਾਜ਼ੀਆਂ ਮੁਲਾਣਿਆਂ ਨੂੰ ਜਾਣ-ਬੁੱਝ ਕੇ ਗੁਰਬਾਣੀ ਦੀ ਪੰਗਤੀ "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥" (ਵਾਰ ਆਸਾ) ਦੀ ਬਜਾਇ 'ਮਿੱਟੀ ਬੇਈਮਾਨ ਕੀ' ਦੱਸ ਕੇ ਖ਼ੁਸ਼ ਕਰਨ ਦਾ ਨਿਰਮੂਲ ਯਤਨ ਕੀਤਾ, ਜੋ ਕਿ ਸਿੱਖ ਸਿਧਾਂਤ ਦੀ ਭਾਰੀ ਅਵੱਗਿਆ ਸੀ। ਜਿਸ ਕਰਕੇ ਇਸ ਕੁਚਾਲ ਦਾ ਪਤਾ ਲੱਗਣ 'ਤੇ ਗੁਰੂ ਸਾਹਿਬ ਨੇ ਰਾਮਰਾਇ ਨੂੰ ਮੱਥੇ ਲੱਗਣ ਤੋਂ ਨਾਂਹ ਕਰ ਦਿੱਤੀ ਤੇ ਗੁਰੂ ਘਰ 'ਚੋਂ ਛੇਕ ਦਿੱਤਾ।



Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਗੁਰੂ ਪਾਤਸ਼ਾਹ ਜੀ ਨੇ ਜਿਥੇ ਸਿੱਖਾਂ ਲਈ ਗੁਰਬਾਣੀ ਸਤਿਕਾਰ ਦਾ ਉੱਚਾ ਆਦਰਸ਼ ਸਥਾਪਤ ਕੀਤਾ, ਉਥੇ ਰਾਮਰਾਇ ਦੀ ਸੰਗਤ ਕਰਨੋਂ ਵੀ ਮਨ੍ਹਾ ਕਰ ਦਿੱਤਾ, ਜੋ ਅਜੇ ਤਕ ਕਾਇਮ ਹੈ। ਬਾਬਾ ਰਾਮਰਾਇ ਨੇ ਸ਼ਾਹੀ ਰਸੂਖ਼ ਨਾਲ ਪਹਾੜੀ (ਦੂਨ) ਇਲਾਕੇ ਵਿਚ ਜਾਗੀਰ ਪ੍ਰਾਪਤ ਕਰ ਕੇ ਡੇਰਾ ਬੱਧਾ, ਜਿਥੇ ਆਪ ਗੁਰੂ ਬਣ ਬੈਠੇ। ਇਸ ਤੋਂ ਬਾਅਦ ਸ਼ਾਇਦ ਉਨ੍ਹਾਂ ਨੇ ਗੁਰੂ ਘਰ ਦੇ ਨੇੜੇ ਆਉਣ ਦੇ ਯਤਨ ਵੀ ਕੀਤੇ, ਪਰ ਗੁਰੂ-ਦੋਖੀ ਮਸੰਦ ਬਿਰਤੀਆਂ ਨੇ ਇਹ ਯਤਨ ਸਫਲ ਨਾ ਹੋਣ ਦਿੱਤਾ।

ਇਸੇ ਪ੍ਰਕਾਰ ਨੜੀਮਾਰ (ਹੁੱਕਾ ਜਾਂ ਤਮਾਕੂ ਪੀਣ ਵਾਲੇ), ਕੁੜੀਮਾਰ (ਜੰਮਦੀਆਂ ਜਾਂ ਜੰਮਣ ਤੋਂ ਪਹਿਲਾਂ ਧੀਆਂ ਨੂੰ ਮਾਰਨ ਵਾਲੇ) ਅਤੇ ਸਿਰਗੁੰਮ (ਜੋ ਸਿੱਖ ਹੋ ਕੇ ਕੇਸ ਕਟਾ ਦੇਣ) ਨਾਲ ਮਿਲਵਰਤਣ ਕਰਨ ਵਾਲੇ ਨੂੰ ਤਨਖ਼ਾਹੀਆ ਭਾਵ ਦੰਡ ਯੋਗ ਕਰਾਰ ਦਿੱਤਾ ਹੈ।

**(2) ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।**

*ਵਿਆਖਿਆ :*

**ਬੇ-ਅੰਮ੍ਰਿਤੀਏ ਦਾ ਜੂਠਾ ਨਾ ਖਾਣਾ** : ਅੰਮ੍ਰਿਤਧਾਰੀ ਆਪਸ ਵਿਚ ਛਕਣ-ਛਕਾਉਣ, ਇਹ ਭਲਾ ਕਰਮ ਹੈ, ਜਿਸ ਕਰਕੇ ਆਪਸ ਵਿਚ ਸਾਂਝ ਪਕੇਰੀ ਹੁੰਦੀ ਹੈ। ਇਤਿਹਾਸਕ ਗ੍ਰੰਥਾਂ ਵਿੱਚੋਂ ਸਾਨੂੰ ਇਸ ਬਾਬਤ ਹਵਾਲੇ ਵੀ ਮਿਲਦੇ ਹਨ :

**ਖਾਣਾ ਭੀ ਇਕਠੇ ਸਭ ਖੈਹੈਂ।**
**ਸਕੇ ਵੀਰ ਆਪਸ ਮੇਂ ਵੈ ਹੈਂ।**
**ਜਾਤ ਗੋਤ ਕੁਲ ਕਿਰਿਆ ਨਾਮ।**
**ਪਿਛਲੇ ਜੋ, ਤਜਿ ਦੇਤ ਤਮਾਮ।** *(ਪੰਥ ਪ੍ਰਕਾਸ਼)*

ਪਰ ਗੁਰੂ-ਪੰਥ ਵੱਲੋਂ ਸਿੰਘ ਸਜਣ ਵਾਲਿਆਂ ਨੂੰ ਚੇਤੰਨ ਕੀਤਾ ਗਿਆ ਹੈ ਕਿ ਰਲ ਬੈਠਿਆਂ ਪ੍ਰਸ਼ਾਦ ਛਕਦਿਆਂ ਉਨ੍ਹਾਂ ਵਿਅਕਤੀਆਂ ਦਾ ਜੂਠਾ ਨਹੀਂ ਖਾਣਾ, ਜੋ ਪੰਥ ਵਿਚ ਅਜੇ ਤਕ ਸ਼ਾਮਲ ਹੀ ਨਹੀਂ ਹੋਏ ਜਾਂ ਜੋ ਸ਼ਾਮਲ ਹੋਣ ਉਪਰੰਤ ਪਤਿਤ ਹੋ ਗਏ (ਸਿੰਘ ਪਦਵੀ ਤੋਂ ਗਿਰ ਗਏ) ਹਨ। ਅਸੀਂ ਸਮਝਦੇ ਹਾਂ ਕਿ ਗੁਰੂ-ਪੰਥ ਦੀ ਰਹਿਤ ਅਨੁਸਾਰ ਚੱਲਣ ਵਾਲਾ ਸਿੰਘ ਗੁਰੂ ਕਾ ਲੰਗਰ ਵੀ ਸਤਿਕਾਰ ਸਹਿਤ ਛਕਦਾ ਹੈ, ਉਹ ਆਪਣੀ ਲੋੜ ਅਨੁਸਾਰ ਥਾਲ ਵਿਚ ਲੈਂਦਾ ਹੈ ਅਤੇ ਕਦੀ ਆਪਣੀ ਜੂਠ ਨਹੀਂ ਛੱਡਦਾ ਅਰ ਨਾ ਹੀ ਕਿਸੇ ਨੂੰ ਆਪਣਾ ਜੂਠਾ ਖੁਆਉਂਦਾ ਹੈ। ਇਸੇ ਪ੍ਰਕਾਰ ਕਿਸੇ ਬੇਸਿਦਕੇ ਦਾ ਥਾਲ ਵਿਚ ਛੱਡਿਆ (ਜੂਠਾ) ਹੋਇਆ ਵੀ ਨਹੀਂ ਖਾਂਦਾ, ਜਿਸ ਦੇ ਹਿਰਦੇ ਵਿਚ ਗੁਰਮਤਿ ਅਨੁਸਾਰ ਵਾਹਿਗੁਰੂ (ਸੱਚ) ਦਾ ਪਿਆਰ ਹੀ ਨਹੀਂ ਹੈ। ਗੁਰਵਾਕ :

**ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥**
**ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥** *(ਗੁ: ਗ੍ਰੰ: ਸਾ:, ਪੰਨਾ 55)*

ਬੇ-ਅੰਮ੍ਰਿਤੀਏ ਤੋਂ ਗੁਰੂ-ਪੰਥ ਦਾ ਇਸ਼ਾਰਾ ਉਨ੍ਹਾਂ ਲੋਕਾਂ ਵੱਲ ਹੈ, ਜੋ ਆਪ ਤਾਂ ਪੰਥ ਵਿਚ ਸ਼ਾਮਲ ਨਹੀਂ ਹੋਏ, ਸਗੋਂ ਉਹ ਇਸ ਤਾਂਤਰਿਕ ਭਰਮ ਦੇ ਵੀ ਸ਼ਿਕਾਰ ਹਨ


Sri Satguru Jagjit Singh Ji eLibrary NamdhariElibrary@gmail.com

ਕਿ ਜੋ ਉਨ੍ਹਾਂ ਦਾ ਜੂਠਾ ਖਾਏਗਾ, ਉਹ ਉਨ੍ਹਾਂ ਦੀ ਅਧੀਨਗੀ ਮੰਨੇਗਾ। ਇਸੇ ਕਰਕੇ ਹੀ ਥਾਲ ਵਿਚੋਂ ਥੋੜ੍ਹਾ ਆਪ ਖਾ ਕੇ ਬਾਕੀ ਸ਼ਰਧਾਲੂਆਂ ਵਿਚ 'ਸੀਤ ਪ੍ਰਸ਼ਾਦ' (?) ਛੱਡ ਦੇਂਦੇ ਦੇਖੇ ਜਾਂਦੇ ਹਨ। ਸੋ, ਗੁਰੂ ਪੰਥ ਨੇ ਅਣਖਧਾਰੀ ਖ਼ਾਲਸੇ ਨੂੰ ਅਜਿਹੇ ਲੋਕਾਂ ਦੀਆਂ ਕੁਚਾਲਾਂ ਤੋਂ ਸਾਵਧਾਨ ਕੀਤਾ ਹੈ, ਜਿਵੇਂ ਕਿ ਗੁਰੂ ਪਾਤਸ਼ਾਹ ਜੀ ਦੀ ਭਾਵਨਾ ਨੂੰ ਇਤਿਹਾਸਕ ਗ੍ਰੰਥਾਂ ਵਿਚ ਇਉਂ ਲਿਖਿਆ ਗਿਆ ਹੈ:

**ਸੰਨਿਆਸੀ, ਬੈਰਾਗੀ ਜੋ ਵੈ।**
**ਔਰ ਉਦਾਸੀ, ਜੋਗੀ ਤੇ ਵੈ ॥੩੩॥**
**ਜੰਗਮ, ਵਾਮੀ ਅਵਰ ਜੁ ਕੇਈ।**
**ਤਾਂ ਕਾ ਜੂਠਾ ਕਬੀ ਨਾ ਲੇਈ।** *(ਰਹਿਤਨਾਮਾ ਭਾਈ ਦੇਸਾ ਸਿੰਘ)*

**ਸਿੱਖ ਹੋਇ ਕਿਸ ਜੂਠ ਨਾ ਖਾਵੈ।** *(ਗੁਰ ਪ੍ਰਤਾਪ ਸੂਰਜ)*

### (3) ਦਾੜ੍ਹਾ ਰੰਗਣ ਵਾਲਾ।

**ਕੇਸਾਂ ਨੂੰ ਰੰਗਣਾ :** ਕੇਸਾਂ ਨੂੰ ਰੱਬੀ ਦਾਤ ਜਾਣ ਕੇ ਇਨ੍ਹਾਂ ਨੂੰ ਸਤਿਕਾਰ ਸਹਿਤ ਸੰਭਾਲਣਾ ਕੇਵਲ ਸਿੱਖ ਮੱਤ ਵਿਚ ਹੀ ਜ਼ਰੂਰੀ ਕਰਾਰ ਦਿੱਤਾ ਗਿਆ ਹੈ, ਜੋ ਬਾਕੀ ਮੱਤਾਂ-ਮਤਾਂਤਰਾਂ ਨਾਲੋਂ ਵਿਸ਼ੇਸ਼ ਹੈ। ਸਤਿਕਾਰ ਸਹਿਤ ਸੰਭਾਲ ਵਿਚ ਇਹ ਵੀ ਸ਼ਾਮਲ ਹੈ ਕਿ ਕਾਲੇ ਜਾਂ ਸਫ਼ੇਦ ਕੇਸ ਜਿਵੇਂ ਕਰਤਾਰ ਨੇ ਬਖ਼ਸ਼ੇ ਹਨ, ਉਸੇ ਤਰ੍ਹਾਂ ਪ੍ਰਵਾਨੇ ਜਾਣੇ ਜ਼ਰੂਰੀ ਹਨ। ਬਜਾਇ ਇਸ ਦੇ ਕਿ ਕਾਲਿਆਂ ਵਿੱਚੋਂ ਚਿੱਟੇ ਚੁੰਗੇ ਜਾਣ ਜਾਂ ਚਿੱਟਿਆਂ ਨੂੰ ਕਾਲਾ ਜਾਂ ਭੂਰਾ ਆਦਿ ਕੀਤਾ ਜਾਵੇ। ਕੇਸਾਂ ਨੂੰ ਰੰਗਣਾ ਅਸਲ ਵਿਚ ਆਪਣੀ ਅਵਸਥਾ ਨੂੰ ਲੁਕਾਉਣ ਦਾ ਯਤਨ ਕਰਨਾ ਕਪਟ (ਪਾਪ) ਕਰਨਾ ਮੰਨਿਆ ਗਿਆ ਹੈ। ਕੇਸਾਂ ਨੂੰ ਰੰਗਣਾ ਕਿਸੇ ਰੋਗੀ ਵੱਲੋਂ ਰੋਗ ਤੋਂ ਬਚਣ ਲਈ ਦੁਆਈ ਲੈਣ ਵਰਗਾ ਯਤਨ ਨਹੀਂ ਹੈ। ਸਾਵਧਾਨ ਰਿਹਾ ਜਾਵੇ ਕਿ ਅੰਮ੍ਰਿਤਧਾਰੀ ਬੀਬੀ ਲਈ ਵੀ ਜ਼ਰੂਰੀ ਹੈ ਕਿ ਉਹ ਵੀ ਆਪਣੇ ਸਿਰ ਦੇ ਕੇਸਾਂ ਨੂੰ ਨਾ ਰੰਗੇ। ਭਾਈ ਚਉਪਾ ਸਿੰਘ ਜੀ ਰਹਿਤਨਾਮੇ ਵਿਚ ਸ੍ਰੀ ਦਸਮੇਸ਼ ਜੀ ਦੀ ਭਾਵਨਾ ਇਉਂ ਪ੍ਰਗਟ ਕਰਦੇ ਹਨ:

**ਜੋ ਕੇਸਧਾਰੀ ਕਲਫ਼ ਲਾਏ, ਸੋ ਤਨਖਾਹੀਆ।**

### (4) ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।

***ਵਿਆਖਿਆ :***

ਸਾਕ ਮੁੱਲ ਲੈਣਾ ਜਾਂ ਦੇਣਾ, ਵੇਖੋ, "ਪੈਸੇ ਲੈ ਕੇ ਸੰਜੋਗ ਕਰਨਾ।"

### (5) ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ।

***ਵਿਆਖਿਆ :***

**ਨਸ਼ਿਆਂ ਦੀ ਮਨਾਹੀ :** ਜੋ ਸਿੰਘ ਪ੍ਰਸ਼ਾਦੇ (ਭੋਜਨ) ਤੋਂ ਬਿਨਾਂ ਉਪਰੋਕਤ ਵਰਣਨ ਕੀਤੇ ਜਾਂ ਹੋਰ ਕਿਸੇ ਵੀ ਨਾਉਂ ਦੇ ਨਸ਼ੇ (Drugs) ਦੀ ਵਰਤੋਂ ਕਰਦੇ ਹਨ, ਗੁਰੂ-ਪੰਥ

ਨੇ ਉਨ੍ਹਾਂ ਨੂੰ ਤਨਖ਼ਾਹੀਏ ਕਰਾਰ ਦਿੱਤਾ ਹੈ, ਕਿਉਂਕਿ ਨਿਰਮਲ ਅਤੇ ਉੱਦਮੀ ਸਮਾਜ ਦੀ ਸਿਰਜਣਾ ਲਈ ਹਰ ਪ੍ਰਕਾਰ ਦੇ ਨਸ਼ਿਆਂ ਦਾ ਤਿਆਗ ਜ਼ਰੂਰੀ ਹੈ। *ਪ੍ਰੇਮ ਸੁਮਾਰਗ* ਵਾਲੇ ਭਾਈ ਸਾਹਿਬ ਜੀ ਨਸ਼ਿਆਂ ਦੀ 'ਲਾਹਨਤ' ਬਾਬਤ ਇਉਂ ਚੇਤੰਨ ਕਰਦੇ ਹਨ :

"ਅਮਲ ਖਾਣਾ ਇਸ ਵਾਸਤੇ ਮਨਹਿ ਹੈ ਜੋ ਦੇਹ ਨੂੰ ਸੁਸਤੀ ਕਰਦਾ ਹੈ, ਸਿਮਰਨ ਤੇ ਦੁਨੀਆ ਦੀ ਕਿਰਤ ਸੇ ਫੇਰ ਰੱਖਦਾ ਹੈ, ਕਰਨੇ ਨਾਹੀਂ ਦੇਂਦਾ, ਅਰ ਬਦਅਮਲਾਂ ਨੂੰ ਦੌੜਾਉਂਦਾ ਹੈ, ਸਵਾਦਾਂ ਨੂੰ ਚਾਂਹਦਾ ਹੈ ਸੁਆਦ ਕਰਕੇ ਬਦਅਮਲ ਹੁੰਦੇ ਹੈਨ।"

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਅਮਲ (ਨਸ਼ੇ) ਕਰਨ ਵਾਲਾ, ਜਿਥੇ ਆਪਣੀ ਸਿਹਤ ਅਤੇ ਧਨ ਦਾ ਨੁਕਸਾਨ ਕਰਦਾ ਹੈ, ਉਥੇ ਪਰਿਵਾਰ ਅਤੇ ਸਮਾਜ ਪਾਸੋਂ ਵੀ ਅਪਮਾਨਿਤ ਹੁੰਦਾ ਹੈ, ਪਰ ਜੇ ਅਮਲ ਅਮਲੀ ਦੇ ਖ਼ੂਨ ਵਿਚ ਰਚ ਜਾਂਦਾ ਹੈ ਤਾਂ ਉਹ ਮਜਬੂਰ ਹੋ ਕੇ ਕਿਸੇ ਦੀ ਪ੍ਰਵਾਹ ਨਹੀਂ ਕਰਦਾ, ਨਾ ਹੀ ਲੋਕਾਂ ਦੀ ਅਤੇ ਅਤੇ ਨਾ ਹੀ ਧਰਮ ਗ੍ਰੰਥਾਂ ਦੀ।

**ਅਮਲੀ ਨ ਅਮਲ ਤਜਤ, ਜਿਉ ਧਿਕਾਰ ਕੀਏ,**
**ਦੋਖ ਦੁਖ, ਲੋਗ ਬੇਦ ਸੁਨਤ ਛਕਤ ਹੈ ॥੩੨੩॥** *(ਕਬਿੱਤ)*

ਸ਼ਰਾਬ ਪੀਣ ਦੇ ਨੁਕਸਾਨ ਨੂੰ *ਗੁਰਬਿਲਾਸ ਪਾਤਸ਼ਾਹੀ ੧੦* ਦੇ ਕਰਤਾ ਜੀ ਇਉਂ ਬਿਆਨ ਕਰਦੇ ਹਨ :

**ਸੰਤ ! ਸੁਨੋ ਤਿਹ ਕੀ ਬਤਿਯਾ, ਜਗ ਭੂਪਤਿ ਹੋਇ ਬਡੇ ਅਰਿ ਜੀਤੇ।**
**ਅੰਧ ਭਏ ਮਦਿਰਾ ਮਦ ਤੇ, ਨਿਜ ਰਾਜ ਬਿਹਾਇ ਛਿਨੇ ਛਿਨ ਰੀਤੇ।**
**ਗਯਾਨ ਔ ਧਯਾਨ ਸਯਾਨ ਬਡੇ ਨਰ, ਹੋਤ ਪਸੂ ਸਮ ਵਾਰਣੀ** (ਸ਼ਰਾਬ) **ਪੀਤੇ।**

ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਕੌਮਾਂ ਵਿਚ ਨਸ਼ਿਆਂ ਦੀ ਇੱਲਤ ਪੈ ਗਈ, ਉਹ ਗ਼ੁਲਾਮ ਹੋ ਗਈਆਂ। ਇਹ ਸੰਤੋਖਜਨਕ ਪਹਿਲੂ ਹੈ ਕਿ ਅੰਮ੍ਰਿਤਧਾਰੀ ਨਸ਼ਿਆਂ ਦੀ ਇੱਲਤ ਤੋਂ ਬਚਿਆ ਹੋਇਆ ਹੈ, ਪਰ ਸਾਨੂੰ ਸ਼ੋਕ ਨਾਲ ਲਿਖਣਾ ਪੈਂਦਾ ਹੈ ਕਿ ਬਾਣੀ-ਬਾਣੇ ਦੇ ਧਾਰਨੀ, ਗੁਰਦੁਆਰਿਆਂ ਦੇ ਪਹਿਰੇਦਾਰ ਅਤੇ ਨਿਹੰਗ ਸਿੰਘ ਭੰਗ ਪੀਣ ਕਰਕੇ ਅੱਜ ਆਮ ਤੌਰ 'ਤੇ ਆਪਣਾ ਸਤਿਕਾਰ ਗੁਆ ਕੇ ਲੋਕਾਂ ਦੀ ਹਾਸੀ ਦਾ ਪਹਿਲੂ ਬਣ ਕੇ ਰਹਿ ਗਏ ਹਨ। ਖ਼ਾਲਸੇ ਦੇ ਨਾਂ 'ਤੇ ਚੱਲਣ ਵਾਲੀ ਅਤੇ ਨਾਨਕਸ਼ਾਹੀ ਸਿੱਕੇ ਚਲਾਉਣ ਵਾਲੀ ਸਰਕਾਰ, ਜਿਸ ਦਾ ਦਬਦਬਾ ਸੰਸਾਰ ਦੇ ਰਾਜਨੀਤਕ ਮੰਚ ਉਪਰ ਮਹਾਨ ਸੀ, ਹੋਰ ਕਮਜ਼ੋਰੀਆਂ ਦੇ ਨਾਲ ਨਾਲ ਸ਼ਰਾਬ ਦੀ ਬੋਤਲ ਵਿਚ ਵੀ ਡੁੱਬਣ ਕਰਕੇ ਅੱਜ ਇਤਿਹਾਸ ਦਾ ਪੰਨਾ ਬਣ ਕੇ ਰਹਿ ਗਈ ਹੈ। ਇੱਕੀਵੀਂ ਸਦੀ ਦੇ ਆਰੰਭ ਵਿਚ ਸ਼ੁਭ ਚਿੰਤਕ ਲੋਗ ਨਸ਼ਿਆਂ ਦੀ ਲਾਅਨਤ ਪਸਰੀ ਵੇਖ ਕੇ ਕੂਕਾਂ ਮਾਰ ਰਹੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥੇ ਟੇਕਣ ਵਾਲਿਉ ! ਸੁਣੋ ਇਹ ਗੁਰਵਾਕ :

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**


Sri Satguru Jagjit Singh Ji eLibrary NamdhariElibrary@gmail.com

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ *(ਗੁ: ਗ੍ਰੰ: ਸਾ:, ਪੰਨਾ 554)*

**(6) ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ।**

*ਵਿਆਖਿਆ :*

**ਗੁਰਮਤਿ ਵਿਰੁੱਧ ਕਾਰਜ** : ਅੰਮ੍ਰਿਤ ਛਕਣ ਵਾਲੇ ਗੁਰਮੁਖਾਂ ਪ੍ਰਤੀ ਸਾਵਧਾਨ ਕਰਨਾ ਜ਼ਰੂਰੀ ਹੈ ਕਿ ਜੋ 'ਸਿੰਘ' ਪੰਥ ਵਿਚ ਸ਼ਾਮਲ ਹੁੰਦਾ ਹੈ, ਉਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਅਤੇ ਸਿੱਖਿਆ ਤੋਂ ਆਪਣੇ ਜੀਵਨ ਦੀ ਸੇਧ ਗ੍ਰਹਿਣ ਕਰਨ ਲਈ ਵਚਨਬੱਧ ਹੈ ਅਤੇ ਉਸ ਦਾ ਹੁਣ ਪਿਛਲੇ ਧਰਮ ਕਰਮ ਨਾਲ ਕੋਈ ਵਾਸਤਾ ਨਹੀਂ ਰਿਹਾ। ਪਰ ਜੋ 'ਸਿੰਘ' ਪੰਥ ਵਿਚ ਸ਼ਾਮਲ ਹੋ ਕੇ ਕਿਸੇ ਹੋਰ ਧਰਮ ਨਾਲ ਸੰਬੰਧਿਤ ਕੋਈ ਸੰਸਕਾਰ ਆਪ ਕਰਦਾ ਜਾਂ ਕਰਾਉਂਦਾ ਹੈ, ਉਹ ਤਨਖ਼ਾਹੀਆ ਹੈ।

**(7) ਰਹਿਤ ਵਿਚ ਕੋਈ ਭੁੱਲ ਕਰਨ ਵਾਲਾ।**

*ਵਿਆਖਿਆ :*

ਗੁਰੂ ਪੰਥ ਨੇ ਇਸ ਨਿਯਮ ਰਾਹੀਂ ਸਾਵਧਾਨ ਕੀਤਾ ਹੈ ਕਿ ਬਾਣੀ ਬਾਣੇ ਦੀ ਰਹਿਤ ਵਿਚ ਢਿੱਲ ਵਰਤਣ ਵਾਲਾ ਵੀ ਤਨਖ਼ਾਹੀਆ ਹੁੰਦਾ ਹੈ। ਇਸ ਤੋਂ ਭਾਵ ਉਸ ਵਿਅਕਤੀ ਤੋਂ ਹੈ, ਜੋ ਘੱਟੋ ਘੱਟ ਬਾਣੀਆਂ ਦਾ ਨਿਤਨੇਮ ਕਰਨ ਲਈ ਢਿੱਲ ਕਰਦਾ ਹੈ ਜਾਂ ਕ੍ਰਿਪਾਨ, ਕੰਘਾ, ਕੜਾ ਅਤੇ ਕਛਹਿਰੇ ਦੀ ਰਹਿਤ ਵਿਚ ਢਿੱਲ ਕਰਦਾ ਹੈ। ਯਾਦ ਰਹੇ, ਅਜਿਹਾ ਕਰ ਕੇ ਉਹ ਜਿਥੇ ਪੰਜ ਪਿਆਰਿਆਂ ਸਨਮੁਖ ਦਿੱਤੇ ਬਚਨ ਨੂੰ ਭੰਗ ਕਰਦਾ ਹੈ, ਉਥੇ ਹੌਲੀ ਹੌਲੀ ਪੰਥਕ ਜਥੇਬੰਦੀ ਤੋਂ ਵੀ ਪਰ੍ਹੇ ਹਟਦਾ ਜਾਂਦਾ ਹੈ। ਸੋ, ਸਾਡੀ ਜਾਚੇ ਇਸੇ ਲਈ ਗੁਰੂ-ਪੰਥ ਨੇ ਅਜਿਹੀ ਸਾਵਧਾਨੀ ਕੀਤੀ ਜਾਪਦੀ ਹੈ।

**(ਡ) ਇਹ ਸਿੱਖਿਆ ਦੇਣ ਉਪਰੰਤ ਪੰਜਾਂ ਪਿਆਰਿਆਂ ਵਿੱਚੋਂ ਕੋਈ ਸੱਜਣ ਅਰਦਾਸਾ ਕਰੇ।**

**(ਢ) ਫਿਰ ਤਾਬਿਆ ਬੈਠਾ ਸਿੰਘ 'ਹੁਕਮ' ਲਵੇ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਨ੍ਹਾਂ ਵਿੱਚੋਂ ਜੇ ਕਿਸੇ ਦਾ ਨਾਮ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਰੱਖਿਆ ਹੋਇਆ ਤਾਂ ਉਸ ਦਾ ਨਾਂ ਹੁਣ ਬਦਲਾਅ ਕੇ ਰੱਖਿਆ ਜਾਵੇ।**

*ਵਿਆਖਿਆ :*

ਉਪਰੋਕਤ ਨਿਯਮਾਂ ਪ੍ਰਤੀ ਅੰਮ੍ਰਿਤ ਛਕਣ ਵਾਲਿਆਂ ਨੂੰ ਜਾਣਕਾਰੀ ਦੇਣ ਉਪਰੰਤ ਪੰਜਾਂ ਪਿਆਰਿਆਂ 'ਚੋਂ ਇਕ ਪਿਆਰਾ ਸਮਾਗਮ ਦੀ ਸਮਾਪਤੀ ਦੀ ਸ਼ੁਕਰਾਨੇ ਦੀ ਸਹਿਤ ਅਰਦਾਸ ਕਰੇ।

**ਨਾਂ ਬਦਲਾਅ ਕੇ ਰੱਖਣਾ** : ਅਰਦਾਸ ਉਪਰੰਤ 'ਹੁਕਮਨਾਮਾ' ਲਿਆ ਜਾਵੇ, ਜੇਕਰ ਅੰਮ੍ਰਿਤ ਛਕਣ ਵਾਲਿਆਂ ਵਿੱਚੋਂ ਕਿਸੇ ਦਾ ਨਾਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਤੋਂ ਨਹੀਂ ਰੱਖਿਆ ਹੋਇਆ, ਭਾਵੇਂ ਬਾਹਰਲੇ ਮੱਤ ਵਿੱਚੋਂ ਆਉਣ ਕਾਰਨ ਜਾਂ ਹੋਰ ਕਿਸੇ ਸਬੱਬ, ਤਾਂ ਉਸ ਦਾ ਨਾਂ (ਪੰਨਾ 21 'ਤੇ ਵਰਣਨ ਕੀਤੀ ਮਰਯਾਦਾ ਅਨੁਸਾਰ) ਹੁਣ ਬਦਲਾਅ ਕੇ ਰੱਖਿਆ ਜਾਵੇ।

**(ਣ) ਅੰਤ ਕੜਾਹ ਪ੍ਰਸ਼ਾਦਿ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇੱਕੋ ਬਾਟੇ ਵਿੱਚੋਂ ਕੜਾਹ ਪ੍ਰਸ਼ਾਦ ਰਲ ਕੇ ਛਕਣ।**

***ਵਿਆਖਿਆ :***

**ਇੱਕੋ ਬਾਟੇ ਵਿੱਚੋਂ ਕੜਾਹ ਪ੍ਰਸ਼ਾਦ ਛਕਣਾ** : 'ਹੁਕਮ' ਲੈਣ ਉਪਰੰਤ ਕੜਾਹ ਪ੍ਰਸ਼ਾਦਿ ਵਰਤਾਇਆ ਜਾਏ। ਪੰਜਾਂ ਪਿਆਰਿਆਂ ਨੂੰ ਵਰਤਾਉਣ ਅਤੇ ਤਾਬਿਆ ਬੈਠੇ ਸਿੰਘ ਦਾ ਵਰਤਾਰਾ ਰੱਖਣ ਬਾਅਦ ਅੰਮ੍ਰਿਤ ਛਕਣ ਵਾਲੇ ਸਿੰਘਾਂ ਤੇ ਸਿੰਘਣੀਆਂ ਨੂੰ ਇੱਕੋ ਬਾਟੇ ਵਿਚ ਪ੍ਰਸ਼ਾਦ ਪਾ ਕੇ ਦਿੱਤਾ ਜਾਵੇ ਤਾਂ ਕਿ ਉਹ ਰਲ ਕੇ ਛਕਣ। ਇਨ੍ਹਾਂ ਦੀ ਗਿਣਤੀ ਵਧੇਰੀ ਹੋਣ ਦੀ ਸੂਰਤ ਵਿਚ ਇਕ ਤੋਂ ਵੱਧ ਗਰੁੱਪ ਬਣਾ ਕੇ ਪ੍ਰਸ਼ਾਦ ਦਿੱਤਾ ਜਾ ਸਕਦਾ ਹੈ।

Sri Satguru Jagjit Singh Ji eLibrary NamdhariElibrary@gmail.com

## ੩. ਤਨਖ਼ਾਹ ਲਾਉਣ ਦੀ ਵਿਧੀ

**(ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁੱਲ ਮੰਨੇ।**

***ਵਿਆਖਿਆ :***

**ਆਪਣੀ ਭੁੱਲ ਨੂੰ ਮੰਨਣਾ :** ਧਰਮ ਅਤੇ ਮਰਯਾਦਾ ਵਿਰੁੱਧ ਕਿਸੇ ਪਾਸੋਂ ਭੁੱਲ ਹੋ ਜਾਵੇ ਤਾਂ ਗੁਰੂ ਕੀ ਭੈ-ਭਾਵਨੀ ਵਿਚ ਰਹਿਣ ਵਾਲੇ ਸਿੰਘ ਨੂੰ ਆਪਣੀ ਭੁੱਲ ਦਾ ਅਹਿਸਾਸ ਹੁੰਦਿਆਂ ਹੀ ਗੁਰੂ ਸੰਗਤ ਸਨਮੁਖ ਹਾਜ਼ਰ ਹੋਵੇ ਅਤੇ ਸੰਗਤ ਦੇ ਮੁਖੀ ਅਥਵਾ ਗ੍ਰੰਥੀ ਸਿੰਘ ਪਾਸ ਹਾਜ਼ਰ ਹੋਣ ਦਾ ਮੰਤਵ ਦੱਸ ਕੇ ਯੋਗ ਸਮੇਂ ਸੰਗਤ ਦੇ ਸਨਮੁਖ ਰਹਿਤ ਵਿਚ ਉਕਾਈ ਪ੍ਰਤੀ ਆਪਣੀ ਭੁੱਲ ਨੂੰ ਮੰਨੇ ਅਤੇ ਖਿਮਾ ਲਈ ਬੇਨਤੀ ਕਰੇ।

**(ਅ) ਗੁਰ-ਸੰਗਤ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰ-ਸੰਗਤ ਪਾਸ ਤਨਖ਼ਾਹ (ਦੰਡ) ਤਜਵੀਜ਼ ਕਰਨ।** *(ਸਿੱਖ ਰਹਿਤ ਮਰਯਾਦਾ, ਪੰਨਾ 32)*

***ਵਿਆਖਿਆ :***

**ਸੰਗਤ ਵੱਲੋਂ ਭੁੱਲ 'ਤੇ ਵੀਚਾਰ :** ਸਿੱਖ ਦੀ ਬੇਨਤੀ ਉਪਰ ਵਿਸਥਾਰ ਸਹਿਤ ਵਿਚਾਰ ਕਰ ਕੇ ਫ਼ੈਸਲਾ ਦੇਣ ਲਈ ਸੰਗਤ ਵਿੱਚੋਂ ਪੰਜ ਪਿਆਰੇ (ਤਿਆਰ-ਬਰ-ਤਿਆਰ ਸਿੰਘ) ਚੁਣੇ ਜਾਣ, ਜੋ ਅਲੱਗ ਹੋ ਕੇ ਭੁੱਲ 'ਤੇ ਵਿਚਾਰ ਕਰਨ ਕਿ ਕੀ ਬੇਨਤੀ-ਕਰਤਾ ਕਿਸੇ ਸ਼ੰਕੇ ਵਿਚ ਤਾਂ ਨਹੀਂ ? ਜਾਂ ਕੀ ਉਸ ਪਾਸੋਂ ਇਹ ਭੁੱਲ ਮਜਬੂਰੀ ਵਿਚ ਜਾਂ ਮਰਜ਼ੀ ਨਾਲ ਹੋਈ ਹੈ ? ਜੇ ਬੇਨਤੀ ਕਰਤਾ ਧਰਮ ਜਾਂ ਮਰਯਾਦਾ ਵਿਰੁੱਧ ਦੋਸ਼ੀ ਪਾਇਆ ਜਾਵੇ ਤਾਂ ਪੰਜ ਪਿਆਰੇ ਉਸ ਪ੍ਰਤੀ ਤਨਖ਼ਾਹ (ਧਾਰਮਿਕ ਦੰਡ) ਸੰਗਤ ਪਾਸ ਤਜਵੀਜ਼ ਕਰਨ।

**(ੲ) ਸੰਗਤ ਨੂੰ ਬਖ਼ਸ਼ਣ ਵੇਲੇ ਹੱਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖ਼ਾਹ ਲੁਆਉਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖ਼ਾਹ ਕਿਸੇ ਕਿਸਮ ਦੀ ਸੇਵਾ ਖ਼ਾਸ ਕਰ ਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।**

***ਵਿਆਖਿਆ :***

**ਬਖ਼ਸ਼ਣ ਲੱਗਿਆਂ ਹੱਠ ਨਹੀਂ :** ਪੰਜ ਪਿਆਰਿਆਂ ਵੱਲੋਂ ਤਜਵੀਜ਼ ਹੋਇਆ ਫ਼ੈਸਲਾ ਜਾਂ ਦੰਡ ਤਨਖ਼ਾਹੀਏ ਨੂੰ ਸਾਵਧਾਨ ਕਰ ਕੇ, ਸੁਣਾਇਆ ਜਾਵੇ। ਇਸ ਸਮੇਂ ਲਗਾਈ ਜਾਣ ਵਾਲੀ ਤਨਖ਼ਾਹ ਮੁਖ ਤੌਰ 'ਤੇ ਸੇਵਾ ਰੂਪ ਵਿਚ ਹੋਣੀ ਚਾਹੀਦੀ ਹੈ, ਸੇਵਾ ਜੋ ਹੱਥੀਂ ਕੀਤੀ ਜਾ ਸਕੇ ਭਾਵੇਂ ਨਿੱਤਨੇਮ ਤੋਂ ਇਲਾਵਾ ਹੋਰ ਬਾਣੀ ਪੜ੍ਹਨ-ਸੁਣਨ ਅਤੇ ਗੁਰੂ ਪੰਥ ਦੀ ਸੇਵਾ ਲਈ ਧਨ ਭੇਟ ਕਰਨ ਦੀਆਂ ਵੀ ਤਨਖ਼ਾਹਾਂ ਲੱਗੀਆਂ ਦੇ ਹਵਾਲੇ ਮਿਲਦੇ ਹਨ, ਯਥਾ :


Sri Satguru Jagjit Singh Ji eLibrary NamdhariElibrary@gmail.com

"ਬਾਬਾ ਕਰਤਾਰ ਸਿੰਘ ਬੇਦੀ ਨੇ ਨਨਕਾਣੇ ਸਾਹਿਬ ਦੇ ਸਾਕੇ ਸਮੇਂ ਸਾਧੂਆਂ ਦੀ ਇਕ ਕਮੇਟੀ ਬਣਾ ਕੇ ਪੰਥ ਦੀ ਵਿਰੋਧਤਾ ਕੀਤੀ, ਹਰਿਦੁਆਰ ਜਾ ਕੇ ਸਿੱਖ ਪੰਥ ਦੇ ਵਿਰੁੱਧ ਤਕਰੀਰਾਂ ਕੀਤੀਆਂ ਤੇ ਕੌਮ ਦੇ ਵਿਰੋਧੀਆਂ ਨਾਲ ਹਮਦਰਦੀ ਪ੍ਰਗਟ ਕੀਤੀ, ਇਸ ਲਈ ਉਹ ਦੋਸ਼ੀ ਹੈ। ਉਸ ਨੂੰ ਦੰਡ ਲਾਇਆ ਜਾਂਦਾ ਹੈ ਕਿ ਉਹ ਇਕ ਤਾਂ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਘੰਟੇ ਘਰ ਤੋਂ ਥੜਾ ਸਾਹਿਬ ਤਕ ਝਾੜੂ ਦੇਣ ਦੀ ਸੇਵਾ ਕਰੇ ਅਤੇ ਅੰਮ੍ਰਿਤਸਰੋਂ ਨੰਗੇ ਪੈਰੀਂ ਚੱਲ ਕੇ ਨਨਕਾਣੇ ਸਾਹਿਬ ਜਾਵੇ। ਉਥੇ ਪੁੱਜ ਕੇ ਪੰਜ ਅਖੰਡ ਪਾਠ ਕਰਾਵੇ ਤੇ ਦਸ ਹਜ਼ਾਰ ਰੁਪਿਆ ਸ਼ਹੀਦੀ ਫ਼ੰਡ ਵਿਚ ਦੇਵੇ।

*(ਗਿਆਨੀ ਪ੍ਰਤਾਪ ਸਿੰਘ, ਅਕਾਲੀ ਲਹਿਰ, ਪੰਨੇ 396-97)*

ਨੋਟ: ਇਸ ਵੇਲੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਅਛਰ ਸਿੰਘ ਜੀ ਸਨ।

"ਲੱਖ, ਹਜ਼ਾਰ, ਦੋ ਸੌ, ਆਦਿ। ਤਨਖ਼ਾਹ ਹੈਸੀਅਤ ਦੇ ਮੁਤਾਬਕ ਹੋਣੀ ਚਾਹੀਦੀ ਹੈ, ਯਥਾ ਅੜੀ ਨਹੀਂ ਕਰਨੀ। ਤਨਖ਼ਾਹ ਲੈਣੀ ਵੈਰ ਨਹੀਂ ਕਰਨਾ।" *(ਰਹਿਤਨਾਮਾ ਭਾਈ ਚਉਪਾ ਸਿੰਘ)*

ਬਖ਼ਸ਼ਣ ਲੱਗਿਆਂ ਇਨ੍ਹਾਂ ਗੁਰਵਾਕਾਂ ਦਾ ਧਿਆਨ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ:

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥** *(ਗੁ: ਗ੍ਰੰ: ਸਾ:, ਪੰਨਾ 61)*

**ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥**

*(ਗੁ: ਗ੍ਰੰ: ਸਾ:, ਪੰਨਾ 72)*

ਗੁਰੂ ਪੰਥ ਸਦਾ ਹੀ ਬਖ਼ਸ਼ਿੰਦ ਹੈ, ਜੋ ਵੱਡੀਆਂ ਭੁੱਲਾਂ ਕਰਨ ਵਾਲੇ ਨੂੰ ਸਦਾ ਬਖ਼ਸ਼ਦਾ ਰਿਹਾ ਹੈ, ਕਿਉਂਕਿ ਪੰਥ ਵਾਹਿਗੁਰੂ ਦਾ ਹੈ, ਜਿਸ ਦਾ ਸੁਭਾਅ ਦਸਮੇਸ਼ ਜੀ ਇਉਂ ਬਿਆਨ ਕਰਦੇ ਹਨ:

**ਅਮਾਂ ਬਖ਼ਸ਼ ਬਖ਼ਸ਼ਿੰਦ ਓ ਦਸਤਗੀਰ॥**
**ਖ਼ਤਾ ਬਖ਼ਸ਼ ਰੋਜ਼ੀ ਦਿਹੋ ਦਿਲ ਪਜ਼ੀਰ॥੨॥** *(ਜ਼ਫ਼ਰਨਾਮਾ ਸਾਹਿਬ)*

[ਤੂੰ ਸ਼ਰਨ ਪਏ ਦੀ ਲਾਜ ਰੱਖਣ ਵਾਲਾ, ਬਖ਼ਸ਼ਣ ਵਾਲਾ ਅਤੇ (ਔਖੇ ਵੇਲੇ) ਬਾਂਹ ਫੜਨ ਵਾਲਾ ਹੈਂ। ਤੂੰ ਭੁੱਲਾਂ ਮਾਫ਼ ਕਰਨ ਵਾਲਾ, ਰੋਜ਼ੀ ਦਾਤਾ ਅਤੇ ਮਨ ਨੂੰ ਪਿਆਰਾ ਲੱਗਣ ਵਾਲਾ ਹੈਂ।]

ਫਿਰ ਜੋ ਆਪ ਚੱਲ ਕੇ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਨਿਹਕਪਟ ਹਿਰਦੇ ਨਾਲ ਆਪਣੀ ਭੁੱਲ ਦਾ ਇਕਬਾਲ ਕਰਦਾ ਹੈ; ਦੀਵਾਨ ਦਾ ਫ਼ੈਸਲਾ ਮੰਨਣ ਲਈ ਤਿਆਰ ਹੈ ਅਤੇ ਅੱਗੇ ਲਈ ਧਰਮ ਮਰਯਾਦਾ ਅਨੁਸਾਰ ਚੱਲਣ ਦਾ ਵਾਅਦਾ ਕਰਦਾ ਹੈ ਤਾਂ ਗੁਰੂ ਰੂਪ ਖ਼ਾਲਸਾ ਜੀ ਦਾ ਬਿਰਦ ਹੈ ਕਿ ਸੰਸਾਰੀ ਅਦਾਲਤਾਂ ਜਾਂ ਥਾਣਿਆਂ ਵਾਂਗ ਸਜ਼ਾ ਨਾ ਦਿੱਤੀ ਜਾਵੇ, ਸਗੋਂ ਹੋਈ ਭੁੱਲ ਅਨੁਸਾਰ ਖ਼ਾਲਸੇ ਦੀ ਸੇਵਾ ਕਰਨੀ

ਦੱਸ ਕੇ ਖਿਮਾ ਕੀਤਾ ਜਾਵੇ। ਸਜ਼ਾ ਦੇਣਾ ਸਾਧਾਰਨ ਵਰਤਾਰਾ ਹੈ, ਪਰ ਛਿਮਾ ਕਰਨੀ ਧਾਰਮਿਕ ਵਡਿਆਈ। To err is human to forgive divine.

**ਕਰਨੀ ਛਿਮਾ ਮਹਾਂ ਤਪ ਜਾਨ॥**
**ਛਿਮਾ ਕਰਤ ਹੀ ਦੈਬੋ ਦਾਨ॥**
**ਛਿਮਾ ਸਕਲ ਤੀਰਥ ਇਸ਼ਨਾਨ॥**
**ਛਿਮਾ ਕਰਤ ਨਰ ਕੀ ਕਲਯਾਨ॥**
**ਛਿਮਾ ਸਮਾਨ ਆਨ ਗੁਨ ਨਾਹੀ॥**
**ਤਾਂ ਤੇ ਛਿਮਾ ਧਰਹੁ ਮਨ ਮਾਹੀ॥** *(ਗੁਰ ਪ੍ਰਤਾਪ ਸੂਰਜ)*

**(ਸ) ਅੰਤ ਸੋਧ ਦੀ ਅਰਦਾਸ ਹੋਵੇ।** *(ਸਿੱਖ ਰਹਿਤ ਮਰਯਾਦਾ, ਪੰਨਾ 32)*

***ਵਿਆਖਿਆ :***

**ਸੋਧ ਦੀ ਅਰਦਾਸ** : ਜਿਸ ਸਮੇਂ ਦੀਵਾਨ ਦੇ ਫ਼ੈਸਲੇ ਅਨੁਸਾਰ ਤਨਖ਼ਾਹ ਪੂਰੀ ਹੋ ਜਾਵੇ ਤਾਂ ਸੰਬੰਧਿਤ ਸਿੰਘ ਫਿਰ ਦੀਵਾਨ ਵਿਚ ਹਾਜ਼ਰ ਹੋ ਕੇ ਸੋਧ ਦੀ ਅਰਦਾਸ ਕਰਾਵੇ। ਜਿਥੇ ਉਸ ਲਈ ਅੱਗੇ ਵਾਸਤੇ ਗੁਰੂ-ਆਸਰੇ ਰਹਿਤ-ਬਹਿਤ ਵਿਚ ਸਾਵਧਾਨ ਹੋ ਕੇ ਵਿਚਰਨਾ ਜ਼ਰੂਰੀ ਹੈ, ਉਥੇ ਗੁਰੂ-ਭਾਈਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਸ ਦੀ ਪਿਛਲੀ ਭੁੱਲ ਨੂੰ ਕਦੀ ਨਾ ਚਿਤਾਰਨ ਅਤੇ ਬਰਾਬਰ ਦਾ ਸਨਮਾਨ ਦੇਣ।

ਗੁਰਵਾਕ :

**ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ॥**
*(ਗੁ: ਗ੍ਰੰ: ਸਾ:, ਪੰਨਾ 960)*

**ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ॥੧੯॥੨੬॥**
*(ਵਾਰਾਂ ਭਾਈ ਗੁਰਦਾਸ ਜੀ)*

www.archive.org/details/namdhari

Sri Satguru Jagjit Singh Ji eLibrary NamdhariElibrary@gmail.com

## ੪. ਗੁਰਮਤਾ ਕਰਨ ਦੀ ਵਿਧੀ

**(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ। ਹੋਰ ਕਿਸੇ ਕਿਸਮ ਦੇ ਸਾਧਾਰਨ (ਧਾਰਮਿਕ, ਵਿੱਦਿਅਕ, ਸਮਾਜਿਕ, ਪੁਲੀਟਿਕਲ) ਸਵਾਲ ਉੱਤੇ ਕੇਵਲ ਮਤਾ ਹੋ ਸਕਦਾ ਹੈ।**

**(ਅ) ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।**

*ਵਿਆਖਿਆ :*

ਪੰਥਕ ਰਹਿਣੀ ਦਾ ਇਹ ਅਧਿਆਇ ਦੋ ਨਿਯਮਾਂ 'ਤੇ ਆਧਾਰਿਤ ਹੈ, ਜਿਸ ਵਿਚ ਗੁਰਮਤਾ ਪ੍ਰਥਾ ਬਾਬਤ ਸੇਧ ਦਿੱਤੀ ਗਈ ਹੈ। ਗੁਰਮਤਾ ਦਾ ਅਰਥ ਹੈ—ਗੁਰਮਤਿ ਅਨੁਸਾਰ ਕੀਤਾ ਹੋਇਆ ਫ਼ੈਸਲਾ। ਗੁਰੂ-ਪੰਥ ਦਾ ਹੁਕਮ ਹੈ ਕਿ ਗੁਰਮਤਾ ਕੇਵਲ ਉਸੇ ਨੂੰ ਹੀ ਕਿਹਾ ਜਾਵੇਗਾ, ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਬਾਬਤ ਕੀਤਾ ਜਾਵੇਗਾ। ਇਸ ਨੁਕਤੇ ਦੀ ਵਿਆਖਿਆ ਵੀ ਇਉਂ ਕੀਤੀ ਗਈ ਹੈ ਕਿ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ (ਬਾਣੀ) ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ ਅਤੇ ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ ਜੋ ਫ਼ੈਸਲਾ ਹੋਵੇਗਾ, ਉਹ ਗੁਰਮਤਾ ਹੋਵੇਗਾ ਅਰ ਨਾਲ ਹੀ ਇਹ ਵੀ ਜ਼ਿਕਰ ਕੀਤਾ ਹੈ ਕਿ ਮੁੱਢਲੇ ਅਸੂਲਾਂ ਤੋਂ ਇਲਾਵਾ ਹੋਰ ਕਿਸੇ ਕਿਸਮ ਦੇ ਸਾਧਾਰਨ ਸੁਆਲ ਉੱਤੇ ਕੀਤਾ ਫ਼ੈਸਲਾ ਮਤਾ ਹੋਵੇਗਾ ਚਾਹੇ ਉਹ ਧਾਰਮਿਕ, ਵਿੱਦਿਅਕ, ਸਮਾਜਿਕ ਜਾਂ ਰਾਜਸੀ ਆਦਿ ਹੋਵੇ।

ਅਸਲ ਵਿਚ ਗੁਰੂ ਨਾਨਕ ਸਾਹਿਬ ਵੱਲੋਂ ਸੰਗਤਾਂ ਦੇ ਕਾਇਮ ਹੋਣ ਦੇ ਨਾਲ ਹੀ ਗੁਰਮਤਾ ਕਰਨ ਦੀ ਰੀਤਿ ਦਾ ਆਰੰਭ ਹੋ ਗਿਆ ਸੀ, ਪਰ ਖ਼ਾਲਸਾ ਸਜਣ ਤੋਂ ਬਾਅਦ ਤਾਂ ਇਸ ਨੇ ਬਾਕਾਇਦਾ ਸੰਸਥਾ ਦਾ ਰੂਪ ਧਾਰਨ ਕਰ ਲਿਆ ਅਤੇ ਅੱਗੇ ਤੋਂ ਗੁਰਮਤਿ ਦੀ ਸੇਧ ਵਿਚ ਗੁਰੂ-ਪੰਥ ਦੇ ਪ੍ਰਤੀਨਿਧ ਰੂਪ ਵਿਚ ਪੰਜ ਪਿਆਰੇ ਗੁਰਮਤੇ ਕਰਨ ਲੱਗੇ।

ਭਾਵੇਂ ਅਠਾਰ੍ਹਵੀਂ ਅਤੇ ਉੱਨੀਵੀਂ ਸਦੀ ਵਿਚ ਗੁਰੂ-ਪੰਥ ਵੱਲੋਂ ਕੀਤੇ ਬਹੁਤੇ 'ਗੁਰਮਤੇ' ਆਪਣੀ ਹੋਂਦ ਲਈ ਜੱਦੋ-ਜਹਿਦ ਕਰਨ ਜਾਂ ਸੀਮਾ ਸ਼ਕਤੀ ਵਧਾਉਣ ਲਈ ਹੀ ਸਨ, ਪਰ ਇਸ ਸਮੇਂ ਦੌਰਾਨ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਪੁਨਰ-ਉਸਾਰੀ ਅਤੇ ਸਿੰਘ ਸਭਾ, ਚੀਫ਼ ਖ਼ਾਲਸਾ ਦੀਵਾਨ ਅਤੇ ਫਿਰ ਵੀਹਵੀਂ ਸਦੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਧਰਮ ਪ੍ਰਚਾਰਕ ਅਰ ਧਰਮ ਅਸਥਾਨਾਂ ਦੀ ਸੰਭਾਲ ਲਈ ਸੰਸਥਾਵਾਂ ਕਾਇਮ ਕਰਨ ਹਿੱਤ ਗੁਰਮਤੇ ਹੋਏ। ਸ਼੍ਰੋਮਣੀ ਕਮੇਟੀ ਹੋਂਦ (1920 ਈਸਵੀ) ਵਿਚ ਆਉਣ ਉਪਰੰਤ ਅਨੇਕਾਂ ਵਾਰ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਅਤੇ ਰੱਖਿਆ ਲਈ ਗੁਰਮਤੇ ਹੋਏ ਹਨ।

 Sri Satguru Jagjit Singh Ji eLibrary NamdhariElibrary@gmail.com

ਗੁਰਮਤਾ ਕਰਨ ਲਈ ਘੱਟੋ-ਘੱਟ ਪੰਜ ਤਿਆਰ-ਬਰ-ਤਿਆਰ ਸਿੰਘਾਂ ਦਾ ਹੋਣਾ ਜ਼ਰੂਰੀ ਹੈ, ਜਿਵੇਂ ਕਿ ਭਾਈ ਦਯਾ ਸਿੰਘ ਜੀ ਰਹਿਤਨਾਮੇ ਵਿਚ ਲਿਖਦੇ ਹਨ :

"ਪਾਂਚ ਸਿੱਖ ਮਿਲ ਕਰ ਰਹਤ ਬਿਬੇਕ ਕਾ ਗੁਰਮਤਾ ਕਰੇਂ।"

ਪਰ, ਚੂੰਕਿ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਗੁਰਮਤਾ ਕਰਨਾ ਹੈ, ਇਸ ਲਈ ਇਸ ਦਾ ਅਧਿਕਾਰੀ ਪੰਥ ਦਾ ਚੁਣਿਆ ਹੋਇਆ ਸ਼੍ਰੋਮਣੀ (ਮੁਖੀ) ਜਥਾ, ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਸਰਬੱਤ ਖ਼ਾਲਸਾ ਦੇ ਰੂਪ ਵਿਚ ਹੀ ਕਰ ਸਕਦਾ ਹੈ।

ਗੁਰਮਤਾ ਕਰਨ ਦੀ ਵਿਧੀ ਬਾਬਤ ਕੁਝ ਪੁਰਾਤਨ ਲਿਖਤਾਂ ਇਸ ਪ੍ਰਕਾਰ ਹਨ :

**ਜਵਾਂ ਮਰਦ ਸੂਰਬੀਰ ਅਤਿ।**
**ਸਤਿਵਾਦੀ ਅਤਿਕਾਦੀ ਗੁਰਮਤਿ ॥੧੦॥**
**ਕਾਮ ਪਰਤ ਥਾ ਜੌ ਕਿਛੁ ਤਬ ਹੀ**
**ਕਰਤ ਗੁਰਮਤਾ ਮਿਲ ਕਰ ਸਬ ਹੀ।**
**ਜਥੇਦਾਰ ਜੋ ਕਿਛੁ ਕਹਿ ਦੇਤਾ।**
**ਸੋਈ ਪੰਥ ਮਾਨ ਸਭ ਲੇਤਾ ॥੧੧॥** *(ਨਵੀਨ ਪੰਥ ਪ੍ਰਕਾਸ਼)*

ਇਕੱਠ ਦਾ ਪਾਸ ਕੀਤਾ ਗੁਰਮਤਾ ਜਥੇਦਾਰ ਬੁਲੰਦ ਅਵਾਜ਼ ਵਿਚ ਪੜ੍ਹ ਕੇ ਸੁਣਾ ਦੇਂਦਾ, ਜਿਸ ਉਪਰ ਫਿਰ ਸਾਰੇ ਦਿਲ-ਜਾਨ ਨਾਲ ਤਾਮੀਲ ਕਰਦੇ।

## ੫. ਸਥਾਨਕ ਫ਼ੈਸਲਿਆਂ ਦੀ ਅਪੀਲ

**ਸਥਾਨਕ ਗੁਰ-ਸੰਗਤ ਦੇ ਫ਼ੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੋ ਸਕਦੀ ਹੈ।**

***ਵਿਆਖਿਆ :***

'ਸਿੱਖ ਰਹਿਤ ਮਰਯਾਦਾ' ਦੀ 'ਪੰਥਕ ਰਹਿਣੀ' ਦੇ ਭਾਗ ਇਸ ਅਧਿਆਇ ਦੀ ਕੇਵਲ ਇੱਕੋ ਪੰਗਤੀ ਹੈ, ਜਿਸ ਅਨੁਸਾਰ ਗੁਰੂ-ਪੰਥ ਦਾ ਫ਼ੈਸਲਾ ਹੈ ਕਿ ਜੇ ਕਦੀ ਸਥਾਨਕ ਸੰਗਤਾਂ ਦਰਮਿਆਨ ਕਿਸੇ ਖ਼ਾਸ (ਧਾਰਮਿਕ, ਰਾਜਨੀਤਕ ਜਾਂ ਪ੍ਰਬੰਧਕੀ ਆਦਿ) ਮੁੱਦੇ 'ਤੇ ਵਿਵਾਦ ਹੋ ਜਾਂਦਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਸ ਨੂੰ ਸਥਾਨਕ ਪੱਧਰ 'ਤੇ ਹੀ ਹੱਲ ਕਰ ਲਿਆ ਜਾਵੇ, ਪਰ ਆਪਸੀ ਬੇ-ਵਿਸ਼ਵਾਸੀ ਕਾਰਨ ਜੇ ਅਜਿਹਾ ਨਾ ਹੋ ਸਕੇ ਤਾਂ ਇਸ ਬਾਬਤ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਜਾ ਸਕਦੀ ਹੈ। ਇਥੇ ਇਹ ਧਿਆਨ ਰਹੇ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰਿਆਂ ਵੱਲੋਂ ਲਿਆ ਗਿਆ ਪੰਥਕ ਫ਼ੈਸਲਾ ਮੰਨਣ ਲਈ ਸੰਬੰਧਿਤ ਧਿਰਾਂ ਹਰ ਹਾਲਤ ਵਿਚ ਪਾਬੰਦ ਹੋਣਗੀਆਂ, ਜੋ ਇਸ ਦਾ ਉਲੰਘਣ ਕਰੇਗਾ ਗੁਰੂ-ਪੰਥ ਪ੍ਰਤੀ ਜੁਆਬ ਦੇਹ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

# ਚੋਣਵੀਂ ਸਹਾਇਕ ਪੁਸਤਕ ਸੂਚੀ


*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸ਼ਮਸ਼ੇਰ ਸਿੰਘ ਅਸ਼ੋਕ, *ਅਕਾਲੀ ਲਹਿਰ ਤੇ ਜੈਤੋ ਦਾ ਮੋਰਚਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1994.

—, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998.

—, *ਨੀਸਾਣ ਤੇ ਹੁਕਮਨਾਮੇ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1967.

ਸਰੂਪ ਦਾਸ (ਭੱਲਾ), *ਮਹਿਮਾ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ।

ਸਾਹਿਬ ਸਿੰਘ (ਪ੍ਰੋ.), *ਦਰਪਣ ਸ੍ਰੀ ਗੁਰੂ ਗ੍ਰੰਥ ਸਾਹਿਬ*, ਰਾਜ ਪਬਲਿਸ਼ਰਜ਼, ਜਲੰਧਰ, 1976.

*ਸਿੱਖ ਰਹਿਤ ਮਰਯਾਦਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1937, 1938, 1939, 1945, 1950, 1982, 1983, 1999, 2000, 2004.

—, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ।

—, ਗੁਰਦੁਆਰਾ ਕੱਤੋਂ, ਸਿੰਘਾਪੁਰ।

—, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ।

ਸੁਖਦਿਆਲ ਸਿੰਘ, *ਸ੍ਰੀ ਅਕਾਲ ਤਖ਼ਤ ਸਾਹਿਬ*, ਸਿੱਖ ਨੈਸ਼ਨਲ ਇੰਟੈਲੀਜੈਂਸੀਆ ਫ਼ੋਰਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

—, *ਸਿਰੀ ਅਕਾਲ ਤਖ਼ਤ ਸਾਹਿਬ ਇਤਿਹਾਸਕ ਵਿਸ਼ਲੇਸ਼ਣ*, ਲਾਹੌਰ ਬੁੱਕ ਸ਼ਾਪ, 1985.

ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਨਵਯੁਗ ਪਬਲਿਸ਼ਰਜ਼, ਦਿੱਲੀ, 1982.

*Sikh Rehat Maryada* (English Translation), S.G.P.C, Sri Amritsar, 1999.

ਹਜ਼ਾਰਾ ਸਿੰਘ ਠੇਕੇਦਾਰ (ਭਵਾਨੀਗੜ੍ਹ), *ਪੰਥ ਦੀ ਰਹਿਤ ਮਰਯਾਦਾ ਦੇ ਖਰੜੇ ਸੰਬੰਧੀ ਸੁਝਾਅ*, ਜੂਨ 1931.

ਹਰਕੀਰਤ ਸਿੰਘ, *ਸਿੱਖ ਰਹਿਤ ਮਰਯਾਦਾ ਦੀ ਸਮੀਖਿਆ*, ਨਿਊ ਬੁੱਕ ਕੰਪਨੀ, ਜਲੰਧਰ.

ਹਰਜਿੰਦਰ ਸਿੰਘ ਦਿਲਗੀਰ (ਡਾ.), *ਅਕਾਲ ਤਖ਼ਤ ਸਾਹਿਬ* (ਫ਼ਲਸਫ਼ਾ ਅਤੇ ਤਵਾਰੀਖ਼), ਸਿੱਖ ਯੂਨੀਵਰਸਿਟੀ ਸੈਂਟਰ, ਬੈਲਜੀਅਮ, 2000.

—, *ਸਿੱਖ ਕੌਣ ਹਨ ?*, ਸਿੱਖ ਯੂਨੀਵਰਸਿਟੀ ਸੈਂਟਰ, ਬੈਲਜੀਅਮ, 2000.

ਹਰਬੰਸ ਸਿੰਘ, *The Encyclopaedia of Sikhism*, Punjabi University Press, 1996.

ਹਰਿਭਜਨ ਸਿੰਘ (ਪ੍ਰਿੰ.), *ਸਾਚੀ ਪ੍ਰੀਤ*, ਗ਼ਜ਼ਲਾਂ ਭਾਈ ਨੰਦ ਲਾਲ ਜੀ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ।

ਕਰਤਾਰ ਸਿੰਘ ਖ਼ਾਲਸਾ (ਸੰਤ), *ਖ਼ਾਲਸਾ ਜੀਵਨ ਅਤੇ ਗੁਰਮਤਿ ਰਹਿਤ ਮਰਯਾਦਾ*, ਦਮਦਮੀ ਟਕਸਾਲ ਜਥਾ ਭਿੰਡਰਾਂ, 2000.

ਕਾਨ੍ਹ ਸਿੰਘ ਨਾਭਾ (ਭਾਈ), *ਹਮ ਹਿੰਦੂ ਨਹੀਂ*, ਸਿੰਘ ਸਭਾ ਪਤ੍ਰਿਕਾ, ਕੇਂਦਰੀ ਸਿੰਘ ਸਭਾ, ਸ੍ਰੀ ਅੰਮ੍ਰਿਤਸਰ।

—, *ਗੁਰਮਤਿ ਮਾਰਤੰਡ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1973.

—, *ਮਹਾਨ ਕੋਸ਼*, ਭਾਸ਼ਾ ਵਿਭਾਗ, 1973, 1978.

ਕਿਰਪਾਲ ਸਿੰਘ (ਸਿੰਘ ਸਾਹਿਬ), *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1991.

—, *ਅਕਾਲ ਤਖ਼ਤ ਤੇ ਅਕਾਲ ਤਖ਼ਤ ਦੇ ਜਥੇਦਾਰ*, ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ।




Sri Satguru Jagjit Singh Ji eLibrary NamdhariElibrary@gmail.com

ਕਿਰਪਾਲ ਸਿੰਘ (ਸਿੰਘ ਸਾਹਿਬ), *ਸਿੱਖ ਮੱਤ ਦਰਸ਼ਨ*, ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ।
—, (ਸੰਪਾ.), *ਪੰਥਕ ਮਤੇ*, ਡਾ. ਮਾਨ ਸਿੰਘ, 2002.
ਕੇਸਰ ਸਿੰਘ (ਛਿੱਬਰ), *ਬੰਸਾਵਲੀਨਾਮਾ*, ਲਾਹੌਰ ਬੁੱਕ ਸ਼ਾਪ, ਲੁਧਿਆਣਾ।
*ਖ਼ਾਲਸਾ ਸਮਾਚਾਰ*, ਵਜ਼ੀਰ ਹਿੰਦ ਪ੍ਰੈਸ, ਸ੍ਰੀ ਅੰਮ੍ਰਿਤਸਰ, 1912, 1913, 1914, 1915.
*ਖ਼ਾਲਸਾ ਨੀਤਿ ਧਰਮ ਸ਼ਾਸਤਰ*, ਪੰਚ ਖ਼ਾਲਸਾ ਦੀਵਾਨ, ਭਸੌੜ।
ਗੰਡਾ ਸਿੰਘ (ਡਾ.) (ਸੰਪਾ.), *ਹੁਕਮਨਾਮੇ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.
ਗਿਆਨ ਸਿੰਘ (ਗਿਆਨੀ), *ਤਵਾਰੀਖ਼ ਗੁਰੂ ਖ਼ਾਲਸਾ*, ਭਾਸ਼ਾ ਵਿਭਾਗ, ਪੰਜਾਬ, 1987.
—, *ਪੰਥ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ।
—, *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
*ਗਿਆਨ ਰਤਨਾਵਲੀ*, ਵਾਰਾਂ ਭਾਈ ਗੁਰਦਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1987.
*ਗੁਰ ਸੋਭਾ*, ਕਵਿ ਸੈਨਾਪਤਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
*ਗੁਰਬਾਣੀ ਪਾਠ ਦਰਸ਼ਨ*, ਦਮਦਮੀ ਟਕਸਾਲ, ਜਥਾ ਭਿੰਡਰਾਂ।
*ਗੁਰਬਿਲਾਸ ਪਾਤਸ਼ਾਹੀ ਛੇਵੀਂ*, ਭਾਸ਼ਾ ਵਿਭਾਗ, ਪੰਜਾਬ, 1977.
*ਗੁਰਮਤਿ ਪ੍ਰਕਾਸ਼* (ਭਾਗ ਸੰਸਕਾਰ), ਚੀਫ਼ ਖ਼ਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ, 1915.
*ਗੁਰਮਤਿ ਰਹਿਤ ਮਰਯਾਦਾ*, ਸੰਤ ਸਮਾਜ।
ਤੇਜਾ ਸਿੰਘ (ਪ੍ਰਿੰ.), *ਸਿੱਖ ਧਰਮ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
ਨਰੈਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਅਕੈਡਮੀ ਆਫ਼ ਸਿੱਖ ਰਿਲਿਜਨ ਐਂਡ ਕਲਚਰ, ਪਟਿਆਲਾ, 1978.
ਪਿਆਰਾ ਸਿੰਘ ਪਦਮ, *ਸੌ ਸਾਖੀ*, ਕਲਮ ਮੰਦਰ, ਲੋਅਰ ਮਾਲ, ਪਟਿਆਲਾ, 1983.
— (ਸੰਪਾ.), *ਗੁਰੂ ਕੀਆਂ ਸਾਖੀਆਂ*, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 1991.
—, *ਗੁਰੂ ਗ੍ਰੰਥ ਵਿਚਾਰ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.
—, *ਗੁਰੂ ਘਰ*, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 1997.
—, *ਰਹਿਤਨਾਮੇ*, ਕਲਮ ਮੰਦਰ, ਲੋਅਰ ਮਾਲ, ਪਟਿਆਲਾ, 1974.
ਪ੍ਰਤਾਪ ਸਿੰਘ (ਗਿ:), *ਅਕਾਲੀ ਲਹਿਰ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1994.
—, *ਗੁਰਮਤਿ ਫ਼ਿਲਾਸਫ਼ੀ*, ਖ਼ਾਲਸਾ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 1996.
ਬਲਕਾਰ ਸਿੰਘ (ਡਾ.), *ਅਕਾਲ ਤਖ਼ਤ ਸਾਹਿਬ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1995.
ਮੇਘ ਰਾਜ (ਭਾਈ), *ਦੀਵਾਨਿ ਗੋਯਾ ਭਾਈ ਨੰਦ ਲਾਲ ਜੀ*, ਸ੍ਰੀ ਅੰਮ੍ਰਿਤਸਰ।
ਰਣਧੀਰ ਸਿੰਘ (ਸ:), *ਦਸਮ ਗ੍ਰੰਥ* (ਸ਼ਬਦਾਰਥ), ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਰਣਧੀਰ ਸਿੰਘ (ਭਾਈ), *ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ*, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2003.
ਰੂਪ ਸਿੰਘ (ਸੰਪਾ.), *ਹੁਕਮਨਾਮੇ ਆਦੇਸ਼ ਤੇ ਸੰਦੇਸ਼*, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2003.
—, *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003.
ਲਾਲ ਸਿੰਘ (ਗਿ.) ਸੰਗਰੂਰ, *ਸਿੱਖ ਕਾਨੂੰਨ*, ਭਾਈ ਜਵਾਹਰ ਸਿੰਘ ਕਿਰਪਾਲ ਸਿੰਘ, ਸ੍ਰੀ ਅੰਮ੍ਰਿਤਸਰ, 1946.
—, *ਗੁਰਮਤਿ ਨਿਰਣਯ*, ਸੰਗਰੂਰ।
ਵੀਰ ਸਿੰਘ (ਭਾਈ) (ਸੰਪਾ.), *ਸਿੱਖਾਂ ਦੀ ਭਗਤ ਮਾਲ*, ਵਜ਼ੀਰ ਹਿੰਦ ਪ੍ਰੈਸ, ਸ੍ਰੀ ਅੰਮ੍ਰਿਤਸਰ।
—, *ਗੰਜਨਾਮਾ ਅਤੇ ਤੌਸੀਫ਼ੋਸਨਾ ਭਾਈ ਨੰਦ ਲਾਲ ਜੀ*, ਵਜ਼ੀਰ ਹਿੰਦ ਪ੍ਰੈਸ, ਸ੍ਰੀ ਅੰਮ੍ਰਿਤਸਰ।
—, *ਗੁਰਪ੍ਰਤਾਪ ਸੂਰਜ ਗ੍ਰੰਥਾਵਲੀ*, ਸੰਤੋਖ ਸਿੰਘ (ਭਾਈ), ਵਜ਼ੀਰ ਹਿੰਦ ਪ੍ਰੈਸ, ਸ੍ਰੀ ਅੰਮ੍ਰਿਤਸਰ।
—, *ਪੁਰਾਤਨ ਜਨਮਸਾਖੀ*, ਵਜ਼ੀਰ ਹਿੰਦ ਪ੍ਰੈਸ, ਸ੍ਰੀ ਅੰਮ੍ਰਿਤਸਰ।
—, *ਵਾਰਾਂ ਭਾਈ ਗੁਰਦਾਸ*, ਵਜ਼ੀਰ ਹਿੰਦ ਪ੍ਰੈਸ, ਸ੍ਰੀ ਅੰਮ੍ਰਿਤਸਰ।



Sri Satguru Jagjit Singh Ji eLibrary NamdhariElibrary@gmail.com

# ਇੰਡੈਕਸ

ਉਪਦੇਸ਼ ਨੂੰ ਮੰਨਣਾ 169
ਉਪਾਸਨਾ ਕੇਵਲ ਅਕਾਲ ਪੁਰਖ ਦੀ 112

ਅਖੰਡ ਪਾਠ 98
ਅੰਗ ਛੇਦਨਾ 144
ਅਗਨੀ ਦਿਖਾਉਣ ਵਾਲੇ ਬਾਬਤ ਪਾਬੰਦੀ ਨਹੀਂ 180
ਅਗਲੀ ਕਾਰਵਾਈ ਦਾ ਅਧਿਕਾਰ 35
ਅੰਦਰਲੀ ਤਰਤੀਬ 54
ਅੱਧ ਮਾਰਗ 183
ਅੱਧਵਾਟੇ ਆਉਣ ਵਾਲਾ 205
ਅਨੰਦ ਸੰਸਕਾਰ 157
ਅਨੰਦ ਸਾਹਿਬ ਦਾ ਪਾਠ ਮੁੜ ਮੁੜ ਕਰਨਾ 106
ਅਨੰਦ ਦਾ ਇਤਿਹਾਸਕ ਪਿਛੋਕੜ 157
ਅਨੰਦੁ ਦਾ ਪਾਠ 170
ਅੱਨ-ਧਰਮ ਦੇ ਗ੍ਰੰਥਾਂ ਉੱਤੇ ਨਿਸ਼ਚਾ ਜਾਂ ਉਨ੍ਹਾਂ ਦਾ ਪੜ੍ਹਨਾ 137
ਅਨ-ਧਰਮ ਦੇ ਤੀਰਥ ਜਾਂ ਧਾਮ 137
ਅਨਭੋਲ ਨੂੰ ਕੋਈ ਦੰਡ ਨਹੀਂ 218
ਅਨਮੱਤ ਦੀ ਕਿਸੇ ਪੁਸਤਕ ਦੀ ਕਥਾ ਨਹੀਂ 110
ਅਨਮੱਤ ਵਾਲਿਆਂ ਦਾ ਵਿਆਹ 171
ਅਭਿਲਾਖੀ ਦਾ ਪੂਰਨ ਤੌਰ 'ਤੇ ਸਮਰਪਤ ਹੋਣਾ ਜ਼ਰੂਰੀ 201
ਅਭਿਲਾਖੀ ਲਈ ਪੰਜ ਕਕਾਰਾਂ ਦਾ ਧਾਰਨੀ ਹੋਣਾ ਜ਼ਰੂਰੀ 201
ਅੰਮ੍ਰਿਤ ਸੰਸਕਾਰ 197
ਅੰਮ੍ਰਿਤ ਛਕਣ ਦਾ ਅਧਿਕਾਰੀ ਹਰ ਕੋਈ 199
ਅੰਮ੍ਰਿਤ ਛਕਣ ਲਈ ਉਮਰ 200
ਅੰਮ੍ਰਿਤ ਛਕਾਉਣਾ 205
ਅੰਮ੍ਰਿਤ ਛਕਾਣ ਲਈ ਸਿੰਘ ਤੇ ਸਿੰਘਣੀਆਂ ਦੀ ਹਾਜ਼ਰੀ 197
ਅੰਮ੍ਰਿਤ ਛਕਾਣ ਲਈ ਨਿਵੇਕਲੇ ਸਥਾਨ ਦਾ ਪ੍ਰਬੰਧ 197
ਅਰਦਾਸ 65
ਅਰਦਾਸ ਇਹ ਹੈ 66
ਅਰਦਾਸ ਸਮੇਂ ਦੀ ਮੁਦਰਾ 71
ਅਰਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ 72
ਆਨੰਦ ਕਾਰਜ 163
ਆਨੰਦ ਕਾਰਜ ਦੀ ਸਮਾਪਤੀ 170
ਆਪਣੀ ਭੁੱਲ ਨੂੰ ਮੰਨਣਾ 229
ਆਰਤੀ ਕਰਨੀ 77

ਇਸਤਰੀ-ਬਰਤਾ ਅਤੇ ਪਤੀ-ਬਰਤਾ 149
ਇਸ ਦਾ ਮਹੱਤਵ 25
ਇਸ਼ਨਾਨ ਅਤੇ ਜਾਪ 61
ਇਸ ਵਿਚ ਰੌਲ ਘਲੌਚਾ 25
ਇਹ 'ਕੁਝ ਵਾਧੇ ਘਾਟੇ' ਇਸ ਪ੍ਰਕਾਰ ਸਨ 40
ਇਕ ਸੰਖੇਪ ਨਜ਼ਰ 43
ਇਕ ਵਕਤ ਇੱਕੋ ਗੱਲ 92
ਇਕਾਦਸ਼ੀ ਅਤੇ ਪੂਰਨਮਾਸ਼ੀ ਦੇ ਵਰਤ 131
ਇੱਕੋ ਬਾਟੇ ਵਿੱਚੋਂ ਕੜਾਹ ਪ੍ਰਸ਼ਾਦ ਛਕਣਾ 228
ਏਕ ਜੋਤਿ ਦੁਇ ਮੂਰਤੀ 165

ਸੰਸਕਾਰ 154
ਸਸਕਾਰ ਕਰਨਾ 178
ਸ਼ਖ਼ਸੀ ਰਹਿਣੀ 54, 61
ਸੰਗਤ ਵੱਲੋਂ ਭੁੱਲ 'ਤੇ ਵੀਚਾਰ 229
ਸ਼ਗਨ 117
ਸਤਿ ਸ੍ਰੀ ਅਕਾਲ 151
ਸਤਿਗੁਰੂ ਜੀ ਦੇ ਦਰਸ਼ਨ 91
ਸਥਾਨਕ ਫ਼ੈਸਲਿਆਂ ਦੀ ਅਪੀਲ 234
ਸਥਾਨ ਦੀ ਤਿਆਰੀ 197
ਸਦਾ ਮਰਯਾਦਾ ਅਨੁਸਾਰ ਚੱਲਣਾ 150
ਸਨਮਾਨ ਲਈ ਖੜ੍ਹੇ ਹੋਣਾ 81
ਸਬ-ਕਮੇਟੀ ਵਿਚ ਵਾਧਾ ਘਾਟਾ ਅਤੇ ਖਰੜੇ 'ਤੇ ਹੋਰ ਵੀਚਾਰ 30
ਸ਼ਬਦ ਦੀ ਤੁਕ ਹੀ ਧਾਰਨਾ 90



Sri Satguru Jagjit Singh Ji eLibrary NamdhariElibrary@gmail.com

ਸਭਨਾਂ ਨੂੰ ਆਉਣ ਦੀ ਖੁੱਲ੍ਹ 82
ਸਰਬਲੋਹ 48
ਸ਼ਰਾਧ 186
ਸ਼ਰਾਧ, ਖਿਆਹ 124
ਸਾਕ ਮੁੱਲ ਲੈਣਾ ਜਾਂ ਦੇਣਾ 225
ਸਾਧ ਸੰਗਤ ਵਿਚ ਜੁੜ ਕੇ ਬਾਣੀ ਦਾ ਅਭਿਆਸ 73
ਸਾਧਾਰਨ ਪਾਠ 94
ਸਾਧਾਰਨ ਪਾਠ/ਅਖੰਡ ਪਾਠ ਦਾ ਆਰੰਭ 101
ਸਾਧਾਰਨ ਪਾਠ ਜਾਰੀ ਰੱਖਣਾ 97
ਸਿਆਪਾ 184
ਸਿੱਖ ਜੀਵਨ 60
ਸਿੱਖ ਦੀ ਤਾਰੀਫ਼ 57
ਸਿੱਖ ਦੀ ਰਹਿਣੀ ਅਤੇ ਕ੍ਰਿਤ 112
ਸਿੱਖ ਧਰਮ ਦੇ ਅਸੂਲਾਂ ਦਾ ਸਮਝਾਉਣਾ 202
ਸਿੱਖ ਪੁੱਤਰੀ ਦਾ ਵਿਆਹ ਸਿੱਖ ਨਾਲ 158
ਸਿੱਖ ਮੱਤ ਸਾਰਿਆਂ ਤੋਂ ਸੁਤੰਤਰ ਪਰ ਸਹਿਨਸ਼ੀਲ 138
ਸਿੱਖ ਰਹਿਤ ਮਰਯਾਦਾ 57
ਸਿੱਖ ਰਹਿਤ ਮਰਯਾਦਾ ਦਾ ਇਤਿਹਾਸ 25
ਸਿੱਖ ਰਹਿਤ ਮਰਯਾਦਾ ਦੀ ਵਿਆਖਿਆ 54
ਸਿੱਖ ਰਹਿਤ ਮਰਯਾਦਾ ਦੇ ਸੋਮੇ 45
ਸਿਖਾ 129
ਸਿੱਖਾਂ ਦੀ ਭਗਤ ਮਾਲ/ਭਗਤਾਵਲੀ/ ਭਗਤ ਰਚਨਾਵਲੀ 48
ਸਿੰਘਣੀ ਦਾ ਅੰਮ੍ਰਿਤਧਾਰੀ ਹੋਣਾ 175
ਸਿਫ਼ਾਰਸ਼ ਨੂੰ ਪ੍ਰਵਾਨਗੀ 41
ਸਿਰਗੁੰਮ ਨੜੀਮਾਰ ਦਾ ਸੰਗ ਨਹੀਂ 218
ਸੂਤ 129
ਸੂਤਕ 154
ਸੇਵਾ 56, 188
ਸੋਹਿਲਾ ਬਾਣੀ ਪਾਠ ਤੇ ਅਰਦਾਸ 181
ਸੋਧ ਦੀ ਅਰਦਾਸ 231
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 46
ਸ੍ਰੀ ਗੁਰੂ ਪੰਥ ਪ੍ਰਕਾਸ਼ 51

ਹੁਕਮਨਾਮੇ 52
ਹੁਕਮ ਲੈਣ ਦੀ ਮਰਯਾਦਾ 93
ਹੁਕਮ ਲੈਣਾ 91
ਹੋਮ 125
ਹੋਰ ਸੋਧਾਂ 39
ਹੋਰ ਰੀਤੀਆਂ 187

ਕਕਾਰ ਜੁਦਾ ਨਾ ਕਰਨੇ 180
ਕਕਾਰਾਂ ਨੂੰ ਅੰਗ-ਸੰਗ ਰੱਖਣਾ 210
ਕੰਘਾ 213
ਕੰਘਾ ਚਿੰਨ੍ਹ ਹੈ ਤਨ ਤੇ ਮਨ ਦੀ ਸਫ਼ਾਈ ਦਾ 214
ਕਛਹਿਰਾ 212
ਕਥਾ ਕਰਨ ਦਾ ਮਨੋਰਥ ਗੁਰਮਤਿ ਦ੍ਰਿੜ ਕਰਾਉਣਾ ਹੀ 108
ਕੜਾ 214
ਕੜਾਹ ਪ੍ਰਸ਼ਾਦ 104
ਕੜਾਹ ਪ੍ਰਸ਼ਾਦ ਤਿਆਰ ਕਰਨ ਦੀ ਵਿਧੀ 105
ਕਿਰਿਆ 185
ਕੀਰਤਨ 88
ਕੀਰਤਨ ਕਰਨ ਦਾ ਅਧਿਕਾਰੀ 88
ਕੀਰਤਨ ਕਰਨਾ 89
ਕੀਰਤਨ ਕੇਵਲ ਗੁਰਬਾਣੀ ਦਾ 90
ਕੁਝ ਮਹੱਤਵਪੂਰਨ ਤਾਰੀਖਾਂ 44
ਕੁੱਠਾ ਖਾਣਾ 216
ਕੁੰਭ, ਜੋਤ, ਨਲੀਏਰ ਆਦਿ ਰੱਖਣਾ 100
ਕੁਰਹਿਤ 214
ਕੁਰਹਿਤੀਏ ਦੀ ਸੋਧ 201
ਕੁੜਮਾਈ ਕਰਨੀ 160
ਕੁੜੀਮਾਰਾਂ ਨਾਲ ਵਰਤਣਾ 144
ਕੇਸ 211
ਕੇਸ ਜਮਾਂਦਰੂ ਰੱਖਣੇ 142
ਕੇਸਾਂ ਦੀ ਬੇਅਦਬੀ 215
ਕੇਸਾਂ ਨੂੰ ਕੰਘਾ ਕਰਨਾ 213
ਕੇਸਾਂ ਨੂੰ ਰੰਗਣਾ 225
ਕ੍ਰਿਪਾਨ 211
ਕ੍ਰਿਪਾਨ ਭੇਟ ਕਰਨੀ 106

ਖੰਡਾ ਬਾਟਾ ਸਰਬ ਲੋਹ ਦਾ ਜ਼ਰੂਰੀ 203
ਖਰੜੇ ਦੀ ਪ੍ਰਵਾਨਗੀ 39

ਗਊ ਮਣਸਾਉਣੀ 176
ਗ਼ਰੀਬ ਦੀ ਰਸਨਾ ਗੁਰੂ ਦੀ ਗੋਲਕ 145
ਗੁਰਸਿੱਖੀ ਦੀ ਵਿੱਦਿਆ 141
ਗੁਰ ਸੋਭਾ 49
ਗੁਰਦੁਆਰੇ 73
ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ 111
ਗੁਰਪ੍ਰਤਾਪ ਸੂਰਜ ਗ੍ਰੰਥ 51
ਗੁਰਬਾਣੀ ਦੀ ਕਥਾ 108
ਗੁਰਬਾਣੀ ਦੀ ਕਥਾ ਸਿੱਖ ਹੀ ਕਰੇ 108
ਗੁਰ ਬਿਲਾਸ 50
ਗੁਰਮਤਾ ਕਰਨ ਦੀ ਵਿਧੀ 232
ਗੁਰਮਤਿ ਦੀ ਰਹਿਣੀ 55, 112


Sri Satguru Jagjit Singh Ji eLibrary NamdhariElibrary@gmail.com

ਗੁਰਮਤਿ ਪ੍ਰਕਾਸ਼ (ਭਾਗ ਸੰਸਕਾਰ) 52
ਗੁਰਮਤਿ ਵਿਰੁੱਧ ਕਾਰਜ 227
ਗੁਰਮੁਖੀ ਵਿੱਦਿਆ ਪੜ੍ਹਨੀ 139
ਗੁਰੂ ਕਾ ਲੰਗਰ 190
ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ 75
ਗੁਰੂ ਗ੍ਰੰਥ ਸਾਹਿਬ ਜੀ ਦੀ ਸਮਤਾ 79
ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਸਾਮਾਨ 76
ਗੁਰੂ ਪੰਥ 192, 193
ਗੋਰ, ਮੱਠ, ਮੜ੍ਹੀ ਤੇ ਮੂਰਤੀ ਪੂਜਾ 135
ਗ੍ਰਹਿ 121
ਗ੍ਰਹਿਸਤ ਦੀ ਮਹੱਤਤਾ 163

ਘਰ ਵਿਚ ਪ੍ਰਕਾਸ਼ 94

ਚੋਰੀ 147

ਜੱਗ 127
ਜੰਞ ਦੀ ਗਿਣਤੀ 162
ਜੰਞੂ 133
ਜੰਤ੍ਰ, ਮੰਤ੍ਰ, ਤੰਤ੍ਰ 116
ਜਥੇਬੰਦਕ ਸੇਵਾ 192
ਜਥੇਬੰਦਕ ਨਿਯਮਾਂ ਦੀ ਪਾਲਣਾ ਕਰਨੀ 219
ਜਨਮਸਾਖੀਆਂ 48
ਜਨਮ ਤੇ ਨਾਮ ਸੰਸਕਾਰ 153
ਜਲ ਵਿਚ ਪਤਾਸੇ ਪਾਉਣੇ 203
ਜਾਤ-ਪਾਤ, ਛੂਤ-ਛਾਤ 115
ਜੂਆ 147

ਤਖ਼ਤ 85
ਤਖ਼ਤਾਂ 'ਤੇ ਅਰਦਾਸ 86
ਤਨਖ਼ਾਹੀਏ 220
ਤਮਾਕੂ ਦਾ ਵਰਤਣਾ 217
ਤਰਤੀਬ 67
ਤਰਪਣ 129
ਤਿਉਹਾਰ ਮਨਾਉਣੇ 79
ਤਿਥ 118
ਤਿਲਕ 133
ਤੁਲਸੀ 133

ਦਸ ਗੁਰੂ ਸਾਹਿਬਾਨ ਇਕ ਜੋਤ 113
ਦਸਮੇਸ਼ ਜੀ ਦੀ ਸ੍ਰੀ ਮੁਖਵਾਕ ਬਾਣੀ 47
ਦਰਸ਼ਨ ਕਰਨੇ 83
ਦਿਨ ਦੀ ਵੀਚਾਰ 161
ਦਿਨ ਰਾਤ ਦਾ ਭਰਮ 179
ਦੀਵਾ 125, 183
ਦੀਵਾ ਵੱਟੀ 176
ਦੀਵਾਨ ਦੀ ਕਾਰਵਾਈ 94
ਦੀਵਾਨ ਵਿਚ ਤਾਬਿਆ ਸਿੱਖ ਹੀ ਬੈਠੇ 92
ਦੂਜਾ ਵਿਆਹ 174

ਧਰਮ ਦੀ ਕਿਰਤ 145
ਧੀ ਦੇ ਘਰ ਦਾ ਖਾਣਾ 172
ਧੀਰਮੱਲੀਏ 223

ਨਸ਼ਿਆਂ ਦੀ ਮਨਾਹੀ 142, 225
ਨਗਾਰਾ 87
ਨੰਗੇ ਸਿਰ ਬੈਠਣਾ 84
ਨੰਗੇ ਪੈਰੀਂ ਚੱਲਣਾ 81
ਨਾਂ ਬਦਲਾਅ ਕੇ ਰੱਖਣਾ 227
ਨਾਮ ਬਾਣੀ ਦਾ ਅਭਿਆਸ 55, 61
ਨਾਲ ਨਾਲ ਜਾਂ ਵਿਚ ਵਿਚ ਹੋਰ ਬਾਣੀ ਦਾ ਪਾਠ ਕਰਨਾ 101
ਨਿਸ਼ਾਨ ਸਾਹਿਬ 87
ਨਿਤਨੇਮ 63

ਪੰਜ ਪਿਆਰਿਆਂ ਲਈ ਗੱਫਾ 107
ਪੰਜ ਪਿਆਰੇ ਦਰਸ਼ਨੀ ਤੇ ਤਿਆਰ-ਬਰ-ਤਿਆਰ ਹੋਣ 198
ਪੰਜ ਬਾਣੀਆਂ ਦਾ ਨਿਤਨੇਮ 205
ਪੰਥਕ ਰਹਿਣੀ 56, 192
ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਗਮਨ 216
ਪਰਦਾ ਕਰਨਾ ਜਾਂ ਘੁੰਡ ਕੱਢਣਾ 152
ਪਰਦਾ ਜਾਂ ਘੁੰਡ ਕਰਨਾ 85
ਪਾਠ ਆਰੰਭ ਕਰਨਾ 97
ਪਾਠ ਸਿੱਖਣਾ 95
ਪਾਠ ਕੇਵਲ ਸਿੱਖ ਹੀ ਕਰ ਕੇ ਸੁਣਾਵੇ 92
ਪਿਆਰਿਆਂ ਦਾ ਬੀਰ ਆਸਣ ਹੋਣਾ 204
ਪਿੱਟਣਾ ਜਾਂ ਸਿਆਪਾ ਕਰਨਾ 177
ਪਿੰਡ 185
ਪਿੰਡ, ਪੱਤਲ 124
ਪਿੱਤਰ 124
ਪਿੱਤਰ ਕਰਮ 122
ਪੁਸ਼ਾਕ ਦੀ ਪਾਬੰਦੀ 153
ਪੁਨਰ ਸੰਜੋਗ 172
ਪੁਨਰ ਵਿਆਹ ਦੀ ਰੀਤਿ 174
ਪੈਸਾ ਲੈ ਕੇ ਸੰਜੋਗ ਕਰਨਾ 171
ਪੈਰ ਧੋ ਕੇ ਅੰਦਰ ਜਾਣਾ 82



Sri Satguru Jagjit Singh Ji eLibrary NamdhariElibrary@gmail.com

ਪ੍ਰਕਰਮਾ ਕਰਨੀ 82
ਪ੍ਰਕਰਮਾ ਕਰਨੀਆਂ 170
ਪ੍ਰਾਣੀ ਦੀ ਯਾਦਗਾਰ ਬਣਾਉਣੀ 182
ਪ੍ਰਾਣੀ ਨਮਿਤ ਪਾਠ ਰੱਖਣਾ 181
ਪ੍ਰੇਮ ਸੁਮਾਰਗ/ਪਰਮ ਸੁਮਾਰਗ 49

ਫ਼ਤਹ ਬੁਲਾਉਣੀ 151
ਫੁੱਲ ਚੁਗਣੇ 186
ਫੂਹੜੀ 184

ਬਖ਼ਸ਼ਣ ਲੱਗਿਆਂ ਹੱਠ ਨਹੀਂ 229
ਬੁੱਢਾ ਮਰਨਾ ਆਦਿ 186
ਬੇ-ਅੰਮ੍ਰਿਤੀਏ ਦਾ ਜੂਠਾ ਨਾ ਖਾਣਾ 224

ਭੱਦਣ 130
ਭਾਈ ਗੁਰਦਾਸ ਜੀ ਦੀ ਰਚਨਾ 47
ਭਾਈ ਚੌਪਾ ਸਿੰਘ ਦਾ ਰਹਿਤਨਾਮਾ 48
ਭਾਈ ਦਇਆ ਸਿੰਘ ਦਾ ਰਹਿਤਨਾਮਾ 49
ਭਾਈ ਦੇਸਾ ਸਿੰਘ ਦਾ ਰਹਿਤਨਾਮਾ 49
ਭਾਈ ਨੰਦ ਲਾਲ ਜੀ ਦੀ ਰਚਨਾ 47
ਭਾਈ ਪ੍ਰਹਿਲਾਦ ਸਿੰਘ ਦਾ ਰਹਿਤਨਾਮਾ 49
ਭੋਗ 102

ਮਸੰਦ 222
ਮਹਿਮਾ ਪ੍ਰਕਾਸ਼ 50
ਮਹੂਰਤ 121
ਮੰਜੇ 'ਤੇ ਪ੍ਰਾਣ ਤਿਆਗਣੇ 175
ਮਾਲਾ 134
ਮੀਣਾ 221
ਮੁਕਤੀ ਦਾਤਾ ਤੇ ਇਸ਼ਟ 113
ਮੁੱਠੀਆਂ ਭਰਨੀਆਂ 80
ਮੂਰਤੀਆਂ ਰੱਖਣੀਆਂ 80
ਮ੍ਰਿਤਕ ਸੰਸਕਾਰ 175

ਯਥਾ-ਸ਼ਕਤਿ ਅਰਦਾਸ 104
ਯਾਰੀ 147

ਰਹਿਤ ਦ੍ਰਿੜ੍ਹ ਕਰਾਉਣੀ 209
ਰਹਿਤ ਮਰਯਾਦਾ 25
ਰਹਿਤ ਮਰਯਾਦਾ ਦੇ ਖਰੜੇ ਦੀ ਪ੍ਰਕਾਸ਼ਨਾ 29
ਰਹੁ-ਰੀਤ ਸਬ-ਕਮੇਟੀ 27
ਰਹੁ-ਰੀਤ ਸਬ-ਕਮੇਟੀ ਦੀਆਂ ਇਕੱਤਰਤਾਵਾਂ 29
ਰਤਨਮਾਲ (ਸੌ ਸਾਖੀ) 50
ਰਾਸ਼ਿ 119
ਰਾਗਮਾਲਾ ਪੜ੍ਹਨੀ 102
ਰਾਮਰਾਈਏ 223
ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ 157
ਰੋਜ਼ਾਨਾ ਦਰਸ਼ਨ ਕਰਨੇ 96

ਲੜਕੀ ਦੀ ਯੋਗਤਾ 159
ਲੜਕੀ ਨੂੰ ਉਪਦੇਸ਼ 166
ਲੜਕੇ ਨੂੰ ਉਪਦੇਸ਼ 165
ਲਾਂਵ ਦਾ ਅਰਥ-ਭਾਵ 164
ਲਾਵਾਂ ਦਾ ਪਾਠ 169

ਵਖਿਆਨ 110
ਵਾਧ-ਘਾਟ ਕਰਨ ਦਾ ਅਧਿਕਾਰ 44
ਵਿਆਹ ਸਮੇਂ ਜਾਤ ਗੋਤ ਦੀ ਵੀਚਾਰ 158
ਵਿਆਹ ਸਮੇਂ ਮਨਮਤੀ ਕਰਮਾਂ ਤੋਂ ਮਨਾਹੀ 161
ਵਿਆਹ ਕੇਵਲ ਆਨੰਦ ਰੀਤੀ ਨਾਲ 159
ਵਿਆਹ ਬਚਪਨ ਵਿਚ 159
ਵਿਸ਼ੇਸ਼ ਇਕੱਤਰਤਾ ਵਿਚ ਰਹੁ-ਰੀਤ 'ਤੇ ਵੀਚਾਰ 32
ਵਿਤਕਰਾ ਕਰਨਾ 83
ਵਿਤਕਰੇ ਨਾਲ ਬੈਠਣਾ 84